BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

22KT GOLD ANTIQUE JEWELRY
Regal Jewels
773-262-4377 BUY OR ORDER ONLINE 773-517-0574
www.RegalJewels.com

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 39; September 28, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਕਿਸਾਨ ਮਸਲਿਆਂ ’ਤੇ ਭਾਜਪਾ ਫਿਰ ਕਸੂਤੀ ਫਸੀ



**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਗਿਣਵੇਂ ਦਿਨ ਬਚੇ ਹਨ ਜਿੱਥੇ 5 ਅਕਤੂਬਰ ਨੂੰ ਵੋਟਾਂ ਪੈ ਰਹੀਆਂ ਹਨ। ਇਸ ਲਈ ਸਿਆਸੀ ਧਿਰਾਂ ਨੇ ਆਪੋ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਲਈ ਟਿੱਲ ਲਇਆ ਹੋਇਆ ਹੈ। ਇੱਥੇ ਭਾਜਪਾ ਅਤੇ ਕਾਂਗਰਸ ਵਿਚ ਸਿੱਧਾ ਮੁਕਾਬਲਾ ਦੱਸਿਆ ਜਾ ਰਿਹਾ ਹੈ ਹਾਲਾਂਕਿ ਆਮ ਆਦਮੀ ਪਾਰਟੀ ਵੀ ਮੈਦਾਨ ਵਿਚ ਹੈ।

ਭਾਜਪਾ ਲਈ ਇਸ ਵਾਰ ਸਭ ਤੋਂ ਵੱਡੀ ਚੁਣੌਤੀ ਸੰਘਰਸ਼ੀ ਕਿਸਾਨ ਹਨ। ਇਸੇ ਲਈ ਕਾਂਗਰਸ ਨੇ ਇਸ ਵਾਰ ਕਿਸਾਨਾਂ ਦੀਆਂ ਮੰਗਾਂ ਨੂੰ ਮੁੱਖ ਮੁੱਦਾ ਬਣਾਇਆ ਹੋਇਆ ਹੈ। ਉਮੀਦ ਕੀਤੀ ਜਾ ਰਹੀ ਸੀ ਕਿ ਇਸ ਵਾਰ ਭਾਜਪਾ ਕਿਸਾਨਾਂ ਲਈ ਕੁਝ ਨਰਮੀ ਦਿਖਾਏਗੀ ਪਰ ਇਸ ਦੇ ਸੀਨੀਅਰ ਆਗੂਆਂ ਦੀ ਬੋਲ-ਬਾਣੀ ਅਤੇ ਅੜੀਅਲ ਰਵੱਈਏ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ; ਇਥੋਂ ਤੱਕ ਕਿ ਕੇਂਦਰੀ ਲੀਡਰਸ਼ਿਪ ਵੀ ਸੂਬੇ ਵਿਚ ਪ੍ਰਚਾਰ ਦੌਰਾਨ ਕਿਸਾਨੀ ਮੰਗਾਂ ਨੂੰ ਅਣਗੌਲਿਆ ਕਰ ਕੇ ਸੰਘਰਸ਼ੀ ਕਿਸਾਨਾਂ ਨੂੰ ਵੰਗਾਰ ਰਹੀ ਹੈ। ਦੂਜੇ ਬੰਨੇ ਕੇਂਦਰੀ ਖੇਤੀ ਮੰਤਰੀ ਸ਼ਿਵ ਰਾਜ ਚੌਹਾਨ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਖੇਤੀ ਮਸਲਿਆਂ ਦਾ ਹੱਲ ਨਹੀਂ ਨਿੱਕਲਦਾ, ਕੇਂਦਰ ਸਰਕਾਰ ਹਰ ਮੰਗਲਵਾਰ ਕਿਸਾਨਾਂ ਨਾਲ ਗੱਲਬਾਤ ਜਾਰੀ ਰੱਖੇਗੀ। ਇਸ ਮੰਗਲਵਾਰ ਉਨ੍ਹਾਂ ਕੁਝ ਕਿਸਾਨ ਨੁਮਾਇੰਦਿਆਂ ਨਾਲ ਗੱਲਬਾਤ ਵੀ ਕੀਤੀ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਸ਼ੰਭੂ ਬਾਰਡਰ ਉਤੇ ਮੋਰਚਾ ਲਾਈ ਬੈਠੇ ਕਿਸਾਨਾਂ ਬਾਰੇ ਦਿੱਤਾ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅਮਿਤ ਸ਼ਾਹ ਦਾ ਕਹਿਣਾ ਹੈ ਕਿ ਭਾਰਤ ਵਿਚ ਤਕਰੀਬਨ 13 ਕਰੋੜ ਕਿਸਾਨ ਹਨ ਤੇ ਉਨ੍ਹਾਂ ਵਿਚੋਂ ਸਿਰਫ਼ 750 ਦੇ ਕਰੀਬ ਕਿਸਾਨ ਹੀ ਸ਼ੰਭੂ ਬਾਰਡਰ ਉਤੇ ਧਰਨੇ ‘ਤੇ ਬੈਠੇ

*(ਬਾਕੀ ਸਫਾ 6 ‘ਤੇ)*

## ਬੰਦੀ ਸਿੰਘਾਂ ਦੀ ਰਿਹਾਈ ਲਈ ਘੋਲ ਤਿੱਖਾ ਕਰਨ ਦਾ ਐਲਾਨ



**ਚੰਡੀਗੜ੍ਹ:** ਬੰਦੀ ਸਿੰਘਾਂ ਦੀ ਰਿਹਾਈ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ 20 ਮਹੀਨਿਆਂ ਤੋਂ ਪੰਜਾਬ ਤੇ ਚੰਡੀਗੜ੍ਹ ਦੀ ਹੱਦ ‘ਤੇ ਸੰਘਰਸ਼ ਕਰ ਰਹੇ ਕੌਮੀ ਇਨਸਾਫ਼ ਮੋਰਚਾ ਨੇ ਪਹਿਲੀ ਅਕਤੂਬਰ ਨੂੰ ਚੰਡੀਗੜ੍ਹ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਪਾਲ ਸਿੰਘ ਫਰਾਂਸ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਆਗੂਆਂ ਨੇ ਕਿਹਾ ਕਿ 30-30 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਨਾ ਹੀ ਨਿਯਮਾਂ ਅਨੁਸਾਰ ਪੈਰੋਲ ਦਿੱਤੀ ਜਾ ਰਹੀ ਹੈ। ਕੌਮੀ ਇਨਸਾਫ਼ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਅਮਰੀਕਾ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿੱਖਾਂ ਵੱਲੋਂ

*(ਬਾਕੀ ਸਫਾ 6 ‘ਤੇ)*

ਘਰ ਦੀ ਵਿਕਰੀ ਅਤੇ ਖਰੀਦ ਲਈ ਅੱਜ ਹੀ ਕਾਲ ਕਰੋ
Buying or Selling Home?
Contact PRADEEP SINGH
COLDWELL BANKER REALTY
SCAN TO BEGIN YOUR HOME SEARCH
847-322-5832
ishowhomes@yahoo.com
1501 E Woodfield Rd Ste 113E, Schaumburg 60173

India Palace Restaurant
And Banquet Hall
Best Price Wholesale
Ph: 630-400-0996
*Lakhvir S. Johal*
Ph: 317-709-7800
*Restaurant-Fine Indian Cuisine*
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

RESTAURANT SUPPLY
WHOLESALER
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
RAVI KAPOOR
1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago. IL 60659
www.RegalJewels.com
PH: 773-262-4377 WA: 773-517-0574

# ਗਾਖ਼ਲ ਗਰੁੱਪ ਏਸ਼ੀਅਨ ਚੈਂਪੀਅਨ ਭਾਰਤੀ ਹਾਕੀ ਟੀਮ ਦਾ ਕਰੇਗਾ ਸਨਮਾਨ

## *ਸੁਰਜੀਤ ਹਾਕੀ ਟੂਰਨਾਮੈਂਟ 'ਚ ਵੀ ਦਿੱਤਾ ਜਾਵੇਗਾ 5.50 ਲੱਖ ਰੁਪਏ ਦਾ ਪਹਿਲਾ ਇਨਾਮ*

**ਵਾਟਸਨਵਿੱਲ (ਬਿਊਰੋ):** ਗਾਖਲ ਗਰੁੱਪ ਯੂ.ਐੱਸ.ਏ., ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਸਮਾਜ ਦੇ ਵੱਖ-ਵੱਖ ਖੇਤਰਾਂ 'ਚ ਨਿਸ਼ਕਾਮ ਸੇਵਾਵਾਂ ਪ੍ਰਦਾਨ ਕਰਦਾ ਆ ਰਿਹਾ ਹੈ। ਖੇਡਾਂ ਦੇ ਖੇਤਰ ਵਿਚ ਗਾਖਲ ਗਰੁੱਪ ਨੇ ਹਮੇਸ਼ਾ ਯੋਗਦਾਨ ਪਾਇਆ ਹੈ। ਪਿਛਲੇ 17 ਸਾਲ ਤੋਂ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਪਹਿਲਾ 5.50 ਲੱਖ ਰੁਪਏ ਦਾ ਇਨਾਮ ਗਾਖਲ ਗਰੁੱਪ ਭੇਟ ਕਰਦਾ ਆ ਰਿਹਾ ਹੈ ਅਤੇ ਇਸ ਵਾਰ ਵੀ 26 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਬਰਲਟਨ ਪਾਰਕ ਜਲੰਧਰ ਵਿਖੇ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਪਹਿਲਾ ਇਨਾਮ ਭੇਟ ਕੀਤਾ ਜਾਵੇਗਾ।

ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਉਹ ਇਹ ਇਨਾਮ ਭੇਟ ਕਰਨ ਲਈ ਖੁਦ ਪੰਜਾਬ ਆ ਰਹੇ ਹਨ ਅਤੇ ਇਸ ਮੌਕੇ ਹੀ ਉਹ ਏਸ਼ੀਅਨ ਚੈਂਪੀਅਨ ਅਤੇ ਉਲੰਪਿਕ ਤਮਗਾ ਜੇਤੂ ਭਾਰਤੀ ਹਾਕੀ ਟੀਮ ਦਾ ਵੀ 5 ਲੱਖ ਰੁਪਏ ਨਾਲ ਸਨਮਾਨ ਕਰਨਗੇ। ਉਨ੍ਹਾਂ ਕਿਹਾ ਕਿ ਗਾਖ਼ਲ ਪਰਿਵਾਰ ਇਹ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਕਰ ਰਿਹਾ ਹੈ ਅਤੇ ਅਸੀਂ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੀ ਕਿਰਪਾ ਸਾਡੇ ਉੱਤੇ ਹਮੇਸ਼ਾ ਬਣੀ ਰਹੇ ਅਤੇ ਅਸੀਂ ਇਹ ਸੇਵਾ ਕਰਦੇ ਰਹੀਏ।



*ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਹਾਕੀ ਖਿਡਾਰੀ ਮਨਪ੍ਰੀਤ ਸਿੰਘ।*

ਇੱਥੇ ਦੱਸਣਯੋਗ ਹੈ ਕਿ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਵਲੋਂ ਉਲੰਪਿਕ ਗੋਲਡ ਮੈਡਲ ਜੇਤੂ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਦਾ 2008 'ਚ ਮੋਹਾਲੀ ਦੇ ਗਾਖਲ ਗਰੁੱਪ ਦੇ ਗੋਲਡ ਜਿਮ ਦੀ ਓਪਨਿੰਗ ਵੇਲੇ 10 ਲੱਖ ਰੁਪਏ ਨਾਲ, ਟੋਕੀਓ ਓਲੰਪਿਕ ਮੈਡਲ ਜੇਤੂ ਭਾਰਤੀ ਹਾਕੀ ਟੀਮ ਦਾ 2021 'ਚ 5 ਲੱਖ 50 ਹਜ਼ਾਰ ਰੁਪਏ ਨਾਲ ਅਤੇ ਇਸੇ ਸਾਲ ਹੀ ਟੋਕੀਓ ਉਲੰਪਿਕ ਵਿਚ ਹੀ ਵਧੀਆ ਪ੍ਰਦਰਸ਼ਨ ਕਰਨ ਵਾਲੀ ਭਾਰਤੀ ਮਹਿਲਾ ਹਾਕੀ ਟੀਮ ਦਾ 5.50 ਲੱਖ ਰੁਪਏ ਨਾਲ ਸਨਮਾਨ ਕੀਤਾ ਜਾ ਚੁੱਕਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਭਾਰਤੀ ਹਾਕੀ ਟੀਮ ਦਾ ਸਾਬਕਾ ਕਪਤਾਨ ਅਤੇ ਮੌਜੂਦਾ ਸਟਾਰ ਖਿਡਾਰੀ ਮਨਪ੍ਰੀਤ ਸਿੰਘ ਗਾਖਲ ਪਰਿਵਾਰ ਦਾ ਨੇੜਲਾ ਰਿਸ਼ਤੇਦਾਰ ਹੈ।

# ਗਾਖ਼ਲ ਗਰੁੱਪ ਤੇ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਵਲੋਂ ਕਬੱਡੀ ਕੱਪ 9 ਨਵੰਬਰ ਨੂੰ

## *ਨਨਕਾਣਾ ਸਾਹਿਬ ਪਾਕਿਸਤਾਨ ਕਬੱਡੀ ਟੂਰਨਾਮੈਂਟ 'ਚ ਸੁਪਰ ਸਟਾਰ ਖਿਡਾਰੀ ਖੇਡਣਗੇ: ਤੀਰਥ ਗਾਖ਼ਲ*

ਗਾਖਲ ਗਰੁੱਪ ਅਤੇ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਵਲੋਂ ਪਾਕਿਸਤਾਨ ਕਬੱਡੀ ਫੈੱਡਰੇਸ਼ਨ ਦੇ ਸਹਿਯੋਗ ਨਾਲ 9 ਨਵੰਬਰ 2024 ਦਿਨ ਸ਼ਨਿਚਰਵਾਰ ਨੂੰ ਸ਼ਾਨਦਾਰ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਹੋਈ ਇਕੱਤਰਤਾ ਵਿਚ ਅੱਜ ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਤਕਨੀਕੀ ਇੰਚਾਰਜ ਤੀਰਥ ਸਿੰਘ ਗਾਖਲ ਅਤੇ ਇੰਡੀਆ ਤੋਂ ਨੁਮਾਇੰਦੇ ਸਾਧੂ ਸਿੰਘ ਖਲੌਰ ਸ਼ਾਮਿਲ ਹੋਏ।



*ਸਾਧੂ ਸਿੰਘ ਖਲੌਰ, ਤੀਰਥ ਗਾਖਲ ਤੇ ਅਮੋਲਕ ਸਿੰਘ ਗਾਖਲ।*

ਵਿਚਾਰ ਵਟਾਂਦਰੇ ਉਪਰੰਤ ਸਾਬਕਾ ਸੁਪਰ ਸਟਾਰ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਪਾਕਿਸਤਾਨ ਦੇ ਇਸ ਕਬੱਡੀ ਟੂਰਨਾਮੈਂਟ ਵਿਚ ਉਹ ਵੀ ਸ਼ਾਮਿਲ ਹੋਣਗੇ ਅਤੇ ਤਿਆਰੀਆਂ ਹੁਣ ਤੋਂ ਹੀ ਸ਼ੁਰੂ ਹਨ। ਇਸ ਕਬੱਡੀ ਟੂਰਨਾਮੈਂਟ ਵਿਚ ਪਾਕਿਸਤਾਨ ਦੇ ਸੁਪਰ ਸਟਾਰ ਕਬੱਡੀ ਖਿਡਾਰੀ ਖੇਡਣਗੇ। ਇੱਥੇ ਦੱਸਣਯੋਗ ਹੈ ਕਿ ਗਾਖਲ ਪਰਿਵਾਰ ਲੰਮੇ ਸਮੇਂ ਤੋਂ ਖੇਡਾਂ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਤੱਕ ਇਹ ਸੇਵਾ ਕਰ ਰਿਹਾ ਹੈ। ਗਾਖਲ ਗਰੁੱਪ ਤੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ) ਵਲੋਂ ਸ. ਅਮੋਲਕ ਸਿੰਘ ਗਾਖਲ ਦੀ ਅਗਵਾਈ ਵਿਚ ਹੁਣ ਪਾਕਿਸਤਾਨ ਦੇ ਨਨਕਾਣਾ ਸਾਹਿਬ ਸ਼ਹਿਰ ਵਿਚ 6 ਤੋਂ 10 ਨਵੰਬਰ 2024 ਤੱਕ ਹਾਕੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਤੇ ਇਸਦੇ ਨਾਲ ਹੀ ਕਬੱਡੀ ਟੂਰਨਾਮੈਂਟ ਨਾਲ ਨਵੀਂ ਸ਼ੁਰੂਆਤ ਵੀ ਕੀਤੀ ਜਾ ਰਹੀ ਹੈ ਜੋ ਕਿ 9 ਨਵੰਬਰ 2024 ਨੂੰ ਨਨਕਾਣਾ ਸਾਹਿਬ ਵਿਖੇ ਹੀ ਕਰਵਾਇਆ ਜਾ ਰਿਹਾ ਹੈ।

# ਗੁਰਦੀਪ ਕੌਰ ਡੰਡੋਨਾ (ਜੌਲੀ) ਨੂੰ ਸ਼ਰਧਾਂਜਲੀਆਂ

**ਸ਼ਿਕਾਗੋ:** ਸਮਾਜਸੇਵੀ, ਬਿਜ਼ਨਸਮੈਨ ਅਤੇ ਗੁਰਦੁਆਰਾ ਪੈਲਾਟਾਈਨ ਸਾਹਿਬ ਵਿਖੇ ਦਿਲੋਂ ਸੇਵਾ ਕਰਨ ਵਾਲੇ ਗੁਰਦੀਪ ਕੌਰ ਡੰਡੋਨਾ (ਜੌਲੀ) (24 ਅਪਰੈਲ, 1966-12 ਸਤੰਬਰ 2024) ਗੁਰੂ ਵਲੋਂ ਬਖਸ਼ੀ ਆਰਜਾ ਪੂਰੀ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜਮਾਨ ਹੋਏ ਹਨ। ਉਨ੍ਹਾਂ ਦੇ ਪਤੀ ਸ. ਗੁਰਮੋਹਨ ਸਿੰਘ ਬਹੁਤ ਹੀ ਇਮਾਨਦਾਰ ਅਤੇ ਮਿਲਣਸਾਰ ਸ਼ਖਸੀਅਤ ਹਨ।

ਗੁਰਦੀਪ ਕੌਰ ਡੰਡੋਨਾ ਨੇ ਆਪਣਾ ਸਫ਼ਲ ਕਾਰੋਬਾਰ ਕੀਤਾ, ਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਨਿੱਘਾ, ਮਿੱਠਾ ਅਤੇ ਸੇਵਾ ਭਾਵਨਾ ਵਾਲਾ ਸੁਭਾਅ ਪਰਿਵਾਰ ਅਤੇ ਸੰਗਤਾਂ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਦਾ ਰਹੇਗਾ। ਉਨ੍ਹਾਂ ਨੂੰ ਜਾਣਨ ਵਾਲੇ ਹਮੇਸ਼ਾ ਉਨ੍ਹਾਂ ਦੀ ਮਿੱਠੀ ਅਤੇ ਨਿੱਘੀ ਯਾਦ ਆਪਣੇ ਦਿਲਾਂ ਵਿਚ ਮਹਿਸੂਸ ਕਰਦੇ ਰਹਿਣਗੇ।

ਉਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਵ੍ਹੀਟਨ ਵਿਖੇ ਹੋਈ, ਜਿੱਥੇ ਰਾਜਿੰਦਰ ਸਿੰਘ, ਜਸਵੀਰ ਕੌਰ ਅਤੇ ਸੁਖਵੰਤ ਸਿੰਘ ਨੇ ਉਨ੍ਹਾਂ ਦੇ ਜੀਵਨ ਬਾਰੇ ਵਿਚਾਰ ਪ੍ਰਗਟ ਕੀਤੇ ਤੇ ਉਨ੍ਹਾਂ ਦੀਆਂ ਧੀਆਂ ਵਲੋਂ ਉਨ੍ਹਾਂ ਨੂੰ ਯਾਦ ਕੀਤਾ ਗਿਆ। ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਜਥੇ ਸਮੇਤ ਰਸਭਿੰਨਾ ਕੀਰਤਨ ਕਰਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ।

ਸਤਨਾਮ ਸਿੰਘ ਨੇ ਸੰਗਤ ਨੂੰ ਸੰਬੋਧਨ ਕੀਤਾ ਤੇ ਉਪਰੰਤ ਸੁਖਵੰਤ ਸਿੰਘ ਨੇ ਗੁਰਦੀਪ ਕੌਰ ਡੰਡੋਨਾ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਉਨ੍ਹਾਂ ਕਈ ਸਾਲ ਲਗਾਤਾਰ ਗੁਰਦੁਆਰਾ ਪੈਲਾਟਾਈਨ ਵਿਖੇ ਬਹੁਤ ਦੀ ਪਿਆਰ ਅਤੇ ਭਾਵਨਾ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਹਾਲ ਵਿਚ ਲੱਗੇ ਪਰਦਿਆਂ ਦੀ ਨਿਸ਼ਕਾਮ ਸੇਵਾ ਤਨ, ਮਨ ਅਤੇ ਧਨ ਨਾਲ ਕੀਤੀ। ਉਨ੍ਹਾਂ ਵਲੋਂ ਕੀਤੀ ਗਈ ਸੇਵਾ ਨੂੰ ਦੇਖਦਿਆਂ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਅਤੇ ਸੁਖਵੰਤ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਦੀਪ ਕੌਰ ਡੰਡੋਨਾ ਨੂੰ ਦਿੱਤਾ ਜਾਣ ਵਾਲਾ ਸਨਮਾਨ 'ਐਵਾਰਡ ਆਫ ਸੇਵਾ' ਉਨ੍ਹਾਂ ਦੇ ਪਤੀ ਸ. ਗੁਰਮੋਹਣ ਸਿੰਘ ਨੂੰ ਦਿੱਤਾ ਗਿਆ। ਪਰਿਵਾਰ ਵਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ ਸਮੂਹ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਸਮੂਹ ਸੰਗਤ ਦਾ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਗਿਆ।



# ਪੰਜਾਬ ਦੇ ਪਾਣੀਆਂ ਵਿਚ ਜ਼ਹਿਰ ਘੋਲਣ ਲੱਗੀਆਂ ਸਨਅਤਾਂ

## ਸਰਵੇਖਣ ਤੋਂ ਬਹੁਤ ਭਿਆਨਕ ਅਤੇ ਡਰਾਉਣੇ ਤੱਥ ਆਏ ਸਾਹਮਣੇ

**ਚੰਡੀਗੜ੍ਹ:** ਜਲ ਸਰੋਤ ਵਿਭਾਗ ਵੱਲੋਂ ਸਮੁੱਚੇ ਪੰਜਾਬ ਦੇ ਨਦੀਆਂ-ਨਾਲਿਆਂ 'ਚ ਪੈਂਦੇ ਦੂਸ਼ਿਤ ਪਾਣੀ ਦੇ ਕਰਵਾਏ ਸਰਵੇਖਣ ਤੋਂ ਡਰਾਉਣੇ ਤੱਥ ਸਾਹਮਣੇ ਆਏ ਹਨ। ਪੰਜਾਬ ਵਿਚ ਸੈਂਕੜੇ ਡਰੇਨਾਂ ਤੇ ਨਦੀਆਂ ਵਿਚ ਸ਼ਹਿਰ, ਪਿੰਡ ਤੇ ਸਨਅਤਾਂ ਵਾਲੇ ਆਪਣਾ ਗੰਦਾ ਪਾਣੀ ਸੁੱਟ ਰਹੇ ਹਨ। ਅਜਿਹੇ ਪਿੰਡਾਂ, ਸ਼ਹਿਰਾਂ, ਉਦਯੋਗਾਂ ਅਤੇ ਨਿੱਜੀ ਲੋਕਾਂ ਦੇ 1222 ਕੇਸਾਂ ਦੀ ਸ਼ਨਾਖ਼ਤ ਹੋਈ ਹੈ, ਜਿਨ੍ਹਾਂ ਵੱਲੋਂ ਨਿਯਮਾਂ ਦੀ ਉਲੰਘਣਾ ਕਰਕੇ ਨਦੀਆਂ ਤੇ ਨਾਲਿਆਂ ਵਿਚ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ।



ਨਗਰ ਕੌਂਸਲ ਦੇ 107, ਪਿੰਡਾਂ ਦੇ 676 ਅਤੇ ਹੋਰਨਾਂ ਇਲਾਕਿਆਂ ਦੇ 430 ਨਾਲੇ ਡਰੇਨਾਂ ਅਤੇ ਨਦੀਆਂ ਵਿੱਚ ਸੁੱਟੇ ਜਾ ਰਹੇ ਹਨ। ਇਨ੍ਹਾਂ ਡਰੇਨਾਂ ਵਿਚ ਚੱਲ ਰਿਹਾ ਗੰਦਾ ਪਾਣੀ ਬਦਬੋ ਮਾਰ ਰਿਹਾ ਹੈ, ਜਿਸ ਦਾ ਲੋਕਾਂ 'ਤੇ ਸਿੱਧਾ ਅਸਰ ਪੈ ਰਿਹਾ ਹੈ। ਬੁੱਢੇ ਨਾਲੇ ਦੇ ਪ੍ਰਦੂਸ਼ਣ ਦਾ ਮਾਮਲਾ ਕਦੇ ਵੀ ਠੰਢਾ ਨਹੀਂ ਹੋਇਆ, ਜਿਨ੍ਹਾਂ ਡਰੇਨਾਂ ਦੇ ਨੇੜੇ ਸ਼ਹਿਰ ਜਾਂ ਸਨਅਤਾਂ ਹਨ, ਉਨ੍ਹਾਂ 'ਚ ਬੇਰੋਕ ਅਣਸੋਧਿਆ ਪਾਣੀ ਸੁੱਟਿਆ ਜਾ ਰਿਹਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦਾ ਨਾਮ ਸਿਖਰ 'ਤੇ ਹੈ, ਜਿੱਥੇ 390 ਪਿੰਡਾਂ/ਸ਼ਹਿਰਾਂ ਤੇ ਨਿੱਜੀ ਲੋਕ ਦੂਸ਼ਿਤ ਪਾਣੀ ਡਰੇਨਾਂ ਵਿਚ ਸੁੱਟ ਰਹੇ ਹਨ। ਇਨ੍ਹਾਂ ਵਿਚ 40 ਫ਼ੈਕਟਰੀ ਮਾਲਕ ਵੀ ਸ਼ਾਮਲ ਹਨ। ਇਸ ਜ਼ਿਲ੍ਹੇ ਦੇ ਕਸੂਰ ਨਾਲਾ, ਰਾਜਾਸਾਂਸੀ ਡਰੇਨ, ਵੇਰਕਾ ਡਰੇਨ, ਗੁੰਮਟਾਲਾ ਡਰੇਨ ਵਿਚ ਗੰਦਾ ਪਾਣੀ ਪਾਇਆ ਜਾ ਰਿਹਾ ਹੈ।

ਜ਼ਿਲ੍ਹਾ ਸੰਗਰੂਰ ਦੂਜੇ ਨੰਬਰ 'ਤੇ ਹੈ, ਜਿੱਥੋਂ ਦੇ 159 ਲੋਕਾਂ, ਪਿੰਡਾਂ ਤੇ ਸ਼ਹਿਰਾਂ ਤੋਂ ਇਲਾਵਾ ਸਨਅਤਾਂ ਵਾਲੇ ਦੂਸ਼ਿਤ ਪਾਣੀ ਡਰੇਨਾਂ ਵਿਚ ਪਾ ਰਹੇ ਹਨ, ਜਦੋਂ ਕਿ ਜਲੰਧਰ ਦੇ 82 ਜਣੇ ਅਜਿਹਾ ਕਰ ਰਹੇ ਹਨ। ਜ਼ਿਲ੍ਹਾ ਬਰਨਾਲਾ ਵਿਚ 59 ਅਜਿਹੇ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵੱਲੋਂ ਧਨੌਲਾ ਡਰੇਨ, ਲਸਾੜਾ ਡਰੇਨ ਅਤੇ ਟੱਲੇਵਾਲ ਡਰੇਨ ਵਿਚ ਪਾਣੀ ਪਾਇਆ ਜਾ ਰਿਹਾ ਹੈ।

ਪਿੰਡ ਉਗੋਕੇ, ਜੋਧਪੁਰ, ਪੰਧੇਰ, ਬਡਬਰ, ਨੈਣੇਵਾਲਾ ਦੀਆਂ ਪੰਚਾਇਤਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ। ਬਠਿੰਡਾ ਜ਼ਿਲ੍ਹੇ ਵਿਚ 44 ਕੇਸ ਪਾਏ ਗਏ ਹਨ, ਜਿਨ੍ਹਾਂ ਵੱਲੋਂ ਚੰਦ ਭਾਨ ਡਰੇਨ, ਦਿਆਲਪੁਰਾ ਡਰੇਨ ਅਤੇ ਲਸਾੜਾ ਡਰੇਨ ਵਿਚ ਦੂਸ਼ਿਤ ਪਾਣੀ ਸੁੱਟਿਆ ਜਾ ਰਿਹਾ ਹੈ। ਇਸ ਜ਼ਿਲ੍ਹੇ ਵਿਚ ਤਲਵੰਡੀ ਸਾਬੋ ਕੌਂਸਲ, ਰਾਮਾਂ ਕੌਂਸਲ, ਕੋਟਫੱਤਾ ਕੌਂਸਲ ਤੇ ਪਾਵਰਕੌਮ ਲਹਿਰਾ ਮੁਹੱਬਤ ਵੱਲੋਂ ਗੰਦਾ ਪਾਣੀ ਪਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ। ਫ਼ਰੀਦਕੋਟ ਜ਼ਿਲ੍ਹੇ ਦੀ ਲੰਗੇਆਣਾ ਡਰੇਨ, ਮੁਦਕੀ ਡਰੇਨ, ਸਮਾਧ ਭਾਈ ਤੇ ਮਾੜੀ ਡਰੇਨ 'ਚ ਸੀਵਰੇਜ ਦਾ ਪਾਣੀ ਪਾਉਣ ਵਾਲੇ 42 ਕੇਸ ਸ਼ਨਾਖ਼ਤ ਹੋਏ ਹਨ, ਜਿਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਗੁਰਦਾਸਪੁਰ 'ਚ ਸੀਵਰੇਜ ਦਾ ਪਾਣੀ ਕਸੂਰ ਅਤੇ ਨਬੀਪੁਰ ਨਾਲੇ ਵਿਚ 14 ਜਣੇ ਪਾ ਰਹੇ ਹਨ। ਮਾਨਸਾ ਵਿਚ 46 ਕੇਸ ਸਾਹਮਣੇ ਆਏ ਹਨ, ਜਦੋਂ ਕਿ ਕਪੂਰਥਲਾ ਵਿਚ 44 ਕੇਸ ਸ਼ਨਾਖ਼ਤ ਹੋਏ ਹਨ। ਰੋਪੜ 'ਚ 31, ਮੁਹਾਲੀ ਵਿਚ 46, ਫ਼ਿਰੋਜ਼ਪੁਰ ਵਿਚ 42, ਮਲੇਰਕੋਟਲਾ ਵਿਚ 51, ਪਟਿਆਲਾ 'ਚ 66, ਲੁਧਿਆਣਾ ਵਿਚ 27 ਅਤੇ ਨਵਾਂ ਸ਼ਹਿਰ ਵਿਚ 14 ਕੇਸ ਸਾਹਮਣੇ ਆਏ ਹਨ।

# ਵੱਡਿਆਂ ਘਰਾਂ ਦੇ ਬਿਜਲੀ ਬਿੱਲ ਹੀ ਖ਼ਜ਼ਾਨੇ ਦਾ ਸਹਾਰਾ

**ਚੰਡੀਗੜ੍ਹ:** ਇਕ ਪਾਸੇ ਘਰਾਂ ਨੂੰ ਜਿੱਥੇ ਬਿਜਲੀ ਦੇ 'ਜ਼ੀਰੋ ਬਿੱਲ' ਆ ਰਹੇ ਹਨ, ਉੱਥੇ ਵੱਡੇ ਘਰ 300 ਯੂਨਿਟਾਂ ਦੀ ਬਿਜਲੀ ਮੁਆਫ਼ੀ ਤੋਂ ਦੂਰ ਹਨ। ਪਾਵਰਕੌਮ ਦੇ ਅਧਿਕਾਰੀ ਆਖਦੇ ਹਨ ਕਿ ਇਨ੍ਹਾਂ ਵੱਡਿਆਂ ਘਰਾਂ ਦੇ ਬਿਜਲੀ ਬਿੱਲ ਹੀ ਖ਼ਜ਼ਾਨੇ ਦਾ ਸਹਾਰਾ ਬਣ ਰਹੇ ਹਨ। ਵੱਡਿਆਂ ਘਰਾਂ ਵਾਲੇ ਇਹ ਕਾਰੋਬਾਰੀ ਲੋਕ ਹਨ ਜਿਨ੍ਹਾਂ ਦੇ ਜਿੱਡੇ ਵੱਡੇ ਕਾਰੋਬਾਰ ਹਨ, ਉਨੇ ਵੱਡੇ ਹੀ ਬਿਜਲੀ ਦੇ ਬਿੱਲ ਹਨ। 'ਆਪ' ਸਰਕਾਰ ਨੇ 1 ਜੁਲਾਈ 2022 ਤੋਂ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਸਕੀਮ ਲਾਗੂ ਕੀਤੀ ਸੀ। ਸੂਬੇ ਦੇ 80 ਫ਼ੀਸਦੀ ਤੋਂ ਉਪਰ ਘਰਾਂ ਨੂੰ ਬਿਜਲੀ ਦਾ ਜ਼ੀਰੋ ਬਿੱਲ ਆਉਂਦਾ ਹੈ। ਚਾਲੂ ਵਿੱਤੀ ਵਰ੍ਹੇ ਦੌਰਾਨ ਘਰੇਲੂ ਬਿਜਲੀ ਦੇ ਯੂਨਿਟਾਂ ਦੀ ਮੁਆਫ਼ੀ ਦੀ ਸਬਸਿਡੀ 8800 ਕਰੋੜ ਨੂੰ ਛੂਹ ਸਕਦੀ ਹੈ। ਸਾਲ 2023-24 ਵਿਚ ਘਰੇਲੂ ਬਿਜਲੀ ਬਿੱਲਾਂ ਦੀ ਸਬਸਿਡੀ 7324 ਕਰੋੜ ਰੁਪਏ ਬਣੀ ਸੀ।

ਪੰਜਾਬ ਭਰ 'ਚੋਂ ਅਜਿਹੇ ਦਸ ਘਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦਾ ਬਿਜਲੀ ਬਿੱਲ ਸਭ ਤੋਂ ਵੱਡਾ ਹੈ। ਪਾਵਰਕੌਮ ਲਈ ਇਹ ਤਰਜੀਹੀ ਗਾਹਕ ਹਨ, ਜਿਨ੍ਹਾਂ ਦਾ ਬਿੱਲ ਵਕਤ ਸਿਰ ਅਦਾ ਹੁੰਦਾ ਹੈ ਅਤੇ ਇਨ੍ਹਾਂ ਘਰਾਂ ਦੇ ਵੱਡੇ ਬਿਜਲੀ ਬਿੱਲ ਸਰਕਾਰੀ ਖ਼ਜ਼ਾਨੇ ਦਾ ਹੌਸਲਾ ਵੀ ਵਧਾਉਂਦੇ ਹਨ। ਵੱਡਿਆਂ ਘਰਾਂ ਦਾ ਬਿਜਲੀ ਲੋਡ ਵੀ ਜ਼ਿਆਦਾ ਹੈ, ਬਿਜਲੀ ਖਪਤ ਵੀ ਵੱਧ ਹੈ ਅਤੇ ਬਿਜਲੀ ਬਿੱਲ ਵੀ ਘੱਟ ਨਹੀਂ ਹੁੰਦਾ ਹੈ। ਵੇਰਵਿਆਂ ਅਨੁਸਾਰ ਸਾਲ 2023-24 ਦੌਰਾਨ ਪੰਜਾਬ ਭਰ 'ਚੋਂ ਘਰੇਲੂ ਬਿਜਲੀ ਦੇ ਬਿੱਲ 'ਚ ਓਲੰਪੀਅਨ ਅਭਿਨਵ ਬਿੰਦਰਾ ਦੀ ਸਰਦਾਰੀ ਹੈ। ਬਿੰਦਰਾ ਦੇ ਜ਼ੀਰਕਪੁਰ ਘਰ ਦਾ ਬਿਜਲੀ ਬਿੱਲ ਉਪਰੋਕਤ ਸਾਲ ਦੌਰਾਨ 17.39 ਲੱਖ ਰੁਪਏ ਸਾਲਾਨਾ ਰਿਹਾ ਹੈ। ਇਸ ਘਰ ਦਾ ਮੌਜੂਦਾ ਬਿਜਲੀ ਬਿੱਲ 1.72 ਲੱਖ ਰੁਪਏ ਆਇਆ ਹੈ। ਇਨ੍ਹਾਂ ਦੇ ਬਿੱਲ ਦੀ ਅਦਾਇਗੀ ਕਦੇ ਵੀ ਖੁੰਝੀ ਨਹੀਂ ਹੈ। ਇਸ ਘਰ ਦਾ ਬਿਜਲੀ ਲੋਡ 179.7 ਕਿਲੋਵਾਟ ਹੈ। ਸਾਲਾਨਾ ਦਾ ਪ੍ਰਤੀ ਦਿਨ ਔਸਤਨ ਬਿਜਲੀ ਬਿੱਲ 4725 ਰੁਪਏ ਰਿਹਾ ਹੈ। ਸਮੁੱਚੇ ਪੰਜਾਬ 'ਚੋਂ ਦੂਜਾ ਵੱਡਾ ਘਰ ਡੇਰਾਬੱਸੀ ਦੇ ਕਾਰੋਬਾਰੀ ਕੇਵਲ ਕ੍ਰਿਸ਼ਨ ਗਰਗ ਦਾ ਹੈ, ਜਿਸ ਦਾ ਬਿਜਲੀ ਲੋਡ 165 ਕਿਲੋਵਾਟ ਹੈ। ਲੰਘੇ ਵਿੱਤੀ ਵਰ੍ਹੇ ਦੌਰਾਨ ਇਸ ਘਰ ਦਾ ਬਿਜਲੀ ਬਿੱਲ 16.97 ਲੱਖ ਰੁਪਏ ਆਇਆ। ਤਾਜ਼ਾ ਬਿੱਲ 1.46 ਲੱਖ ਰੁਪਏ ਦਾ ਹੈ। ਕਾਦੀਆਂ ਦੇ ਅਹਿਮਦੀਆ ਭਾਈਚਾਰੇ ਦਾ ਬਿਜਲੀ ਬਿੱਲ ਇਕ ਸਾਲ ਦਾ 12.26 ਲੱਖ ਰੁਪਏ ਰਿਹਾ ਹੈ। ਘਰੇਲੂ ਬਿਜਲੀ ਦੇ ਬਿੱਲਾਂ 'ਚ ਪੰਜਾਬ ਭਰ 'ਚੋਂ ਸਿਖਰਲੇ ਦਸ ਘਰਾਂ 'ਚ ਇਕੱਲੇ ਲੁਧਿਆਣਾ ਦੇ ਸੱਤ ਘਰ ਹਨ। ਇਨ੍ਹਾਂ ਉੱਪਰਲੇ ਦਸ ਘਰਾਂ ਦਾ ਬਿਜਲੀ ਬਿੱਲ ਲੰਘੇ ਸਾਲ ਦਾ 1.13 ਕਰੋੜ ਰੁਪਏ ਬਣਿਆ ਹੈ। ਪਿਛਲੇ ਵਰ੍ਹੇ ਦੌਰਾਨ ਲੁਧਿਆਣਾ ਦੇ ਵਰਧਮਾਨ ਗਰੁੱਪ ਵਾਲੇ ਪਾਲ ਓਸਵਾਲ ਦੇ ਘਰ ਦਾ ਬਿਜਲੀ ਬਿੱਲ 11.77 ਲੱਖ ਰੁਪਏ ਸਾਲਾਨਾ, ਅਨੂਪਰਾਜ ਸਿੰਘ ਗਿੱਲ ਦਾ ਸਾਲਾਨਾ ਬਿਜਲੀ ਬਿੱਲ 12.99 ਲੱਖ ਰੁਪਏ, ਮਹੇਸ਼ ਮਿੱਤਲ ਦਾ 10.38 ਲੱਖ ਸਾਲਾਨਾ, ਜਵਾਹਰ ਲਾਲ ਦਾ ਸਾਲਾਨਾ 9.52 ਲੱਖ, ਰਵਿੰਦਰ ਪਾਲ ਦਾ ਸਾਲਾਨਾ 7.80 ਲੱਖ, ਬਲਰਾਜ ਭਸੀਨ ਦਾ 7.32 ਲੱਖ ਅਤੇ ਰਸ਼ਮੀ ਬੈਕਟਰ ਦਾ 6.89 ਲੱਖ ਰੁਪਏ ਸਾਲਾਨਾ ਬਿਜਲੀ ਬਿੱਲ ਆਇਆ ਹੈ। ਪੰਜਾਬ ਵਿਚ ਇਸ ਵੇਲੇ 79.47 ਲੱਖ ਘਰੇਲੂ ਕੁਨੈਕਸ਼ਨ ਹਨ ਜਿਨ੍ਹਾਂ 'ਚੋਂ ਉਪਰੋਕਤ ਘਰਾਂ ਦਾ ਬਿਜਲੀ ਬਿੱਲ ਸਿਖਰ 'ਤੇ ਹੈ। ਸਾਲ 2023-24 ਦੌਰਾਨ ਘਰੇਲੂ ਬਿਜਲੀ ਬਿੱਲਾਂ ਤੋਂ ਪਾਵਰਕੌਮ ਨੂੰ 11,406 ਕਰੋੜ ਦੀ ਆਮਦਨ ਹੋਈ ਹੈ, ਜਦੋਂ ਕਿ ਚਾਲੂ ਵਿੱਤੀ ਵਰ੍ਹੇ ਦੌਰਾਨ ਘਰੇਲੂ ਬਿਜਲੀ ਬਿੱਲਾਂ ਤੋਂ 13,670 ਕਰੋੜ ਦੀ ਕਮਾਈ ਦਾ ਅਨੁਮਾਨ ਹੈ।

## ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

**Immediately hiring Cook, Tandoori Chef, Helper & Server for Indian restaurant in Murfreesboro, TN.**
***Good salary, free accommodation & Food.**
***Hiring Bonus $1500**
*** Priority to Couples**

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ। 34-37
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

## SUPER TRAVEL

**847-676-9090, 773-465-5566**
*E-mail: supertravel2003@live.com*
**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available

## UMA TRAVELS



2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
**Call: 773-338-5603**

# Matrimonials

## ਲੜਕੇ ਦੀ ਲੋੜ ਹੈ

Sikh Ahluwalia family looking for a suitable, well educated match for their 1986/5-5" Phd, beautiful girl. She has finished her studies in Boston, US. Serious inquiries only. Please contact us at +1 (781) 658-8952. 39-42

## ਲੜਕੀ ਦੀ ਲੋੜ ਹੈ

Jat Sikh family looking for a suitable jat Sikh girl for their US born 28' 5-11 son. The boy is mechanical engineer, well established and doing a federal job. Please contact us at : 678-448-2202.

39-42

---

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40

---

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

37-40

---

ਰਾਮਗੜ੍ਹੀਆ ਲੜਕਾ, ਉਮਰ 40 ਸਾਲ, 5'10", ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਨੰਬਰ +1-510-200-1772 'ਤੇ ਸੰਪਰਕ ਕਰੋ।

36-39

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

36-39

---

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।


35-38

---

Kamboj Sikh Family looking for suitable girl living in USA/Canda for their 31-year-old 5'11" son, Innocent Divorce (No Kids). He has done MCA & Diploma in Electrical Engineering; he is currently working as Professional Electrical Techician with National Contractor. He is Canadian PR, currently living in Surrey, BC. Drug free, no alcohol, no smoking. Please contact us at +1225 921 0802 or gillh5162@gmail.com 34-37

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
*847-359-0746*
*To Advertise In Punjab Times*
*Call: 847-359-0746*
**E-mail: punjabtimes1@gmail.com**

# ‘ਕੁਆਡ’ ਵੱਲੋਂ ਚੀਨ ਦੇ ਟਾਕਰੇ ਲਈ ਸਾਂਝੇ ਕੋਸਟ ਗਾਰਡ ਮਿਸ਼ਨ ਦਾ ਐਲਾਨ



**ਨਵੀਂ ਦਿੱਲੀ:** ਚਾਰ ਮੁਲਕੀ ਸਮੂਹ ਕੁਆਡ ਵਿਚ ਸ਼ਾਮਲ ਭਾਰਤ, ਅਮਰੀਕਾ, ਆਸਟਰੇਲੀਆ ਅਤੇ ਜਪਾਨ ਨੇ ਚੀਨ ਦੇ ਹਮਲਾਵਰ ਰੁਖ਼ ਦੇ ਟਾਕਰੇ ਲਈ ਪਹਿਲੀ ਵਾਰ ਸਾਂਝੇ ਕੋਸਟ ਗਾਰਡ ਮਿਸ਼ਨ ਦਾ ਐਲਾਨ ਕੀਤਾ ਹੈ। ਇਸ ਮਿਸ਼ਨ ਤਹਿਤ ਹਿੰਦ-ਪ੍ਰਸ਼ਾਂਤ ਖ਼ਿੱਤੇ ਵਿਚਲੇ ਛੋਟੇ ਮੁਲਕਾਂ ਨੂੰ ਸਮੁੰਦਰੀ ਸੁਰੱਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਵਿਚ ਅਗਲੀ ਪਰਤ ਤਕਨਾਲੋਜੀ ਦੀ ਜੋੜੀ ਜਾਵੇਗੀ ਅਤੇ ਸਮੁੰਦਰ ਉੱਤੇ ਨਜ਼ਰ ਬਣਾਈ ਰੱਖਣ ਲਈ ਵੇਲੇ ਸਿਰ ਨਾਲ ਦੀ ਨਾਲ ਡੇਟਾ ਮੁਹੱਈਆ ਕਰਵਾਇਆ ਜਾਵੇਗਾ।

ਇਹ ਐਲਾਨ ਅਮਰੀਕੀ ਸੂਬੇ ਡੈਲਾਵੇਅਰ ਦੇ ਵਿਲਮਿੰਗਟਨ ਵਿਚ ਖ਼ਤਮ ਹੋਏ ‘ਕੁਆਡ’ ਸਿਖਰ ਸੰਮੇਲਨ ਵਿਚ ਜਾਰੀ ਕੀਤੇ ਗਏ ਵਿਲਮਿੰਗਟਨ ਐਲਾਨਨਾਮੇ ਵਿਚ ਕੀਤਾ ਗਿਆ ਹੈ। ਐਲਾਨਨਾਮੇ ਵਿਚ ਰੂਸ-ਯੂਕਰੇਨ ਜੰਗ ਦੇ ਖ਼ਾਤਮੇ ਉਤੇ ਵੀ ਜ਼ੋਰ ਦਿੱਤਾ ਗਿਆ ਹੈ ਅਤੇ ਨਾਲ ਹੀ ਇਜ਼ਰਾਈਲ-ਗਾਜ਼ਾ ਟਕਰਾਅ ਦੇ ਖ਼ਾਤਮੇ ਲਈ ਮਾਮਲੇ ਦੇ ਦੋ-ਮੁਲਕੀ ਹੱਲ ਦੀ ਲੋੜ ਵੀ ਉਭਾਰੀ ਗਈ ਹੈ। ਅਮਰੀਕੀ ਸਦਰ ਜੋਅ ਬਾਇਡਨ ਦੀ ਮੇਜ਼ਬਾਨੀ ਵਿਚ ਹੋਏ ਸਿਖਰ ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਅਤੇ ਜਪਾਨ ਦੇ ਪ੍ਰਧਾਨ ਮੰਤਰੀ ਫੁਮੀਓ ਕਿਸ਼ੀਦਾ ਨੇ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿਚ ਸ੍ਰੀ ਮੋਦੀ ਨੇ ਕਿਹਾ, “ਕੁਆਡ ਕਿਸੇ ਦੇ ਖ਼ਿਲਾਫ਼ ਨਹੀਂ ਹੈ। ਅਸੀਂ ਸਾਰੇ ਨੇਮਾਂ ਆਧਾਰਤ ਆਲਮੀ ਢਾਂਚੇ, ਪ੍ਰਭੂਸੱਤਾ ਦੇ ਸਤਿਕਾਰ, ਇਲਾਕਾਈ ਅਖੰਡਤਾ ਅਤੇ ਸਾਰੇ ਮਾਮਲਿਆਂ ਦੇ ਪੁਰਅਮਨ ਹੱਲ ਦੇ ਹਾਮੀ ਹਾਂ।” ਉਮੀਦ ਮੁਤਾਬਕ ‘ਕੁਆਡ’ ਸਿਖਰ ਸੰਮੇਲਨ ਦਾ ਧਿਆਨ ਮੁੱਖ ਤੌਰ ’ਤੇ ਚੀਨ ਉਤੇ ਹੀ ਕੇਂਦਰਿਤ ਰਿਹਾ। ਵਿਲਮਿੰਗਟਨ ਐਲਾਨਨਾਮੇ ਵਿਚ ਕਿਹਾ ਗਿਆ ਹੈ, “ਸਾਂਝੀਆਂ ਕਦਰਾਂ-ਕੀਮਤਾਂ ਦੇ ਆਧਾਰ ਉਤੇ ਅਸੀਂ ਅਜਿਹਾ ਕੌਮਾਂਤਰੀ ਢਾਂਚਾ ਚਾਹੁੰਦੇ ਹਾਂ ਜਿਹੜਾ ਕਾਨੂੰਨ ਦੇ ਸ਼ਾਸਨ ਉੱਤੇ ਆਧਾਰਿਤ ਹੋਵੇ।” ਇਹ ਟਿੱਪਣੀ ਦੱਖਣੀ ਚੀਨ ਸਾਗਰ ਵਿਚ ਸੰਯੁਕਤ ਰਾਸ਼ਟਰ ਦੀ ਸੇਧ ਵਾਲੇ 2016 ਦੇ ਇਕ ਸਾਲਸੀ ਐਵਾਰਡ ਨੂੰ ਚੀਨ ਵੱਲੋਂ ਨਾ ਮੰਨੇ ਜਾਣ ਦੇ ਸੰਦਰਭ ਵਿਚ ਕੀਤੀ ਗਈ ਹੈ। ਕੁਆਡ ਆਗੂਆਂ ਨੇ ਕਿਹਾ, “2016 ਦਾ ਸਾਲਸੀ ਐਵਾਰਡ ਇਕ ਮੀਲ-ਪੱਥਰ ਹੈ ਜਿਹੜਾ ਝਗੜਿਆਂ ਦੇ ਪੁਰਅਮਨ ਹੱਲ ਦਾ ਆਧਾਰ ਹੈ।” ਕੁਆਡ ਆਗੂਆਂ ਨੇ ਕਿਹਾ ਕਿ ਉਹ ਪੂਰਬੀ ਚੀਨ ਸਾਗਰ ਤੇ ਦੱਖਣੀ ਚੀਨ ਸਾਗਰ ਦੇ ਹਾਲਾਤ ਬਾਰੇ ‘ਵੱਡੇ ਫ਼ਿਕਰਮੰਦ’ ਹਨ। ਕਾਬਿਲੇਗ਼ੌਰ ਹੈ ਕਿ ਚੀਨ ਨੇ ‘ਹਾਈਡਰੋ-ਕਾਰਬਨ’ ਨਾਲ ਭਰਪੂਰ ਦੱਖਣੀ ਚੀਨ ਸਾਗਰ ਵਿਚ ਕੰਮ ਕਰਨ ਨੂੰ ਲੈ ਕੇ ਵੀਅਤਨਾਮ, ਫ਼ਿਲਪੀਨਜ਼, ਬਰੂਨੇਈ, ਇੰਡੋਨੇਸ਼ੀਆ, ਮਲੇਸ਼ੀਆ ਤੇ ਤਾਇਵਾਨ ਨਾਲ ‘ਆਦਰਸ਼ ਜ਼ਾਬਤੇ’ ਬਾਰੇ ਆਪਣੀਆਂ ਹੀ ਸ਼ਰਤਾਂ ਨਿਰਧਾਰਿਤ ਕੀਤੀਆਂ ਹੋਈਆਂ ਹਨ।

## ਮੋਦੀ ਨੇ ਬਾਇਡਨ ਤੇ ਪ੍ਰਥਮ ਮਹਿਲਾ ਨੂੰ ਦਿੱਤੇ ਤੋਹਫ਼ੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਸਦਰ ਬਾਇਡਨ ਨੂੰ ਤੋਹਫ਼ੇ ਵਿਚ ਹੱਥ ਨਾਲ ਬਣਿਆ ਚਾਂਦੀ ਦਾ ਪੁਰਾਤਨ ਟਰੇਨ ਮਾਡਲ ਦਿੱਤਾ। ਇਹ ਵਿਲੱਖਣ ਤੇ ਅਸਧਾਰਨ ਮਾਡਲ ਮਹਾਰਾਸ਼ਟਰ ਦੇ ਸ਼ਿਲਪਕਾਰਾਂ ਵੱਲੋਂ ਤਿਆਰ ਕੀਤਾ ਗਿਆ ਹੈ, ਜੋ ਭਾਰਤ ਦੀ ਮੈਟਲ ਵਰਕ ਕਲਾ ਨੂੰ ਦਰਸਾਉਂਦਾ ਹੈ। ਇਸ ਵਿੰਟੇਜ ਪੀਸ 92.5 ਫੀਸਦ ਚਾਂਦੀ ਦਾ ਬਣਿਆ ਹੈ। ਸ੍ਰੀ ਮੋਦੀ ਨੇ ਅਮਰੀਕਾ ਦੀ ਪ੍ਰਥਮ ਮਹਿਲਾ ਜਿਲ ਬਾਇਡਨ ਨੂੰ ਤੋਹਫ਼ੇ ਵਿਚ ਪਸ਼ਮੀਨਾ ਸ਼ਾਲ ਦਿੱਤੀ, ਜੋ ਜੰਮੂ ਕਸ਼ਮੀਰ ਦੀ ਹਸਤਕਲਾ ਦੀ ਵਿਰਾਸਤ ਦਾ ਨਮੂਨਾ ਹੈ।

## ਅਮਰੀਕਾ ਮੋੜੇਗਾ 297 ਬੇਸ਼ਕੀਮਤੀ ਪੁਰਾਤਨ ਕਲਾਕ੍ਰਿਤੀਆਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਵੱਲੋਂ 297 ਬੇਸ਼ਕੀਮਤੀ ਪੁਰਾਤਨ ਕਲਾਕ੍ਰਿਤੀਆਂ ਮੋੜੇ ਜਾਣ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਤਾਰੀਫ਼ ਕੀਤੀ ਹੈ। ਭਾਰਤ ਤੇ ਅਮਰੀਕਾ ਨੇ ਸਭਿਆਚਾਰਕ ਸੰਪਤੀ ਦੀ ਗੈਰਕਾਨੂੰਨੀ ਤਸਕਰੀ ਰੋਕਣ ਤੇ ਪੁਰਾਤਨ ਕਲਾਕ੍ਰਿਤੀਆਂ ਵਾਪਸ ਕੀਤੇ ਜਾਣ ਸਬੰਧੀ ਜੁਲਾਈ ਵਿਚ ਸਮਝੌਤਾ ਸਹੀਬੰਦ ਕੀਤਾ ਸੀ।

## ਪਰਵਾਸੀ ਭਾਰਤੀ ਦੇਸ਼ ਦੇ ਮਜ਼ਬੂਤ ਬਰਾਂਡ ਅੰਬੈਸਡਰ: ਮੋਦੀ

**ਨਿਊ ਯਾਰਕ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਰਵਾਸੀ ਭਾਰਤੀ ਹਮੇਸ਼ਾ ਦੇਸ਼ ਦੇ ਮਜ਼ਬੂਤ ਬਰਾਂਡ ਅੰਬੈਸਡਰ ਰਹੇ ਹਨ। ਉਹ ਨਿਊ ਯਾਰਕ ਦੇ ਨਾਸਾਊ ਕੌਲਿਸੀਅਮ ਵਿਚ ਕਰਵਾਏ ਪ੍ਰੋਗਰਾਮ ਦੌਰਾਨ ਭਾਰਤੀ ਪਰਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, “ਅਸੀਂ ਵਿਭਿੰਨਤਾ ਨੂੰ ਸਮਝਦੇ ਹਾਂ, ਇਹ ਸਾਡੇ ਖ਼ੂਨ ਅਤੇ ਸਭਿਆਚਾਰ ਵਿਚ ਹੈ। ਤੁਸੀਂ ਭਾਰਤ ਨੂੰ ਅਮਰੀਕਾ ਤੇ ਅਮਰੀਕਾ ਨੂੰ ਭਾਰਤ ਨਾਲ ਜੋੜਿਆ ਹੈ।”

# ਬਰਤਾਨੀਆ: ਕੀਰਤਨ ਨੂੰ ਪਹਿਲੀ ਵਾਰ ‘ਸਿੱਖ ਪਵਿੱਤਰ ਸੰਗੀਤ’ ਵਜੋਂ ਮਾਨਤਾ



**ਲੰਡਨ:** ਬਰਤਾਨੀਆ ਵਿਚ ਪਹਿਲੀ ਵਾਰ ਕੀਰਤਨ ਨੂੰ ਸਿੱਖਿਆ ਦੀ ਗਰੇਡ ਪ੍ਰਣਾਲੀ ਵਿਚ ਸ਼ਾਮਲ ਕੀਤਾ ਗਿਆ ਹੈ, ਮਤਲਬ ਕਿ ਵਿਦਿਆਰਥੀ ਹੁਣ ਤੋਂ ‘ਸਿੱਖ ਪਵਿੱਤਰ ਸੰਗੀਤ’ ਨਾਲ ਜੁੜੇ ਪਾਠਕ੍ਰਮ ਦਾ ਰਸਮੀ ਤੌਰ ਉਤੇ ਅਧਿਐਨ ਕਰ ਸਕਣਗੇ।

ਬਰਮਿੰਘਮ ਵਿਚ ਸੰਗੀਤਕਾਰ ਅਤੇ ਅਕਾਦਮਿਕ ਮਾਹਿਰ ਹਰਜਿੰਦਰ ਲਾਲੀ ਨੇ ਪੱਛਮੀ ਸ਼ਾਸਤਰੀ ਸੰਗੀਤ ਵਾਂਗ ਕੀਰਤਨ ਨੂੰ ਵੀ ਉਚਿਤ ਸਥਾਨ ਦਿਵਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਈ ਸਾਲ ਸਮਰਪਿਤ ਕੀਤੇ ਹਨ ਕਿ ਰਵਾਇਤੀ ਸੰਗੀਤ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਿਆ ਰਹੇ। ‘ਗੁਰੂ ਗ੍ਰੰਥ ਸਾਹਿਬ’ ਵਿੱਚ ਮੌਜੂਦ ਸ਼ਬਦਾਂ ਦੇ ਗਾਇਨ ਨੂੰ ਕੀਰਤਨ ਕਿਹਾ ਜਾਂਦਾ ਹੈ ਅਤੇ ਸਿੱਖ ਧਰਮ ਵਿਚ ਇਹ ਭਗਤੀ ਭਾਵ ਪ੍ਰਗਟ ਕਰਨ ਦਾ ਤਰੀਕਾ ਹੈ।

ਲੰਡਨ ਸਥਿਤ ਸੰਗੀਤ ਸਿੱਖਿਆ ਬੋਰਡ (ਐਮ.ਟੀ.ਬੀ.) ਆਲਮੀ ਪੱਧਰ ‘ਤੇ ਮਾਨਤਾ ਪ੍ਰਾਪਤ ਅੱਠ-ਗਰੇਡ ਸੰਗੀਤ ਪ੍ਰੀਖਿਆਵਾਂ ਤਹਿਤ ‘ਸਿੱਖ ਪਵਿੱਤਰ ਸੰਗੀਤ‘ ਪਾਠਕ੍ਰਮ ਮੁਹੱਈਆ ਕਰਵਾਏਗਾ। ਬਰਤਾਨੀਆ ਵਿਚ ਗੁਰਮਤਿ ਸੰਗੀਤ ਅਕਾਦਮੀ ਦੇ ਅਧਿਆਪਕ ਡਾ. ਲਾਲੀ ਨੇ ਕਿਹਾ, ‘ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਵਿਰਾਸਤ ਨੂੰ ਬਚਾਅ ਕੇ ਰੱਖੀਏ।‘ ਉਨ੍ਹਾਂ ਕਿਹਾ, “ਪਾਠਕ੍ਰਮ ਨੂੰ ਮਨਜ਼ੂਰੀ ਅਤੇ ਸ਼ੁਰੂ ਕਰਵਾਉਣ ਵਿਚ 10 ਸਾਲ ਦੀ ਸਖ਼ਤ ਮਿਹਨਤ ਲੱਗੀ ਹੈ। ਮੈਨੂੰ ਮਾਣਾ ਹੈ ਕਿ ਹੁਣ ਇਹ ਮਿਹਨਤ ਰੰਗ ਲਿਆਈ ਹੈ।”

## ਅਨੂਰਾ ਕੁਮਾਰਾ ਦੀਸਾਨਾਇਕੇ ਨੇ ਸ੍ਰੀਲੰਕਾ ਦੇ ਰਾਸ਼ਟਰਪਤੀ ਵਜੋਂ ਹਲਫ ਲਿਆ

**ਕੋਲੰਬੋ:** ਅਨੂਰਾ ਕੁਮਾਰਾ ਦੀਸਾਨਾਇਕੇ ਨੇ ਸ੍ਰੀ ਲੰਕਾ ਦੇ ਨੌਵੇਂ ਰਾਸ਼ਟਰਪਤੀ ਵਜੋਂ ਹਲਫ਼ ਲਿਆ ਹੈ। ਇਸ ਮੌਕੇ ਚੀਫ਼ ਜਸਟਿਸ ਜਯੰਤ ਜੈਸੂਰਿਆ ਨੇ ਰਾਸ਼ਟਰਪਤੀ ਭਵਨ ਵਿਚ ਦੀਸਾਨਾਇਕੇ ਨੂੰ ਸਹੁੰ ਚੁਕਾਈ। ਜ਼ਿਕਰਯੋਗ ਹੈ ਕਿ ਨੈਸ਼ਨਲ ਪੀਪਲਜ਼ ਪਾਵਰ (ਐਨ.ਪੀ.ਪੀ.) ਦੇ ਨੇਤਾ ਦੀਸਾਨਾਇਕੇ ਨੇ ਚੋਣਾਂ ਵਿਚ ਸਾਮਗੀ ਜਨ ਬਲਵੇਗਯਾ (ਐਸ.ਜੇ.ਬੀ.) ਦੇ ਆਪਣੇ ਨੇੜਲੇ ਵਿਰੋਧੀ ਸਾਜਿਤ ਪ੍ਰੇਮਦਾਸਾ ਨੂੰ ਹਰਾਇਆ।

ਦੇਸ਼ ਵਿਚ ਆਰਥਿਕ ਸੰਕਟ ਕਾਰਨ ਹੋਏ 2022 ਵਿਚ ਵੱਡੇ ਜਨ ਅੰਦੋਲਨ ਤੋਂ ਬਾਅਦ ਇਹ ਪਹਿਲੀ ਚੋਣ ਹੈ। ਇਸ ਜਨ ਅੰਦੋਲਨ ਵਿਚ ਗੋਟਾਬਾਯਾ ਰਾਜਪਕਸ਼ੇ ਨੂੰ ਬਾਹਰ ਕਰ ਦਿੱਤਾ ਗਿਆ ਸੀ। ਚੋਣ ਜਿੱਤਣ ਤੋਂ ਬਾਅਦ ਦੀਸਾਨਾਇਕੇ ਨੇ ਦੇਸ਼ ਨੂੰ ਸੰਬੋਧਨ ਕਰਦਿਆਂ ਫ਼ਤਵੇ ਦਾ ਸਮਾਨ ਕਰਨ ਅਤੇ ਸ਼ਾਂਤੀਪੂਰਵਕ ਤਬਾਦਲੇ ਲਈ ਸਾਬਕਾ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਦਾ ਧੰਨਵਾਦ ਕੀਤਾ।

# ਭਾਰਤ ‘ਚ ਅਮਰੀਕਾ ਦੀ ਮਦਦ ਨਾਲ ਸਥਾਪਤ ਹੋਵੇਗਾ ਸੈਮੀਕੰਡਕਟਰ ਪਲਾਂਟ



**ਵਾਸ਼ਿੰਗਟਨ:** ਭਾਰਤ ਵਿਚ ਅਮਰੀਕਾ ਦੀ ਮਦਦ ਨਾਲ ਇਕ ਸੈਮੀਕੰਡਕਟਰ ਪਲਾਂਟ ਸਥਾਪਤ ਕੀਤਾ ਜਾਵੇਗਾ। ਇਹ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਕੀਤਾ ਗਿਆ। ਇਸੇ ਦੌਰਾਨ ਭਾਰਤ ਤੇ ਅਮਰੀਕਾ ਵੱਲੋਂ ਦੋ ਸਮਝੌਤੇ ਵੀ ਕੀਤੇ ਗਏ ਹਨ ਜਿਨ੍ਹਾਂ ‘ਚੋਂ ਇਕ ਸਮਝੌਤਾ ਵਿੱਤੀ ਰੂਪਰੇਖਾ ਨਾਲ ਜਦਕਿ ਦੂਜਾ ਸਮਝੌਤਾ ਨਸ਼ਿਆਂ ਦੇ ਨੈੱਟਵਰਕ ਨਾਲ ਨਜਿੱਠਣ ਸਬੰਧੀ ਹੈ।

ਦੋਵਾਂ ਮੁਲਕਾਂ ਨੇ ਫੌਜੀ ਤਕਨੀਕ ਤੇ ਸਵੱਛ ਊਰਜਾ ਦੇ ਖੇਤਰ ‘ਚ ਆਪਸੀ ਸਹਿਯੋਗ ਦਾ ਵੀ ਐਲਾਨ ਕੀਤਾ ਹੈ। ਇਸੇ ਦੌਰਾਨ ਭਾਰਤ ਨੇ ਸਰਵੀਕਲ ਕੈਂਸਰ ਖ਼ਿਲਾਫ਼ ਲੜਾਈ ਨੂੰ ਮਜ਼ਬੂਤ ਕਰਨ ਲਈ ਹਿੰਦ-ਪ੍ਰਸ਼ਾਂਤ ਖੇਤਰ ‘ਚ ਬਿਮਾਰੀ ਦੀ ਜਾਂਚ ਤੇ ਰੋਕਥਾਮ ਲਈ 75 ਲੱਖ ਅਮਰੀਕੀ ਡਾਲਰ ਫੰਡ ਵਜੋਂ ਦੇਣ ਦਾ ਅਹਿਦ ਲਿਆ ਹੈ। ਡੈਲਵੇਅਰ ‘ਚ ਬੀਤੇ ਦਿਨੀਂ ਕੁਆਡ ਮੁਲਕਾਂ ਦੇ ਆਗੂਆਂ ਦੇ ਸਿਖਰ ਸੰਮੇਲਨ ਦੌਰਾਨ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕਰਵਾਏ ਗਏ ‘ਕੈਂਸਰ ਮੂਨਸ਼ਾਟ‘ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਪਹਿਲ ਹਿੰਦ-ਪ੍ਰਸ਼ਾਂਤ ਮੁਲਕਾਂ ਦੇ ਲੋਕਾਂ ਨੂੰ ਸਸਤੀ, ਸੌਖੀ ਤੇ ਮਿਆਰੀ ਸਿਹਤ ਸੰਭਾਲ ਮੁਹੱਈਆ ਕਰਨ ‘ਚ ਅਹਿਮ ਸਾਬਤ ਹੋਵੇਗੀ। ਇਸੇ ਦੌਰਾਨ ਭਾਰਤ ਨੇ ਹਿੰਦ-ਪ੍ਰਸ਼ਾਂਤ ਖੇਤਰ ਦੇ ਵਿਦਿਆਰਥੀਆਂ ਨੂੰ ਪੰਜ ਲੱਖ ਅਮਰੀਕੀ ਡਾਲਰ ਦੇ ‘50 ਕੁਆਡ ਵਜ਼ੀਫੇ‘ ਦੇਣ ਦੀ ਨਵੀਂ ਪਹਿਲ ਦਾ ਵੀ ਐਲਾਨ ਕੀਤਾ।

# ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਇਕ ਹੋਰ ਝਟਕਾ

**ਓਟਵਾ:** ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਹੈ। ਕੈਨੇਡਾ ਦਾ ਇਹ ਫੈਸਲਾ ਵੱਡੀ ਗਿਣਤੀ ਭਾਰਤੀ ਨਾਗਰਿਕਾਂ ਨੂੰ ਅਸਰਅੰਦਾਜ਼ ਕਰ ਸਕਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਕਸ ‘ਤੇ ਪੋਸਟ ਵਿਚ ਕਿਹਾ, ‘ਅਸੀਂ ਇਸ ਸਾਲ 35 ਫੀਸਦ ਘੱਟ ਕੌਮਾਂਤਰੀ ਵਿਦਿਆਰਥੀ ਪਰਮਿਟ ਦਿੱਤੇ ਹਨ। ਅਗਲੇ ਸਾਲ ਅਸੀਂ ਇਨ੍ਹਾਂ ਦੀ ਗਿਣਤੀ ਵਿਚ 10 ਫੀਸਦ ਹੋਰ ਕਟੌਤੀ ਕਰਾਂਗੇ। ਇਮੀਗ੍ਰੇਸ਼ਨ ਸਾਡੇ ਅਰਥਚਾਰੇ ਲਈ ਵਾਧਾ ਹੈ ਪਰ ਜਦੋਂ ਮਾੜੇ ਅਨਸਰ ਕਿਸੇ ਪ੍ਰਬੰਧ ਦੀ ਦੁਰਵਰਤੋਂ ਕਰਦੇ ਹਨ ਤੇ ਵਿਦਿਆਰਥੀਆਂ ਦਾ ਲਾਹਾ ਲੈਂਦੇ ਹਨ, ਅਸੀਂ ਇਸ ਨੂੰ ਰੋਕਦੇ ਹਾਂ।‘ ਟਰੂਡੋ ਸਰਕਾਰ ਨੇ ਇਹ ਕਦਮ ਅਜਿਹੇ ਮੌਕੇ ਚੁੱਕਿਆ ਹੈ, ਜਦੋਂ ਕੈਨੇਡੀਅਨ ਸਰਕਾਰ ਅਸਥਾਈ ਰੈਜ਼ੀਡੈਂਟਜ਼ ਦੀ ਗਿਣਤੀ ਘਟਾਉਣ ਬਾਰੇ ਵਿਚਾਰ ਕਰ ਰਹੀ ਹੈ। ਕੈਨੇਡਾ



ਭਾਰਤੀ ਵਿਦਿਆਰਥੀਆਂ ਦਾ ਸਭ ਤੋਂ ਪਸੰਦੀਦਾ ਟਿਕਾਣਾ ਹੈ। ਟਰੂਡੋ ਦਾ ਇਹ ਐਲਾਨ ਕੈਨੇਡਾ ਵਿਚ ਪੜ੍ਹਨ ਦੀ ਇੱਛਾ ਰੱਖਣ ਵਾਲੇ ਕਈ ਭਾਰਤੀ ਵਿਦਿਆਰਥੀਆਂ ਨੂੰ ਅਸਰਅੰਦਾਜ਼ ਕਰੇਗਾ। ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਦੀ ਵੈੱਬਸਾਈਟ ਮੁਤਾਬਕ ਸਿੱਖਿਆ ਭਾਰਤ ਤੇ ਕੈਨੇਡਾ ਦਰਮਿਆਨ ਪਰਸਪਰ ਹਿੱਤ ਵਾਲਾ ਅਹਿਮ ਖੇਤਰ ਹੈ। ਭਾਰਤ ਵਿਦੇਸ਼ੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਹੈ ਤੇ ਅੰਦਾਜ਼ੇ ਮੁਤਾਬਕ ਕੈਨੇਡਾ ਵਿਚ ਇਸ ਵੇਲੇ 4.27 ਲੱਖ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ।

# ਆਤਿਸ਼ੀ ਨੇ ਦਿੱਲੀ ਦੇ ਅੱਠਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ

**ਨਵੀਂ ਦਿੱਲੀ:** ‘ਆਪ’ ਆਗੂ ਬੀਬੀ ਆਤਿਸ਼ੀ ਨੇ ਦਿੱਲੀ ਦੇ ਅੱਠਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। ਇਸ ਮੌਕੇ ਬੀਬੀ ਆਤਿਸ਼ੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਅਹੁਦਾ ਛੱਡ ਕੇ ਰਾਜਨੀਤੀ ਵਿਚ ਵੱਡੀ ਮਿਸਾਲ ਕਾਇਮ ਕੀਤੀ ਹੈ।

ਭਾਜਪਾ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣ ਲਈ ਕੋਈ ਕਸਰ ਨਹੀਂ ਛੱਡੀ ਸੀ। ਅਹੁਦਾ ਸੰਭਾਲਣ ਮੌਕੇ ਆਤਿਸ਼ੀ ਮੁੱਖ ਕੁਰਸੀ ਦੇ ਨਾਲ ਇਕ ਵੱਖਰੀ ਕੁਰਸੀ ’ਤੇ ਬੈਠੀ ਅਤੇ ਕਿਹਾ, “ਉਮੀਦ ਹੈ ਕਿ ਲੋਕ ਫਰਵਰੀ ਦੀਆਂ ਚੋਣਾਂ ਵਿਚ ਕੇਜਰੀਵਾਲ ਨੂੰ ਵਾਪਸ ਲਿਆਉਣਗੇ, ਉਦੋਂ



ਤੱਕ ਉਨ੍ਹਾਂ ਦੀ ਕੁਰਸੀ ਮੁੱਖ ਮੰਤਰੀ ਦਫ਼ਤਰ ਵਿਚ ਰਹੇਗੀ।”

# ਪੰਨੂ ਮਾਮਲੇ ‘ਤੇ ਸੰਮਨ ਜਾਰੀ ਕਰਨ ਦੀ ਭਾਰਤ ਵੱਲੋਂ ਨਿਖੇਧੀ

**ਨਵੀਂ ਦਿੱਲੀ:** ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਤਹਿਤ ਅਮਰੀਕਾ ਦੀ ਇਕ ਅਦਾਲਤ ਨੇ ਭਾਰਤ ਸਰਕਾਰ ਤੇ ਉਸ ਦੇ ਅਧਿਕਾਰੀਆਂ ਨੂੰ ਸੰਮਨ ਜਾਰੀ ਕੀਤੇ ਹਨ। ਇਸ ਦੀ ਭਾਰਤ ਸਰਕਾਰ ਨੇ ਸਖਤ ਨਿਖੇਧੀ ਕੀਤੀ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਨੂੰ ‘ਗੈਰ-ਵਾਜਬ ਅਤੇ ਬੇਬੁਨਿਆਦ ਦੋਸ਼’ ਕਰਾਰ ਦਿੱਤਾ ਹੈ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਇਸ ਨਾਲ ਭਾਰਤ ਦੇ ਦਹਿਸ਼ਤਗਰਦੀ ਖ਼ਿਲਾਫ਼ ਵਿਚਾਰ ਨਹੀਂ ਬਦਲਦੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਦੇਸ਼ ਸਕੱਤਰ ਨੇ ਕਿਹਾ ਕਿ ਉਹ ਤੁਹਾਡਾ ਧਿਆਨ ਉਸ ਵਿਅਕਤੀ ਪੰਨੂ ਵੱਲ ਦਿਵਾਉਣਾ ਚਾਹੁੰਦਾ ਹਨ ਜੋ ਗੈਰਕਾਨੂੰਨੀ ਸੰਗਠਨ ਚਲਾਉਂਦਾ ਹੈ ਤੇ ਉਸ ਖ਼ਿਲਾਫ਼ ਯੂ.ਏ.ਪੀ.ਏ. ਤਹਿਤ ਰੋਕ ਲੱਗੀ ਹੋਈ ਹੈ। ਦੱਸਣਾ ਬਣਦਾ ਹੈ ਕਿ ਪੰਨੂ ਕੋਲ ਅਮਰੀਕੀ ਤੇ ਕੈਨੇਡਿਆਈ ਨਾਗਰਿਕਤਾ ਹੈ ਤੇ ਭਾਰਤ ਨ ਇਸ ਨੂੰ ਅਤਿਵਾਦੀ ਐਲਾਨਿਆ ਹੋਇਆ ਹੈ।

## ਗੂਗਲ ਨੇ ਲੜਾਈ ਜਿੱਤੀ

**ਲੰਡਨ:** ਗੂਗਲ ਨੇ ਆਨਲਾਈਨ ਇਸ਼ਤਿਹਾਰ ਕਾਰੋਬਾਰ ਨਾਲ ਜੁੜੇ ਪੰਜ ਸਾਲ ਪੁਰਾਣੇ 1.49 ਅਰਬ ਯੂਰੋ ਦੇ ਜੁਰਮਾਨੇ ਖ਼ਿਲਾਫ਼ ਕਾਨੂੰਨੀ ਲੜਾਈ ਜਿੱਤ ਲਈ ਹੈ। ਇਹ ਜੁਰਮਾਨਾ 2019 ‘ਚ ਯੂਰਪੀ ਕਮਿਸ਼ਨ ਨੇ ਲਾਇਆ। ਯੂਰਪੀ ਯੂਨੀਅਨ ਨੇ ਗੂਗਲ ‘ਤੇ ਭਰੋਸਾ ਵਿਰੋਧੀ ਕਾਨੂੰਨ ਦੀ ਉਲੰਘਣਾ ਦਾ ਦੋਸ਼ ਲਾਇਆ ਸੀ। ਕੋਰਟ ਨੇ ਕਿਹਾ ਕਿ ਉਹ ਜੁਰਮਾਨੇ ਨੂੰ ਰੱਦ ਕਰ ਰਿਹਾ ਹੈ। ਕਮਿਸ਼ਨ ਨੇ ਜੁਰਮਾਨਾ ਲਾਉਂਦਿਆਂ ਕਿਹਾ ਸੀ ਕਿ ਗੂਗਲ ਦੇ ਵਿਹਾਰ ਕਾਰਨ ਇਸ਼ਤਿਹਾਰ ਦਾਤਿਆਂ ਅਤੇ ਵੈੱਬਸਾਈਟ ਮਾਲਕਾਂ ਕੋਲ ਘੱਟ ਬਦਲ ਰਹਿ ਗਏ ਸਨ ਅਤੇ ਉਨ੍ਹਾਂ ਨੂੰ ਵਧ ਕੀਮਤਾਂ ਦਾ ਭੁਗਤਾਨ ਕਰਨਾ ਪੈ ਰਿਹਾ ਹੈ ਜਿਸ ਦਾ ਬੋਝ ਖਪਤਕਾਰਾਂ ‘ਤੇ ਪਾਏ ਜਾਣ ਦਾ ਖ਼ਦਸ਼ਾ ਸੀ।

# ਤੇਜਿੰਦਰ ਪਾਲ ਸਿੰਘ ਖਿਲਾਫ ਗ੍ਰਿਫਤਾਰੀ ਵਾਰੰਟ ਧੱਕੇਸ਼ਾਹੀ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਰਾਜਸਥਾਨ ਦੇ ਸਿੱਖ ਆਗੂ ਤੇਜਿੰਦਰ ਪਾਲ ਸਿੰਘ ਟਿਮਾ ਖਿਲਾਫ਼ ਪੁਲਿਸ ਵੱਲੋਂ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰ ਕੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੀ ਨਿਖੇਧੀ ਕੀਤੀ ਹੈ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਇਸ ਨੂੰ ਸਿੱਖਾਂ ਨਾਲ ਧੱਕਾ ਕਰਾਰ ਦਿੱਤਾ ਹੈ।



ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਟਿਮਾ ਨੇ ਦੇਸ਼ਧ੍ਰੋਹ ਵਾਲਾ ਕੋਈ ਕੰਮ ਨਹੀਂ ਕੀਤਾ, ਪਰ ਰਾਜਸਥਾਨ ਸਰਕਾਰ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੰਵਿਧਾਨਕ ਆਜ਼ਾਦੀ ਦਾ ਗਲਾ ਘੁੱਟਦਿਆਂ ਉਸ ਖਿਲਾਫ ਪਹਿਲਾਂ ਤਾਂ ਦੇਸ਼ਧ੍ਰੋਹ ਦਾ ਝੂਠਾ ਮੁਕੱਦਮਾ ਦਰਜ ਕਰ ਕੇ ਘੱਟ-ਗਿਣਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ, ਮਗਰੋਂ ਉੱਚ ਅਦਾਲਤ ਵੱਲੋਂ ਅਗਾਊਂ ਜ਼ਮਾਨਤ ਮਿਲੀ ਹੋਣ ਦੇ ਬਾਵਜੂਦ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਕਿਸ ਵੀ ਥਾਂ 'ਤੇ ਕਿਸੇ ਵੀ ਸਿੱਖ ਨਾਲ ਧੱਕੇਸ਼ਾਹੀ ਦਾ ਸਿੱਖ ਕੌਮ ਇਕਜੁੱਟ ਹੋ ਕੇ ਵਿਰੋਧ ਕਰਦੀ ਰਹੇਗੀ। ਉਨ੍ਹਾਂ ਸਰਕਾਰ ਨੂੰ ਘੱਟ-ਗਿਣਤੀਆਂ ਪ੍ਰਤੀ ਨਿਆਂਪੂਰਨ ਰਵੱਈਆ ਅਪਨਾਉਣ ਦੀ ਵੀ ਨਸੀਹਤ ਦਿੱਤੀ। ਉਨ੍ਹਾਂ ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਭਾਈ ਟਿਮਾ ਨਾਲ ਰਾਜਸਥਾਨ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਬਣਦੀ ਕਾਨੂੰਨੀ ਚਾਰਾਜੋਈ ਕਰੇ।

## ਸਿੱਖ ਫ਼ੌਜੀ ਅਫਸਰ ਦੀ ਧੀ ਨਾਲ ਬਦਸਲੂਕੀ ਕਰਨ ਵਾਲਿਆਂ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੜੀਸਾ 'ਚ ਭੁਵਨੇਸ਼ਵਰ ਦੇ ਥਾਣੇ ਵਿਚ ਸਿੱਖ ਫ਼ੌਜੀ ਅਫ਼ਸਰ ਦੀ ਲੜਕੀ ਨਾਲ ਬਦਸਲੂਕੀ ਦੀ ਨਿੰਦਾ ਕਰਦਿਆਂ ਸਰਕਾਰ ਕੋਲੋਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ 'ਚ ਸਿੱਖ ਅਫ਼ਸਰ ਦੀ ਵਕੀਲ ਧੀ ਆਪਣਾ ਪਿੱਛਾ ਕਰ ਰਹੇ ਸ਼ਰਾਰਤੀ ਅਨਸਰਾਂ ਤੋਂ ਬਚਣ ਲਈ ਥਾਣੇ ਵਿਚ ਜਾਂਦੀ ਹੈ ਪਰ ਉਥੇ ਪੁਲਿਸ ਮੁਲਾਜ਼ਮ ਹੀ ਉਸ ਨਾਲ ਕਥਿਤ ਬਦਸਲੂਕੀ ਕਰਦੇ ਹਨ। ਉਨ੍ਹਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਮਾਮਲੇ 'ਚ ਦਖ਼ਲ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਮੰਦਭਾਗੇ ਵਰਤਾਰੇ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ। ਐਡਵੋਕੇਟ ਧਾਮੀ ਨੇ ਉੜੀਸਾ ਸਰਕਾਰ ਨੂੰ ਸਬੰਧਤ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਤੁਰਤ ਕਾਰਵਾਈ ਦੀ ਅਪੀਲ ਕੀਤੀ ਹੈ।

# ਸਿੱਖ ਨੌਜਵਾਨ ਨਾਲ ਬਦਸਲੂਕੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕਰੇ ਸਰਕਾਰ: ਹਰਜਿੰਦਰ ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰਾਖੰਡ ਦੇ ਊਧਮ ਸਿੰਘ ਨਗਰ ਦੀ ਆਦਰਸ਼ ਕਲੋਨੀ ਪੁਲਿਸ ਚੌਕੀ ਦੇ ਇੰਚਾਰਜ ਵੱਲੋਂ ਜਾਂਚ ਦੇ ਨਾਮ 'ਤੇ ਸਿੱਖ ਨੌਜਵਾਨ ਨਾਲ ਬਦਸਲੂਕੀ ਕਰਨ ਅਤੇ ਉਸ ਦੇ ਕੱਕਾਰਾਂ ਦੀ ਬੇਅਦਬੀ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਪੁਲਿਸ ਅਧਿਕਾਰੀ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।



ਸੋਸ਼ਲ ਮੀਡੀਆ ਉਤੇ ਇਸ ਦੀ ਵੀਡੀਓ ਵਾਇਰਲ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਤੇ ਗੈਰ-ਜ਼ਿੰਮੇਵਰਾਨਾ ਹਰਕਤ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਅੰਦਰ ਘੱਟਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ ਨਾਲ ਨਫਰਤੀ ਵਤੀਰੇ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਕੁਝ ਫ਼ਿਰਕੂ ਮਾਨਸਿਕਤਾ ਵਾਲੇ ਲੋਕ ਅਜਿਹੀਆਂ ਹਰਕਤਾਂ ਕਰਕੇ ਸਮਾਜਿਕ ਭਾਈਚਾਰੇ ਨੂੰ ਵੀ ਸੱਟ ਮਾਰਦੇ ਹਨ, ਜੋ ਦੇਸ਼ ਹਿੱਤ ਵਿਚ ਨਹੀਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੁਲਿਸ ਦਾ ਕੰਮ ਲੋਕਾਂ ਦੀ ਰਖਵਾਲੀ ਕਰਨਾ ਹੈ ਪਰ ਜਦੋਂ ਕੋਈ ਪੁਲਿਸ ਅਧਿਕਾਰੀ ਜਾਣ ਬੁੱਝ ਕੇ ਇਕ ਖਾਸ ਭਾਈਚਾਰੇ ਨਾਲ ਗ਼ਲਤ ਤਰੀਕੇ ਪੇਸ਼ ਆਉਂਦਾ ਹੈ ਤਾਂ ਇਹ ਹੋਰ ਵੀ ਮੰਦਭਾਗਾ ਹੈ। ਐਡਵੋਕੇਟ ਧਾਮੀ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਬੰਧਤ ਪੁਲਿਸ ਅਧਿਕਾਰੀ ਵਿਰੁੱਧ ਤੁਰਤ ਕਾਰਵਾਈ ਕੀਤੀ ਜਾਵੇ।

# ਤਿੰਨ ਪੜਾਵਾਂ 'ਚ ਹੋਵੇਗੀ ਬੁੱਢੇ ਨਾਲੇ ਦੀ ਸਫਾਈ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਲੁਧਿਆਣਾ ਦੇ ਬੁੱਢਾ ਨਾਲੇ ਦੀ ਸਫ਼ਾਈ ਤਿੰਨ ਪੜਾਵਾਂ ਵਿਚ ਸ਼ੁਰੂ ਕੀਤੇ ਜਾਣ ਦਾ ਐਲਾਨ ਕੀਤਾ ਹੈ। ਉਨ੍ਹਾਂ ਇੱਥੇ ਨੇਬੁਲਾ ਗਰੁੱਪ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਇਸ ਰਣਨੀਤੀ ਤਹਿਤ ਪੰਜਾਬ ਸਰਕਾਰ ਨੇਬੁਲਾ ਓਜ਼ੋਨੇਸ਼ਨ ਤਕਨਾਲੋਜੀ ਨਾਲ ਮਿਲ ਕੇ ਕੈਂਸਰ ਦਾ ਕਾਰਨ ਬਣਨ ਵਾਲੀਆਂ ਅਸ਼ੁੱਧੀਆਂ ਨੂੰ ਸਾਫ਼ ਕਰੇਗੀ।



ਇਸ ਤਕਨਾਲੋਜੀ ਜ਼ਰੀਏ ਪਾਣੀ ਦਾ ਟੀ.ਡੀ.ਐਸ. (ਟੋਟਲ ਡਿਸੋਲਵਡ ਸਾਲਿਡਜ਼) ਪੱਧਰ 100 ਤੋਂ ਥੱਲੇ ਲਿਆ ਕੇ ਇਸ ਨੂੰ ਪੀਣ ਦੇ ਯੋਗ ਬਣਾਉਣਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਨੇਬੁਲਾ ਓਜ਼ੋਨੇਸ਼ਨ ਕੋਲ ਪਾਣੀ ਦੀਆਂ ਅਸ਼ੁੱਧੀਆਂ ਅਤੇ ਕੈਂਸਰ ਦਾ ਕਾਰਨ ਬਣਨ ਵਾਲੇ ਤੱਤਾਂ ਦੀ ਸਫ਼ਾਈ ਦੇ ਮਾਮਲੇ ਵਿਚ ਨੈਨੋ ਲੈਵਲ ਤਕਨਾਲੋਜੀ ਹੈ। ਤਿੰਨ ਪੜਾਵੀ ਪ੍ਰੋਗਰਾਮ ਦਾ ਉਦੇਸ਼ ਬੁੱਢਾ ਨਾਲੇ ਦੇ ਪਾਣੀ ਦੀ ਗੁਣਵੱਤਾ ਨੂੰ ਸੁਧਾਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਗਰੁੱਪ ਦੀ ਟੀਮ ਨੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੇ ਅਧਿਕਾਰੀਆਂ ਤੇ ਹੋਰ ਸਬੰਧਿਤ ਧਿਰਾਂ ਨਾਲ ਮਿਲ ਕੇ ਬੁੱਢਾ ਨਾਲੇ ਦਾ ਦੌਰਾ ਵੀ ਕਰ ਲਿਆ ਹੈ।

ਪ੍ਰੋਜੈਕਟ ਦੇ ਪਹਿਲੇ ਪੜਾਅ ਵਿਚ ਅਲਟਰਾਸੋਨਿਕ ਵਾਟਰ ਮੀਟਰਿੰਗ ਸਿਸਟਮ ਸਥਾਪਤ ਕਰਨ ਅਤੇ ਸੀਵਰੇਜ ਨੈੱਟਵਰਕ ਦੇ ਅਧਿਐਨ ਲਈ ਸਾਫਟਵੇਅਰ ਦੀ ਮਾਡਲਿੰਗ ਕਰਨਾ ਸ਼ਾਮਲ ਹੈ ਤਾਂ ਕਿ ਪੂਰੇ ਲੁਧਿਆਣਾ ਦੇ ਸੈਂਪਲਿੰਗ ਪੁਆਇੰਟ ਦੀ ਸ਼ਨਾਖ਼ਤ ਕੀਤੀ ਜਾ ਸਕੇ। ਇਸੇ ਤਰ੍ਹਾਂ ਇਸ ਪੜਾਅ ਵਿਚ ਲੁਧਿਆਣਾ ਦੀਆਂ ਰੰਗਾਈ ਇਕਾਈਆਂ ਲਈ ਵੱਖ-ਵੱਖ ਪ੍ਰੀ-ਟਰੀਟਮੈਂਟ ਪਲਾਂਟਾਂ ਦੀ ਸ਼ਨਾਖ਼ਤ ਅਤੇ ਸਥਾਪਨਾ ਉੱਤੇ ਧਿਆਨ ਦਿੱਤਾ ਜਾਵੇਗਾ। ਇਹ 200 ਯੂਨਿਟਾਂ ਪ੍ਰਤੀ ਦਿਨ 95 ਮਿਲੀਅਨ ਲਿਟਰ ਪਾਣੀ ਦੀ ਨਿਕਾਸੀ ਕਰਦੇ ਹਨ। ਦੂਜੇ ਪੜਾਅ ਵਿਚ ਨਿਕਾਸੀ ਰਸਤਿਆਂ ਦੀ ਸ਼ਨਾਖ਼ਤ ਅਤੇ ਸੀਵਰੇਜ ਦਾ ਪੱਧਰ ਸੁਧਾਰਨ ਲਈ ਦੂਸ਼ਿਤ ਪਾਣੀ ਸੋਧਣ ਲਈ ਛੋਟੇ ਪੱਧਰ ਦੇ ਟਰੀਟਮੈਂਟ ਸਿਸਟਮ ਸਥਾਪਤ ਕਰਨ ਉੱਤੇ ਧਿਆਨ ਦਿੱਤਾ ਜਾਵੇਗਾ। ਤੀਜੇ ਪੜਾਅ ਵਿਚ ਬੁੱਢਾ ਨਾਲੇ ਦੀ ਲਾਈਨਿੰਗ ਦੀ ਰੂਪ-ਰੇਖਾ ਤਿਆਰ ਕਰਨ ਅਤੇ ਉਸ ਦੇ ਅਮਲ 'ਤੇ ਜ਼ੋਰ ਦਿੱਤਾ ਜਾਵੇਗਾ। ਤੀਜੇ ਪੜਾਅ ਦੇ ਅਮਲ, ਸਾਂਭ-ਸੰਭਾਲ ਅਤੇ ਕਾਰਜਸ਼ੀਲ ਰੱਖਣ ਤੇ ਪੂਰੇ ਲੁਧਿਆਣਾ ਵਿਚ ਸਥਾਪਤ ਕੀਤੇ ਟਰੀਟਮੈਂਟ ਸਿਸਟਮ ਨੂੰ ਚਾਲੂ ਰੱਖਣ ਲਈ ਨੇਬੁਲਾ ਗਰੁੱਪ ਅਤੇ ਸੂਬਾ ਸਰਕਾਰ ਕੰਮ ਕਰਨਗੇ।


# ਅਕਾਲੀ ਦਲ ਨੇ ਮਾਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੇ ਢਾਈ ਸਾਲ ਮੁਕੰਮਲ ਹੋਣ ਉਤੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਕਲੇਰ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਵਿਚ ਕਾਨੂੰਨ ਵਿਵਸਥਾ ਕਾਇਮ ਰੱਖਣ, ਨਸ਼ੇ ਰੋਕਣ, ਕਿਸਾਨਾਂ ਦੇ ਹਾਲਾਤ ਸੁਧਾਰਨ, ਸਿਹਤ ਅਤੇ ਸਿੱਖਿਆ ਖੇਤਰ ਵਿਚ ਸੁਧਾਰ ਕਰਨ 'ਚ ਬੁਰੀ ਤਰ੍ਹਾਂ ਨਾਕਾਮ ਹੋਈ ਹੈ।

'ਆਪ' ਸਰਕਾਰ ਨੇ ਢਾਈ ਸਾਲਾਂ ਦੌਰਾਨ ਪੰਜਾਬ ਤੇ ਪੰਜਾਬੀਆਂ ਲਈ ਕੁਝ ਨਹੀਂ ਕੀਤਾ, ਬਲਕਿ ਪੰਜਾਬ ਨੂੰ ਕਰਜ਼ੇ ਦੇ ਜਾਲ 'ਚ ਫਸਾ ਦਿੱਤਾ ਹੈ। ਸ੍ਰੀ ਕਲੇਰ ਨੇ ਕਿਹਾ ਕਿ ਪੰਜਾਬ 'ਚ ਗੈਂਗਸਟਰਾਂ ਦਾ ਰਾਜ ਚੱਲ ਰਿਹਾ ਹੈ, ਜਿਨ੍ਹਾਂ ਵੱਲੋਂ ਰੋਜ਼ਾਨਾ ਵੱਡੀ ਗਿਣਤੀ ਵਿਚ ਲੋਕਾਂ ਤੋਂ ਫਿਰੌਤੀਆਂ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਿਸਾਨੀ ਵੀ ਸੰਕਟ ਵਿਚ ਘਿਰੀ ਹੋਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾਅਵਾ ਕਰਦੇ ਸਨ ਕਿ ਕਿਸਾਨਾਂ ਨੂੰ ਗਿਰਦਾਵਰੀ ਸ਼ੁਰੂ ਹੋਣ ਤੋਂ ਪਹਿਲਾਂ ਮੁਆਵਜ਼ਾ ਦਿੱਤਾ ਜਾਵੇਗਾ ਪਰ ਹਾਲੇ ਤੱਕ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਨਹੀਂ ਮਿਲਿਆ। ਸਿਹਤ ਤੇ ਸਿੱਖਿਆ ਖੇਤਰ ਦੇ ਹਾਲਾਤ ਵੀ ਲੋਕਾਂ ਦੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ ਜੋ ਆਮ ਆਦਮੀ ਦੇ ਕਿਸੇ ਕੰਮ ਦੇ ਨਹੀਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਲਾਜ ਵਾਸਤੇ ਆਮ ਆਦਮੀ ਕਲੀਨਿਕ ਜਾਂ ਸਥਾਨਕ ਸਿਹਤ ਕੇਂਦਰਾਂ ਦੀ ਥਾਂ ਦਿੱਲੀ ਦੇ ਹਸਪਤਾਲ ਵਿਚ ਹਵਾਈ ਜਹਾਜ਼ ਰਾਹੀਂ ਲਿਜਾਣਾ ਪਿਆ ਹੋਵੇ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸੂਬੇ 'ਚ ਸਥਾਨਕ ਸਿਹਤ ਕੇਂਦਰਾਂ ਦੇ ਹਾਲਾਤ ਕਿਹੋ ਜਿਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਨੇ ਕਿਹਾ ਕਿ ਢਾਈ ਸਾਲਾਂ ਵਿਚ ਪੰਜਾਬ ਸਿਰ ਇਕ ਲੱਖ ਕਰੋੜ ਰੁਪਏ ਦਾ ਨਵਾਂ ਕਰਜ਼ਾ ਚੜ੍ਹ ਗਿਆ ਹੈ, ਜਦੋਂ ਕਿ ਸੂਬੇ ਵਿਚ ਕੋਈ ਵੀ ਨਵਾਂ ਕਾਲਜ ਜਾਂ ਹਸਪਤਾਲ ਨਹੀਂ ਬਣਿਆ। ਇਸ ਦੇ ਬਾਵਜੂਦ ਸੂਬੇ ਸਿਰ ਕਰਜ਼ਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਅਸਤੀਫ਼ੇ ਦੀ ਮੰਗ ਕੀਤੀ।

# ਹਲਵਾਰਾ ਹਵਾਈ ਅੱਡੇ ਦਾ ਨਾਂ ਸ਼ਹੀਦ ਸਰਾਭਾ ਦੇ ਨਾਂ 'ਤੇ ਰੱਖਣ ਦੀ ਮੰਗ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੂੰ ਪੱਤਰ ਲਿਖ ਕੇ ਹਲਵਾਰਾ ਹਵਾਈ ਅੱਡੇ ਦਾ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂ ਉਤੇ ਰੱਖਣ ਦੀ ਮੰਗ ਨੂੰ ਦੁਹਰਾਇਆ ਹੈ। ਉਨ੍ਹਾਂ ਪੱਤਰ 'ਚ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ 22 ਮਾਰਚ, 2023 ਨੂੰ ਸਰਬਸੰਮਤੀ ਨਾਲ ਇਸ ਨਾਮਕਰਨ ਬਾਰੇ ਮਤਾ ਪਾਸ ਕੀਤਾ ਜਾ ਚੁੱਕਿਆ ਹੈ। ਚੇਤੇ ਰਹੇ ਕਿ ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪਾਸ ਕਰ ਕੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਇੰਡੀਅਨ ਏਅਰਫੋਰਸ ਸਟੇਸ਼ਨ, ਹਲਵਾਰਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਚ ਬਣਾਏ ਜਾਣ ਵਾਲੇ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਂ 'ਸ਼ਹੀਦ ਕਰਤਾਰ ਸਿੰਘ ਸਰਾਭਾ ਅੰਤਰਰਾਸ਼ਟਰੀ ਹਵਾਈ ਅੱਡਾ' ਰੱਖਣ ਦੀ ਅਪੀਲ ਕੀਤੀ ਗਈ ਸੀ। ਮੁੱਖ ਮੰਤਰੀ ਕਿਹਾ ਕਿ ਇਸ ਹਵਾਈ ਅੱਡੇ ਦੀ ਆਖਰੀ ਟਰਮੀਨਲ ਇਮਾਰਤ ਇਸ ਮਹੀਨੇ ਦੇ ਅੰਤ ਤੱਕ ਬਣ ਕੇ ਤਿਆਰ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਇਸ ਸਾਲ ਦੇ ਅੰਤ ਤੱਕ ਇਸ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋ ਸਕਦੀਆਂ ਹਨ ਅਤੇ ਇਸ ਸਬੰਧੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਵੀ ਅਪੀਲ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਨਿੱਜੀ ਤੌਰ 'ਤੇ ਇਹ ਮਾਮਲਾ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੋਲ ਉਠਾਇਆ ਹੈ ਕਿਉਂਕਿ ਇਹ ਮੁੱਦਾ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਮੁਹਾਲੀ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ ਅਤੇ ਹਲਵਾਰਾ ਹਵਾਈ ਅੱਡੇ ਦਾ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਣਾ ਇਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਹੋਵੇਗੀ।



# ਸ਼ਤਾਬਦੀ ਸਮਾਗਮ: ਕੌਮ ਨੂੰ ਪੰਥਕ ਏਜੰਡਾ ਤੈਅ ਕਰਨ ਦੀ ਲੋੜ: ਗਿਆਨੀ ਰਘਬੀਰ ਸਿੰਘ

**ਸ੍ਰੀ ਗੋਇੰਦਵਾਲ ਸਾਹਿਬ:** ਸ੍ਰੀ ਗੁਰੂ ਰਾਮਦਾਸ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਦੇ ਜੋਤੀ-ਜੋਤਿ ਦਿਵਸ ਦੇ 450 ਸਾਲ ਪੂਰੇ ਹੋਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਇੱਥੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੌਮ ਦੀਆਂ ਭਵਿੱਖੀ ਤਰਜੀਹਾਂ ਨਿਰਧਾਰਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੀ ਦਰਸਾਈ ਜੀਵਨ ਜਾਂਚ ਦੀ ਰੌਸ਼ਨੀ 'ਚ ਸਿੱਖ ਕੌਮ ਆਪਾ ਪੜਚੋਲ ਕੇ ਵਿਆਪਕ ਪੰਥਕ ਏਜੰਡਾ ਨਿਰਧਾਰਿਤ ਕਰੇ। ਸਿੱਖਾਂ ਦੀਆਂ ਕੌਮੀ ਤਰਜੀਹਾਂ ਅਤੇ ਹਿੱਤਾਂ ਨੂੰ ਵਿਸ਼ਾਲ ਪ੍ਰਸੰਗ ਵਿਚ ਵਿਚਾਰ ਕੇ ਸ਼ਕਤੀਸ਼ਾਲੀ ਬੌਧਿਕ, ਧਾਰਮਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਮੰਚ ਮਜ਼ਬੂਤ ਕਰਨਾ ਅੱਜ ਪਹਿਲੀ ਲੋੜ ਹੈ। ਉਨ੍ਹਾਂ ਕੌਮੀ ਸੰਕਟਾਂ ਦੀ ਗੱਲ ਕਰਦਿਆਂ ਕਿਹਾ ਕਿ ਆਪਸੀ ਧੜੇਬੰਦੀਆਂ, ਵਖਰੇਵਿਆਂ ਤੋਂ ਉੱਪਰ ਉੱਠ ਕੇ ਏਕਤਾ ਦੇ ਰਾਹ ਤੁਰਨਾ ਹੀ ਇਨ੍ਹਾਂ ਵਿਚੋਂ ਨਿਕਲਣ ਦਾ ਅਸਲ ਮਾਰਗ ਹੈ, ਜਿਸ ਨੂੰ ਯਕੀਨੀ ਤੌਰ 'ਤੇ ਅਪਨਾਉਣਾ ਪਵੇਗਾ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੀ 'ਆਪ' ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਬੀਤੇ 'ਚ ਸ਼ਤਾਬਦੀਆਂ ਮੌਕੇ ਹਰ ਸਰਕਾਰ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਂਦੀ ਰਹੀ ਹੈ ਪਰ ਮੌਜੂਦਾ ਸਰਕਾਰ ਦਾ ਨਕਾਰਾਤਮਕ ਰਵੱਈਆ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇੱਥੇ ਵਿਕਾਸ ਕਾਰਜ ਅਤੇ ਸ਼ਮੂਲੀਅਤ ਤਾਂ ਦੂਰ ਦੀ ਗੱਲ, ਬਲਕਿ ਗੁਰੂ ਸਾਹਿਬ ਨੂੰ ਸਮਰਪਿਤ ਹੁੰਦਿਆਂ ਪੰਜਾਬ ਅੰਦਰ ਛੁੱਟੀ ਤੱਕ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਤਖ਼ਤ ਹਜ਼ੂਰ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਵਿਖੇ ਬੀਤੇ ਦਿਨੀਂ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੀ ਆਮਦ ਮੌਕੇ ਹੋਈ ਮਰਿਆਦਾ ਦੀ ਉਲੰਘਣਾ 'ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਪੰਥ ਵਿਰੋਧੀ ਕਿਸੇ ਵੀ ਏਜੰਡੇ ਨੂੰ ਕਾਮਯਾਬ ਨਾ ਹੋਣ ਦਿੱਤਾ ਜਾਵੇ ਅਤੇ ਏਕੇ ਨਾਲ ਕੌਮੀ ਹੱਕਾਂ ਵਾਸਤੇ ਯਤਨ ਕੀਤੇ ਜਾਣ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਗਵਾਈ ਦਾ ਕੇਂਦਰ ਹੈ, ਜਿੱਥੇ ਪੂਰੀ ਕੌਮ ਨੂੰ ਪੰਥਕ ਮਾਮਲਿਆਂ ਵਿੱਚ ਸਾਰੇ ਮਤਭੇਦ ਪਾਸੇ ਰੱਖ ਕੇ ਇਕਜੁੱਟ ਹੋਣਾ ਚਾਹੀਦਾ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਐਨ.ਆਰ.ਆਈ. ਕੋਟੇ ਬਾਰੇ ਪੰਜਾਬ ਸਰਕਾਰ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੂੰ ਝਟਕਾ ਦਿੰਦਿਆਂ ਸੁਪਰੀਮ ਕੋਰਟ ਨੇ ਸੂਬੇ ਦੇ ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਅਤੇ ਬੀ.ਡੀ.ਐਸ. ਕੋਰਸਾਂ 'ਚ ਦਾਖ਼ਲਿਆਂ ਲਈ 'ਐਨ.ਆਰ.ਆਈ. ਕੋਟੇ' ਦੀ ਪ੍ਰੀਭਾਸ਼ਾ ਬਦਲਣ ਦੀ ਕਾਰਵਾਈ ਨੂੰ ਰੱਦ ਕਰਨ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਾਇਰ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ ਹੈ। ਸਿਖਰਲੀ ਅਦਾਲਤ ਨੇ ਇਸ ਕਾਰਵਾਈ ਨੂੰ 'ਪੂਰੀ ਤਰ੍ਹਾਂ ਧੋਖਾਧੜੀ' ਅਤੇ 'ਪੈਸੇ ਕਮਾਉਣ ਦਾ ਜ਼ਰੀਆ' ਕਰਾਰ ਦਿੱਤਾ ਹੈ।

ਭਾਰਤ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਪੰਜਾਬ ਸਰਕਾਰ ਅਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨਾਂ ਨੂੰ ਰੱਦ ਕਰਦਿਆਂ ਕਿਹਾ, ''ਸਾਨੂੰ ਇਹ ਮਾਮਲਾ ਬੰਦ ਕਰ ਦੇਣਾ ਚਾਹੀਦਾ ਹੈ। ਇਹ ਐਨ.ਆਰ.ਆਈ. ਕਾਰੋਬਾਰ ਫਰਾਡ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਇਹ ਮਾਮਲਾ ਹੁਣ ਖ਼ਤਮ ਹੈ। ਸ਼ਬਦ ਕੀ ਹੈ? ਤੁਸੀਂ ਬੱਸ ਇੰਨਾ ਹੀ ਕਹਿਣਾ ਹੈ ਕਿ ਮੈਂ 'ਐਕਸ' (ਫਲਾਂ) ਦੀ ਸਾਂਭ-ਸੰਭਾਲ ਕਰ ਰਿਹਾ ਹਾਂ। ਉਨ੍ਹਾਂ ਵਿਦਿਆਰਥੀਆਂ ਨੂੰ ਦੇਖੋ ਜਿਨ੍ਹਾਂ ਨੇ ਤਿੰਨ ਗੁਣਾ ਜ਼ਿਆਦਾ ਅੰਕ ਹਾਸਲ ਕੀਤੇ ਹਨ ਪਰ ਉਹ ਹਾਰ ਗਏ ਹਨ। ਅਸੀਂ ਅਜਿਹੀ ਕਿਸੇ ਚੀਜ਼ ਨੂੰ ਆਪਣੀ ਮਨਜ਼ੂਰੀ ਨਹੀਂ ਦੇ ਸਕਦੇ ਜੋ ਜ਼ਾਹਰਾ ਤੌਰ 'ਤੇ ਗ਼ੈਰਕਾਨੂੰਨੀ ਹੈ।''

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਬੀਤੀ 20 ਅਗਸਤ ਨੂੰ ਇਕ ਨੋਟੀਫਿਕੇਸ਼ਨ ਰਾਹੀਂ ਦਾਖ਼ਿਲਆਂ ਲਈ ਐਨ.ਆਰ.ਆਈ. ਉਮੀਦਵਾਰ ਦੀ ਪ੍ਰੀਭਾਸ਼ਾ ਨੂੰ ਵਸੀਹ ਕਰ ਦਿੱਤਾ ਸੀ। ਇਸ ਤਹਿਤ ਐਮ.ਬੀ.ਬੀ.ਐਸ/ਬੀ.ਡੀ.ਐਸ ਕੋਰਸਾਂ ਵਿਚ ਦਾਖ਼ਲਿਆਂ ਲਈ ਤੈਅ 15 ਫ਼ੀਸਦੀ ਐਨ.ਆਰ.ਆਈ. ਕੋਟੇ ਲਈ ਐੱਨਆਰਆਈਜ਼ ਦੇ ਦੂਰ ਦੇ ਰਿਸ਼ਤੇਦਾਰਾਂ ਜਿਵੇਂ ਚਾਚਿਆਂ-ਤਾਇਆਂ, ਮਾਮਿਆਂ, ਭੂਆਂ-ਮਾਸੀਆਂ, ਦਾਦਿਆਂ-ਨਾਨਿਆਂ ਅਤੇ ਚਚੇਰੇ-ਮਮੇਰੇ ਭੈਣਾਂ-ਭਰਾਵਾਂ ਨੂੰ ਵੀ ਯੋਗ ਕਰਾਰ ਦਿੱਤਾ ਗਿਆ ਸੀ।

# ਮੁੱਖ ਮੰਤਰੀ ਨੇ ਓ.ਐਸ.ਡੀ. ਓਂਕਾਰ ਸਿੰਘ ਨੂੰ ਅਹੁਦੇ ਤੋਂ ਹਟਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਵਿਸ਼ੇਸ਼ ਡਿਊਟੀ ਅਫਸਰ (ਓ.ਐਸ.ਡੀ.) ਪ੍ਰੋਫੈਸਰ ਓਂਕਾਰ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਮੁੱਖ ਮੰਤਰੀ ਦੇ ਹਲਕਾ ਧੂਰੀ ਵਿਚ ਓਂਕਾਰ ਸਿੰਘ ਸਿਆਸੀ ਕੰਮਕਾਰ ਦੇਖਦੇ ਸਨ ਅਤੇ ਉਨ੍ਹਾਂ ਦੀ ਪਟਿਆਲਾ 'ਚ ਸਰਕਾਰੀ ਰਿਹਾਇਸ਼ ਹੈ। ਮੁੱਖ ਮੰਤਰੀ ਨਾਲ ਉਨ੍ਹਾਂ ਦੀ ਤਾਇਨਾਤੀ ਅਗਸਤ 2022 ਵਿਚ ਹੋਈ ਸੀ। ਓਂਕਾਰ ਸਿੰਘ ਪਹਿਲਾਂ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚਲੇ ਇੰਜਨੀਅਰਿੰਗ ਕਾਲਜ ਵਿਚ ਠੇਕੇ ਤਹਿਤ ਸਹਾਇਕ ਪ੍ਰੋਫੈਸ ਸੀ ਅਤੇ ਉਨ੍ਹਾਂ ਦਾ ਅਗਸਤ 2022 ਵਿਚ ਪੰਜਾਬ ਦਿਹਾਤੀ ਵਿਕਾਸ ਬੋਰਡ ਵਿਚ ਡੈਪੂਟੇਸ਼ਨ ਕੀਤਾ ਗਿਆ ਸੀ। ਉਨ੍ਹਾਂ ਨੂੰ ਅਹੁਦੇ ਤੋਂ ਹਟਾਏ ਜਾਣ ਮਗਰੋਂ ਡੈਪੂਟੇਸ਼ਨ ਵੀ ਰੱਦ ਹੋ ਜਾਵੇਗਾ। ਓਂਕਾਰ ਸਿੰਘ ਮੁੱਖ ਮੰਤਰੀ ਭਗਵੰਤ ਮਾਨ ਦੇ ਨੇੜਲਿਆਂ 'ਚੋਂ ਸਨ।

# ਪੰਜਾਬ ਵਜ਼ਾਰਤ ਵਿਚ ਪੰਜ ਨਵੇਂ ਮੰਤਰੀ ਸ਼ਾਮਲ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਵਜ਼ਾਰਤ ਵਿਚ ਪੰਜ ਨਵੇਂ ਮੰਤਰੀ ਸ਼ਾਮਲ ਕੀਤੇ ਗਏ ਹਨ। 'ਆਪ' ਸਰਕਾਰ ਦੇ ਕਾਰਜਕਾਲ ਦੇ ਅੱਧ ਦਰਮਿਆਨ ਹੋਏ ਇਸ ਵਜ਼ਾਰਤੀ ਫੇਰਬਦਲ 'ਚ ਚਾਰ ਵਜ਼ੀਰਾਂ ਦੀ ਛਾਂਟੀ ਕੀਤੀ ਗਈ ਹੈ, ਜਦੋਂ ਕਿ ਪੰਜ ਨਵੇਂ ਚਿਹਰਿਆਂ ਨੂੰ ਬਤੌਰ ਕੈਬਨਿਟ ਮੰਤਰੀ ਕੰਮ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇੱਥੇ ਰਾਜ ਭਵਨ ਵਿਚ 20 ਮਿੰਟ ਦੇ ਸਾਦੇ ਹਲਫ਼ਦਾਰੀ ਸਮਾਗਮ ਦੌਰਾਨ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਮੌਜੂਦ ਸਨ, ਜਿਨ੍ਹਾਂ ਨਵੇਂ ਵਜ਼ੀਰਾਂ ਨੂੰ ਸ਼ੁਭ ਇੱਛਾਵਾਂ ਦਿੱਤੀਆਂ।

ਪੰਜਾਬ ਵਜ਼ਾਰਤ ਵਿਚ ਹਰਦੀਪ ਸਿੰਘ ਮੁੰਡੀਆਂ (ਸਾਹਨੇਵਾਲ), ਬਰਿੰਦਰ ਕੁਮਾਰ ਗੋਇਲ (ਲਹਿਰਾਗਾਗਾ), ਤਰੁਨਪ੍ਰੀਤ ਸਿੰਘ ਸੌਂਦ (ਖੰਨਾ), ਡਾ. ਰਵਜੋਤ ਸਿੰਘ (ਸ਼ਾਮ ਚੁਰਾਸੀ) ਅਤੇ ਮਹਿੰਦਰ ਭਗਤ (ਜਲੰਧਰ ਪੱਛਮੀ) ਨੂੰ ਕੈਬਨਿਟ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਨੇ ਪੰਜਾਬੀ 'ਚ ਹਲਫ਼ ਲਿਆ। ਫੇਰਬਦਲ ਮਗਰੋਂ ਹੁਣ ਪੰਜਾਬ ਵਜ਼ਾਰਤ ਵਿਚ ਮੁੱਖ ਮੰਤਰੀ ਸਮੇਤ ਵਜ਼ੀਰਾਂ ਦੀ ਗਿਣਤੀ 16 ਹੋ ਗਈ ਹੈ, ਜਦੋਂ ਕਿ ਭਵਿੱਖ 'ਚ ਦੋ ਹੋਰ ਨਵੇਂ ਵਜ਼ੀਰ ਲੈਣ ਦੀ ਗੁੰਜਾਇਸ਼ ਰੱਖੀ ਗਈ ਹੈ। ਪੰਜਾਬ ਵਜ਼ਾਰਤ 'ਚੋਂ ਚੇਤਨ ਸਿੰਘ ਜੌੜਾਮਾਜਰਾ, ਬ੍ਰਹਮ ਸ਼ੰਕਰ ਜਿੰਪਾ, ਬਲਕਾਰ ਸਿੰਘ ਅਤੇ ਅਨਮੋਲ ਗਗਨ ਮਾਨ ਦੀ ਛੁੱਟੀ ਕੀਤੀ ਗਈ ਹੈ। 'ਆਪ' ਸਰਕਾਰ ਦਾ ਕੈਬਨਿਟ 'ਚ ਇਹ ਚੌਥਾ ਫੇਰਬਦਲ ਹੈ। ਆਮ ਆਦਮੀ ਪਾਰਟੀ ਵੱਲੋਂ ਪਾਰਟੀ ਲੀਡਰਸ਼ਿਪ ਤੋਂ ਫੀਡ ਬੈਕ ਵੀ ਲਈ ਗਈ ਸੀ। ਵਜ਼ਾਰਤੀ ਫੇਰਬਦਲ ਮਗਰੋਂ ਅੱਗੇ ਜ਼ਿਮਨੀ ਚੋਣਾਂ ਦੀ ਚੁਣੌਤੀ ਹੈ।

# ਲਿਬਨਾਨ 'ਚ 24 ਸਾਲ ਤੋਂ ਫਸਿਆ ਪੰਜਾਬੀ ਘਰ ਪਰਤਿਆ

**ਜਲੰਧਰ:** ਰੋਜ਼ੀ ਰੋਟੀ ਲਈ ਲਿਬਨਾਨ ਗਿਆ ਗੁਰਤੇਜ ਸਿੰਘ ਆਪਣੇ ਪਿੰਡ 24 ਸਾਲਾਂ ਬਾਅਦ ਪਰਤਿਆ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮੱਤੇਵਾੜਾ ਦਾ ਰਹਿਣ ਵਾਲਾ ਗੁਰਤੇਜ ਸਿੰਘ 33 ਸਾਲ ਦਾ ਸੀ, ਜਦੋਂ ਆਪਣੇ ਦੋਵਾਂ ਬੱਚਿਆਂ ਨੂੰ ਛੱਡ ਕੇ 2001 ਵਿਚ ਵਿਦੇਸ਼ ਗਿਆ ਸੀ।

ਲਿਬਨਾਨ ਵਿਚ ਰਹਿੰਦਿਆਂ ਉਸ ਦਾ ਸਾਲ 2006 ਵਿਚ ਪਾਸਪੋਰਟ ਗੁੰਮ ਹੋ ਗਿਆ, ਜਿਸ ਕਾਰਨ ਉਸ ਦੀ ਘਰ ਵਾਪਸੀ ਰੁਕ ਗਈ। ਪਰਿਵਾਰਕ ਮੈਂਬਰਾਂ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਤੱਕ ਪਹੁੰਚ ਕੀਤੀ ਗਈ, ਜਿਨ੍ਹਾਂ ਨੇ ਵਿਦੇਸ਼ ਮੰਤਰਾਲੇ ਤੱਕ ਪਹੁੰਚ ਕਰਕੇ ਉਸ ਦੀ ਵਾਪਸੀ ਸੰਭਵ ਕਰਵਾਈ। ਪਰਿਵਾਰ ਸਮੇਤ ਸੰਤ ਸੀਚੇਵਾਲ ਦਾ ਧੰਨਵਾਦ ਕਰਨ ਸੁਲਤਾਨਪੁਰ ਲੋਧੀ ਆਏ ਗੁਰਤੇਜ ਸਿੰਘ ਨੇ ਦੱਸਿਆ ਕਿ ਇਹ ਉਸ ਦਾ ਦੂਸਰਾ ਜਨਮ ਹੋਇਆ ਹੈ, ਉਹ ਕਰੀਬ 24 ਸਾਲਾਂ ਬਾਅਦ ਆਪਣੇ ਪਰਿਵਾਰ ਨੂੰ ਮਿਲ ਸਕਿਆ ਹੈ। ਉਸ ਨੇ ਦੱਸਿਆ ਕਿ ਟਰੈਵਲ ਏਜੰਟ ਨੇ ਲਿਬਨਾਨ ਭੇਜਣ ਬਦਲੇ ਉਸ ਕੋਲੋਂ ਇਕ ਲੱਖ ਰੁਪਏ ਲਏ ਸਨ। ਉਸ ਦਾ ਪਹਿਲਾਂ ਜਾਰਡਨ ਤੇ ਫਿਰ ਨਾਲ ਲੱਗਦੇ ਦੇਸ਼ ਸੀਰੀਆ ਵਿਚ ਦਾਖਲਾ ਕਰਵਾ ਦਿੱਤਾ ਗਿਆ। ਉੱਥੋਂ ਡੌਂਕੀ ਲਗਾਉਂਦਿਆਂ ਉਹ ਲਿਬਨਾਨ ਪੁੱਜਿਆ, ਜਿੱਥੇ ਸਾਰਾ ਦਿਨ ਤੇ ਚੋਰੀ ਛਿਪੇ ਖੇਤਾਂ ਵਿਚ ਹੀ ਕੰਮ ਕਰਨਾ ਪੈਂਦਾ ਸੀ। ਗੁਰਤੇਜ ਨੇ ਦੱਸਿਆ ਕਿ ਪਰਵਾਸ ਵਿਚ ਰਹਿੰਦਿਆਂ ਉਸ ਦੇ ਪਿੱਛਿਓਂ ਹੀ ਉਸ ਦੀ ਮਾਂ ਤੇ ਭਰਾ ਚਲੇ ਗਏ ਅਤੇ ਉਹ ਉਨ੍ਹਾਂ ਦਾ ਆਖਰੀ ਵਾਰ ਮੂੰਹ ਵੀ ਨਹੀਂ ਦੇਖ ਸਕਿਆ ਸੀ।

## ਬੰਦੀ ਸਿੰਘਾਂ ਦੀ ਰਿਹਾਈ ਲਈ ਘੋਲ ਤਿੱਖਾ ਕਰਨ ਦਾ ਐਲਾਨ

*(ਪਹਿਲੇ ਸਫੇ ਦੀ ਬਾਕੀ)*

ਵਿਰੋਧ ਕੀਤਾ ਗਿਆ ਹੈ, ਜੇ ਕੇਂਦਰ ਸਰਕਾਰ ਨੇ ਕੌਮੀ ਇਨਸਾਫ਼ ਮੋਰਚਾ ਦੀਆਂ ਜਾਇਜ਼ ਮੰਗਾਂ ਨੂੰ ਮੰਨਦੇ ਹੋਏ ਬੰਦੀ ਸਿੰਘਾਂ ਨੂੰ ਜਲਦ ਰਿਹਾਅ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਦੌਰਾਨ ਦੁਨੀਆ ਭਰ ਵਿੱਚ ਸਿੱਖਾਂ ਵੱਲੋਂ ਪ੍ਰਧਾਨ ਮੰਤਰੀ ਦਾ ਵਿਰੋਧ ਕੀਤਾ ਜਾਵੇਗਾ।

ਇਨਸਾਫ਼ ਮੋਰਚੇ ਦੇ ਕਨਵੀਨਰ ਨੇ ਕਿਹਾ ਕਿ ਮੁੱਖ ਮੰਤਰੀ ਤੇ ਰਾਜਪਾਲ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਪਹਿਲੀ ਅਕਤੂਬਰ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਵੱਡਾ ਜਥਾ ਚੰਡੀਗੜ੍ਹ ਰਵਾਨਾ ਹੋਵੇਗਾ। ਇਸ ਜਥੇ ਵੱਲੋਂ ਮੁੱਖ ਮੰਤਰੀ ਤੇ ਰਾਜਪਾਲ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਾਰ ਕੌਮੀ ਇਨਸਾਫ਼ ਮੋਰਚਾ ਕੇਂਦਰ ਅਤੇ ਸੂਬੇ ਸਰਕਾਰ ਦੀਆਂ ਗੱਲਾਂ ਵਿਚ ਨਹੀਂ ਆਵੇਗਾ।

# ਪਰਾਲੀ ਸਾੜਨ ਤੋਂ ਰੋਕਣ ਲਈ ਸਖ਼ਤੀ ਦੇ ਹੁਕਮ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਵਿਚ ਹੋਈ ਇਕ ਉੱਚ ਪੱਧਰੀ ਮੀਟਿੰਗ ਦੌਰਾਨ ਹਵਾ ਪ੍ਰਦੂਸ਼ਣ ਤੋਂ ਨਜਿੱਠਣ ਲਈ ਐਨ.ਸੀ.ਆਰ. ਵਿਚ ਇਲੈਕਟ੍ਰਿਕ ਵਾਹਨਾਂ ਨੂੰ ਅਪਨਾਉਣ ਅਤੇ ਚਾਰਜਿੰਗ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਦੀ ਤੁਰਤ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਦੌਰਾਨ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਪੀਕੇ ਮਿਸ਼ਰਾ ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਕਾਰਜਯੋਜਨਾ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਹੁਕਮ ਦਿੱਤਾ। ਇਕ ਬਿਆਨ ਵਿਚ ਕਿਹਾ ਗਿਆ ਕਿ ਕਾਰਜ ਬਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਪੀਕੇ ਮਿਸ਼ਰਾ ਨੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਸਾਰੀਆਂ ਸਬੰਧਤ ਏਜੰਸੀਆਂ ਨੂੰ ਪੜਾਅਵਾਰ ਪ੍ਰਤੀਕਿਰਿਆ ਕਾਰਜ ਯੋਜਨਾ (ਜੀ.ਆਰ.ਪੀ.) ਦਾ ਸਖ਼ਤੀ ਨਾਲ ਅਤੇ ਸਮੇਂ 'ਤੇ ਲਾਗੂਕਰਨ ਕਰਨ ਦੀ ਅਪੀਲ ਕੀਤੀ। ਜੀ.ਆਰ.ਪੀ, ਸਰਦੀਆਂ ਦੌਰਾਨ ਲਾਗੂ ਕੀਤਾ ਜਾਣ ਵਾਲਾ ਪ੍ਰਦੂਸ਼ਣ ਵਿਰੋਧੀ ਉਪਾਅ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਮਿਸ਼ਰਾ ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਕਾਰਜਯੋਜਨਾ ਨੂੰ ਸਖ਼ਤੀ ਨਾਲ ਲਾਗੂ ਕਰਨ, ਫ਼ਸਲਾਂ ਦੀ ਰਹਿੰਦ ਖੂੰਹਦ ਲਈ ਪ੍ਰਬੰਧਨ ਮਸ਼ੀਨਾਂ ਦਾ ਪੂਰਾ ਇਸਤੇਮਾਲ ਯਕੀਨੀ ਬਣਾਉਣ ਅਤੇ ਪਰਾਲੀ ਦੇ ਇਸਤੇਮਾਲ ਵਿੱਚ ਛੋਟੇ ਉਦਯੋਗਾਂ ਨੂੰ ਸਹਾਇਤਾ ਦੇਣ ਦੇ ਨਿਰਦੇਸ਼ ਦਿੱਤੇ।

# ਕਿਸਾਨ ਮਸਲਿਆਂ 'ਤੇ ਭਾਜਪਾ ਫਿਰ ਕਸੂਤੀ ਫਸੀ

*(ਪਹਿਲੇ ਸਫੇ ਦੀ ਬਾਕੀ)*

ਹਨ। ਇਹੀ ਨਹੀਂ, ਭਖੇ ਹੋਏ ਇਸ ਮਾਹੌਲ ਵਿਚ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਖੇਤੀ ਕਾਨੂੰਨਾਂ ਦੀ ਹਮਾਇਤ ਕਰਦੇ ਹੋਏ ਇਨ੍ਹਾਂ ਨੂੰ ਮੁੜ ਲਾਗੂ ਕਰ ਦੀ ਮੰਗ ਕਰ ਦਿੱਤੀ ਹੈ। ਉਸ ਦਾ ਦਾਅਵਾ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਵਾਪਸ ਲਿਆਉਣੇ ਚਾਹੀਦੇ ਹਨ ਅਤੇ ਇਸ ਲਈ ਕਿਸਾਨਾਂ ਨੂੰ ਖੁਦ ਅੱਗੇ ਆਉਣਾ ਹੋਵੇਗਾ।

ਯਾਦ ਰਹੇ ਕਿ ਇਨ੍ਹਾਂ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ ਉਤੇ ਮੋਰਚਾ ਲਾਇਆ ਸੀ ਅਤੇ ਸਾਲ ਤੋਂ ਉਪਰ ਚੱਲੇ ਇਸ ਸੰਘਰਸ਼ ਵਿਚ 800 ਦੇ ਕਰੀਬ ਕਿਸਾਨਾਂ ਦੀ ਮੌਤ ਹੋ ਗਈ ਸੀ। ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨੀ ਮੰਗਾਂ ਅੱਗੇ ਝੁਕਦੇ ਹੋਏ ਖੁਦ ਇਹ ਕਾਨੂੰਨ ਰੱਦ ਕਰਨ ਦਾ ਐਲਾਨ ਕੀਤਾ ਸੀ। ਹੁਣ ਚੋਣ ਮਾਹੌਲ ਵਿਚ ਭਾਜਪਾ ਆਗੂਆਂ ਵੱਲੋਂ ਕਾਨੂੰਨ ਵਾਪਸ ਲਿਆਉਣ ਦਾ ਇਸ਼ਾਰਾ ਕਰ ਕੇ ਨਵੀਂ ਚਰਚਾ ਛੇੜੀ ਗਈ ਹੈ। ਭਾਜਪਾ ਸਰਕਾਰ ਨੇ ਸ਼ੰਭੂ ਬਾਰਡਰ ਉਤੇ ਕਿਸਾਨਾਂ ਨੂੰ ਤਕਰੀਬਨ 7 ਮਹੀਨਿਆਂ ਤੋਂ ਰੋਕਿਆ ਹੋਇਆ ਹੈ। ਪੰਜਾਬ ਦੇ ਇਹ ਕਿਸਾਨ ਦਿੱਲੀ ਵਿਚ ਮੋਰਚਾ ਲਾਉਣ ਤੁਰੇ ਸਨ ਪਰ ਹਰਿਆਣਾ ਵਿਚਲੀ ਭਾਜਪਾ ਸਰਕਾਰ ਨੇ ਇਨ੍ਹਾਂ ਨੂੰ ਸੂਬੇ ਦੀ ਸਰਹੱਦ ਉਤੇ ਰੋਕ ਲਿਆ। ਇਸ ਮੌਕੇ ਹੋਏ ਟਕਰਾਅ ਦੌਰਾਨ ਗੋਲੀ ਨਾਲ ਇਕ ਕਿਸਾਨ ਦੀ ਮੌਤ ਹੋ ਗਈ ਸੀ ਅਤੇ ਸੈਂਕੜੇ ਜ਼ਖਮੀ ਹੋ ਗਏ ਸਨ। ਭਾਜਪਾ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵਿਚ ਰੋਹ ਹੈ। ਕੁਝ ਸਰਵੇਖਣਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ ਵਾਰ ਭਾਜਪਾ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਰਹੀ ਹੈ ਅਤੇ ਇਸ ਦਾ ਮੁੱਖ ਕਾਰਨ ਕਿਸਾਨਾਂ ਦਾ ਭਗਵਾ ਧਿਰ ਪ੍ਰਤੀ ਰੋਸ ਹੈ।

ਦੂਜੇ ਪਾਸੇ ਕਾਂਗਰਸ ਕਿਸਾਨਾਂ ਦੇ ਇਸ ਰੋਹ ਨੂੰ ਆਪਣੇ ਹੱਕ ਵਿਚ ਭੁਗਤਾਉਣ ਵਿਚ ਜੁਟੀ ਹੋਈ ਹੈ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਆਖ ਦਿੱਤਾ ਹੈ ਕਿ ਜੇ ਹਰਿਆਣਾ 'ਚ ਕਾਂਗਰਸ ਦੀ ਸਰਕਾਰ ਬਣੀ ਤਾਂ ਸ਼ੰਭੂ ਬਾਰਡਰ ਖੋਲ੍ਹਿਆ ਜਾਵੇਗਾ ਅਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਲੋਕਤੰਤਰ ਵਿਚ ਕੋਈ ਭਰੋਸਾ ਨਹੀਂ ਹੈ। ਇਸ ਤਾਨਾਸ਼ਾਹ ਸਰਕਾਰ ਨੇ ਪਹਿਲਾਂ ਤਿੰਨ ਕਿਸਾਨ ਵਿਰੋਧੀ ਕਾਨੂੰਨ ਲਾਗੂ ਕੀਤੇ ਅਤੇ ਫਿਰ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਉਤੇ ਲਾਠੀਚਾਰਜ ਕੀਤੇ ਤੇ ਗੋਲੀਆਂ ਚਲਾਈਆਂ। ਕਿਸਾਨਾਂ ਦਾ ਰਾਹ ਰੋਕਣ ਲਈ ਸੜਕਾਂ ਪੁੱਟੀਆਂ ਗਈਆਂ। ਹੁਣ ਵੀ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਸ਼ੰਭੂ ਬਾਰਡਰ 'ਤੇ ਰੋਕਿਆ ਹੋਇਆ ਹੈ ਜਿਸ ਕਾਰਨ ਵਪਾਰੀਆਂ ਨੂੰ ਵੀ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਹੂਲਤਾਂ ਦੇਣ ਦਾ ਵੀ ਵਾਅਦਾ ਕੀਤਾ। ਹਰਿਆਣਾ ਵਿਚ ਭਾਜਪਾ ਇਥੇ ਪਿਛਲੇ 10 ਸਾਲਾਂ ਤੋਂ ਸੱਤਾ ਵਿਚ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ




## ਨਗਰ ਕੀਰਤਨ NAGAR KIRTAN

**ਸ਼ਨਿਚਰਵਾਰ, 12 ਅਕਤੂਬਰ, ਸਵੇਰੇ 9 ਵਜੇ Saturday, 12 October, 9am**

ਹਰ ਸਾਲ ਦੀ ਤਰਾਂ ਨਗਰ ਕੀਰਤਨ ਪੈਲਟਾਇਨ ਗੁਰਦਵਾਰਾ ਸਾਹਿਬ ਤੋਂ ਸਵੇਰੇ 9:45 ਵਜੇ ਸ਼ੁਰੂ ਹੋ ਕੇ 12 ਵਜੇ ਗੁਰਦਵਾਰਾ ਸਾਹਿਬ ਆ ਕੇ ਸਮਾਪਤ ਹੋਵੇਗਾ। ਗੁਰੂ ਕੇ ਲੰਗਰ ਅਟੁੱਟ ਵਰਤਣਗੇ। ਗੱਤਕਾ ਟੀਮ ਦੇ ਮੈਂਬਰ ਗੱਤਕੇ ਦੇ ਜੌਹਰ ਵਿਖਾਉਣਗੇ।



ਸਭ ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ।

**Sikh Religious Society**

1280 Winnetka Street, Palatine, IL 60067 Phone: (847) 358-1117
Website: www.srschicago.org Email: contactus@srschicago.org

# ਡੀ.ਏ.ਪੀ. ਸੰਕਟ: ਕੇਂਦਰ ਸਰਕਾਰ ਨੇ ਪੰਜਾਬ ਨੂੰ ਮੁੜ ਪਿੱਠ ਦਿਖਾਈ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਨੂੰ ਡੀ.ਏ.ਪੀ. ਖਾਦ ਦੀ ਸਪਲਾਈ ਦੇਣ 'ਚ ਹੱਥ ਘੁੱਟ ਲਿਆ ਹੈ। ਪੰਜਾਬ ਨੂੰ ਇਸ ਸੀਜ਼ਨ ਵਿਚ 5.50 ਲੱਖ ਟਨ ਡੀ.ਏ.ਪੀ. ਖਾਦ ਦੀ ਲੋੜ ਹੈ ਪਰ ਹੁਣ ਤੱਕ ਸੂਬੇ ਨੂੰ ਕਰੀਬ ਡੇਢ ਲੱਖ ਟਨ ਡੀ.ਏ.ਪੀ. ਖਾਦ (ਸਮੇਤ ਬਦਲਵੇਂ ਸਰੋਤਾਂ) ਹੀ ਮਿਲੀ ਹੈ। ਕੇਂਦਰ ਵੱਲੋਂ ਐਲੋਕੇਸ਼ਨ ਤੋਂ ਘੱਟ ਡੀ.ਏ.ਪੀ. ਖਾਦ ਦਿੱਤੀ ਜਾ ਰਹੀ ਹੈ।

ਅਜਿਹੇ ਹਾਲਾਤ 'ਚ ਕਣਕ ਦੀ ਬਿਜਾਈ ਸਮੇਂ ਤੋਟ ਪੈ ਸਕਦੀ ਹੈ। ਵੇਰਵਿਆਂ ਅਨੁਸਾਰ ਕੇਂਦਰ ਨੇ ਅਗਸਤ ਮਹੀਨੇ ਵਿਚ 1.10 ਲੱਖ ਐਮਟੀ ਦੀ ਐਲੋਕੇਸ਼ਨ ਦੇ ਬਦਲੇ ਵਿਚ ਸਿਰਫ਼ 60 ਹਜ਼ਾਰ ਟਨ ਡੀ.ਏ.ਪੀ. ਦਿੱਤੀ ਸੀ। ਸਤੰਬਰ ਮਹੀਨੇ ਲਈ 80 ਹਜ਼ਾਰ ਟਨ ਡੀ.ਏ.ਪੀ. ਦੀ ਐਲੋਕੇਸ਼ਨ ਹੈ ਪਰ ਹੁਣ ਤੱਕ ਸਿਰਫ਼ 58 ਹਜ਼ਾਰ ਟਨ ਖਾਦ ਦੀ ਸਪਲਾਈ ਦਿੱਤੀ ਹੈ। ਇਸੇ ਤਰ੍ਹਾਂ 15 ਹਜ਼ਾਰ ਟਨ ਟ੍ਰਿਪਲ ਸੁਪਰ ਫਾਸਫੇਟ ਦੀ ਸਪਲਾਈ ਦਿੱਤੀ ਹੈ। ਸੂਬੇ ਵਿਚ ਆਲੂਆਂ ਦੀ ਬਿਜਾਈ ਲਈ ਕਰੀਬ 70 ਹਜ਼ਾਰ ਟਨ ਡੀ.ਏ.ਪੀ. ਦੀ ਲੋੜ ਹੁੰਦੀ ਹੈ। ਕੇਂਦਰੀ ਕੈਬਨਿਟ ਨੇ 24,475 ਕਰੋੜ ਰੁਪਏ ਦੀ ਖਾਦ ਸਬਸਿਡੀ ਨੂੰ ਮਨਜ਼ੂਰੀ ਦਿੱਤੀ ਹੈ। ਕਰੀਬ 26,300 ਰੁਪਏ ਪ੍ਰਤੀ ਟਨ ਸਬਸਿਡੀ ਦਿੱਤੀ ਜਾ ਰਹੀ ਹੈ ਜਦੋਂ ਕਿ ਖਾਦ ਕੰਪਨੀਆਂ 35,000 ਰੁਪਏ ਪ੍ਰਤੀ ਟਨ ਦੀ ਸਬਸਿਡੀ ਦਿੱਤੇ ਜਾਣ ਦੀ ਮੰਗ ਕਰ ਰਹੀਆਂ ਹਨ।




ਉੱਚ ਅਧਿਕਾਰੀ ਦੱਸਦੇ ਹਨ ਕਿ ਭਾਰਤ ਨੂੰ ਕਰੀਬ 30 ਲੱਖ ਟਨ ਡੀ.ਏ.ਪੀ. ਖਾਦ ਦੀ ਸਪਲਾਈ ਚੀਨ ਤੋਂ ਮਿਲਦੀ ਹੈ ਪਰ ਐਤਕੀਂ ਚੀਨ ਨੇ ਭਾਰਤ ਨੂੰ ਖਾਦ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਕਰਕੇ ਹੁਣ ਮੋਰੱਕੋ ਤੋਂ ਖਾਦ ਮੰਗਵਾਈ ਜਾ ਰਹੀ ਹੈ। ਰੂਸ ਅਤੇ ਯੂਕਰੇਨ ਜੰਗ ਕਰਕੇ ਵੀ ਭਾਰਤ ਦੀ ਖਾਦ ਸਪਲਾਈ ਪ੍ਰਭਾਵਿਤ ਹੋਈ ਹੈ। ਪਤਾ ਲੱਗਾ ਹੈ ਕਿ ਹੁਣ ਐਨ.ਐਫ.ਐਲ. ਅਤੇ ਕਰਿਭਕੋ ਦੇ ਸਮੁੰਦਰੀ ਰਸਤੇ ਦੋ ਸ਼ਿਪ ਖਾਦ ਦੇ ਭਾਰਤ ਪੁੱਜਣ ਵਾਲੇ ਹਨ।

ਪੰਜਾਬ ਸਰਕਾਰ ਨੇ ਇਸ 'ਚੋਂ ਖਾਦ ਦੀ ਸਪਲਾਈ ਦੇਣ ਲਈ ਕਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਕਿਹਾ ਸੀ ਅਤੇ ਸੂਬਾ ਸਰਕਾਰ ਦੇ ਅਧਿਕਾਰੀਆਂ ਦੀ ਟੀਮ ਵੀ ਕੇਂਦਰ ਨਾਲ ਰਾਬਤੇ ਵਿਚ ਹੈ। ਕੇਂਦਰ ਸਰਕਾਰ ਜ਼ੋਰ ਪਾ ਰਹੀ ਹੈ ਕਿ ਡੀ.ਏ.ਪੀ. ਦੀ ਫਾਸਫੋਰਸ ਦੇ ਬਦਲਵੇਂ ਤੱਤਾਂ ਵਾਲੀ ਖਾਦ ਲਈ ਜਾਵੇ। ਪੰਜਾਬ 'ਚ ਕਣਕ ਦੀ ਬਿਜਾਈ ਪਹਿਲਾਂ ਸ਼ੁਰੂ ਹੋ ਜਾਂਦੀ ਹੈ, ਜਿਸ ਕਰਕੇ ਸੂਬਾ ਸਰਕਾਰ ਸਪਲਾਈ ਅਗੇਤੀ ਮੰਗ ਰਹੀ ਹੈ। ਐਤਕੀਂ ਸੂਬੇ ਵਿਚ 35 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਈ ਹੋਣ ਦਾ ਅਨੁਮਾਨ ਹੈ।

## ਖਾਦਾਂ ਨਾਲ ਹੋਰ ਉਤਪਾਦ ਵੇਚਣ ਵਾਲਿਆਂ ਖ਼ਿਲਾਫ਼ ਕਾਰਵਾਈ

**ਚੰਡੀਗੜ੍ਹ:** ਪੰਜਾਬ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਖਾਦਾਂ ਦੇ ਨਾਲ ਜਬਰੀ ਹੋਰ ਖੇਤੀ ਉਤਪਾਦ ਵੇਚਣ ਤੋਂ ਰੋਕਣ ਲਈ ਚਾਰ ਟੀਮਾਂ ਕਾਇਮ ਕੀਤੀਆਂ ਗਈਆਂ ਹਨ। ਇਨ੍ਹਾਂ ਟੀਮਾਂ ਦੀ ਨਿਗਰਾਨੀ ਸੰਯੁਕਤ ਡਾਇਰੈਕਟਰ ਪੱਧਰ ਦੇ ਅਧਿਕਾਰੀ ਕਰਨਗੇ। ਇਸ ਸਬੰਧੀ ਜਾਣਕਾਰੀ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਦੀ ਅਗਵਾਈ ਵਾਲੇ ਵਫ਼ਦ ਨਾਲ ਮੀਟਿੰਗ ਮਗਰੋਂ ਦਿੱਤੀ।

# ਜਲੰਧਰ 'ਚ ਅਮੋਨੀਆ ਗੈਸ ਲੀਕ ਹੋਣ ਕਾਰਨ ਮਜ਼ਦੂਰ ਦੀ ਮੌਤ

**ਜਲੰਧਰ:** ਇਥੋਂ ਦੇ ਦਮੋਰੀਆ ਫਲਾਈਓਵਰ ਨੇੜੇ ਪੁਰਾਣੀ ਰੇਲਵੇ ਰੋਡ ਉਤੇ ਜੈਨ ਆਈਸ ਫੈਕਟਰੀ ਵਿਚ ਅਮੋਨੀਆ ਗੈਸ ਲੀਕ ਹੋਣ ਕਾਰਨ ਮੁਲਾਜ਼ਮ ਸ਼ੀਤਲ ਸਿੰਘ (68) ਦੀ ਮੌਤ ਹੋ ਗਈ। ਗੈਸ ਲੀਕ ਹੋਣ ਦੇ ਸਹੀ ਕਾਰਨਾਂ ਦਾ ਪਤਾ ਨਹੀਂ ਲੱਗਾ ਹੈ ਪਰ ਸ਼ੱਕ ਹੈ ਕਿ ਫੈਕਟਰੀ ਅੰਦਰ ਪਾਈਪ ਫੱਟਣ ਕਾਰਨ ਅਜਿਹਾ ਹੋਇਆ। ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮ. ਜੈ ਇੰਦਰ ਸਿੰਘ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ ਹੈ।

ਗੈਸ ਬਾਅਦ ਦੁਪਹਿਰ 2 ਤੋਂ ਢਾਈ ਵਜੇ ਦੇ ਵਿਚਕਾਰ ਲੀਕ ਹੋਈ ਅਤੇ ਇਹ ਤੇਜ਼ੀ ਨਾਲ ਫੈਲ ਗਈ, ਜਿਸ ਕਾਰਨ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਅਤੇ ਦੁਕਾਨਦਾਰਾਂ ਨੇ ਤੁਰਤ ਆਪਣੇ ਕਾਰੋਬਾਰ ਬੰਦ ਕਰ ਦਿੱਤੇ। ਇਸ ਦੌਰਾਨ ਚਾਰ ਮਜ਼ਦੂਰ ਫੈਕਟਰੀ ਅੰਦਰ ਫਸ ਗਏ ਅਤੇ ਸ਼ੀਤਲ ਸਿੰਘ ਦੀ ਦਮ ਘੁੱਟਣ ਕਾਰਨ ਮੌਤ ਹੋ ਗਈ। ਬਾਕੀ ਦੇ ਤਿੰਨ ਮਜ਼ਦੂਰਾਂ ਨੂੰ ਸਮੇਂ ਸਿਰ ਬਚਾਅ ਲਿਆ ਅਤੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਫੈਕਟਰੀ ਕੋਲੋਂ ਸਾਈਕਲ 'ਤੇ ਲੰਘ ਰਹੇ ਦੋ ਪਰਵਾਸੀ ਤੇ ਬਾਜ਼ਾਰ 'ਚ ਆਈ ਔਰਤ ਜ਼ਹਿਰੀਲੀ ਗੈਸ ਕਾਰਨ ਸੜਕ 'ਤੇ ਬੇਹੋਸ਼ ਹੋ ਕੇ ਡਿੱਗ ਪਏ ਪਰ ਉਨ੍ਹਾਂ ਨੂੰ ਥੋੜੀ ਦੇਰ ਬਾਅਦ ਹੋਸ਼ ਆ ਗਿਆ। ਸਥਾਨਕ ਨਿਵਾਸੀ ਕਮਲੇਸ਼ ਰਾਣੀ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਵਿਅਕਤੀ ਆਪਣੇ ਘਰ ਅੰਦਰ ਲੈ ਗਿਆ ਅਤੇ ਚਿਹਰੇ ਢੱਕ ਦਿੱਤੇ ਕਿਉਂਕਿ ਹਰ ਪਾਸੇ ਬਦਬੂ ਆ ਰਹੀ ਸੀ। ਸੂਚਨਾ ਮਿਲਣ ਤੋਂ ਬਾਅਦ ਫਾਇਰ ਬ੍ਰਿਗੇਡ ਅਤੇ ਡਿਵੀਜ਼ਨ ਨੰਬਰ 3 ਥਾਣੇ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਉਨ੍ਹਾਂ ਇਲਾਕੇ ਨੂੰ ਸੀਲ ਕਰ ਦਿੱਤਾ। ਐਮਰਜੈਂਸੀ ਟੀਮਾਂ ਨੇ ਦੋ ਘੰਟਿਆਂ 'ਚ ਸਥਿਤੀ 'ਤੇ ਕਾਬੂ ਪਾ ਲਿਆ।

# ਵਾਤਾਵਰਨ ਹਰਜਾਨਾ: ਪੰਜਾਬ ਸਰਕਾਰ ਨੂੰ ਵੱਡੀ ਰਾਹਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰਹਿੰਦ-ਖੂੰਹਦ ਤੇ ਅਣਸੋਧੇ ਪਾਣੀ ਦੇ ਪ੍ਰਬੰਧਨ ਵਿਚ ਨਾਕਾਮ ਰਹਿਣ ਲਈ ਪੰਜਾਬ ਸਰਕਾਰ ਨੂੰ 1000 ਕਰੋੜ ਰੁਪਏ ਤੋਂ ਵੱਧ ਦਾ ਵਾਤਾਵਰਨ ਹਰਜਾਨਾ ਲਾਉਣ ਦੇ ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੇ ਫੈਸਲੇ ਉਤੇ ਰੋਕ ਲਾ ਦਿੱਤੀ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਪੰਜਾਬ ਸਰਕਾਰ ਵੱਲੋਂ ਐਨ.ਜੀ.ਟੀ. ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਕੇਂਦਰ ਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਨੂੰ ਨੋਟਿਸ ਜਾਰੀ ਕੀਤਾ ਹੈ। ਸੂਬਾ ਸਰਕਾਰ ਵੱਲੋਂ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਪੱਖ ਰੱਖਿਆ।



ਐਨ.ਜੀ.ਟੀ. ਨੇ 25 ਜੁਲਾਈ ਦੇ ਆਪਣੇ ਹੁਕਮਾਂ ਵਿਚ ਪੰਜਾਬ ਸਰਕਾਰ ਨੂੰ ਵਾਤਾਵਰਨ ਹਰਜਾਨੇ ਵਜੋਂ ਮੁੱਖ ਸਕੱਤਰ ਜ਼ਰੀਏ ਸੀ.ਪੀ.ਸੀ.ਬੀ. ਕੋਲ ਇਕ ਮਹੀਨੇ ਅੰਦਰ 10,261,908,000 ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ ਸੀ। ਕੌਮੀ ਗ੍ਰੀਨ ਟ੍ਰਿਬਿਊਨਲ ਨੇ ਉਦੋਂ ਕਿਹਾ ਸੀ, 'ਸਮੇਂ-ਸਮੇਂ ਉਤੇ ਹੁਕਮ ਜਾਰੀ ਕਰਕੇ ਪੰਜਾਬ ਸਰਕਾਰ ਨੂੰ ਇਸ ਆਸ ਅਤੇ ਭਰੋਸੇ ਨਾਲ ਮੌਕੇ ਦਿੱਤੇ ਗਏ ਕਿ ਉਹ ਵਾਤਾਵਰਨ ਕਾਨੂੰਨਾਂ ਵਿਚਲੀਆਂ ਵਿਵਸਥਾਵਾਂ ਅਤੇ ਵਿਸ਼ੇਸ਼ ਕਰਕੇ ਜਲ ਐਕਟ 1974 ਦੀ ਧਾਰਾ 24 ਦੀ ਪਾਲਣਾ ਲਈ ਸੰਜੀਦਾ, ਠੋਸ ਅਤੇ ਜ਼ਰੂਰੀ ਕਦਮ ਚੁੱਕੇਗੀ ਪਰ ਸਾਨੂੰ ਇਹ ਜਾਣ ਕੇ ਦੁੱਖ ਹੋਇਆ ਕਿ ਪੰਜਾਬ ਸਰਕਾਰ ਇਨ੍ਹਾਂ ਨੇਮਾਂ/ਕਾਨੂੰਨਾਂ ਦੀ ਪਾਲਣਾ ਕਰਨ ਵਿਚ ਨਾਕਾਮ ਰਹੀ।'

ਐਨ.ਜੀ.ਟੀ. ਨੇ ਕਿਹਾ ਸੀ, 'ਸਾਡੇ ਵਿਚਾਰ ਵਿਚ ਬਹੁਤ ਹੋ ਗਿਆ। ਹੁਣ ਸਮਾਂ ਹੈ, ਜਦੋਂ ਇਸ ਟ੍ਰਿਬਿਊਨਲ ਨੂੰ ਸਖ਼ਤ, ਡੰਡ ਦੇਣ ਵਾਲੇ ਤੇ ਇਹਤਿਆਤੀ ਕਾਰਵਾਈ/ਹੁਕਮ ਦੇਣ ਦੀ ਲੋੜ ਹੈ, ਨਹੀਂ ਤਾਂ ਅਸੀਂ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਹੋ ਰਹੀ ਉਲੰਘਣਾ ਅਤੇ ਵਾਤਾਵਰਣ ਸਬੰਧੀ ਕਾਨੂੰਨਾਂ ਦੀ ਪਾਲਣਾ ਨਾ ਕਰਨ ਦੇ ਬਾਵਜੂਦ ਢੁਕਵੇਂ ਕਦਮ ਚੁੱਕਣ ਸਬੰਧੀ ਆਪਣਾ ਫਰਜ਼ ਨਿਭਾਉਣ ਵਿਚ ਨਾਕਾਮ ਰਹਾਂਗੇ ਅਤੇ ਅਸੀਂ ਇਸ ਸਥਿਤੀ ਵਿਚ ਧਿਰ ਨਹੀਂ ਬਣਨਾ ਚਾਹੁੰਦੇ।' ਲੈਗੇਸੀ ਵੇਸਟ ਮਿਊਂਸਿਪਲ ਰਹਿੰਦ-ਖੂੰਹਦ ਹੁੰਦੀ ਹੈ, ਜਿਸ ਨੂੰ ਕਿਸੇ ਬੰਜਰ ਜ਼ਮੀਨ 'ਤੇ ਸਾਲਾਂਬੱਧੀ ਰੱਖਿਆ ਜਾਂਦਾ ਹੈ।

# ਗੰਨਾ ਬਕਾਇਆ: ਕਿਸਾਨਾਂ ਨੇ ਫਗਵਾੜਾ ਮਿੱਲ ਦੀ ਜਾਇਦਾਦ ਨੂੰ ਲਾਇਆ ਜਿੰਦਾ

**ਫਗਵਾੜਾ:** ਇਥੋਂ ਦੀ ਸ਼ੂਗਰ ਮਿੱਲ ਵੱਲ ਕਰੋੜਾਂ ਰੁਪਏ ਬਕਾਇਆ ਲੈਣ ਲਈ ਕਿਸਾਨਾਂ ਨੇ ਫਗਵਾੜਾ ਮਿੱਲ ਅੱਗੇ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਾਹਮਣੇ ਮਿੱਲ ਦੀ ਜਾਇਦਾਦ ਨੂੰ ਜਿੰਦਰਾ ਲਾ ਦਿੱਤਾ। ਸਵੇਰੇ ਕਿਸਾਨ ਇੱਥੋਂ ਦੀ ਦਾਣਾ ਮੰਡੀ ਵਿਚ ਇਕੱਤਰ ਹੋਏ, ਜਿੱਥੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ, ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ, ਕ੍ਰਿਪਾਲ ਸਿੰਘ ਮੁਸਾਪੁਰ ਤੇ ਕ੍ਰਿਪਾਲ ਸਿੰਘ ਪਾਲਾ ਮੌਲੀ ਨੇ ਸੰਬੋਧਨ ਕੀਤਾ।

ਕਿਸਾਨ ਆਗੂਆਂ ਨੇ ਕਿਹਾ ਕਿ ਮਿੱਲ ਮਾਲਕਾਂ ਵੱਲ ਲੰਮੇ ਸਮੇਂ ਤੋਂ ਕਿਸਾਨਾਂ ਦੀ ਕਰੋੜਾਂ ਰੁਪਏ ਦੀ ਰਾਸ਼ੀ ਬਕਾਇਆ ਹੈ ਤੇ ਬਕਾਇਆ ਜਾਰੀ ਨਾ ਹੋਣ ਕਾਰਨ ਕਿਸਾਨ ਆਰਥਿਕ ਸੰਕਟ ਝੱਲ ਰਹੇ ਹਨ। ਕਿਸਾਨ ਆਗੂਆਂ ਨੇ ਦੱਸਿਆ ਕਿ 2021 ਤੋਂ ਪ੍ਰਸ਼ਾਸਨ ਲਗਾਤਾਰ ਉਨ੍ਹਾਂ ਨੂੰ ਭਰੋਸੇ ਹੀ ਦਿੰਦੇ ਆ ਰਿਹਾ ਹੈ, ਜਦੋਂ ਕਿ ਸਰਕਾਰ ਤੇ ਪ੍ਰਸ਼ਾਸਨ ਇਸ ਮਾਮਲੇ 'ਚ ਗੰਭੀਰ ਨਹੀਂ। ਜਾਣਕਾਰੀ ਅਨੁਸਾਰ ਮੰਡੀ ਵਿਚ ਇਕੱਠ ਕਰਨ ਮਗਰੋਂ ਕਿਸਾਨ ਇਕੱਠੇ ਹੋ ਕੇ ਸ਼ੂਗਰ ਮਿੱਲ ਦੇ ਅੱਗੇ ਪੁੱਜੇ ਜਿਥੇ ਉਨ੍ਹਾਂ ਧਰਨਾ ਲਗਾਇਆ ਤੇ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨਾਲ ਗੱਲਬਾਤ ਕਰਨ ਲਈ ਤਹਿਸੀਲ ਪੱਧਰ ਦੇ ਅਧਿਕਾਰੀ ਸਵੇਰ ਤੋਂ ਜੁਟੇ ਰਹੇ ਪਰ ਕੋਈ ਗੱਲ ਸਿਰੇ ਨਹੀਂ ਚੜ੍ਹੀ ਜਦਕਿ ਕਿਸਾਨ ਮਿੱਲ ਦੇ ਨਾਲ ਲੱਗਦੀ 10 ਕਨਾਲ 12 ਮਰਲੇ ਜ਼ਮੀਨ ਨੂੰ ਪ੍ਰਸ਼ਾਸਨ ਵੱਲੋਂ ਆਪਣੇ ਕਬਜ਼ੇ 'ਚ ਲੈਣ ਦੀ ਮੰਗ ਉਤੇ ਅੜੇ ਰਹੇ। ਇਸ ਤੋਂ ਬਾਅਦ ਪ੍ਰਸ਼ਾਸਨ ਨੇ ਜਾਇਦਾਦ ਨੂੰ ਅਟੈਚ ਕਰਨ ਦਾ ਬੋਰਡ ਲੱਗਾ ਦਿੱਤਾ ਤੇ ਫਿਰ ਕਿਸਾਨ ਤਾਲਾ ਲਗਾਉਣ ਦੀ ਮੰਗ ਕਰਨ ਲੱਗ ਗਏ।



ਇਸ ਦੌਰਾਨ ਧਰਨੇ ਵਾਲੀ ਥਾਂ ਪੁੱਜੇ ਡੀਸੀ ਅਮਿਤ ਕੁਮਾਰ ਪੰਚਾਲ ਅਤੇ ਐਸ.ਐਸ.ਪੀ. ਵਤਸਲਾ ਗੁਪਤਾ ਨੇ ਕਿਸਾਨਾਂ ਨਾਲ ਪੁਲਿਸ ਦੀ ਬੱਸ ਵਿਚ ਲਗਭਗ ਦੋ ਘੰਟੇ ਮੀਟਿੰਗ ਕੀਤੀ ਪਰ ਗੱਲਬਾਤ ਸਿਰੇ ਨਹੀਂ ਚੜ੍ਹੀ।

ਮੀਟਿੰਗ ਦਾ ਸਿੱਟਾ ਨਾ ਨਿਕਲਣ 'ਤੇ ਕਿਸਾਨਾਂ ਨੇ ਪ੍ਰਸ਼ਾਸਨ ਨੂੰ ਅਲਟੀਮੇਟਮ ਦੇਣ ਤੋਂ ਬਾਅਦ ਮਿੱਲ ਦੀ ਜਾਇਦਾਦ ਦੇ ਗੇਟ ਨੂੰ ਤਾਲਾ ਲਾ ਦਿੱਤਾ ਤੇ ਪ੍ਰਸ਼ਾਸਨ ਦੇਖਦਾ ਹੀ ਰਹਿ ਗਿਆ। ਤਾਲਾ ਲਗਾਉਣ ਤੋਂ ਬਾਅਦ ਸਥਿਤੀ ਤਣਾਅਪੂਰਨ ਬਣ ਗਈ ਤੇ ਕਿਸਾਨਾਂ ਨੇ ਆਪਣਾ ਰੋਹ ਪ੍ਰਗਟਾਉਂਦੇ ਹੋਏ ਧਰਨਾ ਸਮਾਪਤ ਕਰ ਦਿੱਤਾ।

# ਖੇਤੀਬਾੜੀ ਵਿਭਾਗ ਵੱਲੋਂ ਜ਼ਬਤ ਡੀ.ਏ.ਪੀ. ਖਾਦ ਦੇ ਨਮੂਨੇ ਫੇਲ੍ਹ

**ਮੋਗਾ:** ਇਥੇ ਖੇਤੀਬਾੜੀ ਵਿਭਾਗ ਵੱਲੋਂ ਜ਼ਬਤ ਕੀਤੀ ਨਕਲੀ ਡੀ.ਏ.ਪੀ. ਖਾਦ ਦਾ ਨਮੂਨਾ ਫੇਲ੍ਹ ਹੋ ਗਿਆ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਗੁਰੂਗ੍ਰਾਮ (ਹਰਿਆਣਾ) ਦੀ ਨਾਮੀ ਕੰਪਨੀ ਦੇ ਬ੍ਰਾਂਡ ਵਾਲੇ ਥੈਲਿਆਂ 'ਚ ਜ਼ਬਤ ਕੀਤੀ ਨਕਲੀ ਡੀ.ਏ.ਪੀ. ਖਾਦ ਦੇ ਨਮੂਨਾ ਦਾ ਨਤੀਜਾ 'ਜ਼ੀਰੋ' ਫ਼ੀਸਦ ਆਇਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਡੀ.ਏ.ਪੀ. ਖਾਦ 'ਚ ਨਾਈਟਰੋਜਨ ਤੱਤ 18 ਫ਼ੀਸਦੀ ਤੇ ਫਾਸਫੋਰਸ ਤੱਤ 46 ਫ਼ੀਸਦੀ ਹੁੰਦਾ ਹੈ, ਜਦੋਂ ਕਿ ਜ਼ਬਤ ਕੀਤੀ ਖਾਦ ਦੇ ਨਮੂਨਿਆਂ ਵਿਚ ਦੋਵੇਂ ਨਹੀਂ ਮਿਲੇ। ਮੁਲਜ਼ਮ ਵਿਕਾਸ ਨੇ ਮੰਨਿਆ ਕਿ ਸੰਗਰੂਰ ਦੀ ਫੈਕਟਰੀ ਵੱਲੋਂ ਇਹ ਖਾਦ ਕਥਿਤ ਤੌਰ 'ਤੇ 400 ਰੁਪਏ ਪ੍ਰਤੀ ਗੱਟਾ ਵੇਚੀ ਜਾਂਦੀ ਹੈ। ਇਸ ਮਗਰੋਂ ਖਾਦ ਨੂੰ ਗੁਰੂਗ੍ਰਾਮ (ਹਰਿਆਣਾ) ਦੀ ਨਾਮੀ ਕੰਪਨੀ ਦੇ ਬ੍ਰਾਂਡ ਵਾਲੇ ਥੈਲਿਆਂ 'ਚ ਤਬਦੀਲ ਕਰ ਕੇ ਵੇਚਿਆ ਜਾਂਦਾ ਹੈ। ਇਸ ਤਰ੍ਹਾਂ ਇਹ ਨਕਲੀ ਡੀ.ਏ.ਪੀ. ਖਾਦ ਅੱਗੇ ਮੁਲਜ਼ਮ ਜਸਵਿੰਦਰ ਸਿੰਘ ਅਤੇ ਹੋਰਾਂ ਨੂੰ 900 ਰੁਪਏ ਪ੍ਰਤੀ ਥੈਲਾ ਵੇਚ ਦਿੰਦਾ ਹੈ। ਇਸ ਤੋਂ ਬਾਅਦ ਕਿਸਾਨਾਂ ਨੂੰ 1350 ਰੁਪਏ ਪ੍ਰਤੀ ਗੱਟਾ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ। ਥਾਣਾ ਬੱਧਨੀ ਕਲਾਂ ਮੁਖੀ ਇੰਸਪੈਕਟਰ ਗੁਰਮੇਲ ਸਿੰਘ ਨੇ ਮੁਲਜ਼ਮਾਂ ਵੱਲੋਂ ਪੁੱਛ-ਪੜਤਾਲ ਵਿਚ ਕੀਤੇ ਗਏ ਖੁਲਾਸੇ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ। ਦੂਜੇ ਪਾਸੇ ਬੀ.ਕੇ.ਯੂ. (ਕਾਦੀਆਂ) ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਦਿੱਤੇ ਗਏ ਧਰਨੇ ਦੌਰਾਨ ਸੂਬੇ ਵਿਚ ਡੀ.ਏ.ਪੀ. ਖਾਦ ਦੀ ਆੜ 'ਚ ਵੇਚੀ ਜਾ ਰਹੀ ਗੋਹੇ ਦੀ ਖਾਦ ਦੀ ਵਿਜੀਲੈਂਸ ਜਾਂਚ ਦੀ ਮੰਗ ਕੀਤੀ ਗਈ। ਕਿਸਾਨ ਆਗੂ ਮਾਣੂੰਕੇ ਨੇ ਸੂਬਾ ਸਰਕਾਰ ਤੋਂ ਡੀ.ਏ.ਪੀ. ਖਾਦ ਦੀ ਸਪਲਾਈ ਯਕੀਨੀ ਬਣਾਉਣ ਦੀ ਮੰਗ ਵੀ ਕੀਤੀ।



## ਕਿਸਾਨਾਂ ਨਾਲ ਖਿਲਵਾੜ ਕਰਨ ਵਾਲੇ ਬਖਸ਼ੇ ਨਹੀਂ ਜਾਣਗੇ: ਖੁੱਡੀਆਂ

**ਚੰਡੀਗੜ੍ਹ:** ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਾ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਸਤੇ ਭਾਅ 'ਤੇ ਵੇਚਣ ਲਈ ਲਿਆਂਦੀ ਜਾ ਰਹੀ ਨਕਲੀ ਡੀ.ਏ.ਪੀ. ਖਾਦ ਸਬੰਧੀ ਪੁਖਤਾ ਇਤਲਾਹ 'ਤੇ ਕਾਰਵਾਈ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ ਮੋਗਾ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਦੀ ਟੀਮ ਨੇ ਖਾਦ ਦੇ ਨਮੂਨੇ ਹਾਸਲ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ ਅਤੇ ਮੁਲਜ਼ਮਾਂ ਖ਼ਿਲਾਫ਼ ਐਫ.ਆਈ.ਆਰ. ਵੀ ਦਰਜ ਕਰਵਾ ਦਿੱਤੀ ਹੈ।

# ਬਿਜਲੀ ਬਿੱਲ ਡਿਫਾਲਟਰਾਂ ਨੇ ਕੱਢਿਆ ਪਾਵਰਕੌਮ ਦਾ ਧੂੰਆਂ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਪਹੁੰਚ ਰੱਖਣ ਵਾਲੇ ਹਜ਼ਾਰਾਂ ਲੋਕਾਂ ਨੇ ਬਿਜਲੀ ਦਾ ਬਿੱਲ ਨਹੀਂ ਤਾਰਿਆ ਜਿਨ੍ਹਾਂ ਵੱਲ ਵੱਡੀ ਰਕਮ ਫਸੀ ਹੋਈ ਹੈ। ਇਵੇਂ ਹੀ ਥੋੜ੍ਹੀ ਰਕਮ ਵਾਲੇ ਲੱਖਾਂ ਖਪਤਕਾਰਾਂ ਕੋਲ ਉਂਜ ਹੀ ਬਿੱਲ ਤਾਰਨ ਦੀ ਵਿੱਤੀ ਪਹੁੰਚ ਨਹੀਂ ਹੈ। ਸੂਬੇ ਵਿਚ ਅਜਿਹੇ 25.09 ਲੱਖ ਖਪਤਕਾਰ ਹਨ ਜਿਨ੍ਹਾਂ ਨੇ ਹਾਲੇ ਤੱਕ 5975.23 ਕਰੋੜ ਦੇ ਬਿਜਲੀ ਬਿੱਲ ਨਹੀਂ ਤਾਰੇ। ਵੇਰਵਿਆਂ ਅਨੁਸਾਰ ਪਾਵਰਕੌਮ ਦੇ ਪੰਜਾਬ 'ਚ ਇਸ ਸਮੇਂ ਹਰ ਕੈਟਾਗਰੀ ਦੇ ਕੁੱਲ 1.07 ਕਰੋੜ ਖਪਤਕਾਰ ਹਨ ਪਾਵਰਕੌਮ ਦੇ 25.09 ਲੱਖ ਖਪਤਕਾਰ ਡਿਫਾਲਟਰ ਹਨ, ਜੋ ਕੁੱਲ ਖਪਤਕਾਰਾਂ ਦਾ 23.44 ਫ਼ੀਸਦ ਹਨ। ਘਰੇਲੂ ਬਿਜਲੀ ਦੇ ਕੁੱਲ 19.92 ਲੱਖ ਡਿਫਾਲਟਰਾਂ ਵੱਲ 1306.27 ਕਰੋੜ ਰੁਪਏ ਬਕਾਇਆ ਹਨ। ਘਰੇਲੂ ਬਿਜਲੀ ਦੇ ਕੁੱਲ 79.28 ਲੱਖ ਖਪਤਕਾਰਾਂ ਵਿਚੋਂ ਡਿਫਾਲਟਰਾਂ ਦੀ ਦਰ 25.12 ਫ਼ੀਸਦ ਹੈ।

ਪੰਜਾਬ ਦੇ ਕੁੱਲ 1.57 ਲੱਖ ਸਨਅਤੀ ਕੁਨੈਕਸ਼ਨਾਂ ਵਿਚੋਂ 59,738 ਡਿਫਾਲਟਰ ਹਨ। ਇਨ੍ਹਾਂ ਵੱਲ ਪਾਵਰਕੌਮ ਦੇ 3647.50 ਕਰੋੜ ਰੁਪਏ ਫਸੇ ਹੋਏ ਹਨ। ਇਸੇ ਤਰ੍ਹਾਂ 4.43 ਲੱਖ ਵਪਾਰਕ ਡਿਫਾਲਟਰਾਂ ਵੱਲ 804.25 ਕਰੋੜ ਦੇ ਬਕਾਏ ਖੜ੍ਹੇ ਹਨ। ਬਿਜਲੀ ਅਧਿਕਾਰੀਆਂ ਲਈ ਇਹ ਵਸੂਲੀ ਕਰਨੀ ਵੱਡੀ ਚੁਣੌਤੀ ਹੈ। ਪਾਵਰਕੌਮ ਵੱਲੋਂ ਕੀਤੀ ਛਾਣ-ਬੀਣ ਮੁਤਾਬਕ 24.62 ਲੱਖ ਪਖਤਕਾਰਾਂ ਤੋਂ 1872 ਕਰੋੜ ਦੀ ਰਕਮ ਵਸੂਲੀਯੋਗ ਹੈ। ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਬਹੁਤੇ ਖਪਤਕਾਰਾਂ ਦੀ ਸਰਕਾਰੇ-ਦਰਬਾਰੇ ਪਹੁੰਚ ਹੋਣ ਕਾਰਨ ਜਾਣ-ਬੁੱਝ ਕੇ ਬਕਾਏ ਨਹੀਂ ਭਰਦੇ। ਵੱਡਾ ਅੰਕੜਾ ਸਰਕਾਰੀ ਕੁਨੈਕਸ਼ਨਾਂ ਦਾ 37,660 ਹੈ ਜਿਨ੍ਹਾਂ ਨੇ 3559 ਕਰੋੜ ਦੀ ਬਕਾਇਆ ਰਾਸ਼ੀ ਹਾਲੇ ਤੱਕ ਨਹੀਂ ਭਰੀ। ਕੁੱਲ 'ਚੋਂ 60 ਫ਼ੀਸਦੀ ਬਕਾਇਆ ਰਾਸ਼ੀ ਤਾਂ ਇਕੱਲੇ ਸਰਕਾਰੀ ਕੁਨੈਕਸ਼ਨਾਂ ਦੀ ਹੀ ਬਣਦੀ ਹੈ। ਅਧਿਕਾਰੀ ਆਖਦੇ ਹਨ ਕਿ ਪਾਵਰਕੌਮ ਦੀ ਮੌਜੂਦਾ ਵਿੱਤੀ ਹਾਲਾਤ ਬਹੁਤੀ ਚੰਗੀ ਨਹੀਂ ਹੈ। ਸਰਕਾਰੀ ਕੁਨੈਕਸ਼ਨਾਂ ਵੱਲ ਪ੍ਰਤੀ ਕੁਨੈਕਸ਼ਨ ਔਸਤਨ 9.46 ਲੱਖ ਰੁਪਏ ਦਾ ਬਕਾਇਆ ਖੜ੍ਹਾ ਹੈ। ਹੁਣ ਤਾਂ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਵੀ ਤਾੜਨਾ ਕਰ ਦਿੱਤੀ ਹੈ ਕਿ ਸਰਕਾਰੀ ਡਿਫਾਲਟਰਾਂ ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾ ਸਕਦੀ ਹੈ। ਕਾਫੀ ਗਿਣਤੀ ਵਿਚ ਡਿਫਾਲਟਰਾਂ ਨੇ ਅਦਾਲਤਾਂ ਦਾ ਸਹਾਰਾ ਵੀ ਲਿਆ ਹੈ। ਪੁਰਾਣੇ ਬਕਾਇਆਂ ਨੂੰ ਲੈ ਕੇ 7456 ਖਪਤਕਾਰ ਤਾਂ ਅਦਾਲਤਾਂ ਵਿਚ ਕੇਸ ਝਗੜ ਰਹੇ ਹਨ ਜਦੋਂਕਿ 1862 ਖਪਤਕਾਰਾਂ ਨੇ ਝਗੜਾ ਨਿਪਟਾਊ ਕਮੇਟੀਆਂ ਵਿਚ ਕੇਸ ਲਾਏ ਹੋਏ ਹਨ। ਪੰਜਾਬ ਸਰਕਾਰ ਵੱਲੋਂ 31 ਦਸੰਬਰ 2021 ਤੱਕ ਪੁਰਾਣੇ ਬਕਾਏ ਮੁਆਫ਼ ਕੀਤੇ ਜਾਣ ਦੇ ਬਾਵਜੂਦ ਖਪਤਕਾਰਾਂ ਵੱਲ ਵੱਡੀ ਰਕਮ ਖੜ੍ਹੀ ਹੈ। ਬਹੁਤੇ ਖਪਤਕਾਰਾਂ ਨੂੰ ਝਾਕ ਰਹਿੰਦੀ ਹੈ ਕਿ ਉਨ੍ਹਾਂ ਦੇ ਬਕਾਏ ਚੋਣਾਂ ਮੌਕੇ ਮੁਆਫ਼ ਹੋ ਜਾਣਗੇ।



## ਗੁਰਦੁਆਰਾ ਪੈਲਾਟਾਈਨ ਵਿਖੇ ਕਰਵਾਏ ਜਾ ਰਹੇ ਸਮਾਗਮਾਂ ਦਾ ਵੇਰਵਾ

ਸ਼ਿਕਾਗੋ: ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਵਿਖੇ ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ 4 ਅਕਤੂਬਰ, ਦਿਨ ਸ਼ੁਕਰਵਾਰ ਅਤੇ 5 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸ਼ਾਮ 7:20 ਤੋਂ 8:20 ਤੱਕ ਅਤੇ 6 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11:30 ਤੋਂ 12:30 ਵਜੇ ਤੱਕ ਗੁਰਬਾਣੀ ਵਿਚਾਰ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਇਸ ਤੋਂ ਇਲਾਵਾ ਡਾ. ਉਂਕਾਰ ਸਿੰਘ ਬਰੈਂਪਟਨ ਵਾਲੇ 18 ਅਕਤੂਬਰ ਦਿਨ ਸ਼ੁਕਰਵਾਰ ਅਤੇ 19 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸ਼ਾਮ 7:20 ਤੋਂ 8:20 ਤੱਕ ਅਤੇ 20 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11:30 ਤੋਂ 12:30 ਵਜੇ ਤੱਕ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਪੈਲਾਟਾਈਨ ਗੁਰਦੁਆਰਾ ਸਾਹਿਬ ਵਲੋਂ ਹਰ ਸਾਲ ਵਾਂਗ ਐਤਕੀਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ 12 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸਜਾਏ ਜਾਣਗੇ। ਨਗਰ ਕੀਰਤਨ ਸਵੇਰੇ 9 ਵਜੇ ਸ਼ੁਰੂ ਹੋਵੇਗਾ। ਸੰਗਤ ਨੂੰ ਹੁਮਹੁਮਾ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।
















# ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ 'ਚ ਹੋਵੇਗੀ ਰੈੱਡ ਐਂਟਰੀ

**ਪਟਿਆਲਾ:** ਖੇਤਾਂ ਵਿਚ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਲਾਲ ਐਂਟਰੀਆਂ (ਰੈੱਡ ਐਂਟਰੀਜ਼) ਦਰਜ ਕੀਤੀਆਂ ਜਾਣਗੀਆਂ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਹਥਿਆਰਾਂ ਦੇ ਨਵੇਂ ਲਾਇਸੰਸ ਨਹੀਂ ਬਣਾਏ ਜਾਣਗੇ ਤੇ ਨਾ ਹੀ ਪੁਰਾਣੇ ਨਵਿਆਏ ਜਾਣਗੇ।

ਹਥਿਆਰਾਂ ਦੇ ਲਾਇਸੈਂਸਾਂ ਨੂੰ ਪਿੰਡਾਂ ਵਿਚ ਵੱਕਾਰ ਦਾ ਸਵਾਲ ਮੰਨਿਆ ਜਾਂਦਾ ਹੈ। ਆਗਾਮੀ ਪੰਚਾਇਤੀ ਚੋਣਾਂ ਤੋਂ ਪਹਿਲਾਂ ਲਏ ਗਏ ਇਸ ਫੈਸਲੇ ਨਾਲ ਇਕ ਸਿਆਸੀ ਵਿਵਾਦ ਖੜ੍ਹਾ ਹੋ ਸਕਦਾ ਹੈ ਕਿਉਂਕਿ ਕਿਸਾਨ ਯੂਨੀਅਨਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਖ਼ਿਲਾਫ਼ ਸੂਬਾ ਸਰਕਾਰ ਵੱਲੋਂ ਕੀਤੀ ਜਾਂਦੀ ਕਾਰਵਾਈ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਝੋਨੇ ਦੀ ਵਾਢੀ ਦੇ ਸੀਜ਼ਨ ਵਿਚ ਪੰਜਾਬ 'ਚ ਇਕ ਹਫ਼ਤੇ ਵਿਚ ਪਰਾਲੀ ਸਾੜਨ ਦੇ ਪੰਜ ਦਰਜਨ ਤੋਂ ਵੱਧ ਮਾਮਲੇ ਸਾਹਮਣੇ ਆਉਣ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ



ਰਿਕਾਰਡ ਵਿਚ 'ਰੈੱਡ ਐਂਟਰੀ' ਦਰਜ ਕੀਤੀ ਜਾਵੇਗੀ। ਸਿਰਫ਼ ਇਹੀ ਨਹੀਂ, ਬਲਕਿ ਉਹ ਕਿਸਾਨ ਜਿਨ੍ਹਾਂ ਦੇ ਜ਼ਮੀਨੀ ਰਿਕਾਰਡ ਵਿਚ 'ਰੈੱਡ ਐਂਟਰੀ' ਦਰਜ ਹੋਵੇਗੀ, ਉਹ ਨਾ ਤਾਂ ਹਥਿਆਰਾਂ ਦੇ ਨਵੇਂ ਲਾਇਸੈਂਸ ਲਈ ਅਰਜ਼ੀ ਦੇ ਸਕਣਗੇ ਅਤੇ ਨਾ ਹੀ ਉਨ੍ਹਾਂ ਦੇ ਪੁਰਾਣੇ ਲਾਇਸੈਂਸ ਨਵਿਆਏ ਜਾਣਗੇ।

ਸੂਤਰਾਂ ਮੁਤਾਬਕ ਅਗਲੇ ਕੁਝ ਦਿਨਾਂ ਵਿਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਰਸਮੀ ਹੁਕਮ ਜਾਰੀ ਕੀਤੇ ਜਾਣਗੇ। ਹਾਲਾਂਕਿ ਕੁਝ ਜ਼ਿਲ੍ਹਿਆਂ ਵਿਚ ਇਹ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਪੰਜਾਬ ਵਿਚ ਪਰਾਲੀ ਸਾੜਨ ਦੇ 11 ਮਾਮਲੇ ਸਾਹਮਣੇ ਆਏ ਜੋ ਕਿ 15 ਸਤੰਬਰ ਤੋਂ ਸ਼ੁਰੂ ਹੋਏ। ਇਸ ਸੀਜ਼ਨ ਦੇ ਇਕ ਦਿਨ ਵਿਚ ਸਾਹਮਣੇ ਆਉਣ ਵਾਲੇ ਇਹ ਸਭ ਤੋਂ ਵੱਧ ਮਾਮਲੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਛੇ ਮਾਮਲੇ ਅੰਮ੍ਰਿਤਸਰ, ਚਾਰ ਮਾਮਲੇ ਗੁਰਦਾਸਪੁਰ ਅਤੇ ਇਕ ਮਾਮਲਾ ਪਟਿਆਲਾ 'ਚ ਸਾਹਮਣੇ ਆਇਆ ਹੈ। ਉਪਗ੍ਰਹਿ ਦੀਆਂ ਤਸਵੀਰਾਂ ਤੋਂ ਸੂਬੇ ਵਿਚ ਪਰਾਲੀ ਸਾੜਨ ਦੇ 11 ਮਾਮਲੇ ਸਾਹਮਣੇ ਆਏ ਹਨ ਜਦਕਿ 2022 ਵਿਚ ਅੱਜ ਹੀ ਦੇ ਦਿਨ ਅਜਿਹੇ ਮਾਮਲਿਆਂ ਦੀ ਗਿਣਤੀ 30 ਸੀ ਅਤੇ 2023 ਵਿਚ ਅੱਜ ਦੇ ਦਿਨ ਪਰਾਲੀ ਸਾੜਨ ਦਾ ਇਕ ਵੀ ਮਾਮਲਾ ਸਾਹਮਣੇ ਨਹੀਂ ਆਇਆ ਸੀ।

ਦੂਜੇ ਪਾਸੇ ਕਿਸਾਨ ਯੂਨੀਅਨਾਂ ਮੰਗ ਕਰ ਰਹੀਆਂ ਹਨ ਕਿ ਉਨ੍ਹਾਂ ਨੂੰ ਪਰਾਲੀ ਦੇ ਨਿਬੇੜੇ ਲਈ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਕਿਸਾਨ ਯੂਨੀਅਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਦੇ ਨਿਬੇੜੇ ਲਈ ਕੋਈ ਸਹਿਯੋਗ ਨਾ ਕੀਤੇ ਜਾਣ ਕਾਰਨ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹਨ।

### ਹਥਿਆਰਾਂ ਦੇ ਨਵੇਂ ਲਾਇਸੈਂਸ ਵੀ ਨਹੀਂ ਮਿਲਣਗੇ

**ਪਟਿਆਲਾ:** ਪਟਿਆਲਾ ਦੇ ਏ.ਡੀ.ਸੀ-ਕਮ-ਵਧੀਕ ਜ਼ਿਲ੍ਹਾ ਮੈਜਿਸਟਰੇਟ ਕੰਚਨ ਨੇ ਹੁਕਮ ਜਾਰੀ ਕੀਤਾ ਹੈ ਕਿ ਹਥਿਆਰਾਂ ਦੇ ਨਵੇਂ ਲਾਇਸੈਂਸ ਲਈ ਅਰਜ਼ੀ ਦੇਣ ਵਾਲੇ ਜਾਂ ਮੌਜੂਦਾ ਲਾਇਸੈਂਸ ਨਵਿਆਉਣ ਬਾਰੇ ਅਰਜ਼ੀ ਦੇਣ ਵਾਲਿਆਂ ਦੇ ਜ਼ਮੀਨੀ ਰਿਕਾਰਡ ਚੈੱਕ ਕਰਨ ਤੋਂ ਬਾਅਦ ਹੀ ਉਨ੍ਹਾਂ ਦੀ ਅਰਜ਼ੀ ਮਨਜ਼ੂਰ ਕੀਤੀ ਜਾਵੇਗੀ। ਹਥਿਆਰਾਂ ਦੇ ਲਾਇਸੈਂਸ ਲਈ ਕਿਸੇ ਵੀ ਬਿਨੈਕਾਰ ਦੇ ਜ਼ਮੀਨੀ ਰਿਕਾਰਡ 'ਚ 'ਰੈੱਡ ਐਂਟਰੀ' ਮਾਲ ਵਿਭਾਗ ਤੋਂ ਚੈੱਕ ਕੀਤੀ ਜਾਵੇਗੀ।

## ਹਥਿਆਰਾਂ ਦੀ ਤਸਕਰੀ ਕਰਨ ਵਾਲੇ ਅੰਤਰਰਾਜੀ ਗਰੋਹ ਦਾ ਪਰਦਾਫ਼ਾਸ਼



**ਜਲੰਧਰ:** ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਕਮਿਸ਼ਨਰੇਟ ਪੁਲਿਸ ਨੇ ਦੋ ਹਫ਼ਤਿਆਂ ਤੱਕ ਚੱਲੇ ਇਕ ਵੱਡੇ ਅਪਰੇਸ਼ਨ ਦੌਰਾਨ ਹਥਿਆਰਾਂ ਦੀ ਤਸਕਰੀ ਵਿਚ ਸ਼ਾਮਲ ਇਕ ਅੰਤਰਰਾਜੀ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋ ਹਫ਼ਤਿਆਂ ਤੱਕ ਚੱਲੇ ਇਸ ਅਪਰੇਸ਼ਨ ਦੌਰਾਨ ਘਿਨਾਉਣੇ ਅਪਰਾਧਾਂ ਵਿਚ ਸ਼ਾਮਲ 17 ਖ਼ਤਰਨਾਕ ਅਪਰਾਧੀਆਂ ਨੂੰ ਕਾਬੂ ਕੀਤਾ ਗਿਆ ਹੈ। ਇਨ੍ਹਾਂ ਵਿਚ ਖ਼ਤਰਨਾਕ ਅਪਰਾਧੀ ਕਨੂੰ ਗੁੱਜਰ, ਇਕ ਗੈਂਗਸਟਰ ਅਤੇ ਜੱਗੂ ਭਗਵਾਨਪੁਰੀਆ ਦਾ ਕਰੀਬੀ ਸਾਥੀ ਅਤੇ ਹੋਰ ਸ਼ਾਮਲ ਹਨ।

# ਪੰਜਾਬ ਵਿਚ ਐਤਕੀਂ ਔਸਤ ਨਾਲੋਂ 27 ਫੀਸਦੀ ਘੱਟ ਮੀਂਹ ਪਏ

**ਚੰਡੀਗੜ੍ਹ:** ਪੰਜਾਬ ਵਿਚ ਮੌਨਸੂਨ ਆਪਣੇ ਆਖ਼ਰੀ ਪੜਾਅ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ, ਪਰ ਐਤਕੀਂ ਦੇਸ਼ ਭਰ ਵਿਚ ਮੌਨਸੂਨ ਆਮ ਨਾਲੋਂ ਘੱਟ ਵਰ੍ਹਿਆ। ਇਸੇ ਤਰ੍ਹਾਂ ਪੰਜਾਬ ਵਿਚ ਵੀ ਮੌਨਸੂਨ ਦੌਰਾਨ ਔਸਤ ਨਾਲੋਂ 27 ਫ਼ੀਸਦ ਘੱਟ ਮੀਂਹ ਪਏ ਜਦਕਿ ਸਤੰਬਰ ਮਹੀਨੇ ਦੌਰਾਨ ਪੰਜਾਬ ਵਿਚ ਆਮ ਨਾਲੋਂ 39 ਫ਼ੀਸਦ ਘੱਟ ਮੀਂਹ ਪਿਆ ਹੈ।

ਮੌਨਸੂਨ ਦਾ ਦੇਰੀ ਨਾਲ ਆਉਣਾ ਤੇ ਘੱਟ ਮੀਂਹ ਪੈਣਾ ਵੀ ਮੌਸਮ ਵਿਗਿਆਨੀਆਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਘੱਟ ਮੀਂਹ ਪੈ ਰਹੇ ਹਨ ਜੋ ਵਾਤਾਵਰਨ ਤੇ ਖੇਤੀਬਾੜੀ ਲਈ ਘਾਤਕ ਹੈ। ਪੰਜਾਬ ਵਿਚ ਘੱਟ ਮੀਂਹ ਪੈਣ ਕਰਕੇ ਕਿਸਾਨਾਂ ਨੂੰ ਕੁਦਰਤੀ ਪਾਣੀ ਦੀ ਥਾਂ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਕਰਨਾ ਪਿਆ ਹੈ। ਦੂਜੇ ਪਾਸੇ ਮੌਨਸਨ ਦੇ ਮੱਠਾ ਰਹਿਣ ਕਰਕੇ ਇਸ ਵਾਰ ਗਰਮੀ ਵੀ ਸਿਖ਼ਰ 'ਤੇ ਪਹੁੰਚ ਗਈ ਸੀ ਜਿਸ ਕਾਰਨ ਬਿਜਲੀ ਦੀ ਮੰਗ ਵੀ ਇਸ ਵਾਰ ਰਿਕਾਰਡ 16 ਹਜ਼ਾਰ ਮੈਗਾਵਾਟ ਤੋਂ ਵੱਧ



ਪਹੁੰਚ ਗਈ ਸੀ।

ਮੌਸਮ ਵਿਭਾਗ ਅਨੁਸਾਰ ਪੰਜਾਬ ਵਿਚ 1 ਸਤੰਬਰ ਤੋਂ 22 ਸਤੰਬਰ ਤੱਕ 35.7 ਐਮ.ਐਮ. ਮੀਂਹ ਪਿਆ ਹੈ ਜਦਕਿ ਆਮ ਤੌਰ 'ਤੇ ਇਸ ਸਮੇਂ ਦੌਰਾਨ 58.8 ਐਮ.ਐਮ. ਮੀਂਹ ਪੈਂਦਾ ਹੈ। ਇਸ ਤਰ੍ਹਾਂ ਸਤੰਬਰ 2024 ਵਿਚ ਆਮ ਨਾਲੋਂ 39 ਫ਼ੀਸਦ ਘੱਟ ਮੀਂਹ ਪਿਆ ਹੈ। ਮੌਸਮ ਵਿਗਿਆਨੀਆਂ ਅਨੁਸਾਰ ਪੰਜਾਬ ਦੇ ਕਪੂਰਥਲਾ ਸ਼ਹਿਰ ਵਿਚ ਸਤੰਬਰ ਮਹੀਨੇ ਸਭ ਤੋਂ ਘੱਟ ਮੀਂਹ ਪਿਆ ਹੈ ਜਿੱਥੇ ਸਿਰਫ਼ 5.3 ਐਮ.ਐਮ. ਮੀਂਹ ਪਿਆ ਜੋ ਔਸਤ ਨਾਲੋਂ 93 ਫ਼ੀਸਦ ਘੱਟ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ 88 ਫ਼ੀਸਦ ਘੱਟ 9 ਐਮ.ਐਮ. ਮੀਂਹ ਪਿਆ, ਅੰਮ੍ਰਿਤਸਰ ਵਿਚ 78 ਫ਼ੀਸਦੀ 12.3 ਐਮ.ਐਮ, ਬਰਨਾਲਾ ਵਿਚ 77 ਫ਼ੀਸਦ ਘੱਟ 11 ਐਮ.ਐਮ, ਮਾਨਸਾ ਵਿਚ 73 ਫ਼ੀਸਦ ਘੱਟ 9.2 ਐਮ.ਐਮ, ਮੋਗਾ ਵਿਚ 63 ਫ਼ੀਸਦ ਘੱਟ 16.2 ਐਮ.ਐਮ, ਬਠਿੰਡਾ ਵਿਚ 61 ਫ਼ੀਸਦ ਘੱਟ 14.7 ਐਮ.ਐਮ. ਮੀਂਹ ਪਿਆ ਹੈ। ਇਸੇ ਤਰ੍ਹਾਂ ਗੁਰਦਾਸਪੁਰ 'ਚ 26.5 ਤੇ ਸੰਗਰੂਰ ਵਿਚ 25.8 ਐਮ.ਐਮ. ਮੀਂਹ ਪਿਆ ਹੈ। ਇਹ ਆਮ ਨਾਲੋਂ 56 ਫ਼ੀਸਦ ਘੱਟ ਹੈ। ਜਲੰਧਰ ਵਿਚ 55 ਫ਼ੀਸਦ ਘੱਟ 33.1 ਐਮ.ਐਮ, ਨਵਾਂ ਸ਼ਹਿਰ ਵਿਚ 35 ਫ਼ੀਸਦ ਘੱਟ 64.9 ਐਮ.ਐਮ, ਫਾਜ਼ਿਲਕਾ ਵਿਚ 25 ਫ਼ੀਸਦ ਘੱਟ 24.2 ਐਮ.ਐਮ, ਲੁਧਿਆਣਾ ਵਿਚ ਫ਼ੀਸਦ ਘੱਟ 50.6 ਐਮ.ਐਮ, ਪਠਾਨਕੋਟ ਵਿਚ 22 ਫ਼ੀਸਦ ਘੱਟ 70 ਐਮ.ਐਮ, ਰੂਪਨਗਰ ਵਿਚ 11 ਫ਼ੀਸਦ ਘੱਟ 98.2 ਐਮ.ਐਮ, ਮੁਹਾਲੀ ਵਿਚ 8 ਫ਼ੀਸਦ ਘੱਟ 88.1 ਐਮ.ਐਮ. ਮੀਂਹ ਪਿਆ ਹੈ। ਮੌਸਮ ਵਿਭਾਗ ਅਨੁਸਾਰ ਫਰੀਦਕੋਟ, ਫਤਿਹਗੜ੍ਹ ਸਾਹਿਬ, ਮੁਕਤਸਰ ਅਤੇ ਤਰਨਤਾਰਨ ਵਿਚ ਆਮ ਨਾਲੋਂ ਵੱਧ ਮੀਂਹ ਪਿਆ ਹੈ। ਜਦੋਂ ਕਿ ਪਟਿਆਲਾ ਸ਼ਹਿਰ ਵਿਚ ਆਮ ਦੇ ਬਰਾਬਰ 82.8 ਐਮ.ਐਮ. ਮੀਂਹ ਪਿਆ ਹੈ।

# ਕੈਨੇਡਾ ਜਾਣ ਦਾ ਖਰਚਾ ਕਰਵਾ ਕੇ ਵੀਜ਼ੇ ਦੀ ਥਾਂ ਤਲਾਕ ਦੇ ਕਾਗਜ਼ ਭੇਜੇ

**ਰਾਏਕੋਟ:** ਬੱਸੀਆਂ ਵਾਸੀ ਜਸਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਪੁਲਿਸ ਕੋਲ ਆਪਣੀ ਕੈਨੇਡਾ ਗਈ ਪਤਨੀ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਜਸਵੀਰ ਦੀ ਸ਼ਿਕਾਇਤ ਮਗਰੋਂ ਐਸ.ਐਸ.ਪੀ. ਨਵਨੀਤ ਸਿੰਘ ਬੈਂਸ ਦੇ ਹੁਕਮਾਂ 'ਤੇ ਥਾਣਾ ਰਾਏਕੋਟ (ਸ਼ਹਿਰੀ) ਪੁਲਿਸ ਨੇ ਜਸਵੀਰ ਸਿੰਘ ਦੀ ਪਤਨੀ ਲਵਲੀਨ ਕੌਰ, ਸਹੁਰਾ ਰਵਿੰਦਰ ਸਿੰਘ ਅਤੇ ਸੱਸ ਗੁਰਮੀਤ ਕੌਰ ਵਾਸੀ ਕੋਠਿਆਂ ਮੁਹੱਲਾ ਰਾਏਕੋਟ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਥਾਣਾ ਮੁਖੀ ਦਵਿੰਦਰ ਸਿੰਘ ਅਨੁਸਾਰ ਜਸਵੀਰ ਸਿੰਘ ਦੀ ਸ਼ਿਕਾਇਤ ਦੀ ਜਾਂਚ ਜ਼ਿਲ੍ਹਾ



ਪੁਲਿਸ ਮੁਖੀ ਨਵਨੀਤ ਸਿੰਘ ਬੈਂਸ ਵੱਲੋਂ ਉਪ ਪੁਲਿਸ ਕਪਤਾਨ (ਜਾਂਚ) ਲੁਧਿਆਣਾ (ਦਿਹਾਤੀ) ਸੰਦੀਪ ਵਡੇਰਾ ਨੂੰ ਸੌਂਪੀ ਗਈ ਸੀ ਅਤੇ ਮੁੱਢਲੀ ਜਾਂਚ ਦੌਰਾਨ ਦੋਸ਼ਾਂ ਦੀ ਪੁਸ਼ਟੀ ਬਾਅਦ ਕੇਸ ਦਰਜ ਕਰਨ ਦੇ ਹੁਕਮ ਪ੍ਰਾਪਤ ਹੋਏ ਹਨ। ਜਸਵੀਰ ਸਿੰਘ ਨੇ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ ਪਹਿਲਾਂ 10 ਲੱਖ ਅਤੇ ਬਾਅਦ ਵਿਚ 3 ਲੱਖ ਰੁਪਏ ਮੰਗਵਾਉਣ ਮਗਰੋਂ ਉਸ ਦੀ ਪਤਨੀ ਲਵਲੀਨ ਕੌਰ ਨੇ ਉਸ ਦੀ ਵੀਜ਼ਾ ਅਰਜ਼ੀ ਕੈਨੇਡੀਅਨ ਹਾਈ ਕਮਿਸ਼ਨ ਕੋਲ ਲਾਈ ਸੀ। ਪਰ ਉਸ ਦੇ ਪਰਿਵਾਰ ਨੂੰ ਸੂਚਿਤ ਕੀਤੇ ਬਿਨਾ ਹੀ ਲਵਲੀਨ ਨੇ ਅਰਜ਼ੀ ਵਾਪਸ ਲੈ ਲਈ, ਜਦੋਂ ਇਸ ਬਾਰੇ ਲਵਲੀਨ ਦੀ ਮਾਂ ਗੁਰਮੀਤ ਕੌਰ ਅਤੇ ਪਿਤਾ ਰਵਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਹੋਰ ਪੈਸੇ ਅਦਾ ਨਾ ਕਰਨ ਜਾਂ ਰਿਸ਼ਤਾ ਤੋੜ ਦੇਣ ਦੀ ਗੱਲ ਆਖੀ। ਜਸਵੀਰ ਸਿੰਘ ਨੇ ਦੱਸਿਆ ਕਿ ਉਹ ਪੈਸੇ ਦੇਣ ਮਗਰੋਂ ਵੀਜ਼ੇ ਦੀ ਉਡੀਕ ਕਰ ਰਿਹਾ ਸੀ, ਪਰ 26 ਜੁਲਾਈ ਨੂੰ ਈਮੇਲ ਰਾਹੀਂ ਉਸ ਦੀ ਪਤਨੀ ਨੇ ਤਲਾਕ ਦੇ ਕਾਗਜ਼ ਭੇਜ ਦਿੱਤੇ। ਜਾਂਚ ਅਫ਼ਸਰ ਸੁਰਜੀਤ ਸਿੰਘ ਅਨੁਸਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਆਰੰਭੀ ਗਈ ਹੈ।

## ਸ਼ਾਇਰ ਗੁਰਦੀਪ ਸਿੰਘ ਪਰਵਾਨਾ ਦਾ ਦੇਹਾਂਤ

**ਅੰਮ੍ਰਿਤਸਰ:** ਪੰਜਾਬੀ ਦੇ ਨਾਮਵਰ ਸ਼ਾਇਰ ਅਤੇ ਕਵੀਸ਼ਰ ਗੁਰਦੀਪ ਸਿੰਘ ਪਰਵਾਨਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਸਿਹਤ ਪਿਛਲੇ ਕੁਝ ਸਮੇਂ ਤੋਂ ਨਾਸਾਜ਼ ਸੀ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਅਣਵੰਡੇ ਪੰਜਾਬ ਦੇ ਲਾਹੌਰ ਜ਼ਿਲ੍ਹੇ ਵਿਚ 1942 ਨੂੰ ਜਨਮੇ ਗੁਰਦੀਪ ਸਿੰਘ ਪਰਵਾਨਾ ਪੰਜਾਬੀ ਸ਼ਾਇਰੀ ਦੇ ਨਾਲ-ਨਾਲ ਉੱਚ ਕੋਟੀ ਦੇ ਕਵੀਸ਼ਰ ਵੀ ਸਨ। ਉਨ੍ਹਾਂ ਜ਼ਿਕਰਯੋਗ ਸਾਹਿਤਕ ਅਤੇ ਇਤਿਹਾਸਕ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਨ੍ਹਾਂ ਦੇ ਬੇਵਕਤੀ ਤੁਰ ਜਾਣ 'ਤੇ ਸਿੱਖ ਚਿੰਤਕ ਅਤੇ ਲੇਖਕ ਦਿਲਜੀਤ ਸਿੰਘ ਬੇਦੀ, ਹਰਜੀਤ ਸਿੰਘ ਸੰਧੂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਆਯੂਸ਼ਮਾਨ: ਪ੍ਰਾਈਵੇਟ ਹਸਪਤਾਲਾਂ ਦੇ ਬਕਾਏ ਰੋਕਣ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰੀ ਅਤੇ ਭਾਜਪਾ ਮੁਖੀ ਜੇਪੀ ਨੱਡਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ ਦੇ ਨਿੱਜੀ ਹਸਪਤਾਲਾਂ ਦੇ ਬਕਾਏ ਚੁਕਾਉਣ ਲਈ ਕਿਹਾ ਤਾਂ ਜੋ ਆਯੂਸ਼ਮਾਨ ਭਾਰਤ ਯੋਜਨਾ ਦੇ ਲਾਭਪਾਤਰੀਆਂ ਨੂੰ ਉੱਥੇ ਮੁਫ਼ਤ ਸਹੂਲਤਾਂ ਮਿਲ ਸਕੇ। ਉਨ੍ਹਾਂ ਮੁੱਖ ਮੰਤਰੀ ਨੂੰ ਪੰਜਾਬ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਲਈ ਕਿਹਾ। ਸੂਬੇ ਦੇ ਨਿੱਜੀ ਹਸਪਤਾਲਾਂ ਨੇ ਸੂਬਾ ਸਰਕਾਰ ਵੱਲ ਵਧਦੇ ਬਕਾਇਆਂ ਕਾਰਨ ਆਯੂਸ਼ਮਾਨ ਭਾਰਤ ਕਾਰਡ ਧਾਰਕਾਂ ਨੂੰ ਨਕਦੀ ਰਹਿਤ ਇਲਾਜ ਦੇਣਾ ਬੰਦ ਕਰ ਦਿੱਤਾ ਹੈ।

ਕੇਂਦਰੀ ਸਿਹਤ ਮੰਤਰੀ ਨੱਡਾ ਨੇ ਭਗਵੰਤ ਮਾਨ 'ਤੇ ਤਨਜ਼ ਕਰਦਿਆਂ ਕਿਹਾ ਕਿ ਚੰਗਾ ਹੋਵੇ ਜੇ ਪੰਜਾਬ ਦੇ ਮੁੱਖ ਮੰਤਰੀ ਆਮ ਆਦਮੀ ਪਾਰਟੀ ਦੀ ਦਿੱਲੀ ਇਕਾਈ ਨੂੰ ਖ਼ੁਸ਼ ਕਰਨ ਦੀ ਥਾਂ ਆਪਣੇ ਸੂਬੇ ਦੇ ਮਸਲਿਆਂ ਵੱਲ ਧਿਆਨ ਦੇਣ। ਉਨ੍ਹਾਂ




ਐਕਸ 'ਤੇ ਕਿਹਾ, 'ਮੈਂ ਭਗਵੰਤ ਮਾਨ ਨੂੰ ਅਪੀਲ ਕਰਦਾ ਹਾਂ ਕਿ ਉਹ ਹਸਪਤਾਲਾਂ ਦੇ ਬਕਾਏ ਜਲਦੀ ਤੋਂ ਜਲਦੀ ਚੁਕਾਉਣ ਕਿਉਂਕਿ ਅਜਿਹੇ ਕਈ ਪਰਿਵਾਰ ਹਨ ਖ਼ਾਸ ਕਰਕੇ ਸਾਡੇ ਮਿਹਨਤੀ ਕਿਸਾਨ, ਜੋ ਆਯੂਸ਼ਮਾਨ ਭਾਰਤ ਪ੍ਰੋਗਰਾਮ ਤਹਿਤ ਲਾਭ ਲੈ ਰਹੇ ਹਨ।'

ਉਨ੍ਹਾਂ ਕਿਹਾ, 'ਦਿੱਲੀ 'ਚ ਪਾਰਟੀ ਦੀ ਇਕਾਈ ਨੂੰ ਖ਼ੁਸ਼ ਕਰਨ ਦੀ ਥਾਂ ਚੰਗਾ ਹੋਵੇ ਜੇ ਭਗਵੰਤ ਮਾਨ ਪੰਜਾਬ 'ਚ ਵਿਗੜਦੀ ਸਥਿਤੀ ਵੱਲ ਧਿਆਨ ਦੇਣ।' ਉਨ੍ਹਾਂ ਸਵਾਲ ਕੀਤਾ ਕਿ ਭਗਵੰਤ ਮਾਨ ਸਰਕਾਰ ਨੇ ਨਿੱਜੀ ਹਸਪਤਾਲਾਂ ਨੂੰ ਬਕਾਏ ਕਿਉਂ ਨਹੀਂ ਦਿੱਤੇ? ਚੋਣਾਂ ਤੋਂ ਪਹਿਲਾਂ ਉਨ੍ਹਾਂ ਵਧੇਰੇ ਕਲੀਨਿਕਾਂ ਤੇ ਸਿਹਤ ਕੇਂਦਰਾਂ ਦਾ ਵਾਅਦਾ ਕੀਤਾ ਸੀ ਪਰ ਅੱਜ ਉਨ੍ਹਾਂ ਦੀ ਸਰਕਾਰ ਗਰੀਬਾਂ ਲਈ ਕੰਮ ਨਹੀਂ ਕਰ ਰਹੀ।

ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਅਕਤੂਬਰ 'ਚ ਆਨਲਾਈਨ ਵੈਕਸੀਨ ਪ੍ਰਬੰਧਨ ਪੋਰਟਲ ਯੂ-ਵਿਨ ਲਾਂਚ ਕਰਨਗੇ।

### ਆਯੂਸ਼ਮਾਨ ਤਹਿਤ ਭੁਗਤਾਨ ਕਰਨ 'ਚ ਸਰਕਾਰ ਫੇਲ੍ਹ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਦੇ ਸੂਬੇ ਵਿਚ ਆਯੂਸ਼ਮਾਨ ਭਾਰਤ ਸਕੀਮ ਦੇ ਲਾਭਪਾਤਰੀਆਂ ਪ੍ਰਤੀ ਬੇਰੁਖ਼ੀ ਵਾਲਾ ਵਤੀਰਾ ਧਾਰਨ ਦੀ ਆਲੋਚਨਾ ਕੀਤੀ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ 'ਤੇ ਇਸ ਸਕੀਮ ਤਹਿਤ ਵੱਖ-ਵੱਖ ਇਲਾਜਾਂ ਲਈ 600 ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਖੜ੍ਹਾ ਹੈ। ਯੋਜਨਾ ਅਨੁਸਾਰ ਹਰੇਕ ਕੇਸ ਲਈ ਭੁਗਤਾਨ ਮਰੀਜ਼ ਨੂੰ ਛੁੱਟੀ ਦੇਣ ਦੇ 15 ਦਿਨਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਸਰਕਾਰ ਮਹੀਨਿਆਂ ਬਾਅਦ ਵੀ ਬਕਾਏ ਦਾ ਭੁਗਤਾਨ ਕਰਨ ਵਿਚ ਅਸਫਲ ਰਹੀ ਹੈ।

# ਪੰਜਾਬ ਵਿਚ ਆਖਰਕਾਰ ਪੰਚਾਇਤੀ ਚੋਣਾਂ ਦਾ ਬਿਗਲ ਵੱਜਿਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਚਾਇਤੀ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਪੰਜਾਬ 'ਚ ਪੰਚਾਇਤੀ ਚੋਣਾਂ ਹੁਣ 20 ਅਕਤੂਬਰ ਤੋਂ ਪਹਿਲਾਂ ਕਰਾਈਆਂ ਜਾਣਗੀਆਂ। ਪੰਚਾਇਤ ਵਿਭਾਗ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਰਾਜ ਚੋਣ ਕਮਿਸ਼ਨ ਕੋਲ ਭੇਜੇਗਾ ਅਤੇ ਚੋਣ ਕਮਿਸ਼ਨ ਇਸੇ ਅਧਾਰ 'ਤੇ ਪੰਚਾਇਤ ਚੋਣਾਂ ਦਾ ਸ਼ਡਿਊਲ ਜਾਰੀ ਕਰੇਗਾ। ਪੰਚਾਇਤ ਚੋਣਾਂ 13 ਅਕਤੂਬਰ ਨੂੰ ਹੋ ਸਕਦੀਆਂ ਹਨ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪਿਛਲੇ ਦਿਨੀਂ ਪੰਚਾਇਤੀ ਚੋਣਾਂ ਸਬੰਧੀ ਫਾਈਲ ਮੁੱਖ ਮੰਤਰੀ ਦਫ਼ਤਰ ਭੇਜੀ ਸੀ, ਜਿਸ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰੀ ਝੰਡੀ ਦਿੱਤੇ ਜਾਣ ਦਾ ਪਤਾ ਲੱਗਿਆ ਹੈ। ਪੰਜਾਬ ਦੇ ਰਾਜਪਾਲ ਵੱਲੋਂ ਪੰਜਾਬ ਪੰਚਾਇਤੀ ਰਾਜ ਐਕਟ 1994 ਵਿਚ ਸਰਪੰਚਾਂ ਦੇ ਰਾਖਵੇਂਕਰਨ ਲਈ ਕੀਤੀਆਂ ਸੋਧਾਂ ਨੂੰ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਦੇ ਕਾਨੂੰਨੀ ਅਤੇ ਵਿਧਾਨਿਕ ਮਾਮਲਿਆਂ ਬਾਰੇ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ 16 ਸਤੰਬਰ ਨੂੰ ਇਸ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ। ਹੁਣ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਤੋਂ ਸਾਫ਼ ਹੋ ਗਿਆ ਹੈ ਕਿ 20 ਅਕਤੂਬਰ ਤੋਂ ਪਹਿਲਾਂ ਪੰਚਾਇਤੀ ਚੋਣਾਂ ਹੋਣਗੀਆਂ।

ਡਿਪਟੀ ਕਮਿਸ਼ਨਰਾਂ ਨੇ ਸਰਪੰਚਾਂ ਦੇ ਅਹੁਦੇ ਦੇ ਰਾਖਵੇਂਕਰਨ ਕੀਤੇ ਜਾਣ ਦੀ ਕਾਰਵਾਈ ਵਿੱਢ ਦਿੱਤੀ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਆਪੋ ਆਪਣੇ ਜ਼ਿਲ੍ਹੇ ਵਿਚ ਪੈਂਦੀਆਂ ਗਰਾਮ ਪੰਚਾਇਤਾਂ ਵਿਚ ਐੱਸਸੀ ਆਬਾਦੀ ਦਾ ਅੰਕੜਾ ਘੋਖਿਆ ਜਾਣ ਲੱਗਾ ਹੈ ਅਤੇ ਬਲਾਕ ਨੂੰ ਇਕਾਈ ਮੰਨ ਕੇ ਸਰਪੰਚਾਂ ਦੇ ਅਹੁਦੇ ਦੇ ਰਾਖਵੇਂਕਰਨ ਦਾ ਰੋਸਟਰ ਤਿਆਰ ਕੀਤਾ ਜਾ ਰਿਹਾ ਹੈ। ਪਿੰਡਾਂ ਵਿਚ ਪਹਿਲਾਂ ਹੀ ਸਿਆਸੀ ਸਰਗਰਮੀ ਸ਼ੁਰੂ ਹੋ ਗਈ ਹੈ ਅਤੇ ਸਰਪੰਚੀ ਦੇ ਚਾਹਵਾਨਾਂ ਨੇ ਸਰਕਾਰੀ ਦਫ਼ਤਰਾਂ ਵਿਚ ਗੇੜੇ ਵਧਾ ਦਿੱਤੇ ਹਨ। ਇਸ ਦੇ ਨਾਲ ਚਾਹਵਾਨਾਂ ਨੇ ਰਾਖਵੇਂਕਰਨ ਆਦਿ ਨੂੰ ਲੈ ਕੇ ਜੋੜ-ਤੋੜ ਵੀ ਸ਼ੁਰੂ ਕਰ ਦਿੱਤੇ ਹਨ। ਸੂਬਾ ਸਰਕਾਰ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦੋ ਪੜਾਵਾਂ ਵਿਚ ਕਰਵਾ ਰਹੀ ਹੈ ਅਤੇ ਪਹਿਲੇ ਪੜਾਅ ਵਿਚ ਪਿੰਡਾਂ ਦੇ ਸਰਪੰਚ ਤੇ ਪੰਚਾਂ ਦੀ ਚੋਣ ਜਦੋਂ ਕਿ ਦੂਸਰੇ ਪੜਾਅ ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ ਹੋਣੀ ਹੈ। ਨਗਰ ਨਿਗਮਾਂ ਅਤੇ ਕੌਂਸਲਾਂ ਦੀ ਚੋਣ ਉਸ ਮਗਰੋਂ ਅਖੀਰ ਵਿਚ ਕਰਾਈ ਜਾਣੀ ਹੈ। ਅਕਤੂਬਰ ਮਹੀਨੇ ਵਿਚ ਹੀ ਕਿਸਾਨ ਤੇ ਮਜ਼ਦੂਰ ਭਾਈਚਾਰਾ ਝੋਨੇ ਦੇ ਸੀਜ਼ਨ ਵਿਚ ਰੁੱਝਿਆ ਹੋਵੇਗਾ ਪਰ ਸਰਕਾਰ ਪੰਚਾਇਤ ਚੋਣਾਂ ਹੁਣ ਪਿਛਾਂਹ ਨਹੀਂ ਪਾਉਣੀ ਚਾਹੁੰਦੀ ਹੈ। ਐਤਕੀਂ ਉਮੀਦਵਾਰ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕਣਗੇ ਅਤੇ ਇਸ ਬਾਰੇ ਪੰਚਾਇਤੀ ਰਾਜ ਰੂਲਜ਼ 1994 ਵਿਚ ਸੋਧ ਕੀਤੀ ਗਈ ਹੈ। ਪੰਜਾਬ ਵਿਚ ਪੰਚਾਇਤਾਂ ਫਰਵਰੀ 2024 ਵਿਚ ਭੰਗ ਹੋ ਚੁੱਕੀਆਂ ਹਨ ਅਤੇ ਹੁਣ ਪੰਚਾਇਤਾਂ ਦਾ ਕੰਮ ਪ੍ਰਬੰਧਕਾਂ ਹਵਾਲੇ ਹੈ। ਸੂਬੇ ਵਿਚ 23 ਜ਼ਿਲ੍ਹਾ ਪਰਿਸ਼ਦ, 150 ਪੰਚਾਇਤ ਸੰਮਤੀਆਂ ਅਤੇ 13241 ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਹਨ। 2018 ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਦੌਰਾਨ 1,00,312 ਵਿਅਕਤੀ ਚੁਣੇ ਗਏ ਸਨ। ਪੰਜਾਬ ਵਿਚ ਚਾਰ ਵਿਧਾਨ ਸਭਾ ਹਲਕਿਆਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਵਿਚ ਜ਼ਿਮਨੀ ਚੋਣ ਕਿਸੇ ਵੇਲੇ ਵੀ ਐਲਾਨੀ ਜਾ ਸਕਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਅਖ਼ਤਿਆਰੀ ਕੋਟੇ ਦੇ ਕਰੀਬ 50 ਕਰੋੜ ਦੇ ਫ਼ੰਡ ਸਾਰੇ ਹਲਕਿਆਂ ਨੂੰ ਜਾਰੀ ਕਰ ਦਿੱਤੇ ਹਨ।

## ਸਰਪੰਚੀ ਦੇ ਚਾਹਵਾਨ ਪੱਬਾਂ ਭਾਰ

**ਚੰਡੀਗੜ੍ਹ:** ਪੰਚਾਇਤੀ ਚੋਣਾਂ ਦੇ ਬਿਗਲ ਦੇ ਨਾਲ ਹੀ ਸਰਪੰਚੀ ਦੇ ਚਾਹਵਾਨ ਪੱਬਾਂ ਭਾਰ ਹੋ ਗਏ ਹਨ। ਪੰਜਾਬ ਦੇ ਹਰ ਜ਼ਿਲ੍ਹੇ ਵਿਚ ਮੁੱਢਲੇ ਪੜਾਅ 'ਤੇ ਸਰਪੰਚਾਂ ਦੇ ਰਾਖਵੇਂਕਰਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪਹਿਲਾਂ ਪੰਚਾਇਤਾਂ ਨੂੰ ਨੋਟੀਫਾਈ ਕੀਤਾ ਜਾਣਾ ਹੈ ਅਤੇ ਉਸ ਮਗਰੋਂ ਰਾਖਵੇਂਕਰਨ ਬਾਰੇ ਨੋਟੀਫਿਕੇਸ਼ਨ ਡਿਪਟੀ ਕਮਿਸ਼ਨਰਾਂ ਵੱਲੋਂ ਜਾਰੀ ਕੀਤਾ ਜਾਵੇਗਾ। ਪੰਚਾਇਤੀ ਚੋਣਾਂ ਦੀ ਸਮੁੱਚੀ ਪ੍ਰਕਿਰਿਆ 25 ਕੁ ਦਿਨਾਂ ਵਿਚ ਨੇਪਰੇ ਚਾੜ੍ਹੀ ਜਾਣੀ ਹੈ। ਪੰਜਾਬ ਸਰਕਾਰ ਪੰਚਾਇਤੀ ਚੋਣਾਂ ਐਨ ਝੋਨੇ ਦੇ ਖ਼ਰੀਦ ਸੀਜ਼ਨ ਵਿਚ ਕਰਵਾ ਰਹੀ ਹੈ ਅਤੇ ਅਧਿਕਾਰੀਆਂ ਨੇ ਖ਼ਰੀਦ ਪ੍ਰਬੰਧ ਵੀ ਦੇਖਣੇ ਹੁੰਦੇ ਹਨ। ਡਿਪਟੀ ਕਮਿਸ਼ਨਰਾਂ ਲਈ ਆਉਂਦੇ ਦਿਨ ਪ੍ਰੀਖਿਆ ਤੋਂ ਘੱਟ ਨਹੀਂ ਹੋਣਗੇ। ਸਰਕਾਰ ਦਾ ਤਰਕ ਹੈ ਕਿ ਝੋਨੇ ਦੀ ਮੰਡੀਆਂ ਵਿਚ ਆਮਦ ਦੂਸਰੇ ਹਫ਼ਤੇ ਤੋਂ ਬਾਅਦ ਹੀ ਤੇਜ਼ ਹੋਣੀ ਹੈ, ਜਿਸ ਕਰ ਕੇ ਉਸ ਤੋਂ ਪਹਿਲਾਂ ਹੀ ਪੰਚਾਇਤੀ ਚੋਣਾਂ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

## ਚੋਣ ਨਿਸ਼ਾਨਾਂ ਦੀ ਸੂਚੀ ਜਾਰੀ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਲਈ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਤਿਆਰੀਆਂ ਤੇਜ਼ੀ ਨਾਲ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੌਰਾਨ ਪੰਜਾਬ ਰਾਜ ਚੋਣ ਕਮਿਸ਼ਨ ਨੇ ਜ਼ਿਲ੍ਹਾ ਪਰਿਸ਼ਦਾਂ, ਬਲਾਕ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਲਈ ਉਮੀਦਵਾਰਾਂ ਨੂੰ ਜਾਰੀ ਕੀਤੇ ਜਾਣ ਵਾਲੇ ਚੋਣ ਨਿਸ਼ਾਨਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਚੋਣ ਕਮਿਸ਼ਨ ਨੇ ਸਰਪੰਚ ਦੀ ਚੋਣ ਲਈ 38 ਅਤੇ ਪੰਚ ਦੀ ਚੋਣ ਲਈ 70 ਚੋਣ ਨਿਸ਼ਾਨ ਜਾਰੀ ਕੀਤੇ ਗਏ ਹਨ। ਇਸ ਵਿਚੋਂ ਚੋਣ ਲੜਨ ਵਾਲਾ ਉਮੀਦਵਾਰ ਕੋਈ ਵੀ ਚੋਣ ਨਿਸ਼ਾਨ ਲੈ ਸਕਦਾ ਹੈ।

## ਪਿਓ ਵੱਲੋਂ ਨੌਜਵਾਨ ਪੁੱਤਰ ਦੀ ਗੋਲੀ ਮਾਰ ਕੇ ਹੱਤਿਆ



**ਸੰਗਰੂਰ:** ਸੁਨਾਮ ਨੇੜਲੇ ਕਸਬਾ ਚੀਮਾਂ ਮੰਡੀ ਵਿਖੇ ਘਰੇਲੂ ਤਕਰਾਰ ਦੌਰਾਨ ਇਕ ਪਿਤਾ ਵੱਲੋਂ ਆਪਣੇ ਹੀ ਪੁੱਤਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਥਾਣਾ ਚੀਮਾਂ ਵੱਲੋਂ ਪਿਤਾ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਥਾਣਾ ਚੀਮਾਂ ਦੇ ਐਸ.ਐਚ.ਓ. ਮਨਜੀਤ ਸਿੰਘ ਨੇ ਦੱਸਿਆ ਕਿ 18 ਸਾਲਾ ਨੌਜਵਾਨ ਅਮਨਦੀਪ ਸਿੰਘ ਆਪਣੇ ਪਿਤਾ ਗੋਪਾਲ ਸਿੰਘ ਨੂੰ ਗਲਤ ਕੰਮਾਂ ਤੋਂ ਰੋਕਦਾ ਸੀ ਅਤੇ ਗੋਪਾਲ ਸਿੰਘ ਦੀ ਪਤਨੀ ਵੀ ਆਪਣੇ ਪਤੀ ਨੂੰ ਗਲਤ ਕੰਮਾਂ ਤੋਂ ਵਰਜਦੀ ਸੀ। ਇਸ ਕਾਰਨ ਅਕਸਰ ਹੀ ਪਰਿਵਾਰ 'ਚ ਕਲੇਸ਼ ਰਹਿੰਦਾ ਸੀ। ਰਾਤ ਕਰੀਬ 11 ਵਜੇ ਜਦੋਂ ਗੋਪਾਲ ਸਿੰਘ ਨਸ਼ੇ ਦੀ ਹਾਲਤ ਵਿਚ ਘਰ ਆਇਆ ਤਾਂ ਘਰ 'ਚ ਤਕਰਾਰ ਹੋਣ 'ਤੇ ਪਿਤਾ ਗੋਪਾਲ ਸਿੰਘ ਨੇ 12 ਬੋਰ ਦੀ ਬੰਦੂਕ ਨਾਲ ਆਪਣੇ 18 ਸਾਲਾ ਨੌਜਵਾਨ ਪੁੱਤਰ ਅਮਨਦੀਪ ਸਿੰਘ ਨੂੰ ਗੋਲੀ ਮਾਰ ਦਿੱਤੀ। ਅਮਨਦੀਪ ਨੂੰ ਜ਼ਖ਼ਮੀ ਹਾਲਤ ਵਿਚ ਸਿਵਲ ਹਸਪਤਾਲ ਸੁਨਾਮ ਲਿਜਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਐਸ.ਐਚ.ਓ. ਮਨਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਮਾਤਾ ਦੇ ਬਿਆਨਾਂ 'ਤੇ ਗੋਪਾਲ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

## ਫ਼ਰਜ਼ੀ ਤਸਦੀਕ ਕਰਨ ਦੇ ਦੋਸ਼ ਹੇਠ ਤਿੰਨ ਨੰਬਰਦਾਰ ਬਰਖ਼ਾਸਤ

**ਖੰਨਾ:** ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਗਲਤ ਸ਼ਨਾਖਤ ਕਰਨ ਦੇ ਦੋਸ਼ ਹੇਠ ਰਸੂਲੜਾ ਦੇ ਤਿੰਨ ਨੰਬਰਦਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਹੈ। ਇਥੋਂ ਦੀ ਤਤਕਾਲੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ 29 ਅਗਸਤ ਨੂੰ ਪੱਤਰ ਜਾਰੀ ਕਰ ਕੇ ਕਿਹਾ ਗਿਆ ਸੀ ਕਿ ਨੰਬਰਦਾਰ ਚਰਨ ਸਿੰਘ, ਸ਼ੇਰ ਸਿੰਘ ਤੇ ਰਾਜਿੰਦਰ ਸਿੰਘ ਨੇ ਪਿੰਡ ਦੇ ਹੀ ਸ਼ਿਕਾਇਤਕਰਤਾ ਜਸਵੀਰ ਸਿੰਘ ਦੇ ਦਾਦੇ ਦਾ ਨਾਂ ਫਰਜ਼ੀ ਤੇ ਗਲਤ ਤਸਦੀਕ ਕੀਤਾ ਹੈ। ਪੁਲੀਸ ਨੇ ਇਨ੍ਹਾਂ ਖ਼ਿਲਾਫ਼ ਕੇਸ ਵੀ ਦਰਜ ਕੀਤਾ ਹੈ, ਜੋ ਗੰਭੀਰ ਮਸਲਾ ਹੈ। ਸ਼ਿਕਾਇਤਕਰਤਾ ਵੱਲੋਂ ਤਹਿਸੀਲਦਾਰ ਖੰਨਾ ਨੂੰ ਦਰਖਾਸਤ ਦਿੱਤੀ ਗਈ ਸੀ ਕਿ ਉਸ ਨੇ 2018 ਵਿਚ ਪਿੰਡ ਰਸੂਲੜਾ ਦੀ ਪੰਚਾਇਤ ਚੋਣ ਲਈ ਸਰਪੰਚੀ ਵਜੋਂ ਫ਼ਾਰਮ ਭਰੇ ਸਨ, ਜਿਸ ਵਿਚ ਇਨ੍ਹਾਂ ਨੰਬਰਦਾਰਾਂ ਨੇ ਉਸ ਦੇ ਦਾਦੇ ਦੀ ਗਲਤ ਸ਼ਨਾਖਤ ਕੀਤੀ ਸੀ।

## ਸੰਘਰਸ਼ੀ ਕਿਸਾਨਾਂ ਦੇ 30 ਵਾਰਸਾਂ ਨੂੰ ਸਰਕਾਰੀ ਨੌਕਰੀਆਂ



**ਚੰਡੀਗੜ੍ਹ:** ਸੂਬੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸੰਘਰਸ਼ ਦੌਰਾਨ ਸ਼ਹੀਦ ਕਿਸਾਨਾਂ ਦੇ 30 ਵਾਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ। ਇਨ੍ਹਾਂ ਵਿਚੋਂ 25 ਵਿਅਕਤੀਆਂ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਿਚ ਕਲਰਕ ਅਤੇ ਪੰਜ ਨੂੰ ਸੇਵਾਦਾਰ ਵਜੋਂ ਨਿਯੁਕਤੀ ਪੱਤਰ ਦਿੱਤੇ ਗਏ ਹਨ।

ਇਨ੍ਹਾਂ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਵਿਚ ਦੋ ਵੈਟਰਨਰੀ ਇੰਸਪੈਕਟਰਾਂ ਅਤੇ ਚਾਰ ਕਲਰਕਾਂ ਅਤੇ ਡੇਅਰੀ ਵਿਕਾਸ ਵਿਭਾਗ ਵਿਚ ਦੋ ਸਟੈਨੋਗ੍ਰਾਫ਼ਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ।

ਖੁੱਡੀਆਂ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਵਿਕਾਸ ਅਤੇ ਸੂਬੇ ਦੇ ਲੋਕਾਂ ਨੂੰ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿਚ 44,974 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

## ਪੁਲਿਸ ਅਤੇ ਕੇਂਦਰੀ ਏਜੰਸੀ ਵੱਲੋਂ ਦਸ ਨਸ਼ਾ ਤਸਕਰ ਗ੍ਰਿਫ਼ਤਾਰ

**ਮੁਹਾਲੀ:** ਪੰਜਾਬ ਪੁਲਿਸ ਦੇ ਐਂਟੀ ਨਾਰਕੋਟਿਕ ਟਾਸਕ ਫੋਰਸ (ਏ.ਐਨ.ਟੀ.ਐਫ) ਨੇ ਕੇਂਦਰੀ ਏਜੰਸੀ ਨਾਲ ਸਾਂਝੇ ਅਪਰੇਸ਼ਨ ਦੌਰਾਨ ਨਸ਼ਾ ਤਸਕਰੀ ਦੇ ਸਿੰਡੀਕੇਟ ਦਾ ਪਰਦਾਫਾਸ਼ ਕਰਦਿਆਂ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਖ਼ਿਲਾਫ਼ ਮੁਹਾਲੀ ਸਥਿਤ ਏ.ਐਨ.ਟੀ.ਐਫ. ਥਾਣੇ ਵਿਚ ਐਨ.ਡੀ.ਪੀ.ਐਸ. ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਚੰਦਨ ਸ਼ਰਮਾ, ਆਕਾਸ਼ ਸ਼ਰਮਾ, ਵਿਸ਼ਾਲ ਸਿੰਘ, ਅਰਵਿੰਦਰ ਸਿੰਘ, ਲਵਪ੍ਰੀਤ ਸਿੰਘ, ਰਿੰਕੂ ਥਾਪਰ, ਭਰਤ, ਦਿਵਯਮ, ਪ੍ਰਥਮ ਅਤੇ ਅੰਕੁਸ਼ ਭੱਟੀ ਵਜੋਂ ਹੋਈ ਹੈ।

ਯਾਦ ਰਹੇ ਕਿ ਪੰਜਾਬ ਅੰਦਰ ਨਸ਼ਿਆਂ ਦੀ ਖਪਤ ਬਿਨਾਂ ਰੋਕ-ਟੋਕ ਚੱਲ ਰਹੀ ਹੈ। ਇਸ ਮਸਲੇ ਬਾਰੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਾਰੇ ਦਾਅਵੇ ਥੋਥੇ ਸਾਬਿਤ ਹੋਏ ਹਨ।

# ਪੇਂਡੂ ਵਿਕਾਸ ਫੰਡ ਬਾਰੇ ਪੰਜਾਬ ਦੀ ਪਟੀਸ਼ਨ 'ਤੇ ਸੁਣਵਾਈ ਕਰੇਗੀ ਸੁਪਰੀਮ ਕੋਰਟ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਖਿਆ ਹੈ ਕਿ ਉਹ ਪੰਜਾਬ ਸਰਕਾਰ ਦੀ ਉਸ ਅੰਤਰਿਮ ਪਟੀਸ਼ਨ ਨੂੰ ਸੁਣਵਾਈ ਲਈ ਸੂਚੀਬੱਧ ਕਰੇਗੀ, ਜਿਸ ਵਿਚ ਪੇਂਡੂ ਵਿਕਾਸ ਫੰਡ ਦੇ ਬਕਾਏ ਦੇ ਰੂਪ ਵਿਚ ਕੇਂਦਰ ਤੋਂ 1000 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਦੇ ਸੁਣਵਾਈ ਲਈ ਬੈਠਣ ਦੌਰਾਨ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਅੰਤਰਿਮ ਪਟੀਸ਼ਨ 2 ਸਤੰਬਰ ਨੂੰ ਸੁਣਵਾਈ ਲਈ ਸੂਚੀਬੱਧ ਸੀ, ਪਰ ਇਸ 'ਤੇ ਸੁਣਵਾਈ ਨਹੀਂ ਹੋ ਸਕੀ।

ਤੁਰਤ ਸੁਣਵਾਈ ਦੀ ਮੰਗ ਕਰਦਿਆਂ ਵਕੀਲ ਨੇ ਕਿਹਾ ਕਿ ਪਟੀਸ਼ਨ 'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮਾਮਲੇ ਦੀ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਜਵਾਬ ਦਾਖ਼ਲ ਕੀਤਾ ਜਾ ਸਕੇ। ਚੀਫ਼ ਜਸਟਿਸ ਨੇ ਕਿਹਾ ਕਿ ਪਟੀਸ਼ਨ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ ਪਰ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਨਹੀਂ ਕੀਤਾ ਗਿਆ। ਸਰਬਉੱਚ ਅਦਾਲਤ ਨੇ 30 ਅਗਸਤ ਨੂੰ ਪੰਜਾਬ ਸਰਕਾਰ ਨੂੰ ਭਰੋਸਾ ਦਿੱਤਾ ਸੀ ਕਿ ਪਟੀਸ਼ਨ 'ਤੇ 2 ਸਤੰਬਰ ਨੂੰ ਸੁਣਵਾਈ ਕੀਤੀ ਜਾਵੇਗੀ।

ਸੂਬਾ ਸਰਕਾਰ ਨੇ ਕੇਂਦਰ ਦੇ ਖ਼ਿਲਾਫ਼ ਇਕ ਅੰਤਰਿਮ ਅਰਜ਼ੀ ਦਾਇਰ ਕੀਤੀ ਹੈ ਜਿਸ ਵਿਚ ਅੰਤਰਿਮ ਉਪਾਅ ਵਜੋਂ 1,000 ਕਰੋੜ ਰੁਪਏ ਤੋਂ ਵੱਧ ਦੀ ਰਕਮ ਤੁਰਤ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਪੰਜਾਬ ਸਰਕਾਰ ਨੇ 2023 ਵਿਚ ਕੇਂਦਰ ਉੱਤੇ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਜਾਰੀ ਨਾ ਕਰਨ ਅਤੇ ਮਾਰਕਿਟ ਫ਼ੀਸ ਦਾ ਇਕ ਹਿੱਸਾ ਰੋਕਣ ਦਾ ਦੋਸ਼ ਲਾਉਂਦਿਆਂ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ।

## ਪੰਜਾਬ ਦੇ ਰੋਕੇ ਹੋਏ ਫੰਡ ਜਾਰੀ ਕਰੇ ਕੇਂਦਰ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਆਯੂਸ਼ਮਾਨ ਯੋਜਨਾ ਦੇ ਬਕਾਇਆ ਫੰਡਾਂ ਬਾਰੇ ਭਾਜਪਾ ਦੇ ਕੌਮੀ ਪ੍ਰਧਾਨ ਅਤੇ ਕੇਂਦਰੀ ਸਿਹਤ ਮੰਤਰੀ ਜੇਪੀ ਨੱਢਾ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਮਲਵਿੰਦਰ ਸਿੰਘ ਕੰਗ ਨੇ ਇੱਥੇ ਕਿਹਾ ਕਿ ਆਯੂਸ਼ਮਾਨ ਭਾਰਤ ਯੋਜਨਾ ਤਹਿਤ ਕੁੱਲ 376 ਕਰੋੜ ਰੁਪਏ ਦੀ ਰਾਸ਼ੀ 'ਚੋਂ 220 ਕਰੋੜ ਰੁਪਏ ਕੇਂਦਰ ਸਰਕਾਰ ਦੇ ਬਕਾਇਆ ਹਨ। ਉਨ੍ਹਾਂ ਕਿਹਾ ਕਿ ਪੰਜਾਬ ਹਿਤੈਸ਼ੀ ਹੋਣ ਦਾ ਦਿਖਾਵਾ ਕਰਨ ਵਾਲੀ ਕੇਂਦਰ ਸਰਕਾਰ ਨੇ ਪੰਜਾਬ ਦੇ ਨੈਸ਼ਨਲ ਹੈਲਥ ਮਿਸ਼ਨ (ਐਨ.ਐਚ.ਐਮ.) ਦੇ ਫੰਡਾਂ 'ਚੋਂ 950 ਕਰੋੜ ਰੁਪਏ ਰੋਕੇ ਹੋਏ ਹਨ। ਇਸ ਤੋਂ ਇਲਾਵਾ ਪੇਂਡੂ ਵਿਕਾਸ ਫੰਡ, ਮੰਡੀ ਵਿਕਾਸ ਫੰਡ ਸਣੇ ਕੁੱਲ 8 ਹਜ਼ਾਰ ਕਰੋੜ ਰੁਪਏ ਦੇ ਫੰਡ ਰੋਕੇ ਹੋਏ ਹਨ। ਇਸ ਦੌਰਾਨ ਉਨ੍ਹਾਂ ਕੇਂਦਰ ਤੋਂ ਮੰਗ ਕੀਤੀ ਕਿ ਪੰਜਾਬ ਦੇ ਸਾਰੇ ਬਕਾਇਆ ਫੰਡ ਤੁਰਤ ਜਾਰੀ ਕੀਤੇ ਜਾਣ।

ਪੰਜਾਬ ਟਾਈਮਜ਼

ਸ਼ਨਿਚਰਵਾਰ, 28 ਸਤੰਬਰ, 2024

# ਕਿਸਾਨ ਮਸਲੇ ਅਤੇ ਸਰਕਾਰ

ਮੋਦੀ ਸਰਕਾਰ ਨੇ ਲੰਮੇ ਸਮੇਂ ਬਾਅਦ ਇਕ ਵਾਰ ਫਿਰ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕੀਤੀ ਹੈ। ਦਿੱਲੀ ਬਾਰਡਰਾਂ ਉਤੇ ਚੱਲੇ ਲੰਮੇ ਕਿਸਾਨ ਘੋਲ ਤੋਂ ਬਾਅਦ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਪਿੱਛੋਂ ਸਰਕਾਰ ਇੱਕ ਤਰ੍ਹਾਂ ਨਾਲ ਖਾਮੋਸ਼ ਹੀ ਹੋ ਗਈ ਸੀ। ਹੁਣ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਮੌਕੇ ਇੱਕ ਰੈਲੀ ਦੌਰਾਨ ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਬਾਰੇ ਟਿੱਪਣੀ ਕੀਤੀ ਸੀ ਤਾਂ ਸੰਕੇਤ ਮਿਲ ਗਏ ਸਨ ਕਿ ਸਰਕਾਰ ਕੁਝ ਨਾ ਕੁਝ ਰਿੰਨ੍ਹ-ਪਕਾ ਰਹੀ ਹੈ। ਉਨ੍ਹਾਂ ਤਨਜ਼ ਕੱਸਦਿਆਂ ਕਿਹਾ ਸੀ ਕਿ ਮੁਲਕ ਵਿਚ 13 ਕਰੋੜ ਕਿਸਾਨ ਹਨ ਅਤੇ ਸ਼ੰਭੂ ਬਾਰਡਰ 'ਤੇ ਬੈਠੇ ਕਿਸਾਨ ਸਿਰਫ 750 ਹਨ। ਹੁਣ ਖੇਤੀ ਮੰਤਰੀ ਸ਼ਿਵ ਰਾਜ ਚੌਹਾਨ ਦਾ ਵਾਅਦਾ ਸਾਹਮਣੇ ਆ ਗਿਆ ਹੈ ਕਿ ਉਹ ਹਰ ਮੰਗਲਵਾਰ ਮੁਲਕ ਭਰ ਵਿਚੋਂ ਆਉਣ ਵਾਲੇ ਕਿਸਾਨ ਨੁਮਾਇੰਦਿਆਂ ਨਾਲ ਗੱਲਬਾਤ ਕਰਿਆ ਕਰਨਗੇ। ਉਂਝ, ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਤੋਂ ਭਾਰਤੀ ਜਨਤਾ ਪਾਰਟੀ ਦੀ ਲੋਕ ਸਭਾ ਮੈਂਬਰ ਅਤੇ ਕਿਸਾਨਾਂ ਬਾਰੇ ਲਗਾਤਾਰ ਉਲ-ਜਲੂਲ ਬੋਲਣ ਵਾਲੀ ਫਿਲਮੀ ਅਦਾਕਾਰਾ ਕੰਗਨਾ ਰਣੌਤ ਦਾ ਬਿਆਨ ਵੀ ਆ ਗਿਆ ਹੈ। ਹਿਮਾਚਲ ਪ੍ਰਦੇਸ਼ ਵਿਚ ਇੱਕ ਮੇਲੇ ਦੌਰਾਨ ਉਸ ਨੇ ਕਿਸਾਨਾਂ ਨੂੰ ਬਾਕਾਇਦਾ ਅਪੀਲ ਕੀਤੀ ਕਿ ਉਹ ਰੱਦ ਹੋਏ ਤਿੰਨ ਖੇਤੀ ਕਾਨੂੰਨ ਬਹਾਲ ਕਰਵਾਉਣ ਦੀ ਮੰਗ ਕਰਨ। ਜ਼ਾਹਿਰ ਹੈ ਕਿ ਮੋਦੀ ਸਰਕਾਰ ਨੇ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਦਾ ਖਹਿੜਾ ਛੱਡਿਆ ਨਹੀਂ ਹੈ ਅਤੇ ਨਾ ਹੀ ਇਹ ਖਹਿੜਾ ਛੱਡੇਗੀ ਕਿਉਂਕਿ ਸਰਕਾਰ ਹਰ ਹਾਲ ਖੇਤੀ ਖੇਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਬਾਰੇ ਫੈਸਲਾ ਕਰ ਚੁੱਕੀ ਹੈ।

ਹੁਣ ਮੋਦੀ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਹ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਕਿਸਾਨਾਂ ਦੇ ਤੌਖਲਿਆਂ ਅਤੇ ਹੋਰ ਮਸਲਿਆਂ ਬਾਰੇ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਹੈ। ਇਸ ਗੱਲਬਾਤ ਦੇ ਸ਼ੁਰੂਆਤੀ ਗੇੜ ਵਿਚ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਵਾਅਦਾ ਕੀਤਾ ਕਿ ਕਿਸਾਨਾਂ ਦੇ ਮੁੱਦਿਆਂ ਦਾ ਹੱਲ ਹੋਣ ਤੱਕ ਚਰਚਾ ਜਾਰੀ ਰਹੇਗੀ। ਉਨ੍ਹਾਂ ਮੁਤਾਬਿਕ, ਐਮ.ਐਸ.ਪੀ. ਪ੍ਰਣਾਲੀ ਮਜ਼ਬੂਤ ਕਰਨ ਬਾਰੇ ਸੁਝਾਅ ਮਿਲੇ ਹਨ ਜਿਨ੍ਹਾਂ ਬਾਰੇ ਨਿੱਠ ਕੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਖੇਤੀ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਕਿਸਾਨ ਦੇਸ਼ ਦੀ ਰੂਹ ਹਨ ਅਤੇ ਕਿਸਾਨਾਂ ਦੀ ਸੇਵਾ ਰੱਬ ਦੀ ਪੂਜਾ ਕਰਨ ਵਾਂਗ ਹੈ। ਕੇਂਦਰੀ ਖੇਤੀ ਮੰਤਰੀ ਨੇ ਠੀਕ ਹੀ ਕਿਹਾ ਹੈ; ਵਾਕਈ ਭਾਰਤ ਖੇਤੀ ਪ੍ਰਧਾਨ ਮੁਲਕ ਹੈ ਅਤੇ ਖੇਤੀ ਖੇਤਰ ਵਿਚ ਹੋਰ ਵਧਣ-ਫੁੱਲਣ ਦੀਆਂ ਬਹੁਤ ਸੰਭਾਵਨਾਵਾਂ ਹਨ। ਇਸੇ ਕਰਕੇ ਕਿਸਾਨ ਨੁਮਾਇੰਦੇ ਕਾਰਗਰ ਖੇਤੀ ਨੀਤੀ ਬਣਾਉਣ ਲਈ ਲਗਾਤਾਰ ਜ਼ੋਰ ਪਾ ਰਹੇ ਹਨ। ਕੋਵਿਡ-19 ਦੌਰਾਨ ਜਦੋਂ ਮੁਲਕ ਦਾ ਹਰ ਖੇਤਰ ਖੜੋਤ ਦਾ ਸ਼ਿਕਾਰ ਹੋ ਗਿਆ ਸੀ ਤਾਂ ਖੇਤੀਬਾੜੀ ਹੀ ਇਕੱਲਾ ਅਜਿਹਾ ਖੇਤਰ ਸੀ ਜਿਸ ਵਿਚ ਵਾਧਾ ਦਰ ਰਿਕਾਰਡ ਕੀਤੀ ਗਈ ਸੀ।

ਜਾਣਕਾਰੀ ਮਿਲੀ ਹੈ ਕਿ ਕਿਸਾਨ ਨੁਮਾਇੰਦਿਆਂ ਨੇ ਗੱਲਬਾਤ ਦੌਰਾਨ ਐਮ.ਐਸ.ਪੀ. ਪ੍ਰਣਾਲੀ, ਪੀ.ਐਮ. ਕਿਸਾਨ ਸਨਮਾਨ ਨਿਧੀ ਅਧੀਨ ਘੱਟ ਰਹੇ ਦਾਇਰੇ, ਫਸਲ ਬੀਮਾ ਯੋਜਨਾ, ਖੇਤੀ ਉਤਪਾਦਾਂ ਦੀ ਦਰਾਮਦ ਕਾਰਨ ਕਿਸਾਨਾਂ ਨੂੰ ਵਿੱਤੀ ਘਾਟਾ ਪੈਣ ਅਤੇ ਕੁਝ ਹੋਰ ਮੁੱਦੇ ਉਠਾਏ ਹਨ। ਕੇਂਦਰੀ ਮੰਤਰੀ ਨੇ ਇਨ੍ਹਾਂ ਮਸਲਿਆਂ ਦੇ ਹੱਲ ਦਾ ਭਰੋਸਾ ਦਿੱਤਾ ਹੈ। ਅਜਿਹਾ ਭਰੋਸਾ ਦਿੱਲੀ ਵਾਲਾ ਅੰਦੋਲਨ ਚੁੱਕਣ ਮੌਕੇ ਵੀ ਕੇਂਦਰ ਸਰਕਾਰ ਨੇ ਦਿੱਤਾ ਸੀ। ਉਦੋਂ ਭਰੋਸਾ ਦਿੱਤਾ ਗਿਆ ਸੀ ਕਿ ਸਰਕਾਰ ਐਮ.ਐਸ.ਪੀ. ਦੇ ਮਾਮਲੇ 'ਤੇ ਬਾਕਾਇਦਾ ਕਮੇਟੀ ਬਣਾ ਕੇ ਕੋਈ ਨਾ ਕੋਈ ਹੱਲ ਜ਼ਰੂਰ ਲੱਭੇਗੀ ਪਰ ਸਾਲ-ਦਰ-ਸਾਲ ਬੀਤਦੇ ਗਏ ਅਤੇ ਸਰਕਾਰ ਦੇ ਕੰਨ 'ਤੇ ਜੂੰਅ ਤੱਕ ਨਹੀਂ ਸਰਕੀ। ਸਿੱਟੇ ਵਜੋਂ ਕਿਸਾਨਾਂ ਨੂੰ ਅੱਕ ਕੇ ਫਿਰ ਸੰਘਰਸ਼ ਲਈ ਸੜਕਾਂ ਉਤੇ ਆਉਣਾ ਪੈ ਗਿਆ। ਕਿਸਾਨਾਂ ਦਾ ਇੱਕ ਧੜਾ ਲੰਮੇ ਸਮੇਂ ਤੋਂ ਸ਼ੰਭੂ ਬਾਰਡਰ ਉੱਤੇ ਧਰਨਾ ਲਾਈ ਬੈਠਾ ਹੈ ਪਰ ਸਰਕਾਰ ਨੇ ਇਨ੍ਹਾਂ ਨਾਲ ਗੱਲਬਾਤ ਕਰਨ ਦੀ ਲੋੜ ਵੀ ਨਹੀਂ ਸਮਝੀ। ਮੰਗਲਵਾਰ ਨੂੰ ਵੀ ਜਦੋਂ ਕੇਂਦਰੀ ਖੇਤੀ ਮੰਤਰੀ ਚੌਹਾਨ ਕਿਸਾਨ ਨੁਮਾਇੰਦਿਆਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਸ਼ੰਭੂ ਬਾਰਡਰ 'ਤੇ ਬੈਠੀਆਂ ਕਿਸਾਨ ਯੂਨੀਅਨਾਂ ਦਾ ਕੋਈ ਵੀ ਨੁਮਾਇੰਦਾ ਉਥੇ ਮੌਜੂਦ ਨਹੀਂ ਸੀ।

ਇਉਂ ਹਾਲਾਤ ਦਾ ਜਾਇਜ਼ਾ ਲਿਆ ਜਾ ਸਕਦਾ ਹੈ ਕਿ ਇੱਕ ਪਾਸੇ ਤਾਂ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਆਗੂ ਕਿਸਾਨਾਂ ਨੂੰ ਵੰਗਾਰ ਰਹੇ ਹਨ, ਦੂਜੇ ਪਾਸੇ ਕੇਂਦਰੀ ਖੇਤੀ ਮੰਤਰੀ ਕਿਸਾਨਾਂ ਨਾਲ ਗੱਲਬਾਤ ਜਾਰੀ ਰੱਖਣ ਬਾਰੇ ਬਿਆਨ ਦਾਗ ਰਹੇ ਹਨ। ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਖੇਤੀ ਮਾਮਲਿਆਂ ਬਾਰੇ ਅਜੇ ਵੀ ਗੰਭੀਰ ਨਹੀਂ। ਕਿਸਾਨ, ਉਨ੍ਹਾਂ ਦੇ ਨੁਮਾਇੰਦੇ ਅਤੇ ਖੇਤੀ ਮਾਹਿਰ ਵਾਰ-ਵਾਰ ਇਹ ਕਹਿ ਰਹੇ ਹਨ ਕਿ ਕਿਸਾਨ ਅਤੇ ਖੇਤੀ ਖੇਤਰ ਡਾਢੇ ਸੰਕਟ ਵਿਚੋਂ ਲੰਘ ਰਿਹਾ ਹੈ, ਸਰਕਾਰ ਨੂੰ ਸੰਕਟ ਦੇ ਇਸ ਸਮੇਂ ਵਿਚ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ ਜੋ ਮੁਲਕ ਦੇ ਅੰਨ ਭੰਡਾਰ ਭਰ ਰਹੇ ਹਨ। ਕਿਸਾਨ ਜਥੇਬੰਦੀਆਂ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਕਿਸਾਨਾਂ ਦੇ ਅੰਤਾਂ ਦੇ ਵਧੇ ਹੋਏ ਖਰਚਿਆਂ ਕਾਰਨ ਹੀ ਮੰਗ ਰਹੀਆਂ ਹਨ ਪਰ ਸਰਕਾਰ ਕਿਸਾਨਾਂ ਦੀ ਇਸ ਜਾਇਜ਼ ਮੰਗ ਨੂੰ ਵੀ ਸੰਜੀਦਗੀ ਨਾਲ ਨਹੀਂ ਲੈ ਰਹੀ। ਉਂਝ ਵੀ, ਜਾਪਦਾ ਹੈ ਕਿ ਸਰਕਾਰ ਨੇ ਮਿਸਾਲੀ ਕਿਸਾਨ ਅੰਦੋਲਨ ਤੋਂ ਵੀ ਕੋਈ ਸਬਕ ਨਹੀਂ ਲਿਆ ਹੈ। ਇਸ ਦੀ ਇੱਕੋ-ਇੱਕ ਮਨਸ਼ਾ ਖੇਤੀ ਖੇਤਰ ਕਾਰਪੋਰੇਟਾਂ ਦੇ ਹਵਾਲੇ ਕਰਨਾ ਹੈ ਜਿਸ ਲਈ ਫਿਲਹਾਲ ਇਸ ਦੀ ਕੋਈ ਪੇਸ਼ ਨਹੀਂ ਜਾ ਰਹੀ। ਇਸੇ ਕਰ ਕੇ ਇਹ ਅੱਕੀਂ-ਪਲਾਹੀਂ ਹੱਥ ਮਾਰ ਰਹੀ ਹੈ; ਇਸੇ ਕਰ ਕੇ ਹੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਆਪਾ-ਵਿਰੋਧੀ ਬਿਆਨ ਆ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਕਿਸਾਨਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੇਸ਼ਰਮਾਂ ਦੇ ਬਲਿਹਾਰੇ!

ਸ਼ੋਭਾ ਵਾਲੀਆਂ ਗੱਲਾਂ ਤੋਂ ਦੂਰ ਰਹਿੰਦੇ, ਲੱਗਣ ਚੰਗੀਆਂ ਉਲਟੀਆਂ ਰੀਤੀਆਂ ਜੀ
ਐਸ ਕੰਨੋਂ ਪਾ ਦੂਜੇ ਥੀਂ ਕੱਢ ਦਿੰਦੇ, ਸੁਧਰਨ ਵਾਸਤੇ ਅਰਜ਼ਾਂ ਸਭ ਕੀਤੀਆਂ ਜੀ
ਰਾਸ ਆਉਂਦੀਆਂ ਕਦੇ ਨਾ ਵਿਗੜਿਆਂ ਦੇ, ਭਲਿਆਂ ਮਾਣਸਾਂ ਵਾਲੀਆਂ ਨੀਤੀਆਂ ਜੀ
ਹੋਵੇ ਬੇਇਜਤੀ ਢੀਠ ਹੋ ਆਖ ਦਿੰਦੇ, ਲਹਿ ਗਈਆਂ ਕੀ ਮੋਢੇ ਤੋਂ ਫੀਤੀਆਂ ਜੀ?
ਆਉਂਦੇ ਬਾਜ ਨਾ ਕਦੇ ਬੇਸ਼ਰਮੀਆਂ ਤੋਂ, ਸੌ ਦੱਸੋ ਖਾਂ ਬੁਰਿਆਂ 'ਤੇ ਬੀਤੀਆਂ ਜੀ
ਪਾਈ ਲੱਖ ਫਿਟਕਾਰ ਨਾ ਅਸਰ ਕਰਦੀ, ਸ਼ਰਮਾਂ ਘੋਲ ਕੇ ਜਿਨ੍ਹਾਂ ਨੇ ਪੀਤੀਆਂ ਜੀ!!

## ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ ਦਾ ਮਾਮਲਾ

# ਵਿਰੋਧੀ ਵਿਚਾਰ ਅਤੇ 'ਆਪ' ਸਰਕਾਰ ਦੀ ਪਹੁੰਚ

**ਸੋਸ਼ਲ ਮੀਡੀਆ 'ਤੇ ਬੇਬਾਕ ਟਿੱਪਣੀਆਂ ਲਈ ਜਾਣੇ ਜਾਂਦੇ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦਾ ਦੋਗਲਾ ਕਿਰਦਾਰ ਨੰਗਾ ਕਰ ਦਿੱਤਾ ਹੈ। ਇਕ ਪਾਸੇ ਇਹ ਪਾਰਟੀ ਕੇਂਦਰ ਵਿਚ ਸੱਤਾਧਾਰੀ ਭਾਜਪਾ ਉਤੇ ਸਿਆਸੀ ਕਿੜਾਂ ਅਧੀਨ ਆਗੂਆਂ ਦੀ ਗ੍ਰਿਫਤਾਰੀ ਦਾ ਰੌਲਾ ਪਾਉਂਦੀ ਹੈ, ਦੂਜੇ ਬੰਨੇ ਆਪ ਉਹੀ ਕੁਝ ਪੰਜਾਬ ਵਿਚ ਕਰ ਰਹੀ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਲੰਘੇ ਸੋਮਵਾਰ ਦੀ ਰਾਤ ਕਰੀਬ 8:30 ਵਜੇ ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਬੇਬਾਕ ਟਿੱਪਣੀਆਂ ਲਈ ਜਾਣੇ ਜਾਂਦੇ ਮਾਲਵਿੰਦਰ ਸਿੰਘ ਮਾਲੀ ਨੂੰ ਉਸ ਦੇ ਭਰਾ ਦੇ ਘਰੋਂ ਪਟਿਆਲਿਓਂ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਸਮੇਂ ਦੀ ਵਾਇਰਲ ਵੀਡੀਓ ਵਿਚ ਪੁਲਿਸ ਇੰਸਪੈਕਟਰ ਦੱਸ ਰਿਹਾ ਹੈ ਕਿ ਇਹ ਗ੍ਰਿਫਤਾਰੀ ਆਈ.ਟੀ. ਐਕਟ ਦੀ ਧਾਰਾ .. ਤਹਿਤ ਕੀਤੀ ਗਈ ਹੈ। ਵੀਡੀਓ ਵਿਚ ਸਾਫ ਦੇਖਿਆ ਜਾ ਸਕਦਾ ਹੈ ਕਿ ਮਾਲੀ ਵੱਲੋਂ ਮੰਗ ਕਰਨ ਦੇ ਬਾਵਜੂਦ ਪੁਲਿਸ ਨੇ ਗ੍ਰਿਫਤਾਰੀ ਵਾਰੰਟ ਜਾਂ ਐਫ.ਆਈ.ਆਰ. ਦੀ ਕਾਪੀ ਨਹੀਂ ਦਿਖਾਈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਅਗਲੇ ਦਿਨ ਪੁਲਿਸ ਨੇ ਜਦ ਮਾਲਵਿੰਦਰ ਸਿੰਘ ਮਾਲੀ ਨੂੰ ਅਦਾਲਤ ਵਿਚ ਪੇਸ਼ ਕੀਤਾ ਤਾਂ ਪਤਾ ਲੱਗਾ ਕਿ ਇਹ ਗ੍ਰਿਫਤਾਰੀ ਆਈ.ਟੀ. ਐਕਟ ਤਹਿਤ ਨਹੀਂ ਬਲਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿਚ ਨਵੇਂ ਬਣਾਏ ਕਾਨੂੰਨ ਭਾਰਤੀ ਨਿਆਂ ਸਹਿਤਾ ਦੀ ਧਾਰਾ 196, 299 ਬੀ.ਐਨ.ਐਸ. ਤਹਿਤ ਕੀਤੀ ਗਈ ਹੈ ਜੋ ਧਾਰਾ 295 ਏ. ਦਾ ਹੀ ਬਦਲਿਆ ਹੋਇਆ ਨਾਮ ਹੈ। ਇਕ ਰਾਤ ਪਹਿਲਾਂ ਪੁਲਿਸ ਇੰਸਪੈਕਟਰ ਵੱਲੋਂ ਦੱਸੀ ਧਾਰਾ ਦੀ ਬਜਾਇ ਹੋਰ ਧਾਰਾ ਤਹਿਤ ਗ੍ਰਿਫਤਾਰੀ ਦੇ ਮਾਮਲੇ ਨਾਲ ਇਹ ਵੀ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਪੁਲਿਸ ਨੇ ਮਾਲੀ ਨੂੰ ਗ੍ਰਿਫਤਾਰ ਕਰ ਕੇ ਐਫ.ਆਈ.ਆਰ. ਘੜੀ ਹੈ।

ਮਾਲੀ ਖਿਲਾਫ ਦਰਜ ਐਫ.ਆਈ.ਆਰ. ਵਿਚ ਭੋਰਾ ਵੀ ਦਮ ਨਹੀਂ। ਐਫ.ਆਈ.ਆਰ. ਦਰਜ ਕਰਵਾਉਣ ਵਾਲੇ ਮੁਹਾਲੀ ਵਾਸੀ ਅਮਿਤ ਜੈਨ ਨੇ ਪੁਲਿਸ ਨੂੰ ਕਿਹਾ: "ਮੈਂ 16 ਸਤੰਬਰ ਨੂੰ ਆਪਣੇ ਘਰ ਯੂਟਿਊਬ ਚੈਨਲ 'ਤੇ ਇੰਟਰਵਿਊ ਦੇਖ ਰਿਹਾ ਸੀ, ਇੰਟਰਵਿਊ ਵਿਚ ਮਾਲੀ ਨੇ ਹਿੰਦੂ ਦੇਵੀ ਦੇਵਤਿਆਂ ਬਾਰੇ ਅਪਮਾਨਜਨਕ ਸ਼ਬਦ ਵਰਤੇ ਜਿਸ ਨਾਲ ਮੇਰੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ।" ਬਸ ਇਹ ਬਿਆਨ ਦੇਣ ਤੋਂ ਬਾਅਦ ਪੁਲਿਸ ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿਫਤਾਰ ਕਰ ਕੇ ਲੈ ਗਈ। ਪੁਲਿਸ ਨੇ ਐਫ.ਆਈ.ਆਰ. ਦਰਜ ਕਰਵਾਉਣ ਵਾਲੇ ਤੋਂ ਨਾ ਕੋਈ ਆਡੀਓ, ਵੀਡੀਓ ਮੰਗੀ ਅਤੇ ਨਾ ਹੀ ਕੋਈ ਜਾਂਚ ਕੀਤੀ, ਸਿੱਧੀ ਧਾਰਾ 196, 299 ਬੀ.ਐਨ.ਐਸ. ਤਹਿਤ ਗ੍ਰਿਫਤਾਰੀ ਕਰ ਦਿੱਤੀ। ਗ੍ਰਿਫਤਾਰੀ ਸਿਆਸੀ ਆਧਾਰ 'ਤੇ ਹੋਣ ਦਾ ਇਸ ਤੋਂ ਵੱਡਾ ਕੀ ਸਬੂਤ ਹੋ ਸਕਦਾ ਹੈ ਕਿ ਉਸੇ ਦਿਨ ਅਮਿਤ ਜੈਨ ਪੁਲਿਸ ਨੂੰ ਦਰਖਾਸਤ ਦਿੰਦਾ ਹੈ, ਉਸੇ ਸਮੇਂ ਐਫ.ਆਈ.ਆਰ. ਦਰਜ ਹੋ ਜਾਂਦੀ ਹੈ ਤੇ ਉਸੇ ਦਿਨ ਗ੍ਰਿਫਤਾਰੀ ਵੀ ਹੋ ਜਾਂਦੀ ਹੈ। ਪੁਲਿਸ ਚਾਹੁੰਦੀ ਤਾਂ ਕੇਸ ਦਰਜ ਕਰਨ ਜਾਂ ਗ੍ਰਿਫਤਾਰ ਕਰਨ ਤੋਂ ਪਹਿਲਾਂ ਮਾਲੀ ਨੂੰ ਖੁਦ ਥਾਣੇ ਆ ਕੇ ਆਪਣਾ ਪੱਖ ਰੱਖਣ ਲਈ ਕਹਿ ਸਕਦੀ ਸੀ।

ਤੱਥ ਇਹ ਹੈ ਕਿ ਐਫ.ਆਈ.ਆਰ. ਦਰਜ ਕਰਵਾਉਣ ਵਾਲਾ ਅਮਿਤ ਜੈਨ ਆਮ ਆਦਮੀ ਪਾਰਟੀ ਨਾਲ ਜੁੜਿਆ ਹੋਇਆ ਹੈ। ਅਮਿਤ ਜੈਨ ਪ੍ਰਾਪਰਟੀ ਡੀਲਰ ਹੈ ਜਿਸ ਦੀਆਂ ਮੁੱਖ ਮੰਤਰੀ, ਕਈ ਕੈਬਨਿਟ ਮੰਤਰੀਆਂ ਨਾਲ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਈਆਂ ਹਨ। ਉਹ ਜਿਸ ਪੰਜਾਬ ਗਊ ਸੇਵਾ ਕਮਿਸ਼ਨ ਦਾ ਮੈਂਬਰ ਹੈ, ਉਸ ਨੂੰ ਪੰਜਾਬ ਸਰਕਾਰ ਗ੍ਰਾਂਟ ਦਿੰਦੀ ਹੈ।

ਦਿਲਚਸਪ ਪਹਿਲੂ ਇਹ ਵੀ ਹੈ ਕਿ ਮੁਹਾਲੀ ਜ਼ਿਲ੍ਹੇ ਦੇ ਜਿਸ ਸੀ.ਆਈ.ਏ. ਥਾਣੇ ਦੀ ਟੀਮ ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿਫਤਾਰ ਕਰਨ ਲਈ ਭੇਜੀ ਗਈ, ਉਹ ਥਾਣਾ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਮੀਡੀਆ ਅਦਾਰੇ ਨਾਲ ਇੰਟਰਵਿਊ ਕਾਰਨ ਵਿਵਾਦਾਂ ਵਿਚ ਘਿਰਿਆ ਹੋਇਆ ਹੈ।

ਉਂਝ, ਸੂਬਾ ਸਰਕਾਰ ਦੇ ਰਵੱਈਏ ਖਿਲਾਫ ਲੜਨ ਲਈ ਜ਼ਮਾਨਤ ਨਾ ਕਰਵਾਉਣ ਦਾ ਮਾਲਵਿੰਦਰ ਸਿੰਘ ਮਾਲੀ ਦਾ ਫੈਸਲਾ ਦਰੁਸਤ ਕਿਹਾ ਜਾ ਸਕਦਾ ਹੈ। ਮਾਲਵਿੰਦਰ ਸਿੰਘ ਮਾਲੀ 1980ਵਿਆਂ ਵਿਚ ਵਿਦਿਆਰਥੀ ਜੀਵਨ ਸਮੇਂ ਹੀ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਸਰਗਰਮ ਹੋ ਗਿਆ ਸੀ ਅਤੇ ਉਸ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਵਜੋਂ ਵਿਦਿਆਰਥੀ ਹੱਕਾਂ ਲਈ ਲੜੇ ਕਈ ਵੱਡੇ ਸੰਘਰਸ਼ਾਂ ਦੀ ਅਗਵਾਈ ਕੀਤੀ। 1993 ਵਿਚ ਉਸ ਨੂੰ ਪੰਜਾਬ ਪੁਲਿਸ ਨੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਅਤੇ ਟਾਡਾ ਤਹਿਤ ਗ੍ਰਿਫਤਾਰ ਕਰ ਕੇ ਜੇਲ੍ਹ ਬੰਦ ਕੀਤਾ ਸੀ। ਬਾਅਦ ਵਿਚ ਹਾਈ ਕੋਰਟ ਦੇ ਹੁਕਮਾਂ 'ਤੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਮਾਲਵਿੰਦਰ ਸਿੰਘ ਮਾਲੀ 'ਜਨਤਕ ਪੈਗਾਮ' ਨਾਮ ਦੇ ਮੈਗਜ਼ੀਨ ਦੇ ਸੰਪਾਦਕ ਵਜੋਂ ਵੀ ਕੰਮ ਕਰਦੇ ਰਹੇ। ਉਹ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਕਾਫੀ ਨਜ਼ਦੀਕੀ ਰਹੇ ਹਨ। ਉਹ ਸਰਕਾਰੀ ਸਕੂਲ ਅਧਿਆਪਕ ਵਜੋਂ ਵੀ ਕਾਰਜਸ਼ੀਲ ਰਹੇ। ਉਹ ਕੁਝ ਸਮਾਂ ਸਿੱਖਿਆ ਵਿਭਾਗ ਤੋਂ ਡੈਪੂਟੇਸ਼ਨ ਤਹਿਤ ਲੋਕ ਸੰਪਰਕ ਵਿਭਾਗ ਵਿਚ ਵੀ ਸੇਵਾਵਾਂ ਨਿਭਾਉਂਦੇ ਰਹੇ। 2016 ਵਿਚ ਉਹ ਰੋਪੜ ਦੇ ਇੱਕ ਸਰਕਾਰੀ ਸਕੂਲ ਵਿਚੋਂ ਅਧਿਆਪਕ ਵਜੋਂ ਸੇਵਾਮੁਕਤ ਹੋਏ ਅਤੇ ਹੁਣ ਸੋਸ਼ਲ ਮੀਡੀਆ 'ਤੇ ਚਲੰਤ ਮਾਮਲਿਆਂ ਉੱਪਰ ਬੇਬਾਕ ਟਿੱਪਣੀਆਂ ਲਈ ਜਾਣੇ ਜਾਂਦੇ ਹਨ। 2021 ਵਿਚ ਜਦ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਸਨ ਤਾਂ ਉਹਨਾਂ ਨੇ ਮਾਲਵਿੰਦਰ ਸਿੰਘ ਮਾਲੀ ਅਤੇ ਡਾਕਟਰ ਪਿਆਰਾ ਲਾਲ ਗਰਗ ਨੂੰ ਆਪਣਾ ਸਲਾਹਕਾਰ ਨਿਯੁਕਤ ਕੀਤਾ ਸੀ। ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਹੁੰਦਿਆਂ ਮਾਲਵਿੰਦਰ ਸਿੰਘ ਮਾਲੀ ਦੀ ਭਾਜਪਾ ਵਰਗੀਆਂ ਪਾਰਟੀਆਂ ਨੇ ਜੰਮੂ ਕਸ਼ਮੀਰ ਸਬੰਧੀ ਲਏ ਸਟੈਂਡ ਬਾਰੇ ਆਲੋਚਨਾ ਕੀਤੀ ਸੀ। ਅੱਜ ਕੱਲ੍ਹ ਮਾਲੀ ਦੀ ਪਛਾਣ ਸੋਸ਼ਲ ਮੀਡੀਆ ਅਤੇ ਯੂਟਿਊਬ ਚੈਨਲਾਂ 'ਤੇ ਸਰਕਾਰ ਦੀਆਂ ਨਾਕਾਮੀਆਂ ਨੂੰ ਬੇਬਾਕੀ ਨਾਲ ਉਜਾਗਰ ਕਰਨ ਵਾਲੇ ਸਮਾਜਿਕ ਕਾਰਕੁਨ ਵਜੋਂ ਬਣੀ ਹੋਈ ਹੈ।



ਅਸਲ ਵਿਚ ਜਦ ਤਾਂ ਕੇਂਦਰ ਸਰਕਾਰ ਆਮ ਆਦਮੀ ਪਾਰਟੀ ਨਾਲ ਧੱਕਾ ਕਰਦੀ ਹੈ ਤਾਂ ਜਮਹੂਰੀਅਤ ਜਿਹੇ ਸ਼ਬਦ 'ਆਪ' ਆਗੂਆਂ ਦੀ ਜ਼ੁਬਾਨ 'ਤੇ ਚੜ੍ਹ ਜਾਂਦੇ ਹਨ ਪਰ ਜਦ ਸੱਤਾ ਦੇ ਨਸ਼ੇ ਵਿਚ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਧੱਕੇਸ਼ਾਹੀ ਕਰਦੀ ਹੈ ਤਾਂ 'ਆਪ' ਲੀਡਰਸ਼ਿਪ ਤੇ ਇਸ ਦੇ ਹਮਦਰਦਾਂ ਦਾ ਵੱਡਾ ਹਿੱਸਾ ਮੋਨ ਧਾਰ ਲੈਂਦਾ ਹੈ। ਆਮ ਆਦਮੀ ਪਾਰਟੀ ਵੱਲੋਂ ਮੋਦੀ ਸਰਕਾਰ 'ਤੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹ ਸਿਆਸੀ ਬਦਲਾਖੋਰੀ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਦੀ ਹੈ। ਇਸ ਵਿਚ ਕੋਈ ਦੋ ਰਾਵਾਂ ਵੀ ਨਹੀਂ ਹਨ ਕਿ 'ਆਪ' ਮੁਖੀ ਅਰਵਿੰਦ ਕੇਜਰੀਵਾਲ ਖਿਲਾਫ ਈ.ਡੀ. ਅਤੇ ਸੀ.ਬੀ.ਆਈ. ਵੱਲੋਂ ਦਰਜ ਕੇਸ ਰਾਜਨੀਤੀ ਤੋਂ ਪ੍ਰੇਰਿਤ ਹਨ ਪਰ ਦੂਜਾ ਪਹਿਲੂ ਇਹ ਵੀ ਹੈ ਕਿ ਜਿਸ ਤਰ੍ਹਾਂ ਭਾਜਪਾ ਦੀ ਕੇਂਦਰੀ ਹਕੂਮਤ ਵਿਰੋਧੀ ਧਿਰਾਂ ਜਾਂ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਦੇਣਾ ਚਾਹੁੰਦੀ ਹੈ, ਉਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਰਹੇ ਹਨ।

ਪਿਛਲੇ ਹਫਤੇ ਸੁਪਰੀਮ ਕੋਰਟ ਨੇ ਸੀ.ਬੀ.ਆਈ. ਦੇ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਕੇਸ ਵਿਚ ਕੇਜਰੀਵਾਲ ਨੂੰ ਨਿਯਮਤ ਜ਼ਮਾਨਤ ਦੇਣ ਸਮੇਂ ਕਿਹਾ ਸੀ ਕਿ ਸੀ.ਬੀ.ਆਈ. ਦਾ ਉਦੇਸ਼ ਈ.ਡੀ. ਵੱਲੋਂ ਦਰਜ ਮਨੀ ਲਾਂਡਰਿੰਗ ਕੇਸ ਵਿਚ ਕੇਜਰੀਵਾਲ ਨੂੰ ਮਿਲੀ ਜ਼ਮਾਨਤ ਨੂੰ ਕਿਸੇ ਤਰ੍ਹਾਂ ਖੋਹਣਾ ਸੀ। ਅਦਾਲਤ ਅਨੁਸਾਰ, ਏਜੰਸੀ ਆਪਣੇ ਬਾਰੇ ਬਣੀ 'ਪਿੰਜਰੇ 'ਚ ਕੈਦ ਤੋਤੇ' ਦੀ ਧਾਰਨਾ ਨੂੰ ਖ਼ਤਮ ਕਰਨ ਲਈ ਯਤਨ ਕਰੇ। ਅਦਾਲਤ ਦੀ ਟਿੱਪਣੀ ਬਿਲਕੁੱਲ ਜਾਇਜ਼ ਹੈ, ਈ.ਡੀ. ਤੋਂ ਕੇਜਰੀਵਾਲ ਨੂੰ ਜ਼ਮਾਨਤ ਮਿਲਣ ਤੋਂ ਪਹਿਲਾਂ ਹੀ ਸੀ.ਬੀ.ਆਈ. ਨੇ ਕੇਸ ਦਰਜ ਕਰ ਲਿਆ ਸੀ ਪਰ ਇਹੋ ਕੁਝ ਭਗਵੰਤ ਮਾਨ ਸਰਕਾਰ ਨੇ ਸੁਖਪਾਲ ਸਿੰਘ ਖਹਿਰਾ ਦੇ ਮਾਮਲੇ ਵਿਚ ਕੀਤਾ ਸੀ; ਸੁਖਪਾਲ ਸਿੰਘ ਖਹਿਰਾ ਨੂੰ ਰਾਜਨੀਤਕ ਕਿੜ ਕਾਰਨ 8 ਸਾਲ ਪੁਰਾਣੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ, 4 ਜਨਵਰੀ 2023 ਨੂੰ ਹਾਈਕੋਰਟ ਵਿਚ ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਹੋਣੀ ਸੀ ਲੇਕਿਨ ਉਸੇ ਦਿਨ ਸਵੇਰੇ 3 ਵਜੇ ਖਹਿਰਾ ਖਿਲਾਫ ਨਵਾਂ ਕੇਸ ਦਰਜ ਕਰ ਕੇ ਜ਼ਮਾਨਤ ਮਿਲਣ ਦੇ ਬਾਵਜੂਦ ਉਸ ਨੂੰ ਜੇਲ੍ਹ ਵਿਚ ਰੱਖਣ ਦੀ ਵਿਉਂਤ ਬਣਾਈ ਗਈ।

ਭਗਵੰਤ ਮਾਨ ਸਰਕਾਰ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖਿਲਾਫ ਐਨ.ਐਸ.ਏ. ਲਾਉਣਾ, ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕਰਨਾ ਸੂਬਾ ਸਰਕਾਰ ਦੀ ਵਧਵੀਂ ਕਾਰਵਾਈ ਹੈ। ਬਰਨਾਲਾ ਜ਼ਿਲ੍ਹੇ ਦੇ ਪਿੰਡ ਕੋਟਦੁੱਨਾ ਨਾਲ ਸਬੰਧਿਤ ਯੂਟਿਊਬਰ ਭਾਨਾ ਸਿੱਧੂ ਸੋਸ਼ਲ ਮੀਡੀਆ 'ਤੇ ਸਰਕਾਰ ਦੀਆਂ ਨਾਕਾਮੀਆਂ ਉਜਾਗਰ ਕਰਦਾ ਸੀ; ਜਨਵਰੀ 2024 ਵਿਚ ਉਸ ਨੂੰ ਟਰੈਵਲ ਏਜੰਟਾਂ ਦੀ ਕਥਿਤ ਸ਼ਿਕਾਇਤ 'ਤੇ ਲੁਧਿਆਣਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ। 25 ਜਨਵਰੀ ਨੂੰ ਲੁਧਿਆਣਾ ਅਦਾਲਤ ਨੇ ਭਾਨਾ ਸਿੱਧੂ ਦੀ ਜ਼ਮਾਨਤ ਮਨਜ਼ੂਰ ਕਰ ਲਈ ਤਾਂ 26 ਜਨਵਰੀ ਨੂੰ ਪਟਿਆਲਾ ਵਿਚ ਉਸ ਖਿਲਾਫ ਨਵਾਂ ਕੇਸ ਦਰਜ ਕਰ ਕੇ ਉਸ ਨੂੰ ਹਿਰਾਸਤ ਵਿਚ ਲਿਆ, ਬਾਅਦ ਵਿਚ ਫਾਜ਼ਿਲਕਾ ਪੁਲਿਸ ਨੇ ਗ੍ਰਿਫਤਾਰ ਕੀਤਾ।

ਪੰਜਾਬ ਵਿਚ ਸੱਤਾ ਸੰਭਾਲਣ ਤੋਂ ਬਾਅਦ ਭਗਵੰਤ ਮਾਨ ਸਰਕਾਰ ਨੇ ਅਪਰੈਲ 2022 ਵਿਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਖਿਲਾਫ ਬਿਆਨਬਾਜ਼ੀ ਕਰਨ ਵਾਲੇ ਪਾਰਟੀ ਦੇ ਸਾਬਕਾ ਆਗੂਆਂ ਕੁਮਾਰ ਵਿਸ਼ਵਾਸ ਅਤੇ ਅਲਕਾ ਲਾਂਬਾ ਖਿਲਾਫ ਕੇਸ ਦਰਜ ਕੀਤਾ ਸੀ। ਇਸ ਤੋਂ ਇਲਾਵਾ ਭਾਜਪਾ ਵਰਕਰ ਪ੍ਰੀਤੀ ਗਾਂਧੀ ਅਤੇ ਭਾਜਪਾ ਆਗੂ ਤੇਜਿੰਦਰ ਬੱਗਾ ਖਿਲਾਫ ਵੀ ਕੇਸ ਦਰਜ ਕੀਤੇ ਗਏ ਸਨ।

# ਲੋਕਾਂ ਨੂੰ ਹਕੀਕਤ ਸਮਝਣੀ ਪਵੇਗੀ: ਅਰੁੰਧਤੀ ਰਾਏ

## ਮੁਲਾਕਾਤ

***ਪ੍ਰਸਿੱਧ ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਚਿੰਤਾ ਪਬਲਿਸ਼ਰਜ਼ ਦੇ ਮੁੱਖ ਸੰਪਾਦਕ ਕੇ.ਐੱਸ. ਰੰਜੀਤ ਨਾਲ ਗੱਲਬਾਤ ਦੌਰਾਨ ਕਈ ਮੁੱਦਿਆਂ ਉਪਰ ਚਰਚਾ ਕੀਤੀ ਜਿਨ੍ਹਾਂ ਵਿਚ ਆਪਣੀਆਂ ਮਲਿਆਲੀ ਜੜ੍ਹਾਂ ਅਤੇ ਮਰਦਾਵੀਂ ਸੱਤਾ ਤੋਂ ਲੈ ਕੇ ਕੇਰਲ ਦੀ ਰਾਜਨੀਤੀ, ਹਿੰਦੂਤਵ, ਜਾਤੀ, ਕਾਰਪੋਰੇਟ ਲਾਲਚ, ਯੂਟਿਊਬਰਾਂ ਅਤੇ ਨੌਜਵਾਨ ਪੀੜ੍ਹੀ ਦੀ ਅੰਦਰੂਨੀ ਦੁਨੀਆ ਵਰਗੇ ਬਹੁਤ ਮਹੱਤਵਪੂਰਨ ਮੁੱਦੇ ਮੁੱਖ ਹਨ। ਇਹ ਮੁਲਾਕਾਤ ਹਫ਼ਤਾਵਾਰ 'ਦੇਸ਼ਅਭਿਮਾਨੀ' ਦੇ ਓਣਮ ਵਿਸ਼ੇਸ਼ ਅੰਕ 'ਚ ਛਪੀ। ਇਸ ਮੁਲਾਕਾਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਸਵਾਲ:** ਚਲੋ, ਕੇਰਲ ਦੇ ਤੁਹਾਡੇ ਪਿਛੋਕੜ ਨਾਲ ਜੁੜੇ ਸਵਾਲ ਤੋਂ ਸ਼ੁਰੂ ਕਰਦੇ ਹਾਂ। ਇੰਞ ਲੱਗਦਾ ਹੈ ਕਿ 'ਦਿ ਗੌਡ ਆਫ ਸਮਾਲ ਥਿੰਗਜ਼' ਤੁਹਾਡੇ ਸ਼ਾਂਤ ਵਿਅਕਤੀਗਤ ਅਨੁਭਵਾਂ ਨੂੰ ਦਰਸਾਉਂਦਾ ਹੈ... ਕੇਰਲ ਤੋਂ ਬਾਹਰ ਜੰਮੇ-ਪਲੇ ਵਿਅਕਤੀ ਦੇ ਰੂਪ 'ਚ ਕੀ ਤੁਹਾਡਾ ਅੰਦਰੂਨੀ ਸੁਭਾਅ ਅਜੇ ਵੀ ਖੁਦ ਨੂੰ ਕੇਰਲ ਨਾਲ ਮਜ਼ਬੂਤੀ ਨਾਲ ਜੋੜਦਾ ਹੈ?

**ਜਵਾਬ:** 'ਦਿ ਗੌਡ ਆਫ ਸਮਾਲ ਥਿੰਗਜ਼' ਜਿੰਨਾ ਸ਼ਾਂਤ ਅਤੇ ਵਿਅਕਤੀਗਤ ਹੈ, ਓਨਾ ਹੀ ਜਨਤਕ ਅਤੇ ਰਾਜਨੀਤਕ ਵੀ ਹੈ। ਮੇਰਾ ਜਨਮ ਸ਼ਿਲਾਂਗ ਵਿਚ ਹੋਇਆ ਪਰ ਮਾਪਿਆਂ (ਪਿਤਾ ਬੰਗਾਲੀ ਸਨ) ਦਾ ਤਲਾਕ ਉਦੋਂ ਹੋ ਗਿਆ ਸੀ ਜਦ ਮੇਰੀ ਉਮਰ ਤਿੰਨ ਸਾਲ ਤੋਂ ਵੀ ਘੱਟ ਸੀ। ਆਪਣਾ ਬਚਪਨ ਮੈਂ ਕੇਰਲ ਵਿਚ ਗੁਜ਼ਾਰਿਆ। ਆਏਮੇਨਮ ਅਤੇ ਕੋਟਿਅਮ ਵਿਚ। ਕੁਝ ਸਾਲ ਬੋਰਡਿੰਗ ਸਕੂਲ ਵਿਚ ਰਹੀ, ਛੁੱਟੀਆਂ 'ਚ ਹਮੇਸ਼ਾ ਘਰ ਆ ਜਾਂਦੀ ਸੀ। ਮੀਨਾਚਲ 'ਚ ਵੱਡੀ ਹੋਈ। ਫਰਾਟੇਦਾਰ ਮਲਿਆਲਮ ਬੋਲ, ਪੜ੍ਹ ਤੇ ਲਿਖ ਲੈਂਦੀ ਸੀ। ਉਨ੍ਹਾਂ ਦਿਨਾਂ 'ਚ ਦਰਅਸਲ ਸਾਨੂੰ ਮਲਿਆਲਮ ਬੋਲਣ ਲਈ ਸਜ਼ਾ ਦਿੱਤੀ ਜਾਂਦੀ ਸੀ ਅਤੇ ਅੰਗਰੇਜ਼ੀ 'ਚ ਗੱਲ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਮੈਂ ਏਨੇ ਲੰਮੇ ਸਮੇਂ ਤੋਂ ਇੱਥੋਂ ਦੂਰ ਰਹੀ ਹਾਂ ਕਿ ਮੇਰੀ ਮਲਿਆਲਮ ਥੋੜ੍ਹੀ ਵਿਗੜ ਗਈ ਹੈ। ਮੇਰਾ ਅੰਦਰੂਨੀ ਅਤੇ ਬਾਹਰੀ ਸੁਭਾਅ - ਦੋਨੋਂ ਪੂਰੀ ਤਰ੍ਹਾਂ ਕੇਰਲ ਨਾਲ ਇਕਮਿੱਕ ਹਨ। ਮੈਨੂੰ ਕੇਰਲ ਦਾ ਦ੍ਰਿਸ਼ ਪਸੰਦ ਹੈ। ਖਾਣਾ ਪਸੰਦ ਹੈ। ਸਭ ਤੋਂ ਵਧ ਕੇ ਮੈਨੂੰ ਇਸ ਗੱਲ ਉਪਰ ਮਾਣ ਹੈ ਕਿ ਜਿਵੇਂ ਇਸ ਨੇ ਮੁਲਕ ਦੇ ਬਾਕੀ ਹਿੱਸਿਆਂ 'ਚ ਜੋ ਕੁਝ ਹੋਇਆ ਹੈ, ਉਸ ਦਾ ਸਾਹਮਣਾ ਕੀਤਾ ਹੈ - ਹਿੰਦੂ ਸਰਬੋਤਮਵਾਦ ਦੀ ਇਹ ਲਹਿਰ ਜੋ ਸਾਡੇ ਉਪਰ ਹਾਵੀ ਹੋ ਗਈ ਹੈ। ਅਸੀਂ ਅਜਿਹੇ ਮਾਣਮੱਤੇ ਲੋਕ ਹਾਂ। ਅਸੀਂ ਇੱਥੇ ਫਾਸ਼ੀਵਾਦ ਦੀ ਘੋਰ ਮੂਰਖਤਾ ਦਾ ਸ਼ਿਕਾਰ ਨਹੀਂ ਹੋਏ।


**ਸਵਾਲ:** ਆਮ ਤੌਰ 'ਤੇ ਕੇਂਦਰੀ ਟ੍ਰਾਵਨਕੋਰ 'ਚ ਉਚ ਵਰਗ ਦੇ ਇਸਾਈ ਪਰਿਵਾਰ, ਬਹੁਤ ਰੂੜੀਵਾਦੀ ਸਮਾਜਿਕ ਅਤੇ ਰਾਜਨੀਤਕ ਮੁੱਲ ਬਰਕਰਾਰ ਰੱਖਦੇ ਹਨ ਪਰ ਅਸੀਂ ਸਾਰੇ ਉਸ ਲੜਾਈ ਬਾਰੇ ਜਾਣਦੇ ਹਾਂ ਜੋ ਤੁਹਾਡੇ ਮਾਤਾ ਜੀ ਨੇ ਮਰਦਾਵੀਂ ਸੱਤਾਵਾਦੀ ਪਰਿਵਾਰਕ ਪ੍ਰਬੰਧ ਦੇ ਖ਼ਿਲਾਫ਼ ਲੜੀ ਅਤੇ ਉਸ ਨਾਲ ਇਸਾਈ ਔਰਤਾਂ ਦੀ ਸਥਿਤੀ 'ਚ ਕਿਸ ਤਰ੍ਹਾਂ ਇਨਕਲਾਬੀ ਤਬਦੀਲੀ ਆਈ। ਕੀ ਇਹ ਤੁਹਾਡੇ ਅੰਦਰਲੀ ਰਾਜਨੀਤਕ ਸ਼ਖ਼ਸੀਅਤ ਅਤੇ ਕਾਰਕੁਨ ਨੂੰ ਜਗਾਉਂਦੀ ਹੈ?

**ਜਵਾਬ:** ਮੇਰੇ ਨਾਲ ਜੁੜਿਆ ਲੱਗਭੱਗ ਸਭ ਕੁਝ, ਵਿਅਕਤੀਗਤ ਤੇ ਨਾਲ ਹੀ ਰਾਜਨੀਤਕ ਰੂਪ 'ਚ, ਲੇਖਕ ਦੇ ਰੂਪ 'ਚ ਸਭ ਕੁਝ ਜੋ ਵੀ ਬਣਿਆ, ਉਹ ਸੀਰੀਆਈ ਇਸਾਈ ਭਾਈਚਾਰੇ 'ਚ ਪਰਵਰਿਸ਼ ਹੋਣ ਨਾਲ ਬਣਿਆ ਹੈ; ਉਹ ਹਮੇਸ਼ਾ ਯਾਦ ਦਿਵਾਉਂਦੇ ਰਹਿੰਦੇ ਸਨ ਕਿ ਅਸੀਂ, ਮੇਰਾ ਭਰਾ ਅਤੇ ਮੈਂ, 'ਸ਼ੁੱਧ' ਸੀਰੀਆਈ ਇਸਾਈ ਨਹੀਂ ਹਾਂ, ਕਿ ਅਸੀਂ 'ਬਾਹਰਲੇ' ਹਾਂ। ਇਹ ਬਹੁਤ ਮੁਸ਼ਕਿਲ ਸੀ। ਬਹੁਤ ਪਹਿਲਾਂ ਹੀ ਮੈਨੂੰ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਮੇਰਾ ਉਥੇ ਕੋਈ ਭਵਿੱਖ ਨਹੀਂ। ਮੇਰੀ ਮਾਂ ਨੇ ਮੈਨੂੰ ਅਜਿਹੇ ਤਰੀਕਿਆਂ ਨਾਲ ਪਾਲਿਆ ਜਿਸ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ। ਚੰਗੇ ਮਾੜੇ, ਹਰ ਤਰੀਕੇ ਨਾਲ ਪਾਲਿਆ। ਸਤਾਰਾਂ ਸਾਲ ਦੀ ਉਮਰ 'ਚ ਮੈਂ ਘਰ ਛੱਡ ਦਿੱਤਾ ਸੀ। ਮੈਂ ਦਿੱਲੀ 'ਚ ਆਰਕੀਟੈਕਚਰ ਸਕੂਲ ਵਿਚ ਦੂਜੇ ਸਾਲ 'ਚ ਸੀ ਅਤੇ ਮੈਂ ਘਰ ਜਾਣਾ ਬਿਲਕੁਲ ਬੰਦ ਕਰ ਦਿੱਤਾ। ਕਾਲਜ ਅਤੇ ਅਗਲੀ ਪੜ੍ਹਾਈ ਆਪਣੇ ਤਰੀਕੇ ਨਾਲ ਕੀਤੀ। ਲੱਗਭੱਗ ਸੱਤ ਸਾਲ ਬਾਅਦ ਪਰਤੀ। ਸੀਰੀਆਈ ਇਸਾਈ ਕਮਾਲ ਦਾ ਭਾਈਚਾਰਾ ਹੈ ਪਰ ਉਨ੍ਹਾਂ ਵਿਚੋਂ ਕਈ ਲੋਕ ਸੰਕੀਰਨ, ਅੰਧਰਾਸ਼ਟਰਵਾਦੀ, ਜਾਤੀਵਾਦੀ ਅਤੇ ਕੁਲੀਨ ਵਰਗ ਦੇ ਹਨ; ਤੇ ਨਿਸ਼ਚਿਤ ਤੌਰ 'ਤੇ ਮਰਦਾਵੇਂ ਸੱਤਾਵਾਦੀ ਵੀ ਹਨ। ਉਨ੍ਹਾਂ ਨੂੰ ਆਪਣੇ ਆਪ ਉਪਰ ਗਹਿਰੀ ਨਜ਼ਰ ਮਾਰਨ ਦੀ ਜ਼ਰੂਰਤ ਹੈ।

**ਸਵਾਲ:** ਪਰਿਵਾਰ ਦੀ ਸੰਸਥਾ, ਸਮਾਜ ਵਿਚ ਲੱਗਭੱਗ ਸਾਰੇ ਰਵਾਇਤੀ ਮੁੱਲਾਂ ਨੂੰ ਆਮ ਅਤੇ ਜਾਇਜ਼ ਬਣਾ ਰਹੀ ਹੈ। ਇਹ ਯਥਾਸਥਿਤੀ ਨੂੰ ਅੱਗੇ ਵਧਾਉਣ ਦਾ ਤੰਤਰ ਜਾਂ ਮਾਧਿਅਮ ਹੈ ਪਰ ਅਸੀਂ ਇਸ ਸੰਸਥਾ ਖਿਲਾਫ ਤਿੱਖੀ ਆਲੋਚਨਾ ਸ਼ਾਇਦ ਹੀ ਕਦੇ ਦੇਖਦੇ ਹਾਂ। ਅਜਿਹਾ ਕਿਉਂ?

**ਜਵਾਬ:** ਮੈਨੂੰ ਬਹੁਤ ਖ਼ੁਸ਼ੀ ਹੈ ਕਿ ਤੁਸੀਂ ਇਹ ਸਵਾਲ ਪੁੱਛਿਆ। ਇਹ ਅਜਿਹੀ ਚੀਜ਼ ਹੈ ਜਿਸ ਬਾਰੇ ਹਮੇਸ਼ਾ ਸੋਚਦੀ ਹਾਂ - ਪਰਿਵਾਰ ਦਾ ਮਹੱਤਵ ਜੋ ਸਾਰੇ ਪਾਸਿਆਂ ਤੋਂ ਸਾਡੇ ਸਾਹਮਣੇ ਆਉਂਦਾ ਹੈ; ਫਿਲਮਾਂ 'ਚ, ਸਾਹਿਤ 'ਚ, ਮੀਡੀਆ 'ਚ, ਟੀ.ਵੀ. ਉਪਰ, ਸੋਸ਼ਲ ਮੀਡੀਆ 'ਚ ਅਤੇ ਨਿਸ਼ਚਿਤ ਰੂਪ 'ਚ ਹਕੀਕੀ ਜ਼ਿੰਦਗੀ 'ਚ ਇਹ ਸਾਹਮਣੇ ਆਉਂਦਾ ਹੈ। ਇਹ ਮੈਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਜਿਵੇਂ ਤੁਸੀਂ ਮੇਰੀਆਂ ਹੁਣ ਤੱਕ ਦੀਆਂ ਕਿਤਾਬਾਂ ਦੇਖ ਸਕਦੇ ਹੋ (ਆਉਣ ਵਾਲੀਆਂ ਕਿਤਾਬਾਂ 'ਚ ਵੀ ਦੇਖੋਗੇ)- 'ਦਿ ਗੌਡ ਆਫ ਸਮਾਲ ਥਿੰਗਜ਼' ਵਿਚ ਇਸ ਉਪਰ ਗੱਲ ਹੈ ਪਰ ਸਭ ਤੋਂ ਖ਼ਾਸ ਤੌਰ 'ਤੇ 'ਦਿ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ' ਵਿਚ ਹੈ; ਪਰਿਵਾਰ ਦੇ ਵਿਚਾਰ ਉਪਰ ਡੂੰਘਾਈ 'ਚ, ਮੌਲਿਕ ਰੂਪ 'ਚ ਸਵਾਲ ਉਠਾਏ ਗਏ ਹਨ। ਇਹ ਚੀਜ਼ਾਂ ਨੂੰ ਦੇਖਣ ਦਾ ਸਭ ਤੋਂ ਰੂੜੀਵਾਦੀ ਪ੍ਰਿਜ਼ਮ ਹੈ, ਇਹ ਰੂੜੀਆਂ ਨੂੰ ਡੂੰਘਾ ਕਰਦਾ ਹੈ, ਇਹ ਮਾਂ-ਪਿਓ ਦੇ ਨਿਰਸਵਾਰਥ ਦੇ ਨਾਂ 'ਤੇ ਹਰ ਤਰ੍ਹਾਂ ਦੇ ਸਵਾਰਥ ਨੂੰ ਸਹੀ ਠਹਿਰਾਉਂਦਾ ਹੈ। ਸਭ ਤੋਂ ਵਧ ਕੇ ਇਹ ਜਾਤੀ ਦੇ ਲੋਹ ਬਰੈਂਡ ਨੂੰ ਕਾਇਮ ਰੱਖਦਾ ਹੈ ਜੋ ਭਾਰਤੀ ਸਮਾਜ ਦੀ ਸਭ ਤੋਂ ਘਿਨਾਉਣੀ, ਸਥਿਰ ਅਤੇ ਘਾਤਕ ਚੀਜ਼ ਹੈ। 'ਪਰਿਵਾਰ' ਦੇ ਵਿਚਾਰ ਉਪਰ ਸਵਾਲ ਸਿਰਫ਼ ਫਿਰ ਹੀ ਉਠਾਇਆ ਜਾਂਦਾ ਹੈ ਜਦ ਪਰਿਵਾਰਵਾਦੀ ਰਾਜਨੀਤੀ ਦੀ ਗੱਲ ਆਉਂਦੀ ਹੈ; ਤੇ ਉਥੇ ਵੀ ਕੁਝ ਪਰਿਵਾਰ ਕਬੂਲ/ਸਵੀਕਾਰ ਹਨ, ਤੇ ਕੁਝ ਨਹੀਂ। ਇਹ ਠੀਕ ਹੈ, ਹਰ ਤਰ੍ਹਾਂ ਨਾਲ ਇਸ ਉਪਰ ਸਵਾਲ ਉਠਾਏ ਜਾਣੇ ਚਾਹੀਦੇ ਹਨ ਪਰ ਉਨ੍ਹਾਂ ਸਾਰੇ ਪਰਿਵਾਰਵਾਦੀਆਂ ਨੂੰ ਘੱਟੋ-ਘੱਟ ਚੋਣ ਤਾਂ ਜਿੱਤਣੀ ਹੀ ਪੈਂਦੀ ਹੈ, ਉਨ੍ਹਾਂ ਨੂੰ ਸੰਸਦ ਵਿਚ ਆਪਣੇ ਮਾਂ-ਪਿਓ ਦੀਆਂ ਸੀਟਾਂ ਵਿਰਾਸਤ ਵਿਚ ਨਹੀਂ ਮਿਲਦੀਆਂ। ਸਾਡੇ ਮਹਾਨ ਕਾਰਪੋਰੇਟਾਂ/ਕਾਰਪੋਰੇਸ਼ਨਾਂ ਬਾਰੇ ਕੀ ਕਹੋਗੇ ਜੋ ਸੱਚੀਮੁੱਚੀ ਸਾਡੇ ਮੁਲਕ ਦੇ ਮਾਲਕ ਬਣੇ ਬੈਠੇ ਹਨ? ਉਹ ਸਾਰੀਆਂ ਪਰਿਵਾਰਕ ਮਾਲਕੀ ਵਾਲੀਆਂ ਹਨ ਅਤੇ ਉਨ੍ਹਾਂ ਨੂੰ ਪਰਿਵਾਰ ਹੀ ਚਲਾਉਂਦਾ ਹੈ। ਲੱਗਭੱਗ ਸਾਰੀਆਂ ਹੀ ਵੱਡੇ ਪਰਿਵਾਰਕ ਮਾਲਕੀ ਵਾਲੀਆਂ ਕਾਰਪੋਰੇਸ਼ਨਾਂ ਖ਼ਾਸ ਵਪਾਰੀ ਜਾਤੀ ਨਾਲ ਸਬੰਧਿਤ ਹਨ। ਪੀੜ੍ਹੀ-ਦਰ-ਪੀੜ੍ਹੀ ਜਮ੍ਹਾਂ ਹੋਣ ਵਾਲੇ ਸਰਮਾਏ ਅਤੇ ਉਸ ਦੀ ਅਸ਼ਲੀਲ ਮਾਤਰਾ... ਤੇ ਇਸ ਬਾਰੇ ਕੋਈ ਸਵਾਲ ਨਹੀਂ ਪੁੱਛਦਾ।






*ਆਪਣੀ ਗੱਲ ਧੜੱਲੇ ਨਾਲ ਰੱਖਣ ਦੀ ਜੁਰਅਤ ਕਰਨ ਵਾਲੀ ਲੇਖਕਾ ਤੇ ਕਾਰਕੁਨ ਅਰੁੰਧਤੀ ਰਾਏ ਅਤੇ (ਸੱਜੇ) ਉਸ ਦਾ ਪਹਿਲਾ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼'।*

**ਸਵਾਲ:** ਨੌਕਰੀ ਅਤੇ ਮੌਕਿਆਂ ਦੀ ਭਾਲ 'ਚ ਕੇਰਲ ਵਾਸੀ ਇਸ ਧਰਤੀ 'ਤੇ ਕਿਤੇ ਵੀ ਪਹੁੰਚ ਸਕਦੇ ਹਨ। ਇਹ ਗੱਲ ਖ਼ਾਸ ਤੌਰ 'ਤੇ ਕੇਂਦਰੀ ਟ੍ਰਾਵਨਕੋਰ ਦੇ ਲੋਕਾਂ ਬਾਰੇ ਸੱਚ ਹੈ। ਇਸ ਜਗ੍ਹਾ ਤੋਂ ਆਉਣ ਵਾਲੇ ਵਿਅਕਤੀ ਦੇ ਤੌਰ 'ਤੇ, ਤੁਸੀਂ ਇਸ ਗੱਲ 'ਤੇ ਗ਼ੌਰ ਕੀਤਾ ਹੋਵੇਗਾ ਪਰ ਅਸੀਂ ਆਮ ਤੌਰ 'ਤੇ ਇਸ ਸਮਰੱਥਾ ਨਿਰਮਾਣ ਦੇ ਪਿਛਲੇ ਸਮਾਜਿਕ ਇਤਿਹਾਸ ਨੂੰ ਭੁੱਲ ਜਾਂਦੇ ਹਾਂ। ਸਮਾਜਿਕ ਸੁਧਾਰ ਅੰਦੋਲਨ, ਜ਼ਮੀਨੀ ਸੁਧਾਰ, ਜਨਤਕ ਸਿੱਖਿਆ ਪ੍ਰਣਾਲੀ ਅਤੇ ਮੁੱਢਲੇ ਸਿਹਤ ਕੇਂਦਰਾਂ ਦਾ ਵਿਕਾਸ... ਇਨ੍ਹਾਂ ਸਾਰੇ ਕਾਰਕਾਂ ਨੇ ਇਸ ਦੁਨੀਆ 'ਚ ਕਿਤੇ ਵੀ ਮੁਕਾਬਲਾ ਕਰਨ ਦੀ ਮੁਹਾਰਤ ਮੈਟਰਿਕਸ ਨਾਲ ਮਨੁੱਖੀ ਵਸੀਲਿਆਂ ਨੂੰ ਵਿਕਸਤ ਕਰਨ 'ਚ ਭੂਮਿਕਾ ਨਿਭਾਈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ?

**ਜਵਾਬ:** ਬਿਲਕੁਲ ਸਹਿਮਤ ਹਾਂ। ਚਾਹੇ ਮੇਰੇ ਉਪਰ ਅਤੀਤ 'ਚ ਮਾਰਕਸਵਾਦੀ ਪਾਰਟੀ ਦੀ ਆਲੋਚਕ ਹੋਣ ਦਾ ਇਲਜ਼ਾਮ ਲਾਇਆ ਗਿਆ ਹੋਵੇ ਪਰ ਮੈਂ ਹਕੀਕਤ 'ਚ ਜ਼ਿਆਦਾਤਰ ਉਨ੍ਹਾਂ ਦੀ ਪ੍ਰਸ਼ੰਸਕ ਹੀ ਹਾਂ। ਉਨ੍ਹਾਂ ਸਾਰੇ ਸੁਧਾਰਾਂ ਨੇ ਕੇਰਲ ਨੂੰ ਨਾ ਸਿਰਫ਼ ਭਾਰਤ ਵਿਚ ਸਗੋਂ ਪੂਰੀ ਦੁਨੀਆ 'ਚ ਅਨੂਠਾ ਸਥਾਨ ਬਣਾ ਦਿੱਤਾ ਹੈ। ਅਜਿਹੀਆਂ ਕਈ ਚੀਜ਼ਾਂ ਹਨ ਜਿਨ੍ਹਾਂ ਬਾਰੇ ਸਾਨੂੰ ਅਜੇ ਵੀ ਫ਼ਿਕਰ ਕਰਨ ਦੀ ਜ਼ਰੂਰਤ ਹੈ ਪਰ ਜਿੱਥੇ ਵੀ ਸਾਨੂੰ ਇਸ ਦਾ ਸਿਹਰਾ ਦੇਣਾ ਚਾਹੀਦਾ ਹੈ, ਉਹ ਦੇਣਾ ਹੀ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਸਿੱਖਿਆ ਜਿਸ ਵਿਚ ਇਸਾਈਆਂ ਨੇ ਵੀ ਬਹੁਤ ਯੋਗਦਾਨ ਪਾਇਆ ਹੈ, ਤੇ ਜ਼ਮੀਨੀ ਸੁਧਾਰ ਅਤੇ ਰਾਜਨੀਤਕ ਜਾਗਰੂਕਤਾ ਨੇ ਸਾਰੇ ਮਲਿਆਲੀਆਂ ਨੂੰ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਥੋੜ੍ਹਾ ਮਾਰਕਸਵਾਦੀ ਬਣਾ ਦਿੱਤਾ ਹੈ। ਕੋਈ ਵੀ ਉਨ੍ਹਾਂ ਨਾਲ ਖਿਲਵਾੜ ਨਹੀਂ ਕਰ ਸਕਦਾ। ਇਸ ਲਈ ਮੈਨੂੰ ਵੀ ਲੱਗਦਾ ਹੈ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਮਾਰਕਸਵਾਦੀ ਪਾਰਟੀ ਅਤੇ ਕਾਂਗਰਸ ਪਾਰਟੀ ਵਾਰੀ-ਵਾਰੀ ਸੱਤਾ ਵਿਚ ਰਹਿਣ। ਉਨ੍ਹਾਂ ਨੂੰ ਇਕ ਦੂਜੇ ਦਾ ਸਨਮਾਨ/ਸਤਿਕਾਰ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਇਕ ਦੂਜੇ ਨਾਲ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਸੌਖਾ ਨਹੀਂ ਪਰ ਅਜਿਹਾ ਹੋਣਾ ਹੀ ਚਾਹੀਦਾ ਹੈ। ਇਉਂ ਹੀ ਅਸੀਂ ਜੋ ਕੁਝ ਪੱਛਮੀ ਬੰਗਾਲ ਵਿਚ ਮਾਰਕਸਵਾਦੀ ਪਾਰਟੀ ਨਾਲ ਹੋਇਆ, ਉਸ ਤੋਂ ਬਚ ਸਕਦੇ ਹਾਂ। ਚਾਲੀ ਸਾਲਾਂ ਦੀ ਲਗਾਤਾਰ ਸੱਤਾ ਨੇ ਬੰਗਾਲ 'ਚ ਸੀ.ਪੀ.ਐੱਮ. ਨੂੰ ਖ਼ਤਮ ਕਰ ਦਿੱਤਾ ਅਤੇ ਭਾਜਪਾ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ। ਨਰੋਈ ਵਿਰੋਧੀ ਧਿਰ ਬਹੁਤ ਮਹੱਤਵਪੂਰਨ ਹੈ। ਸਾਨੂੰ ਇਸ ਦੀ ਜ਼ਰੂਰਤ ਹੈ ਤਾਂ ਕਿ ਫਾਸ਼ੀਵਾਦੀਆਂ ਨੂੰ ਦਰਾੜਾਂ 'ਚ ਘੁਸਣ ਤੋਂ ਰੋਕਿਆ ਜਾ ਸਕੇ। ਜੇ ਮਾਰਕਸਵਾਦੀ ਜਾਂ ਕਾਂਗਰਸ ਪਾਰਟੀ ਸੱਤਾ 'ਚ ਬਹੁਤ ਸਾਲ ਬਿਤਾਉਣ ਕਾਰਨ ਜਾਂ ਸੱਤਾ ਤੋਂ ਬਾਹਰ ਰਹਿਣ ਕਰ ਕੇ ਖਿੰਡਣ ਲੱਗੇ ਤਾਂ ਫਾਸ਼ੀਵਾਦੀ ਘੁਸ ਜਾਣਗੇ; ਜੇ ਇਕ ਵਾਰ ਜਦ ਉਹ ਸੱਤਾ 'ਚ ਆ ਗਏ ਤਾਂ ਤੇਜ਼ੀ ਨਾਲ ਅੱਗੇ ਵਧਦੇ ਜਾਣਗੇ।

**ਸਵਾਲ:** ਇਤਿਹਾਸਕ ਤੌਰ 'ਤੇ ਕੇਰਲ ਦਾ ਨਾਗਰਿਕ ਸਮਾਜ (ਸਿਵਲ ਸੁਸਾਇਟੀ) ਬਹੁਤ ਜ਼ਿਆਦਾ ਰਾਜਨੀਤਕ ਰਿਹਾ ਹੈ। ਅਸੀਂ ਚਾਹ ਤੇ ਨਾਈ ਦੀਆਂ ਦੁਕਾਨਾਂ ਅਤੇ ਪੇਂਡੂ ਇਲਾਕਿਆਂ ਦੀ ਹਰ ਨੁੱਕਰ ਤੇ ਗਲੀ-ਮੁਹੱਲੇ 'ਚ ਗੰਭੀਰ ਰਾਜਨੀਤਕ ਚਰਚਾ ਦੇਖ ਸਕਦੇ ਹਾਂ। ਕੈਂਪਸਾਂ 'ਚ ਸਰਗਰਮ ਵਿਦਿਆਰਥੀ ਰਾਜਨੀਤੀ ਦੀ ਮੌਜੂਦਗੀ ਹੋਰ ਗੱਲ ਹੈ ਪਰ ਸਰਮਾਏ ਦੇ ਪ੍ਰਵੇਸ਼ ਨਾਲ ਕੇਰਲ ਦਾ ਸਮਾਜ ਸ਼ਾਸਤਰ ਬਦਲ ਰਿਹਾ ਹੈ; ਤੇ ਇਹ ਰਾਜਨੀਤਕ ਦ੍ਰਿਸ਼ 'ਚ ਵੀ ਨਜ਼ਰ ਆਉਂਦਾ ਹੈ। ਨੌਜਵਾਨ ਪੀੜ੍ਹੀ ਰਾਜਨੀਤਕ ਜਾਂ ਸਮਾਜਿਕ ਮੁੱਦਿਆਂ ਬਾਰੇ ਜ਼ਿਆਦਾ ਫ਼ਿਕਰਮੰਦ ਨਹੀਂ। ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ? ਕੀ ਮਨੁੱਖ ਲਈ ਰਾਜਨੀਤੀ ਤੋਂ ਹਮੇਸ਼ਾ ਲਈ ਦੂਰ ਰਹਿਣਾ ਵਿਹਾਰਕ ਤੌਰ 'ਤੇ ਸੰਭਵ ਹੈ?

**ਜਵਾਬ:** ਮੈਂ ਹੈਰਾਨ ਹਾਂ ਕਿ ਕੇਰਲ ਵਿਚ ਨੌਜਵਾਨ ਪੀੜ੍ਹੀ ਰਾਜਨੀਤਕ ਤੌਰ 'ਤੇ ਜਾਗਰੂਕ ਨਹੀਂ; ਮੈਨੂੰ ਤਾਂ ਇਸ ਤੋਂ ਉਲਟ ਲੱਗਦਾ ਹੈ। ਉਂਝ, ਤੁਸੀਂ ਬਿਹਤਰ ਜਾਣਦੇ ਹੋਵੋਗੇ। ਜੇ ਇਹ ਸੱਚ ਹੈ ਜੋ ਤੁਸੀਂ ਕਹਿ ਰਹੇ ਹੋ ਤਾਂ ਅਸੀਂ ਵਾਕਈ ਮੁਸ਼ਕਿਲ ਵਿਚ ਹਾਂ, ਵੱਡੀ ਮੁਸੀਬਤ 'ਚ ਹਾਂ। ਕੇਰਲ 'ਚ ਆਬਾਦੀ ਦੀ ਧਾਰਮਿਕ ਤੇ ਸਮਾਜਿਕ ਬਣਤਰ ਅਤੇ ਇਕ-ਦੂਜੇ ਨਾਲ ਉਨ੍ਹਾਂ ਦੇ ਰਿਸ਼ਤੇ, ਭਾਰਤ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਵਿਲੱਖਣ ਹਨ। ਜੇ ਇਹ ਲਾਲਚ ਅਤੇ ਮੂਰਖਤਾ ਨਾਲ ਵਿਗੜ ਜਾਂਦੇ ਹਨ ਤਾਂ ਅਸੀਂ ਤਬਾਹੀ ਵੱਲ ਜਾ ਰਹੇ ਹੋਵਾਂਗੇ। ਭਾਜਪਾ ਅਤੇ ਉਸ ਦੇ ਕਾਰਪੋਰੇਟ ਜੋਟੀਦਾਰ ਫਿਰਕਿਆਂ, ਜਾਤੀਆਂ, ਧਰਮਾਂ ਨੂੰ ਇਕ-ਦੂਜੇ ਵਿਰੁੱਧ ਖੜ੍ਹਾ ਕਰਨ ਦੇ ਹਰ ਮੌਕੇ ਦਾ ਫ਼ਾਇਦਾ ਉਠਾਉਣਗੇ। ਇਹ ਈ.ਡੀ. ਦੀ ਘੁਰਕੀ ਦੇ ਕੇ ਲੋਕਾਂ ਨੂੰ ਬਲੈਕਮੇਲ ਕਰਨਗੇ। ਇਸ ਵਿਚ ਧਾਰਮਿਕ ਆਗੂ ਵੀ ਸ਼ਾਮਲ ਹਨ। ਕੇਰਲ ਵਿਚ ਪੈਰ ਜਮਾਉਣ ਲਈ ਇਸ ਨੂੰ ਇਸਾਈਆਂ ਦੀ ਜ਼ਰੂਰਤ ਹੈ। ਇਸ ਲਈ ਹਾਲਾਂਕਿ ਇਸ ਰਾਜ ਦੇ ਗੁੰਡੇ ਭਾਰਤ ਦੇ ਬਾਕੀ ਹਿੱਸਿਆਂ 'ਚ ਚਰਚ ਸਾੜ ਰਹੇ ਹਨ ਅਤੇ ਯਿਸੂ ਦੇ ਬੁੱਤ/ਮੂਰਤੀਆਂ ਤੋੜ ਰਹੇ ਹਨ - ਮਨੀਪੁਰ, ਛੱਤੀਸਗੜ੍ਹ, ਗੁਜਰਾਤ ਨੂੰ ਦੇਖੋ ਪਰ ਉਹ ਕੇਰਲ ਵਿਚ ਇਸਾਈਆਂ ਨੂੰ ਭਰਮਾਉਣ ਜਾਂ ਉਨ੍ਹਾਂ ਉਪਰ ਦਬਾਅ ਪਾਉਣ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ 'ਚ ਚਰਚਾ ਉਪਰ ਸੈਂਕੜੇ ਹਮਲੇ ਹੋਏ ਹਨ। ਲੋਕਾਂ ਨੂੰ ਸਮਝਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਵਿਡੰਬਨਾ ਹੋਵੇਗੀ ਅਤੇ ਇਸਾਈ ਧਰਮ ਨਾਲ ਸਭ ਤੋਂ ਵੱਡਾ ਧ੍ਰੋਹ ਹੋਵੇਗਾ ਜੇ ਕੇਰਲ ਦੇ ਸੀਰੀਆਈ ਇਸਾਈ ਹੀ ਹਿੰਦੂ ਧੌਂਸਬਾਜ਼ਾਂ ਨੂੰ ਕੇਰਲ ਵਿਚ ਸੱਦਣ ਵਾਲੇ ਬਣ ਜਾਂਦੇ ਹਨ। ਜਦ ਮੈਂ ਕੁਝ ਪਾਦਰੀਆਂ ਅਤੇ ਬਿਸ਼ਪਾਂ ਨੂੰ ਭਾਜਪਾ ਦੀ ਤਾਰੀਫ਼ ਕਰਦੇ ਜਾਂ ਉਸ ਨਾਲ ਸੌਦੇਬਾਜ਼ੀ ਕਰਦੇ ਸੁਣਦੀ ਹਾਂ ਤਾਂ ਮੈਂ ਉਨ੍ਹਾਂ ਦੀ ਤੰਗਨਜ਼ਰੀ ਦੇਖ ਕੇ ਹੈਰਾਨ ਰਹਿ ਜਾਂਦੀ ਹਾਂ।

**ਸਵਾਲ:** ਉਤਰ ਭਾਰਤ ਦੇ ਰਾਜਾਂ ਅਤੇ ਦੱਖਣੀ ਭਾਰਤ ਦੇ ਰਾਜਾਂ ਵਿਚ ਮਨੁੱਖੀ ਜੀਵਨ ਸੂਚਕ ਅੰਕ ਵਿਚ ਬਹੁਤ ਫ਼ਰਕ ਹੈ। ਇਸ ਵਕਤ ਦੱਖਣੀ ਭਾਰਤੀ ਰਾਜਾਂ ਵਿਚ ਭਾਜਪਾ ਦੀ ਮਾੜੀ ਕਾਰਗੁਜ਼ਾਰੀ ਨੂੰ ਇਸ ਕਾਰਕ ਨਾਲ ਜੋੜ ਕੇ ਚਰਚਾ ਚੱਲ ਰਹੀ ਹੈ। ਉਤਰੀ ਭਾਰਤ ਵਿਚ ਰਹਿ ਰਹੇ ਅਤੇ ਦੱਖਣ ਵਿਚ ਜੜ੍ਹਾਂ ਵਾਲੇ ਵਿਅਕਤੀ ਦੇ ਰੂਪ 'ਚ, ਤੁਹਾਡੀ ਰਾਇ ਕੀ ਹੈ?

**ਜਵਾਬ:** ਲੋਕਾਂ ਦੀ ਉਨ੍ਹਾਂ ਦੇ ਹੱਕਾਂ ਪ੍ਰਤੀ ਰਾਜਨੀਤਕ ਜਾਗਰੂਕਤਾ ਦੀ ਜ਼ੋਰਦਾਰ ਭਾਵਨਾ ਨੇ ਉਨ੍ਹਾਂ ਨੂੰ ਹੁਣ ਤੱਕ ਦੱਖਣ ਤੋਂ ਦੂਰ ਰੱਖਿਆ ਹੈ। ਨਾਲ ਹੀ ਤਾਮਿਲਨਾਡੂ ਵਰਗੇ ਥਾਵਾਂ 'ਤੇ ਜਾਤੀ ਵਿਰੋਧੀ ਸੰਘਰਸ਼ਾਂ ਦੇ ਲੰਮੇ ਇਤਿਹਾਸ ਨੇ ਲੋਕਾਂ ਨੂੰ ਇਹ ਅਹਿਸਾਸ ਕਰਾਇਆ ਹੈ ਕਿ ਹਿੰਦੂ ਰਾਸ਼ਟਰਵਾਦ ਅਸਲ ਵਿਚ ਕੀ ਹੈ। ਇਹ ਕੁਝ ਹੋਰ ਨਹੀਂ ਸਗੋਂ ਜਾਤੀਗਤ ਗ਼ਲਬਾ ਬਰਕਰਾਰ ਰੱਖਣ ਲਈ ਘੁਸਪੈਠ ਦਾ ਹਥਿਆਰ ਹੈ। ਮੈਨੂੰ ਲੱਗਦਾ ਹੈ ਕਿ ਇਸ ਨਿਜ਼ਾਮ ਨਾਲ ਮੁੱਖਧਾਰਾ ਦੇ ਮੀਡੀਆ ਦੀ ਮਿਲੀਭੁਗਤ ਨੇ ਸਾਡੇ ਮੁਲਕ ਦੀ ਅਸਲ ਸਥਿਤੀ ਉਪਰ ਪਰਦਾ ਪਾ ਦਿੱਤਾ ਹੈ। ਜਦ ਓੜਕ ਇਹ ਸਭ ਉਜਾਗਰ ਹੋ ਜਾਵੇਗਾ ਤਾਂ ਤਬਾਹੀ ਦੇ ਪੱਧਰ ਨੂੰ ਅਸੀਂ ਉਦੋਂ ਦੇਖ ਸਕਾਂਗੇ... ਆਰਥਿਕਤਾ ਮੰਦੇ ਹਾਲ ਹੈ। ਸਿਹਤ ਸੇਵਾ ਤੇ ਸਿੱਖਿਆ ਸੰਕਟ 'ਚ ਹੈ। ਸਮਾਜਿਕ ਨਿਆਂ ਦੀ ਦਿਸ਼ਾ 'ਚ ਚੁੱਕਿਆ ਗਿਆ ਹਰ ਛੋਟਾ ਕਦਮ ਉਲਟਾ ਦਿੱਤਾ ਗਿਆ ਹੈ। ਗ਼ਰੀਬ ਦਲਿਤ ਅਤੇ ਓ.ਬੀ.ਸੀ. ਵਿਦਿਆਰਥੀਆਂ ਨੂੰ ਸਿੱਖਿਆ ਪ੍ਰਬੰਧ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਸਿਹਤ ਸੇਵਾਵਾਂ ਬਹੁਤ ਮਹਿੰਗੀਆਂ ਹਨ। ਜ਼ਿਆਦਾਤਰ ਪ੍ਰਾਈਵੇਟ ਹਸਪਤਾਲਾਂ 'ਚ ਜਾਣਾ ਆਪਣੇ ਆਪ 'ਚ ਵੱਖਰੀ ਤਰ੍ਹਾਂ ਦਾ ਨਰਕ ਹੈ ਜਿੱਥੇ ਡਾਕਟਰ ਤੁਹਾਨੂੰ ਲੁੱਟਣ ਅਤੇ ਠੱਗਣ ਲਈ ਬੈਠੇ ਹਨ, ਤੁਹਾਡਾ ਇਲਾਜ ਕਰਨ ਲਈ ਨਹੀਂ। ਸਾਡੇ ਸੰਵਿਧਾਨ ਨੂੰ ਸਾਰੇ ਵਿਹਾਰਕ ਉਦੇਸ਼ਾਂ ਲਈ ਪਹਿਲਾਂ ਹੀ ਗ਼ੈਰ-ਰਸਮੀ ਰੂਪ 'ਚ ਦਰਕਿਨਾਰ ਕਰ ਦਿੱਤਾ ਗਿਆ ਹੈ। ਨਵੇਂ ਫ਼ੌਜਦਾਰੀ ਕਾਨੂੰਨ ਅਣਐਲਾਨੀ ਸਥਾਈ ਐਮਰਜੈਂਸੀ ਹਨ। ਅਸੀਂ ਪੁਲਿਸ ਰਾਜ ਵਿਚ ਰਹਿ ਰਹੇ ਹਾਂ। ਹਰ ਸੰਸਥਾ ਖੋਖਲਾ ਕਰ ਦਿੱਤੀ ਗਈ ਹੈ... ਯੂਨੀਵਰਸਿਟੀਆਂ ਦੀ ਹਾਲਤ ਖ਼ਾਸ ਤੌਰ 'ਤੇ ਦਿਲ ਦਹਿਲਾ ਦੇਣ ਵਾਲੀ ਹੈ। ਇਹ ਯੂਨੀਵਰਸਿਟੀਆਂ (ਦਿੱਲੀ ਯੂਨੀਵਰਸਿਟੀ, ਜੇਐੱਨਯੂ) ਸਾਰੀਆਂ ਮਹਾਨ ਥਾਵਾਂ ਸਨ, ਹੁਣ ਇਨ੍ਹਾਂ ਸਭ ਨੂੰ ਅਜਿਹਾ ਨਿਜ਼ਾਮ ਮਿੱਟੀ 'ਚ ਮਿਲਾ ਰਿਹਾ ਹੈ ਜੋ ਬੁੱਧੀਜੀਵੀਆਂ ਨੂੰ ਨਫ਼ਰਤ ਕਰਦਾ ਹੈ, ਵਿਗਿਆਨ ਨੂੰ ਨਫ਼ਰਤ ਕਰਦਾ ਹੈ, ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਨਫ਼ਰਤ ਕਰਦਾ ਹੈ; ਕਿਸਾਨਾਂ, ਬੁਣਕਰਾਂ, ਸੰਗੀਤਕਾਰਾਂ, ਲੇਖਕਾਂ ਦੀ ਬੁੱਧੀਮਾਨੀ - ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਖ਼ਤਰੇ ਦੇ ਰੂਪ 'ਚ ਦੇਖਿਆ ਜਾਂਦਾ ਹੈ। ਅੱਜ ਜਾਅਲੀ ਖ਼ਬਰ ਉਦਯੋਗ ਇਸ ਨੂੰ ਕੁਝ ਹੋਰ ਹੀ ਦਿਖਾ ਰਿਹਾ ਹੈ। ਹਾਲਾਂਕਿ ਹੁਣ ਜਦ ਪੂਰਨ, ਤਾਨਾਸ਼ਾਹ ਕੰਟਰੋਲ ਖ਼ਤਮ ਹੋ ਗਿਆ ਹੈ ਤਾਂ ਘੁਟਾਲੇ ਸਾਹਮਣੇ ਆ ਰਹੇ ਹਨ, ਹਰ ਘੁਟਾਲਾ ਇਕ ਦੂਜੇ ਤੋਂ ਬਦਤਰ ਹੈ।

ਇਸ ਲਈ ਦਿੱਲੀ ਵਿਚ ਰਹਿਣ ਵਾਲੇ ਮਲਿਆਲੀ ਦੇ ਰੂਪ 'ਚ ਜਦ ਮੈਂ ਕੇਰਲ ਆਉਂਦੀ ਹਾਂ - ਮੈਂ ਸੜਕ ਉਪਰ ਹਰ ਬੰਦੇ ਨੂੰ ਰੋਕ ਕੇ ਉਤਰੀ ਭਾਰਤ ਦੀ ਭਿਆਨਕਤਾ ਦਾ ਵਰਨਣ ਕਰਨਾ ਚਾਹੁੰਦੀ ਹਾਂ ਅਤੇ ਕਹਿਣਾ ਚਾਹੁੰਦੀ ਹਾਂ, "ਤੁਹਾਨੂੰ ਅਜਿਹਾ ਹੋਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।"

***(ਬਾਕੀ ਅਗਲੇ ਅੰਕ ਵਿਚ)***

# ਗੀਤਾਂ ਰਾਹੀਂ ਵਿਵਸਥਾ ਨੂੰ ਵੰਗਾਰਨ ਵਾ.ਲਾ - ਮੱਖਣ ਲੁਹਾਰ

'ਸੌ ਸੁਨਾਰ ਦੀ ਤੇ ਇਕ ਲੁਹਾਰ ਦੀ' ਇਸ ਕਹਾਵਤ ਦਾ ਵਿਸ਼ਵ ਪ੍ਰਸਿੱਧ ਗੀਤਕਾਰ/ਕਵੀ ਮੱਖਣ ਲੁਹਾਰ ਦੀ ਸ਼ਾਇਰੀ ਪੜ੍ਹਦਿਆਂ ਹੀ ਬਾਖ਼ੂਬੀ ਅਹਿਸਾਸ ਹੋ ਜਾਂਦਾ ਹੈ ਤੇ ਲਗਦਾ ਹੈ ਜਿਵੇਂ ਇਹ ਕਹਾਵਤ ਉਸ ਦੀ ਕਵਿਤਾ ਲਈ ਹੀ ਕਹੀ ਗਈ ਹੋਵੇ। ਮੱਖਣ ਲੁਹਾਰ ਦੀ ਸ਼ਾਇਰੀ ਪੜ੍ਹ ਸੁਣ ਕੇ ਭਾਵੇਂ ਬਹੁਤੇ ਉਸ ਨੂੰ ਰੋਮਾਂਸਵਾਦੀ ਤੇ ਬਿਰਹਾਮਈ ਗੀਤਕਾਰ ਹੀ ਗਰਦਾਨਦੇ ਹੋਣ ਪਰ ਮੈਂ ਮਹਿਸੂਸਦਾ ਹਾਂ ਕਿ ਉਸ ਦੀ ਕਲਮ 'ਚ ਕ੍ਰਾਂਤੀ ਦੀ ਅੱਗ ਹੈ, ਸਮਾਜਿਕ ਉਚ-ਨੀਚ ਵਾ.ਲੀ ਭਾਵਨਾ ਦੇ ਖ਼ਿਲਾਫ਼ ਵਿਦਰੋਹ ਹੈ, ਆਰਥਿਕ ਪਾੜੇ ਵਾ.ਲੀ ਵਿਵਸਥਾ ਵਿਰੁੱਧ ਬਗ਼ਾਵਤ ਹੈ, ਲੋਟੂ ਰਾਜਨੀਤਿਕ ਤਾਣੇ-ਬਾਣੇ ਦੇ ਖ਼ਿਲਾਫ਼ ਸੰਗਰਾਮ ਹੈ।

ਪੰਜਾਬੀ ਦੇ ਹਰਦਿਲ ਅਜੀਜ਼ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਸੀ, "ਮੈਨੂੰ ਹੀਰੇ-ਹੀਰੇ ਆਖੇ ਹਾਏ ਨੀ ਮੁੰਡਾ ਲੰਬੜਾਂ ਦਾ" ਤਾਂ ਲੋਕ ਕਵੀ ਗੁਰਦਾਸ ਰਾਮ ਆਲਮ ਨੇ ਲਿਖਿਆ ਸੀ, "ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ ਲੰਬੜਾਂ ਦੀ ਕੰਧ ਟੱਪ ਕੇ"। ਮੱਖਣ ਲੁਹਾਰ ਵੀ ਅਜਿਹੀ ਵਿਦ੍ਰੋਹੀ ਸੋਚ

**ਜਗਦੀਸ਼ ਰਾਣਾ**
**ਫੋਨ: 798-620-7849**

ਦਾ ਧਾਰਨੀ ਹੈ ਜੋ ਆਪਣੀ ਕਵਿਤਾ ਰਾਹੀਂ ਵਿਵਸਥਾ 'ਤੇ ਗਹਿਰੀ ਚੋਟ ਕਰਦਾ ਨਜ਼ਰ ਆਉਂਦਾ ਹੈ। ਉਸ ਦੀ ਵਿਦ੍ਰੋਹੀ ਸੋਚ ਦਾ ਗਵਾਹ ਹੈ ਢਾਈ ਦਹਾਕੇ ਪਹਿਲਾਂ ਵੇ.ਲੇ ਦੇ ਮਸ਼ਹੂਰ ਗਾਇਕ ਸੁਖਵਿੰਦਰ ਪੰਛੀ ਦੁਆਰਾ ਗਾਇਆ ਗੀਤ:-

ਚਾਬੀਏ ਸੰਦੂਕ ਦੀਏ, ਗੋ.ਲੀਏ ਬੰਦੂਕ ਦੀਏ
ਵੱਜ ਕੇ ਯਾਰਾਂ ਦੇ ਸੀਨੇ ਨਿੱਕਲੀ ਤੂੰ ਪਾਰ ਨੀ।
ਸ਼ਾਹਾਂ ਦੀਏ ਕੁੜੀਏ! ਗ਼ਰੀਬ ਦਿੱਤਾ ਮਾਰ ਨੀ।

ਗੀਤਾਂ/ਕਵਿਤਾਵਾਂ ਵਿਚ ਆਮ ਤੌਰ 'ਤੇ ਸ਼ਾਹਾਂ ਦੇ ਮੁੰਡੇ ਨੂੰ ਹੀ ਰੁਮਾਂਸਵਾਦੀ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ ਪਰ ਮੱਖਣ ਲੁਹਾਰ ਇਸ ਦੇ ਉਲਟ ਸ਼ਾਹਾਂ ਦੀ ਕੁੜੀ ਤੇ ਗ਼ਰੀਬ ਜਮਾਤ ਦੇ ਗੱਭਰੂ ਦੇ ਰੁਮਾਂਸ/ਵਿਛੋੜੇ ਦੀ ਗੱਲ ਕਰਦਾ ਹੈ, ਠੀਕ ਲੋਕ ਕਵੀ ਗੁਰਦਾਸ ਰਾਮ ਆਲਮ ਵਾਂਗ ਤੇ ਗੀਤਕਾਰਾਂ ਲਈ ਨਵੀਂ ਪੈੜ ਪਾਉਂਦਾ ਜਾਪਦਾ ਹੈ। ਇਸ ਗੀਤ ਰਾਹੀਂ ਇਕ ਕਿਸਮ ਨਾ.ਲ ਉਹ ਜਾਗੀਰਦਾਰੀ ਵਿਵਸਥਾ ਨੂੰ ਸਿੱਧਾ ਵੰਗਾਰਦਾ ਹੈ। ਓਥੇ ਹੀ ਉਹ ਚਾਬੀਏ ਸੰਦੂਕ ਦੀਏ, ਗੋ.ਲੀਏ ਬੰਦੂਕ ਦੀਏ ਵਰਗੇ ਨਵੇਂ ਅਲੰਕਾਰ ਵਰਤਦਾ ਹੈ, ਦਿਲ ਨੂੰ ਖਿੱਚ ਪਾਉਣ ਵਾ.ਲੇ ਬਿੰਬ ਸਿਰਜਦਾ ਹੈ।

ਸਮਾਜਿਕ ਪਰਿਵਰਤਨ, ਆਰਥਿਕ ਮੁਕਤੀ ਅੰਦੋਲਨ ਨੂੰ ਉਹ ਪੂਰੀ ਤਰ੍ਹਾਂ ਸਮਝਦਾ ਹੈ ਤੇ ਇਸ ਅੰਦੋਲਨ ਦਾ ਹਿੱਸਾ ਵੀ ਹੈ। ਉਹ ਜਾਣਦਾ ਹੈ ਕਿ ਸਮਾਜਿਕ ਵਰਤਾਰਾ ਆਰਥਿਕਤਾ ਨਾ.ਲ ਜੁੜਿਆ ਹੋਇਆ ਹੈ। ਬਿਨਾਂ ਆਰਥਿਕ ਮਜ਼ਬੂਤੀ ਦੇ ਕੋਈ ਕਿਸੇ ਨੂੰ ਨਹੀਂ ਪੁੱਛਦਾ। ਮਾੜੇ ਆਰਥਿਕ ਹਾਲਾਤ ਹੋਣ ਤਾਂ ਸੰਗੀ ਸਾਥੀ, ਰਿਸ਼ਤੇਦਾਰ ਨੇੜੇ ਨਹੀਂ ਢੁੱਕਦੇ ਤੇ ਆਰਥਿਕ ਹਾਲਤ ਬੇਹਤਰ ਹੁੰਦਿਆਂ ਹੀ ਸਭ ਕੁੱਝ ਬਦਲ ਜਾਂਦਾ ਹੈ। ਉਸ ਨੇ ਦੁਰਗਾ ਰੰਗੀਲਾ ਦੁਆਰਾ ਗਾਏ ਇਕ ਗੀਤ ਰਾਹੀਂ ਬਾਖ਼ੂਬੀ ਬਿਆਨ ਕੀਤਾ ਹੈ:-

ਤੈਨੂੰ ਭੇਜਿਆ ਪੁੱਤ ਪਰਦੇਸਾਂ ਨੂੰ
ਕੀ ਕਰਦੇ ਇਹ ਮਜਬੂਰੀ ਸੀ।
ਘਰ ਦੀਆਂ ਤੰਗੀਆਂ ਕੱਟਣ ਲਈ,
ਪੈਸਾ ਵੀ ਬਹੁਤ ਜ਼ਰੂਰੀ ਸੀ।
ਉਦੋਂ ਆਪਣੇ ਵੀ ਸਨ ਗ਼ੈਰ ਹੋਏ,
ਹੁਣ ਗ਼ੈਰ ਵੀ ਬਣ ਗਏ ਘਰ ਦੇ ਨੇ।
ਹੁਣ ਤਾਂ ਪੰਚਾਇਤੀ ਵੀ ਪੁੱਛ ਕੇ,
ਤੇਰੇ ਬਾਪੂ ਤੋਂ ਗੱਲ ਕਰਦੇ ਨੇ।

ਆਰਥਿਕ ਮੰਦਹਾਲੀ ਦਾ ਸਮਾਜਿਕ ਅਸਰ ਤੇ ਆਰਥਿਕ ਖ਼ੁਸ਼ਹਾਲੀ ਦਾ ਪ੍ਰਭਾਵ ਉਸ ਦੀਆਂ ਕਈ ਹੋਰ ਰਚਨਾਵਾਂ 'ਚ ਵੀ ਸਾਫ਼ ਮਹਿਸੂਸਿਆ ਜਾ ਸਕਦਾ ਹੈ।

ਪੰਜਾਬੀਆਂ ਦੇ ਜੰਮਣ ਤੋਂ ਮਰਨ ਤੀਕ ਵਿਚਲੇ ਸਾਰੇ ਜੀਵਨ ਦੀ ਗੀਤ-ਸੰਗੀਤ ਤੋਂ ਬਿਨਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜੰਮਣ 'ਤੇ ਜਿੱਥੇ ਖ਼ੁਸ਼ੀ ਦੇ ਗੀਤ ਗਾਏ ਜਾਂਦੇ ਹਨ ਓਥੇ ਹੀ ਮਰਨ ਉਪਰੰਤ ਮਰਸੀਏ ਗਾਏ ਜਾਂਦੇ ਹਨ। ਮੱਖਣ ਲੁਹਾਰ ਪੰਜਾਬੀਆਂ ਦੇ ਹਰ ਰੰਗ ਨੂੰ ਹਰ ਦੁੱਖ-ਸੁਖ ਨੂੰ ਆਪਣੇ ਗੀਤਾਂ ਵਿਚ ਬੜੀ ਸੰਜੀਦਗੀ ਤੇ ਸਾਦਗੀ ਨਾ.ਲ ਇਵੇਂ ਪਰੋਂਦਾ ਹੈ ਜਿਵੇਂ ਕਿਸੇ ਮਾ.ਲਾ ਦੇ ਮਣਕੇ। ਉਸ ਦੇ ਗੀਤਾਂ ਵਿਚ ਕਿਸੇ ਅੱਲ੍ਹੜ ਦੇ ਹਾਸਿਆਂ ਜਿਹਾ ਖੁੱਲ੍ਹਾਪਣ ਸ਼ਾਮਿਲ ਹੈ ਤਾਂ ਕਿਸੇ ਉਮਰ ਦਰਾਜ਼ ਇਨਸਾਨ ਦੇ ਗਹਿਰ-ਗੰਭੀਰ ਤਜਰਬੇ ਵਰਗਾ ਅਹਿਸਾਸ ਵੀ ਉਸ ਦੀ ਸ਼ਾਇਰੀ ਦਾ ਹਾਸਲ ਹੈ। ਉਸ ਦੇ ਗੀਤਾਂ ਵਿਚ ਪੱਕੀਆਂ ਹੋਈਆਂ ਸੋਨੇ ਰੰਗੀ ਫ਼ਸਲਾਂ ਜਿਹੀ ਉਹ ਚਮਕ ਹੈ ਜਿਸ ਨੂੰ ਵੇਖ ਕੇ ਕਿਸਾਨ ਝੂਮਣ ਲੱਗ ਪੈਂਦਾ ਹੈ।

ਜਿੱਥੇ ਅੰਤਾਂ ਦਾ ਦਰਦ ਹੈ ਓਥੇ ਹੀ ਉਤਸਵ ਵਰਗਾ ਮਾਹੌਲ ਵੀ ਸਿਰਜਦੇ ਹਨ ਉਸ ਦੇ ਗੀਤ। ਵਿਸ਼ਵ ਪ੍ਰਸਿੱਧ ਗਾਇਕ ਜੈਜ਼ੀ ਬੀ ਦੁਆਰਾ ਮੱਖਣ ਲੁਹਾਰ ਦਾ ਲਿਖਿਆ ਇਕ ਗੀਤ ਦੇਖੋ:-

ਤੂੰ ਸਾਰੀ ਦੀ ਸਾਰੀ ਨੀ
ਜੋਬਨ ਦੀ ਭਰੀ ਪਟਾਰੀ ਨੀ
ਫੁੱਲਾਂ ਦੀ ਖਿੜੀ ਕਿਆਰੀ ਨੀ,
ਕੋਈ ਕਬਜ਼ਾ ਕਰ ਕੇ ਬਹਿ ਜਾਊਗਾ।
ਤੂੰ ਨਾਗ ਸਾਂਭ ਲੈ ਜ਼ੁਲਫ਼ਾਂ ਦੇ,
ਕੋਈ ਕੀਲ ਸਪੇਰਾ ਲੈ ਜਾਊਗਾ।

ਮੰਦਿਰ 'ਚ ਵੱਜਦੀਆਂ ਟੱਲੀਆਂ ਦੀ ਆਵਾਜ਼, ਮਸਜਿਦ 'ਚ ਹੋ ਰਹੀ ਆਜਾਨ ਅਤੇ ਗੁਰੂ ਘਰ 'ਚ ਹੋ ਰਹੀ ਪਵਿੱਤਰ ਅਰਦਾਸ ਵਰਗੇ ਸ਼ਬਦ ਜਦੋਂ ਕੁਦਰਤ ਕਿਸੇ ਕਲਮਕਾਰ ਦੀ ਝੋ.ਲੀ ਪਾਉਂਦੀ ਹੈ ਤਾਂ ਉਸ ਸ਼ਾਇਰ ਦੀ ਸ਼ਬਦ ਅਮੀਰੀ ਦਾ ਕੋਈ ਤੋੜ ਨਹੀਂ ਹੁੰਦਾ। ਗਾਇਕ ਦਿਲਜਾਨ ਦਾ ਗਾਇਆ ਤੇ ਮੱਖਣ ਲੁਹਾਰ ਦਾ ਲਿਖਿਆ ਇਹ ਗੀਤ ਕਿੱਡਾ ਵੱਡਾ ਸੁਨੇਹਾ ਦੇ ਰਿਹਾ ਹੈ:

ਕੁੱਖ ਵਿੱਚ ਧੀਆਂ ਧਰਤੀ ਵਿੱਚ ਪਾਣੀ।
ਜੇ ਨਾ ਸਾਂਭੇ ਖ਼ਤਮ ਕਹਾਣੀ।

ਐਂ ਲਗਦਾ ਜਿਵੇਂ ਕੁਦਰਤ ਨੇ ਖ਼ੁਦ ਉਸ ਨੂੰ ਆਸ਼ੀਰਵਾਦ ਦੇ ਕੇ ਉਸ ਤੋਂ ਲਿਖਵਾਇਆ ਹੋਵੇ ਇਹ ਗੀਤ। ਧੀਆਂ ਅਤੇ ਪਾਣੀ ਬਚਾਉਣ ਦਾ ਸੁਨੇਹਾ ਬਹੁਤ ਵੱਡਾ ਹੈ ਕਿਉਂਕਿ ਧੀਆਂ ਅਤੇ ਪਾਣੀ ਤੋਂ ਬਿਨਾਂ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਉਹ ਡਾਹਢਾ ਚਿੰਤਤ ਹੈ ਪੰਜਾਬ ਦੇ ਗੰਦਲੇ ਹੋ ਰਹੇ ਸੱਭਿਆਚਾਰਕ, ਰਾਜਨੀਤਕ ਤੇ ਸਮਾਜਿਕ ਵਾਤਾਵਰਨ ਤੋਂ। ਪੰਜਾਬ ਵਿਚ ਵਧ ਰਹੀ ਬੇਰੁਜ਼ਗਾਰੀ ਕਰਕੇ ਵਿਦੇਸ਼ਾਂ ਵੱਲ ਕਾਫ਼ਲੇ ਬਣਾ-ਬਣਾ ਜਾ ਰਹੇ ਨੌਜੁਆਨ, ਕੁਰਾਹੇ ਪਈ ਜਵਾਨੀ ਅਤੇ ਨਸ਼ਿਆਂ ਨਾ.ਲ ਮਰ ਰਿਹਾ ਪੰਜਾਬ, ਉਸਨੂੰ ਲੱਗਦਾ ਹੈ ਕਿ ਇਹ ਸਭ ਗੰਦਲੀ ਸਿਆਸਤ ਕਰਕੇ ਹੀ ਹੋ ਰਿਹਾ ਹੈ। ਇਹ ਸਭ ਕੁਝ ਸਾਡੇ ਸ਼ਾਇਰ ਨੂੰ ਅੰਦਰੋਂ ਝੰਜੋੜ ਦਿੰਦਾ ਹੈ ਉਸ ਦੀ ਰੂਹ 'ਤੇ ਸੱਟ ਮਾਰਦਾ ਹੈ। ਧਰਮ ਦੇ ਨਾਮ 'ਤੇ ਦਿਨੋਂ-ਦਿਨ ਵਧ ਰਿਹਾ ਪਾਖੰਡਵਾਦ ਉਸ ਨੂੰ ਖਾਸਾ ਪ੍ਰੇਸ਼ਾਨ ਕਰਦਾ ਹੈ। ਹਰ ਗ਼ਰੀਬ-ਗੁਰਬੇ ਦਾ ਦੁੱਖ, ਪੀੜਤ ਧਿਰ ਦਾ ਦਰਦ ਉਸ ਨੂੰ ਆਪਣਾ ਲਗਦਾ ਹੈ। ਉਸ ਦਾ ਕੋਮਲ ਮਨ ਚਾਹੁੰਦਾ ਹੈ ਕਿ ਧੁੱਪ ਵਿਚ ਸੜਦੇ ਲੋਕਾਂ ਲਈ ਠੰਢੀ ਛਾਂ ਦੇਣ ਵਾ.ਲਾ ਰੁੱਖ ਹੋ ਜਾਵਾਂ।

ਗ਼ਰੀਬ ਪਰਿਵਾਰ 'ਚ ਜਨਮੇ ਤੇ ਸਖ਼ਤ ਮਿਹਨਤ ਨਾ.ਲ ਅੱਗੇ ਵਧੇ ਆਪਣੇ ਲਈ ਵੱਖਰਾ ਮੁਕਾਮ ਬਣਾਉਣ ਵਾਲੇ ਮੱਖਣ ਲੁਹਾਰ ਨੂੰ ਪਤਾ ਹੈ ਕਿ ਸ਼ਾਹਾਂ ਦਾ ਕਰਜ਼ ਕਿਵੇਂ ਇਨਸਾਨ ਨੂੰ ਅੰਦਰੋਂ-ਅੰਦਰੀਂ ਘੁਣ ਵਾਂਗ ਖਾ ਜਾਂਦਾ ਹੈ। ਕਿਰਤੀਆਂ ਕਾਮਿਆਂ ਦੇ ਮਾਨਵੀ ਹੱਕਾਂ ਅਤੇ ਭਾਵਾਂ ਦਾ ਅਹਿਸਾਸ ਉਸ ਨੂੰ ਹੈ। ਇਸੇ ਲਈ ਉਹ ਕੰਮੀਆਂ ਦੀ ਆਵਾਜ਼ ਬਣ ਗਿਆ ਪ੍ਰਤੀਤ ਹੁੰਦਾ ਹੈ। ਉਹ ਕਿਸੇ ਵੀ ਖ਼ਿਆਲ ਨੂੰ ਸੰਪੂਰਨ ਸੋਚਦਾ ਹੈ, ਵਿਚਾਰ ਨੂੰ ਸੰਪੂਰਨ ਰੂਪ ਨਾ.ਲ ਉਸਾਰਦਾ ਹੈ। ਇਹੀ ਵਜ੍ਹਾ ਹੈ ਕਿ ਉਹ ਬਹੁਤ ਸਰਲ ਅਤੇ ਸੰਜਮੀ ਢੰਗ ਨਾ.ਲ ਹਲੂਣਾ ਦੇਣ ਵਾਲੀ ਸੰਪੂਰਨਤਾ ਸਿਰਜ ਲੈਂਦਾ ਹੈ:-

ਸ਼ਾਹਾਂ ਦੇ ਕਰਜ਼ ਹੇਠ ਦਬੇ,
ਤਰਲੇ ਇਹ ਕਰਜ਼ਦਾਰ ਦੇ ਨੇ।
ਬਿਨਾਂ ਦਾਰੂ ਮਿਲ਼ਿਆਂ ਮਰ ਚੱਲੇ
ਹਉਕੇ ਇਹ ਕਿਸੇ ਬੀਮਾਰ ਦੇ ਨੇ।
ਰੋਟੀ ਖ਼ਾਤਿਰ ਜਾਨ ਹੀਲਦੇ ਬੁੱਢੇ ਕਿਸੇ ਮਨੁੱਖ ਵਰਗਾ।
ਇਹ ਗੀਤ ਹੈ ਮੇਰਾ ਚੁੱਪ ਵਰਗਾ।
ਕਿਸੇ ਸੱਖਣੇ ਪੇਟ ਦੀ ਭੁੱਖ ਵਰਗਾ।
ਗ਼ਮਾਂ ਵਿਚ ਭੁੱਜ ਕੇ ਖਿੱਲ ਹੋਏ
ਕਿਸੇ ਅੱਲੜ੍ਹ ਕੁੜੀ ਦੇ ਮੁੱਖ ਵਰਗਾ।

ਮੱਖਣ ਦਾ ਜਨਮ 12 ਅਕਤੂਬਰ 1966 ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਲੁਹਾਰਾਂ ਵਿਖੇ ਸ। ਗੁਰਮੀਤ ਸਿੰਘ ਅਤੇ ਮਾਤਾ ਸ੍ਰੀਮਤੀ ਪਿਆਰ ਕੌਰ ਦੇ ਘਰ ਇੱਕ ਗ਼ਰੀਬ ਦਲਿਤ ਪਰਿਵਾਰ ਵਿਚ ਹੋਇਆ। ਮਾਪਿਆਂ ਨੇ ਨਾਮ ਮੱਖਣ ਸਿੰਘ ਰੱਲ੍ਹ ਰੱਖਿਆ ਪਰ ਗੀਤਕਾਰੀ ਵਿਚ ਚਰਚਿਤ ਹੋਣ 'ਤੇ ਉਸ ਨੇ ਆਪਣਾ ਨਾਮ ਨਾਲ ਤਖ਼ੱਲਸ ਲੁਹਾਰ ਲਾ ਲਿਆ। ਗੁੜ੍ਹਤੀ ਵਿਚੋਂ ਹੀ ਸੰਘਰਸ਼ ਮਿਲ਼ਿਆ ਤਾਂ ਮੱਖਣ ਲੁਹਾਰ ਨੇ ਵੀ ਖ਼ੂਬ ਮਿਹਨਤ ਕੀਤੀ। ਪੰਜਾਬ ਵਿਚ ਰਹਿੰਦਿਆਂ ਉਸ ਨੇ ਕਈ ਸਮਾਜਿਕ ਸੰਸਥਾਵਾਂ ਬਣਾਈਆਂ ਅਤੇ ਗ਼ਰੀਬ ਲੜਕੀਆਂ ਦੇ ਵੱਡੇ ਪੱਧਰ 'ਤੇ ਵਿਆਹ ਵੀ ਕਰਵਾਏ। ਕਿਸੇ ਵੀ ਗ਼ਰੀਬ ਨਾ.ਲ ਧੱਕਾ ਹੋਣਾ ਤਾਂ ਮੱਖਣ ਹੋਰਾਂ ਉਸ ਦੀ ਮਦਦ ਲਈ ਜਾ ਖੜ੍ਹਨਾ। ਮੁੱਢ ਤੋਂ ਹੀ ਉਸ ਦੇ ਮਨ ਵਿਚ ਮਿਹਨਤ ਕਰਦਿਆਂ ਅੱਗੇ ਵਧਣ ਦੀ ਇੱਛਾ ਘਰ ਕਰ ਗਈ ਸੀ। ਤੇ ਸਫ਼ਲਤਾ ਲੱਭਦਿਆਂ-ਲੱਭਦਿਆਂ ਉਹ ਅਮਰੀਕਾ ਜਾ ਪਹੁੰਚਾ ਅਤੇ ਹੁਣ ਪਿਛਲੇ ਤਿੰਨ ਦਹਾਕਿਆਂ ਤੋਂ ਅਮਰੀਕਾ ਦੇ ਰਾਜ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਉਸ ਦਾ ਆਪਣਾ ਵੱਡਾ ਸਟੋਰ ਹੈ।

ਉਹ ਵਿਦੇਸ਼ੀ ਧਰਤੀ 'ਤੇ ਰਹਿ ਕੇ ਵੀ ਆਪਣੀ ਧਰਤੀ ਨਾ.ਲ ਜੁੜਿਆ ਹੋਇਆ ਹੈ। ਰਹਿੰਦਾ ਵਿਦੇਸ਼ ਵਿਚ ਹੈ ਪਰ ਦਿਲ ਧੜਕਦਾ ਤੇ ਤੜਫਦਾ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਲਈ ਹੈ।

ਉਹ ਡਾ।ਅੰਬੇਡਕਰ ਦੇ ਕਥਨ 'ਪੇ ਬੈਕ ਟੂ ਸੋਸਾਇਟੀ' ਦੇ ਅਨੁਸਾਰ ਆਪਣੀ ਨੇਕ ਕਮਾਈ 'ਚੋਂ ਸਮੇਂ-ਸਮੇਂ 'ਤੇ ਲੋੜਵੰਦ ਲੋਕਾਂ ਦੀ ਮਦਦ ਕਰਦਿਆਂ ਕਦੇ ਵੀ ਮੱਥੇ ਵੱਟ ਨਹੀਂ ਪਾਉਂਦਾ। ਉਸ ਨੂੰ ਪਤਾ ਹੈ ਕਿ ਮਰ ਕੇ ਹੀ ਮੰਗ ਹੁੰਦਾ ਹੈ ਇਸ ਲਈ ਉਹ ਲੋੜਵੰਦ ਵਿਅਕਤੀ ਬਾਰੇ ਪਤਾ ਲੱਗਣ 'ਤੇ ਖ਼ੁਦ ਹੀ ਮੋਹਰੇ ਆ ਕੇ ਉਸ ਦੇ ਕਹਿਣ ਤੋਂ ਪਹਿਲਾਂ ਹੀ ਮਦਦ ਲਈ ਆ ਖੜ੍ਹਦਾ ਹੈ।

ਉਸ ਨੂੰ ਗ਼ਰੀਬੀ ਦੀ ਜ਼ਿੱਲਤ ਭਰੀ ਜ਼ਿੰਦਗੀ ਦਾ ਅਹਿਸਾਸ ਹੈ ਤਾਂ ਪੈਸੇ ਦੀ ਤਾਕਤ ਦਾ ਵੀ ਪੂਰਾ ਇਲਹਾਮ ਹੈ। ਉਹ ਜਾਣਦਾ ਹੈ ਕਿ ਪੈਸੇ ਦਾ ਕੀ ਰੁਤਬਾ ਹੈ ਤੇ ਫ਼ਕੀਰੀ ਬਾਣੇ 'ਚ ਵੀ ਲੋਕ ਪੈਸੇ ਲਈ ਕੀ-ਕੀ ਨਹੀਂ ਕਰਦੇ।

ਸ਼ਾਇਦ ਏਸੇ ਲਈ ਉਹ ਕਹਿੰਦਾ ਹੈ:-

ਪੈਸਾ ਮਾਇਆ, ਪੈਸਾ ਛਾਇਆ, ਪੈਸਾ ਬਣੀ ਖ਼ੁਮਾਰੀ।
ਪੈਸੇ ਪਿੱਛੇ ਦੁਨੀਆਂ ਸਾਰੀ ਕਰਦੀ ਮਾਰੋ-ਮਾਰੀ।
ਮੱਖਣ ਲੁਹਾਰਾਂ ਵਾਲਿਆ ਵੇ ਹੁਣ ਰੱਬ ਹੀ ਸਕਦਾ ਤਾਰ।
ਮਸਲਾ ਪੈਸੇ ਦਾ
ਕੋਈ ਨਹੀਂ ਕਿਸੇ ਦਾ ਯਾਰ ਮਸਲਾ ਪੈਸੇ ਦਾ।

ਹੋਰ ਵੇਖੋ:-

ਮੈਂ ਤਾਂ ਸੋਚਦਾ ਹੁੰਦਾ ਸੀ ਸਭ ਮੇਰੇ ਜਿਹੇ ਹੀ ਹੋਵਣਗੇ।
ਜਦ ਵਖ਼ਤ ਪਿਆ ਤਾਂ ਯਾਰ ਲਈ,
ਜਿੰਦ ਤਲੀ 'ਤੇ ਰੱਖ ਖਲੋਵਣਗੇ।
ਪਰ ਦੁਨੀਆਂ ਮਤਲਬਖੋਰੀ ਹੈ,
ਕੋਈ ਹੈ ਨਹੀਂ ਪਰਉਪਕਾਰੀ।



ਪੈਸੇ ਨਾ.ਲ ਤੁੱਲਦਾ ਪਿਆਰ ਏਥੇ
ਝੂਠੀ ਸਭ ਦੀ ਯਾਰੀ।

ਉਸ ਨੂੰ ਜਾਣਕਾਰੀ ਹੈ ਕਿ ਜ਼ਿੰਦਗੀ 'ਚ ਕਾਮਯਾਬ ਹੋਣ ਲਈ ਕੱਚੀਆਂ ਨੀਂਦਾਂ ਹਰਾਮ ਕਰਨੀਆਂ ਹੀ ਪੈਂਦੀਆਂ ਹਨ। ਮੰਜ਼ਿਲ 'ਤੇ ਪਹੁੰਚਣ ਲਈ ਠੰਢੀਆਂ ਛਾਂਵਾਂ ਮਾਨਣ ਦਾ ਮੋਹ ਤਿਆਗ ਕੇ ਧੁੱਪਾਂ ਦੇ ਜਾਮ ਪੀਣੇ ਹੀ ਪੈਂਦੇ ਹਨ। ਔਕੜਾਂ ਤੇ ਮੁਸੀਬਤਾਂ ਦੇ ਦਰਿਆ ਬਾਹਾਂ ਦੇ ਚੱਪੂ ਨਾ.ਲ ਹੀ ਤਰਨੇ ਪੈਂਦੇ ਹਨ। ਪਰਾਂ ਦੇ ਨਾ.ਲ-ਨਾ.ਲ ਬੁਲੰਦ ਹੌਸਲੇ ਰੱਖ ਕੇ ਹੀ ਅੰਬਰਾਂ 'ਚ ਉੱਚੀਆਂ ਉਡਾਰੀਆਂ ਲਾਈਆਂ ਜਾਂਦੀਆਂ ਹਨ। ਏਸੇ ਲਈ ਉਹ ਜਿੱਥੇ ਖ਼ੁਦ ਕਰੜੀ ਮਿਹਨਤ ਦਾ ਧਾਰਨੀ ਹੈ ਓਥੇ ਹੀ ਆਪਣੇ ਨਾ.ਲ ਜੁੜਿਆਂ ਨੂੰ ਵੀ ਦ੍ਰਿੜ ਇਰਾਦੇ, ਲਗਨ ਅਤੇ ਸਖ਼ਤ ਮਿਹਨਤ ਨਾ.ਲ ਅੱਗੇ ਵਧਣ ਦਾ ਸੁਨੇਹਾ ਦਿੰਦਾ ਹੈ।

ਉਸ ਦੇ ਗੀਤ ਮਨੁੱਖੀ ਦੁੱਖਾਂ ਦੀ ਮੂੰਹ ਬੋਲਦੀ ਤਸਵੀਰ ਹਨ ਜੋ ਉਲਝੇ ਸਮਾਜਿਕ ਤਾਣੇ-ਬਾਣੇ ਦਾ ਦੁਖਾਂਤ ਪੇਸ਼ ਕਰਦੇ ਹਨ। ਇਨ੍ਹਾਂ ਗੀਤਾਂ ਦੇ ਸ਼ਬਦਾਂ ਦੇ ਅੰਦਾਜ਼ ਜਿੱਥੇ ਡਰਾਉਣੇ ਹਨ ਓਥੇ ਹੀ ਸੁਚੇਤ ਵੀ ਕਰਦੇ ਹਨ। ਸਮਾਜ ਦੇ ਚੰਗੇ ਮਾੜੇ ਹਾਲਾਤ ਦਾ ਕਾਵਿਕ ਰੂਪਾਂਤਰਨ ਕਰਦੇ ਹਨ। ਉਸ ਦੇ ਕਈ ਗੀਤਾਂ ਦੇ ਸ਼ਬਦ ਲਹੂ ਵਿਚ ਨਹਾਏ ਲਗਦੇ ਹਨ:-

ਔੜ ਲੱਗ ਜਾਣ ਪਿੱਛੋਂ ਸੁੱਕ ਗਈਆਂ ਸੱਧਰਾਂ,
ਨਿੱਤ ਮੈਂ ਉਡੀਕਾਂ ਘਟਾ ਸਾਉਣ ਦੀ।
ਪਲ ਵਿਚ ਬਾਗੋ ਬਾਗ ਹੋ ਜਾਊਗੀ ਬਸੰਤ ਵਾਂਗੂੰ,
ਮਿ.ਲੇ ਜੇ ਤਰੀਕ ਉਹਦੇ ਆਉਣ ਦੀ।
ਰੀਝਾਂ ਦਾ ਜਵਾਲਾਮੁਖੀ ਫਟਿਆ ਹੈ ਜਿਹੜਾ,
ਲਾਵਾ ਤਪਦਾ ਹੋ ਜਾਣੈਂ ਠੰਡਾ ਠਾਰ।
ਡਾਹਢਿਆ ਵੇ ਰੱਬਾ! ਦੱਸ ਮੇਰਿਆਂ ਨਸੀਬਾਂ ਵਿਚ,
ਹੋਣਾਂ ਕਦੋਂ ਸੱਜਣਾ ਦਾ ਪਿਆਰ।

ਉਸ ਦੇ ਕਈ ਗੀਤ ਲਾਲਟੈਣ ਵਰਗੇ ਹਨ ਜੋ ਮਨੁੱਖ ਨੂੰ ਹਨੇਰੇ ਚੀਰਦਿਆਂ ਅੱਗੇ ਵਧਣ ਦਾ ਪੈਗ਼ਾਮ ਦਿੰਦੇ ਹਨ। ਹੱਕ-ਸੱਚ 'ਤੇ ਪਹਿਰਾ ਦਿੰਦਿਆਂ ਜ਼ਾਲਮ ਨੂੰ ਵੰਗਾਰਨ ਦਾ ਹੌਸਲਾ ਦਿੰਦੇ ਹਨ। ਉਹ ਆਪਣੀ ਐਮ ਟਰੈਕ ਸੰਗੀਤਕ ਕੰਪਨੀ ਰਾਹੀਂ ਸੱਭਿਆਚਾਰਕ ਤੇ ਵਿਰਾਸਤੀ ਰਚਨਾਵਾਂ ਦੇ ਨਾ.ਲ-ਨਾ.ਲ ਗੁਰੂਆਂ, ਰਹਿਬਰਾਂ ਦੇ ਮਾਨਵਤਾਵਾਦੀ ਅੰਦੋਲਨ ਨੂੰ ਪੇਸ਼ ਕਰਦੀਆਂ ਰਚਨਾਵਾਂ ਬਿਨਾਂ ਕਿਸੇ ਆਰਥਿਕ ਲਾਭ ਲਾਲਚ ਦੇ ਪੇਸ਼ ਕਰਨਾ ਆਪਣਾ ਫ਼ਰਜ਼ ਸਮਝਦਾ ਹੈ ਤੇ ਹੁਣ ਤਕ ਆਪਣੀ ਸੰਗੀਤਕ ਕੰਪਨੀ ਰਾਹੀਂ ਸੈਂਕੜੇ ਗਾਇਕਾਂ ਦੇ ਗੀਤ ਪੇਸ਼ ਕਰ ਚੁੱਕਾ ਹੈ। ਉਸ ਦੇ ਕਲਮਬੱਧ ਕੀਤੇ ਗੀਤ ਸੁਖਵਿੰਦਰ ਪੰਛੀ, ਜੈਜ਼ੀ ਬੀ, ਦੁਰਗਾ ਰੰਗੀਲਾ, ਫ਼ਿਰੋਜ਼ ਖਾਨ, ਕੰਠ ਕਲੇਰ, ਜਸਪਿੰਦਰ ਨਰੂਲਾ, ਸੁਖਦੇਵ ਸਾਹਿਲ, ਕੇ। ਐਸ।ਮੱਖਣ, ਦਿਲਜਾਨ, ਗੁਰਬਖਸ਼ ਸ਼ੌਂਕੀ, ਲਖਵਿੰਦਰ ਲੱਕੀ, ਪੰਮੀ ਬਾਈ, ਅਮਰ ਅਰਸ਼ੀ, ਸੁਦੇਸ਼ ਕੁਮਾਰੀ, ਸੁਖਵੰਤ ਸੁੱਖੀ, ਰਣਜੀਤ ਰਾਣਾ ਅਤੇ ਹੋਰ ਅਨੇਕਾਂ ਗਾਇਕਾਂ ਤੋਂ ਇਲਾਵਾ ਲਹਿੰਦੇ ਪੰਜਾਬ ਤੋਂ ਵਿਸ਼ਵ ਪ੍ਰਸਿੱਧ ਗਾਇਕ ਸ਼ੌਕਤ ਅਲੀ ਨੇ ਵੀ ਗਾਇਆ ਹੈ।

ਅਮਰੀਕਾ ਵਿਚ ਉਹ 'ਪੰਜਾਬੀ ਗੀਤਕਾਰੀ ਮੰਚ ਕੈਲੇਫੋਰਨੀਆ' ਦਾ ਪ੍ਰਧਾਨ ਹੈ ਅਤੇ ਸਮੇਂ-ਸਮੇਂ 'ਤੇ ਓਥੇ ਸਾਹਿਤਕ ਪ੍ਰੋਗਰਾਮ ਕਰਾਉਂਦੇ ਰਹਿੰਦੇ ਹਨ। 'ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਪੰਜਾਬ' ਦਾ ਉਹ ਚੇਅਰਮੈਨ ਹੈ ਜੋ ਪੰਜਾਬ ਵਿਚ ਵੱਡੇ ਸਾਹਿਤਕ ਪ੍ਰੋਗਰਾਮ ਕਰਾਉਂਦਾ ਹੈ। ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਲੋਂ ਹੀ ਤਿੰਨ ਕਿਤਾਬਾਂ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਦੋ ਕਾਵਿ ਪੁਸਤਕਾਂ 52 ਕਵੀਆਂ ਦਾ ਸੰਗ੍ਰਹਿ 'ਸ਼ਬਦਾਂ ਦੀ ਲੋਅ' ਅਤੇ 69 ਕਵੀਆਂ ਦਾ ਸੰਗ੍ਰਹਿ 'ਹਰਫ਼ਾਂ ਦਾ ਚਾਨਣ' ਮੇਰੇ ਨਾਲ ਰ.ਲ ਕੇ ਸੰਪਾਦਿਤ ਕਰ ਚੁੱਕਾ ਹੈ। ਜਲਦ ਹੀ ਮੰਚ ਵਲੋਂ ਇਕ ਹੋਰ ਕਾਵਿ-ਸੰਗ੍ਰਹਿ ਵੀ ਪ੍ਰਕਾਸ਼ਿਤ ਕਰਵਾਇਆ ਜਾ ਰਿਹਾ ਹੈ। ਕਈ ਸਾਲ ਪਹਿਲਾਂ ਆਈ ਉਸ ਦੇ ਮਸ਼ਹੂਰ ਗੀਤਾਂ ਦੀ ਕਿਤਾਬ 'ਨਾਗ ਸਾਂਭ ਲੈ ਜ਼ੁਲਫ਼ਾਂ ਦੇ' ਕਾਫ਼ੀ ਚਰਚਿਤ ਰਹੀ ਸੀ ਤੇ ਹੁਣ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਅਗਰ ਉਸ ਦੀ ਆਉਣ ਵਾਲੇ ਸਮੇਂ ਵਿਚ ਗ਼ਜ਼ਲਾਂ ਦੀ ਕਿਤਾਬ ਪੜ੍ਹਨ ਨੂੰ ਮਿਲੇ ਕਿਉਂਕਿ ਉਹ ਗ਼ਜ਼ਲ 'ਤੇ ਵੀ ਹੱਥ ਆਜ਼ਮਾ ਰਿਹਾ ਹੈ:-

ਉਸ ਨੂੰ ਇਹ ਭਰਮ ਸੀ ਕਿ ਸਾਡੀ ਅਲਖ਼ ਮੁਕਾ ਦਿੱਤੀ।
ਪਰ ਸੱਚ ਜਾਣੋਂ ਉਸ ਨੇ ਸੁੱਤੀ ਅਣਖ ਜਗਾ ਦਿੱਤੀ।
ਧੀਆਂ ਕੌਣ ਬਚਾਏਗਾ ਜ਼ਾਲਿਮ ਕਿਰਦਾਰਾਂ ਤੋਂ?
ਜਿਉਂਦੇ ਜੀ ਜਿਹਨਾਂ ਉਹਨਾਂ ਦੀ ਕਬਰ ਬਣਾ ਦਿੱਤੀ।

ਮੱਖਣ ਲੁਹਾਰ ਦੀਆਂ ਜ਼ਿਆਦਾਤਰ ਲਿਖਤਾਂ ਸਮਾਜਿਕ ਕੁਰੀਤੀਆਂ ਅਤੇ ਵਿਵਸਥਾ ਦੀਆਂ ਲੋਕ-ਮਾਰੂ ਨੀਤੀਆਂ 'ਤੇ ਸਵਾਲ ਖੜ੍ਹਾ ਕਰਦੀਆਂ ਹਨ। ਉਸ ਦੀਆਂ ਰਚਨਾਵਾਂ ਦੇ ਵਿਸ਼ੇ ਬਹੁਅਰਥੀ ਭਾਵ ਪੈਦਾ ਕਰਦੇ ਹਨ। ਪੰਜਾਬੀ ਸੱਭਿਆਚਾਰ ਨੂੰ ਵਿਸ਼ੇਸ਼ ਬਿੰਬਾਂ-ਅਲੰਕਾਰਾਂ ਰਾਹੀਂ ਪੇਸ਼ ਕਰਦੀਆਂ ਹਨ। ਉਮੀਦ ਹੈ ਆਉਣ ਵਾਲੇ ਸਮਿਆਂ 'ਚ ਵੀ ਉਹ ਮਨੁੱਖੀ ਅਧਿਕਾਰ ਦੇ ਮਸਲਿਆਂ ਨੂੰ ਆਪਣੇ ਗੀਤਾਂ/ ਕਵਿਤਾਵਾਂ ਰਾਹੀਂ ਉਠਾਉਂਦਾ ਰਹੇਗਾ ਤੇ ਉਸ ਦੀ ਕਲਮ ਬੁਰਾਈਆਂ ਖ਼ਿਲਾਫ਼ ਹੱਕ ਸੱਚ ਦਾ ਬਿਗਲ ਵਜਾਉਂਦੀ ਰਹੇਗੀ। ਸ਼ਾਇਰਾਂ ਦੀ ਦੁਨੀਆਂ ਦੇ ਸੁਹਿਰਦ ਪਾਠਕਾਂ ਲਈ ਮੱਖਣ ਲੁਹਾਰ ਦੇ ਦੋ ਗੀਤ ਹਾਜ਼ ਹਨ।

ਗੀਤ 1

ਇਹ ਗੀਤ ਮੇਰਾ ਹੈ ਚੁੱਪ ਵਰਗਾ
ਕਿਸੇ ਸੱਖਣੇ ਪੇਟ ਦੀ ਭੁੱਖ ਵਰਗਾ
ਗ਼ਮਾਂ ਵਿੱਚ ਭੁੱਜ ਕੇ ਖਿੱਲ ਹੋਏ
ਕਿਸੇ ਅੱਲੜ੍ਹ ਕੁੜੀ ਦੇ ਮੁੱਖ ਵਰਗਾ।

ਇਸ ਗੀਤ ਦੀ ਹਰ ਇਕ ਸਤਰ ਲੋਕੋ
ਰੋਵੇ ਦੁਖੀਆਂ ਦੀ ਧਾਹ ਵਾਂਗੂੰ।
ਇਸ ਗੀਤ ਦਾ ਹਰ ਇਕ ਸ਼ਬਦ ਤਾਂ,
ਮਾਸੂਮਾਂ ਦੇ ਲੁੱਟੇ ਚਾਅ ਵਾਂਗੂੰ।
ਇਸ ਗੀਤ ਦਾ ਦਰਦ ਅਵੱਲੜਾ,
ਮਰ ਗਏ ਇਕਲੌਤੇ ਪੁੱਤ ਵਰਗਾ।

ਇਹ ਵਿਲਕਣੀ ਹੈ ਉਨ੍ਹਾਂ ਮਾਪਿਆਂ ਦੀ,
ਧੀ ਜਿਨ੍ਹਾਂ ਦੀ ਸੜ੍ਹ ਬਿਨਾਂ ਦਾਜ ਮੋਈ।
ਜਿਵੇਂ ਉੱਡਣਾ ਸਿੱਖਦੇ ਬੋਟ ਨੂੰ,
ਝਪਟ ਮਾਰ ਗਿਆ ਬਾਜ਼ ਕੋਈ।
ਇਸ ਗੀਤ ਦਾ ਹਰ ਇਕ ਬੋਲ ਜਿਵੇਂ,
ਕਿਸੇ ਰਾਤ ਹਨੇਰੀ ਘੁੱਪ ਵਰਗਾ।

ਸ਼ਾਹਾਂ ਦੇ ਕਰਜ਼ੇ ਹੇਠ ਦਬੇ,
ਤਰਲੇ ਇਹ ਕਰਜ਼ੇਦਾਰ ਦੇ ਨੇ।
ਬਿਨਾਂ ਦਾਰੂ ਮਿਲ਼ਿਆਂ ਮਰ ਚੱਲੇ,
ਹਉਕੇ ਇਹ ਕਿਸੇ ਬੀਮਾਰ ਦੇ ਨੇ।
ਰੋਟੀ ਖ਼ਾਤਿਰ ਜਾਨ ਹੀਲਦੇ,
ਬੁੱਢੇ ਕਿਸੇ ਮਨੁੱਖ ਵਰਗਾ।

ਹਾੜ੍ਹਾ! ਮੇਰੀ ਹਾਲ ਦੁਹਾਈ ਏ,
ਕੋਈ ਗੀਤ ਮੇਰੇ ਨੂੰ ਗਾਇਓ ਨਾ।
ਕਿਸੇ ਨਹੀਂ ਸੁਣਨੀ ਕੂਕ ਕਿਸੇ ਦੀ,
ਕਿਸੇ ਨੂੰ ਦਰਦ ਸੁਣਾਇਓ ਨਾ।
'ਮੱਖਣ ਲੁਹਾਰਾਂ ਵਾਲਿਆ' ਵੇ,
ਇਹ ਗੀਤ ਹੈ ਸੱਖਣੀ ਕੁੱਖ ਵਰਗਾ।

#ਗੀਤ 2

ਇਨਸਾਨਾਂ ਨੂੰ ਨਫ਼ਰਤ ਕਰਦੇ ਜਿੱਥੇ ਖ਼ੁਦ ਇਨਸਾਨ।
ਦੱਸੋ ਕਿੱਦਾਂ ਹੋ ਸਕਦਾ ਹੈ ਭਾਰਤ ਦੇਸ਼ ਮਹਾਨ।

ਜਿੱਥੇ ਕੋਈ ਮਸਜਿਦ ਨੂੰ ਢਾਹ ਕੇ ਮੰਦਿਰ ਫਿਰੇ ਬਣਾਉਂਦਾ।
ਜਿੱਥੇ ਕੋਈ ਗੁਰਦੁਆਰੇ ਉੱਤੇ ਕਬਜ਼ਾ ਫਿਰੇ ਜਮਾਉਂਦਾ।
ਟਕੇ-ਟਕੇ ਨੂੰ ਵਿਕਦਾ ਜਿੱਥੇ ਲੈ ਲਉ ਕੋਈ ਭਗਵਾਨ।
ਦੱਸੋ ਕਿੱਦਾਂ ਹੋ ਸਕਦਾ ਹੈ ਭਾਰਤ ਦੇਸ਼ ਮਹਾਨ।

ਨਿੱਤ ਬੇਦੋਸ਼ੇ ਮਰਦੇ ਲੋਕੀਂ ਕੋਈ ਨਈਂ ਲੈਂਦਾ ਸਾਰਾਂ।
ਕਿਸੇ ਸਾਬ੍ਹ ਦਾ ਮਰ ਜਾਏ ਕੁੱਤਾ ਹਿੱਲ ਜਾਵਣ ਸਰਕਾਰਾਂ।
ਬੰਦਿਆਂ ਨਾਲੋਂ ਜਾਨਵਰਾਂ ਦੀ ਜਿੱਥੇ ਵੱਧ ਪਹਿਚਾਨ।
ਦੱਸੋ ਕਿੱਦਾਂ ਹੋ ਸਕਦਾ ਹੈ ਭਾਰਤ ਦੇਸ਼ ਮਹਾਨ।

ਜਾਤਾਂ ਮਜ਼੍ਹਬਾਂ ਧਰਮਾਂ ਦਾ ਜਿੱਥੇ ਪਿਆ ਪੁਆੜਾ।
ਸਭ ਦੁੱਖਾਂ ਦੀ ਜੜ੍ਹ ਹੈ ਇੱਕੋ ਬੰਦਿਆਂ ਦੇ ਵਿਚ ਪਾੜਾ।
ਏਸ ਬੀਮਾਰੀ ਵੱਲ ਕਿਸੇ ਦਾ ਜਾਂਦਾ ਨਹੀਂ ਧਿਆਨ।
ਦੱਸੋ ਕਿੱਦਾਂ ਹੋ ਸਕਦਾ ਹੈ ਭਾਰਤ ਦੇਸ਼ ਮਹਾਨ।

ਕਦੇ ਮਹਾਨ ਸੀ ਹੁੰਦਾ ਜਗ 'ਤੇ
ਭਾਰਤ ਦੇਸ਼ ਪਿਆਰਾ,
ਸਾਂਝੀਵਾਲਤਾ ਧਰਮ ਨਿਰਪੱਖਤਾ
ਦਾ ਸੀ ਅਜਬ ਨਿਆਰਾ
'ਮੱਖਣ ਲੁਹਾਰ' ਦੀ ਕਲਮ ਸਦਾ ਹੀ ਕਰਦੀ ਸੱਚ ਬਿਆਨ।
ਦੱਸੋ ਕਿੱਦਾਂ ਹੋ ਸਕਦਾ ਹੈ ਭਾਰਤ ਦੇਸ਼ ਮਹਾਨ।

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**


# 'ਭੰਗੜਾ ਰਾਈਮਜ਼' ਸ਼ਿਕਾਗੋ ਦੀ ਪਿਕਨਿਕ ਵਿਚ ਲੱਗੀਆਂ ਖ਼ੂਬ ਰੌਣਕਾਂ

















**ਸ਼ਿਕਾਗੋ (ਬਿਊਰੋ):** 'ਭੰਗੜਾ ਰਾਈਮਜ਼' ਸ਼ਿਕਾਗੋ ਵਲੋਂ ਪਿਛਲੇ ਦਿਨੀਂ 'ਸਮਰ ਪਿਕਨਿਕ' ਦਾ ਪ੍ਰਬੰਧ ਡੀਅਰ ਗਰੂਵ ਦੇ ਪਾਰਕ ਵਿਖੇ ਕੀਤਾ ਗਿਆ, ਜਿਸ ਵਿਚ ਪੰਜਾਬੀ ਭਾਈਚਾਰੇ ਦੇ ਕਾਫੀ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੋਏ। ਆਊਟਡੋਰ ਖੇਡਾਂ ਨੂੰ ਦੇਖ ਕੇ ਪਰਿਵਾਰਾਂ ਵਿਚ ਖੁਸ਼ੀ ਦੀ ਲਹਿਰ ਸੀ। ਹਰੇ-ਭਰੇ ਰੁਖਾਂ ਹੇਠ ਬੈਂਚਾਂ 'ਤੇ, ਕਈ ਕੁਰਸੀਆਂ 'ਤੇ ਅਤੇ ਕਈਆਂ ਨੇ ਸੰਘਣੇ ਦਰੱਖਤਾਂ ਦੀ ਛਾਂ ਹੇਠ ਡੇਰਾ ਲਾ ਲਿਆ ਤੇ ਭੁੰਜੇ ਹੀ ਭੁਲੱਥਾ ਮਾਰ ਕੇ ਬੈਠੇ ਸਨ। ਮੌਸਮ ਵੀ ਸੁਹਾਵਣਾ ਸੀ, ਕੋਈ ਧੁੱਪੇ ਤੇ ਕੋਈ ਛਾਵੇਂ ਬਹਿ ਕੇ ਆਨੰਦ ਮਾਣ ਰਿਹਾ ਸੀ। ਕਈ ਸੱਜ-ਧੱਜ ਕੇ ਆਏ ਤੇ ਕਈ ਖੁਲੇ ਪਹਿਰਾਰੇ ਵਿਚ ਪਿਕਨਿਕ ਦੇ ਮੂਡ ਵਿਚ।

ਇਸ ਪਿਕਨਿਕ ਵਿਚ ਮਿਊਜ਼ੀਕਲ ਚੇਅਰ, ਸਪੂਨ ਰੇਸ ਤੇ ਵਖ-ਵਖ ਗਰੁਪਾਂ ਦੀਆਂ 100 ਮੀਟਰ ਦੀਆਂ ਦੌੜਾਂ ਵਿਚ ਮੁਕਾਬਲੇ ਹੋਏ।

ਅੰਦਰ ਟੇਬਲਾਂ 'ਤੇ ਖਾਣੇ ਸਜਾਏ ਹੋਏ ਸਨ। ਆਏ ਮਹਿਮਾਨਾਂ ਨੇ ਆਪੋ-ਆਪਣੇ ਘਰੋਂ ਕੁਝ ਨਾ ਕੁਝ ਖਾਣ ਲਈ ਲਿਆਂਦਾ। ਵਖ ਵਖ ਪਕਵਾਨਾਂ ਦੀ ਸੁਆਦੀ ਖੁਸ਼ਬੂ ਪਿਕਨਿਕ ਸਥਾਨ 'ਤੇ ਫੈਲੀ ਹੋਈ ਸੀ। ਇਨੇ ਪਕਵਾਨ ਸਨ ਕਿ ਉਨ੍ਹਾਂ ਦੇ ਨਾਂ ਗਿਣਨੇ ਮੁਸ਼ਕਿਲ ਹਨ। ਹਰ ਕੋਈ ਆਪਣੀ ਪਸੰਦ ਦਾ ਖਾਣ ਵਿਚ ਰੁਝਿਆ ਹੋਇਆ ਸੀ। ਪਿਕਨਿਕ ਸਥਾਨ 'ਤੇ ਵੀ ਖਾਣਾ ਤਿਆਰ ਕੀਤਾ ਗਿਆ। ਬੱਚਿਆਂ ਦੀਆਂ ਤੇ ਪਊ ਬਾਰਾਂ ਸਨ-ਕੁਕੀ, ਚਾਕਲੇਟ ਕਈ ਫਲੇਵਰ ਦੇ ਪੀਜ਼ੇ, ਜੂਸ, ਕੋਕ। ਬੱਚਿਆਂ ਨੇ ਬਾਕਾਇਦਾ ਸੂਚੀ ਬਣਾਣੀ ਸ਼ੁਰੂ ਕਰ ਦਿਤੀ ਤੇ ਰਜ ਰਜ ਕੇ ਹਰ ਚੀਜ਼ ਦਾ ਸਵਾਦ ਚੱਖਿਆ।

ਭਾਂਤ-ਸੁਭਾਂਤ ਦੇ ਭੋਜਨਾਂ ਤੋਂ ਇਲਾਵਾ ਪਕੌੜੇ ਤੇ ਸਮੋਸੇ ਸਾਰਾ ਦਿਨ ਹਾਜਰ ਸਨ। ਮੂੰਹ ਮਿੱਠਾ ਕਰਨ ਲਈ ਜਲੇਬੀਆਂ ਵੀ, ਜਿਨ੍ਹਾਂ ਦਾ ਅਨੰਦ ਸਾਰਾ ਦਿਨ ਲੋਕਾਂ ਨੇ ਮਾਣਿਆ। ਭਲਰਾਜ ਸੋਹੀ ਦੀ ਵਹੁਟੀ ਨਰਿੰਦਰ ਕੌਰ ਦਾ ਹਰਬਲ ਸਰਬਤਨੁਮਾ ਜੂਸ ਮਹਿਮਾਨਾਂ ਵਲੋਂ ਬਹੁਤ ਪਸੰਦ ਕੀਤਾ ਗਿਆ। ਕਈਆਂ ਨੇ ਰਜ ਰਜ ਕੇ ਪੀਤਾ। ਨਰਿੰਦਰ ਨੇ ਵੀ ਅੰਤ ਤਕ ਖਤਮ ਨਹੀਂ ਹੋਣ ਦਿਤਾ।

ਰੱਸਾਕਸੀ ਦਾ ਮੁਕਾਬਲਾ ਬੜਾ ਰੋਚਕ ਰਿਹਾ। ਬੀਬੀਆਂ ਦੀ ਰੱਸਾਕਸੀ ਇਨੀ ਸਖਤ ਮੁਕਾਬਲੇ ਵਾਲੀ ਬਣ ਜਾਏਗੀ, ਕਿਸੇ ਨੂੰ ਉਮੀਦ ਨਹੀਂ ਸੀ। ਇਸ ਫਨ ਗੇਮ ਵਿਚ ਵੀ ਉਨ੍ਹਾਂ ਬੜੀ ਗੰਭੀਰਤਾ ਨਾਲ ਭਾਗ ਲਿਆ। ਇਕ ਵਾਰ ਤਾਂ ਜਦੋਂ ਇਕ ਸਾਈਡ ਤਿਆਰ ਨਹੀਂ ਸੀ, ਵੂਮੈਂਨਇਨਪਾਵਰਮੈਂਟ ਦੀ ਮਿਸਾਲ ਦਿੰਦਿਆਂ ਰੈਫਰੀ ਨੂੰ ਕਿਹਾ, ਅਸੀਂ ਤਿਆਰ ਨਹੀਂ ਸੀ, ਮੁਕਾਬਲਾ ਦੁਬਾਰਾ ਕਰਾਉ। ਬੱਚਿਆਂ ਦੀ ਰੱਸਾਕਸੀ ਖੇਡ ਵੀ ਘੱਟ ਦਿਲਚਸਪ ਨਹੀਂ ਸੀ। ਮਾਪੇ ਆਪਣੇ ਬੱਚਿਆਂ ਨੂੰ ਹੱਲਾ-ਸ਼ੇਰੀ ਦੇ ਰਹੇ ਸਨ। ਉਹ ਵੀ ਪੂਰਾ ਜੋਰ ਲਾ ਕੇ ਖੇਡੇ। ਦੌੜਾਂ ਵਿਚ ਵੀ ਬੱਚੇ ਪੂਰੇ ਜੋਸ਼ ਨਾਲ ਦੌੜੇ। ਇਸ ਡਿਜੀਟਲ ਯੁਗ ਵਿਚ ਬੱਚਿਆਂ ਨੇ ਰੱਸਾਕਸ਼ੀ ਵਿਚ ਜੋ ਦਿਲਚਸਪੀ ਦਿਖਾਈ, ਉਹ ਕਾਬਿਲੇਤਾਰੀਫ ਸੀ। ਬੱਚੇ ਜਿੱਤ ਤੋਂ ਬਾਅਦ ਖੁਸ਼ੀ ਵਿਚ ਕਿਲਕਾਰੀਆਂ ਮਾਰ ਰਹੇ ਸਨ। ਦਿਲਚਸਪ ਗੱਲ ਇਹ ਰਹੀ ਕਿ ਰੱਸਕਸੀ ਮੁਕਾਬਲੇ ਵਿਚ ਚਾਰ ਵਾਰ ਖੱਬੇ ਵਾਲੇ ਪਾਸੇ ਵਾਲੇ ਜੇਤੂ ਰਹੇ ਪਰ ਗਭਰੂਆਂ ਦੀ ਸੱਜੇ ਪਾਸੇ ਵਾਲੀ ਟੀਮ ਨੇ ਜਿੱਤ ਕੇ ਭਰਮ ਤੋੜ ਦਿਤਾ। ਜਿੱਤ ਲਈ ਮੁਕਾਬਲੇ ਦੀ ਭਾਵਨਾ ਤਾਂ ਸੀ ਹੀ, ਸਾਰੇ ਪਿਆਰ ਤੇ ਸਹਿਯੋਗ ਨਾਲ ਖੇਡ ਰਹੇ ਸਨ। ਮਰਦਾਂ ਦੀਆਂ ਦੌੜਾਂ ਵਿਚ ਕਈ ਦੌੜਾਕ ਪਰਿਵਾਰਾਂ ਸਾਹਮਣੇ ਜਿਆਦਾ ਜੋਸ਼ ਦਿਖਾਉਣ ਕਰਕੇ ਕਲਾਬਾਜੀਆਂ ਵੀ ਖਾ ਗਏ ਪਰ ਸੱਟ-ਫੇਟ ਤੋਂ ਬਚਾ ਰਿਹਾ।

ਸ਼ਾਟਪੁਟ ਦੀ ਗੇਮ ਵਿਚ ਹਿੱਸਾ ਲੈਣ ਲਈ ਬੀਬੀਆਂ ਪਹਿਲਾਂ ਤਾਂ ਅਹਿਸਤਾ-ਅਹਿਸਤਾ ਉਠੀਆਂ ਫਿਰ ਗੋਲਾ ਸੁਟ ਕੇ ਸਭ ਨੂੰ ਹੈਰਾਨ ਕਰ ਦਿਤਾ, ਹਾਲਾਂਕਿ ਰੱਸਾਕਸੀ, ਮਿਊਜਿਕਲ ਵੀਲ ਚੇਅਰ, ਸਪੁਨ ਰੇਸ ਦੋੜਾਂ ਆਦਿ ਵਿਚ ਉਹੀ ਬੀਬੀਆਂ ਨੇ ਹਿੱਸਾ ਲੈ ਕੇ ਆਪਣੇ ਮਲਟੀ ਟੇਲੈਂਟ ਦਾ ਪ੍ਰਦਰਸ਼ਨ ਕੀਤਾ। ਹਰ ਕੋਈ ਪਹਿਲੇ ਸਥਾਨ ਲਈ ਆਪਣੇ ਜੋਸ਼ ਦਾ ਪ੍ਰਦਰਸ਼ਨ ਕਰ ਰਿਹਾ ਸੀ।

ਮੈਨ ਸ਼ਾਟਪੁਟ ਵਿਚ ਰਣਜੀਤ ਸਿੰਘ ਰਾਣਾ ਨੇ 32.9 ਫੀਟ, ਗੁਰਦੀਪ ਸਿੰਘ ਧਨੋਆ ਨੇ 32.7, ਤੇ ਗੁਲਸ਼ੇਰ ਸਿੰਘ ਨੇ 31.2 ਦੀ ਦੂਰੀ ਪ੍ਰਾਪਤ ਕੀਤੀ। ਔਰਤਾਂ ਦੇ ਸ਼ਾਟਪੁਟ ਮੁਕਾਬਲੇ ਵਿਚ ਰਮਨੀਕ ਕੌਰ ਨੇ 29.7 ਫੀਟ, ਖੁਸ਼ਦੀਪ ਕੌਰ ਨੇ 20.10 ਤੇ ਰਵਿੰਦਰ ਨੇ 19.7 ਫੀਟ ਦੀ ਦੂਰੀ ਨਾਲ ਵਧੀਆ ਪ੍ਰਦਰਸ਼ਨ ਕੀਤਾ।

ਆਦਮੀਆਂ ਦੀ ਡੰਬਲ ਪਾਵਰ ਸਨੈਚ ਖੇਡ ਵਿਚ ਅਮਨਦੀਪ ਕੁਲਾਰ ਪਹਿਲੇ ਨੰਬਰ 'ਤੇ, ਰਣਜੀਤ ਦੂਜੇ 'ਤੇ ਮਨਦੀਪ ਕੁਮਾਰ ਤੀਜੇ ਸਥਾਨ 'ਤੇ ਰਹੇ।

100 ਮੀਟਰ-ਕੁੜੀਆਂ ਦੀ ਸੱਤ ਸਾਲ ਤੋਂ ਘੱਟ ਉਮਰ ਦੌੜ ਵਿਚ ਸੀਰਤ ਕੌਰ ਪਹਿਲੇ ਤੇ ਚਪਮਨ ਕੌਰ ਦੂਜੇ ਨੰਬਰ 'ਤੇ ਰਹੀ।

100 ਮੀਟਰ-ਲੜਕੇ 7 ਤੋਂ ਘੱਟ ਉਮਰ ਦੀ ਸ਼੍ਰੇਣੀ ਵਿਚ ਅਭੀਜੀਤ ਸਿੰਘ ਪਹਿਲਾ, ਹਰਮਨ ਦੂਜਾ ਤੇ ਅਮਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।


ਕੁੜੀਆਂ ਦੀ 12 ਸਾਲ ਦੀ ਘਟ ਉਮਰ ਦੌੜਾਂ ਦੀ ਕੈਟਾਗਰੀ ਵਿਚ ਅਰੀਆ ਪਹਿਲੇ ਤੇ ਅਵਨੂਰ ਦੂਜੇ ਸਥਾਨ 'ਤੇ ਰਹੀ। ਬੱਚਿਆਂ ਦੀ 12 ਸਾਲ ਤੋਂ ਘੱਟ ਉਮਰ ਦੀਆਂ ਦੌੜਾਂ ਵਿਚ ਯੁਵਰਾਜ ਸਿੰਘ ਪਹਿਲੇ ਤੇ ਸਹਿਜ ਸਿੰਘ ਦੂਜੇ ਸਥਾਨ 'ਤੇ ਰਹੇ।


ਲੜਕਿਆਂ ਦੀ 14 ਸਾਲ ਤੋਂ ਘੱਟ ਉਮਰ ਦੀ ਸ਼੍ਰੇਣੀ ਵਿਚ ਜਸ ਮਹਾਜਨ ਪਹਿਲੇ, ਗੁਰਜਿੰਦ ਮਾਂਗਟ ਦੂਜੇ ਤੇ ਗੁਰਸ਼ੇਰ ਸਿੰਘ ਕਲੇਰ ਨੇ ਤੀਜਾ ਸਥਾਨ ਹਾਸਲ ਕੀਤਾ।


ਲੜਕਿਆਂ ਦੇ 16 ਸਾਲ ਤੋਂ ਘੱਟ ਉਮਰ ਵਰਗ ਵਿਚ ਮਨਵੀਰ ਕਲਸੀ ਨੇ ਪਹਿਲਾ, ਅਵਿਤੇਜ ਸਿੰਘ ਨੇ ਦੂਜਾ ਅਤੇ ਹਰਦਿਤ ਨੇ ਤੀਜਾ ਸਥਾਨ ਹਾਸਲ ਕੀਤਾ। ਆਦਮੀਆਂ ਦੀ 30 ਸਾਲ ਤੋਂ ਘਟ ਵਰਗ ਦੌੜਾਂ ਵਿਚ ਜਿਗਰਦੀਪ ਸਿੰਘ ਢਿਲੋਂ ਪਹਿਲੇ, ਹਰਮਨ ਸਿੰਘ ਦੂਜੇ ਅਤੇ ਮਨਵੀਰ ਸਿੰਘ ਤੀਜੇ ਸਥਾਨ 'ਤੇ ਰਹੇ।

*(ਬਾਕੀ ਅਗਲੇ ਸਫੇ ਉਤੇ)*

# ਯਾਦਗਾਰੀ ਹੋ ਨਿੱਬੜਿਆ ਗਲੋਬਲ ਪੰਜਾਬੀ ਮਿਲਾਪ ਦਾ ਇੱਕੀਵਾਂ ਜੋੜ ਮੇਲਾ!
























**ਸ਼ਿਕਾਗੋ:** 21 ਸਤੰਬਰ, 2024 ਦਿਨ ਸ਼ਨਿਚਰਵਾਰ ਦੇਰ ਤੱਕ ਚੇਤਿਆਂ ਵਿਚ ਵੱਸਿਆ ਰਹੇਗਾ। 2003 ਵਿਚ ਸ. ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਵਲੋਂ ਸ਼ੁਰੂ ਕੀਤਾ ਗਿਆ 'ਗਲੋਬਲ ਪੰਜਾਬੀ ਮਿਲਾਪ' ਹੁਣ ਭਰ ਜਵਾਨੀ ਵਿਚ ਪਹੁੰਚ ਗਿਆ ਹੈ। ਇਸ ਜੋੜ ਮੇਲੇ ਦੀ ਖ਼ਾਸੀਅਤ ਇਹ ਹੈ ਕਿ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਅਦੀਬ ਮਿਲ ਬਹਿੰਦੇ ਹਨ, ਵਿਚਾਰ ਸਾਂਝੇ ਕਰਦੇ ਹਨ ਤੇ ਆਪਣੀਆਂ ਲਿਖਤਾਂ ਦਾ ਵਟਾਂਦਰਾ ਕਰਦੇ ਹਨ। ਹਰ ਵੇਰ ਇੱਕ ਮੁੱਦੇ ਉੱਪਰ ਗੱਲਬਾਤ ਕੀਤੀ ਜਾਂਦੀ ਹੈ। ਇਸ ਵਾਰ ਦਾ ਮੁੱਦਾ ਸੀ 'ਸਾਡੀਆਂ ਸਾਂਝਾਂ'। ਆਮ ਤੌਰ 'ਤੇ ਇਹ ਇਕੱਠ ਭਾਰਤ-ਪਾਕਿ ਦੀ ਵੰਡ ਵਾਲੇ ਮਹੀਨੇ ਅਗਸਤ ਵਿਚ ਰੱਖਿਆ ਜਾਂਦਾ ਹੈ ਪਰ ਇਸ ਸਾਲ ਇਹ ਸਤੰਬਰ ਵਿਚ ਮਨਾਇਆ ਗਿਆ। ਕੇ.ਕੇ. ਪੰਮਾ ਦੇ ਰੈਸਟੋਰੈਂਟ 'ਟੱਚ ਆਫ ਸਪਾਈਸ' ਵਿਚ ਸੱਤਰ ਦੇ ਕਰੀਬ ਭਾਈਬੰਦਾਂ ਨੇ ਸ਼ਮੂਲੀਅਤ ਕੀਤੀ।

ਇਸ ਵਾਰ ਮੁੱਖ ਮਹਿਮਾਨ ਪੰਜਾਬੀ ਦੇ ਵੱਡੇ ਨਾਮਣੇ ਵਾਲੇ ਨਾਟਕਕਾਰ ਡਾ. ਆਤਮਜੀਤ ਸਿੰਘ ਸਨ। ਪ੍ਰਧਾਨਗੀ ਮੰਡਲ ਵਿਚ ਚੜ੍ਹਦੇ ਪੰਜਾਬ ਤੋਂ ਬਾਬਾ ਦਲਜੀਤ ਸਿੰਘ ਤੇ ਡਾ. ਆਤਮਜੀਤ ਅਤੇ ਲਹਿੰਦੇ ਪੰਜਾਬ ਤੋਂ ਜਨਾਬ ਮੁਸਤਫ਼ਾ ਅੰਜੁਮ ਤੇ ਜਨਾਬ ਨਕਵੀ ਜੀ ਬਿਰਾਜਮਾਨ ਸਨ। ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਨੇ ਆਏ ਮਹਿਮਾਨਾਂ, ਸਰੋਤਿਆਂ ਨੂੰ ਜੀ ਆਇਆਂ ਆਖਿਦਿਆਂ ਸਟੇਜ ਨਵਰਾਜ ਬਸਾਤੀ ਨੂੰ ਸੰਭਾਲ ਦਿੱਤੀ। ਪ੍ਰੋਗਰਾਮ ਦੀ ਖਾਸ ਗੱਲ ਇਹ ਸੀ ਕਿ ਬੀਬੀਆਂ ਨੇ ਵੀ ਇਸ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਪੰਜਾਬ ਟਾਈਮਜ਼ ਤੋਂ ਜਸਪ੍ਰੀਤ ਕੌਰ ਜੰਮੂ ਤੋਂ ਇਲਾਵਾ ਬੀਬੀ ਸੁਰਜੀਤ ਕੌਰ, ਲੇਖਿਕਾ ਬੀਬੀ ਕਿਰਪਾਲ ਕੌਰ, ਇੰਡੀਆ ਤੋਂ ਬੀਬੀ ਕਮਲਜੀਤ ਕੌਰ, ਇੰਡਿਆਨਾ ਤੋਂ ਨੀਰੂ ਸਹਿਰਾਅ, ਮਨਮੋਹਣ ਕੌਰ ਵਿਰਕ, ਮਨਜੀਤ ਕੌਰ ਵਿਰਕ, ਬੇਬੀ ਸੰਘਾ, ਸ਼ਿਕਾਗੋ ਤੋਂ ਸ੍ਰੀਮਤੀ ਮੁਸਤਫਾ ਅੰਜੁਮ, ਨਵਰਾਜ ਤੇ ਨਵਰੀਤ ਬਸਾਤੀ, ਰਜਿੰਦਰ ਕੌਰ ਬਸਾਤੀ ਆਦਿ ਦੀ ਹਾਜ਼ਰੀ ਨੇ ਪੱਲੜਾ ਬਰਾਬਰ ਬਣਾਈ ਰੱਖਿਆ। ਨੌਜੁਆਨ ਕਵਿੱਤਰੀ ਰਾਕਿੰਦ ਕੌਰ ਨੇ ਪ੍ਰਬੰਧ ਵਿਚ ਵੱਡਾ ਹਿੱਸਾ ਪਾ ਕੇ ਸਭ ਕੋਲੋਂ ਵਾਹਵਾ ਵਧਾਈਆਂ ਕਬੂਲੀਆਂ।

ਬੁਲਾਰਿਆਂ ਤੇ ਅਦੀਬਾਂ ਵਿਚ ਬਾਬਾ ਦਲਜੀਤ ਸਿੰਘ, ਮੀਆਂ ਸਕਲੇਨ, ਡਾ. ਅਫ਼ਜ਼ਲ, ਬੀਬੀ ਸੁਰਜੀਤ ਕੌਰ, ਬੀਬੀ ਕਿਰਪਾਲ ਕੌਰ, ਯਾਸੀਨ ਚੌਹਾਨ (ਜਿਨ੍ਹਾਂ ਮੀਆਂ ਮੁਹੰਮਦ ਬਖਸ਼ ਦਾ ਕਲਾਮ ਗਾ ਕੇ ਸੁਣਾਇਆ), ਕੁਲਦੀਪ ਸਰਾਂ, ਡਾ. ਆਤਮਜੀਤ, ਤਾਹਿਰਾ ਰਿਦਾ, ਰਾਕਿੰਦ ਕੌਰ, ਮੁਸਤਫ਼ਾ ਅੰਜੁਮ, ਅੰਮ੍ਰਿਤਪਾਲ ਕੌਰ, ਗੁਰਲੀਨ ਕੌਰ (ਪੀਟੀਸੀ ਨਿਊਜ਼), ਕਸ਼ਿਸ਼ ਹੁਸ਼ਿਆਰਪੁਰੀ, ਰਾਜ ਲਾਲੀ ਬਟਾਲਾ, ਕਲਾਕਾਰ ਰਾਜੇਸ਼ ਪਵਾਰ, ਸਰਵਣ ਸਿੰਘ ਰਾਜੂ ਅਤੇ ਡਾ. ਜਾਵੇਦ ਭੱਟੀ ਆਦਿ ਨੇ ਆਪਣੇ ਖਿਆਲਾਤ ਸਾਂਝੇ ਕੀਤੇ। ਕੁੱਝ ਸ਼ਾਇਰਾਂ ਦੇ ਸ਼ੇਅਰਾਂ ਨੇ ਵਾਹਵਾ ਦਾਦ ਕਬੂਲ ਕੀਤੀ:

ਮਹਿਫਲ 'ਚ ਆ ਕੇ ਬੈਠੇ, ਉਹ ਜਦੋਂ ਕਰੀਬ ਸਾਡੇ
ਨਜ਼ਰ ਬਚਾ ਕੇ ਖਿਸਕੇ, ਸਾਰੇ ਰਕੀਬ ਸਾਡੇ।
-ਕਸ਼ਿਸ਼ ਹੁਸ਼ਿਆਰਪੁਰੀ

ਮੈਂ ਲਾ ਲਾ ਤਾਂਘਾਂ ਸੁੱਕ ਚੱਲੀ, ਇਹ ਹਿਜਰ ਨਾ ਮੁੱਕਦਾ
ਇਕ ਸੋਨੇ ਦਾ ਇਕ ਚਾਂਦੀ ਦਾ, ਮੈਂ ਦੋ ਚੂੜੇ ਘੜਵਾਏ
ਉਤੇ ਨਿੱਕੀਆਂ ਨਿੱਕੀਆਂ ਘੁੰਗਰੀਆਂ ਤੇ ਫੁੱਲ ਭੂਟੇ ਪਵਾਏ।
-ਤਾਹਿਰਾ ਰਿਦਾ

ਕਿਹੜਾ ਅੱਖੀਂ ਡਿੱਠਾ ਹਾਲ ਸੁਣਾਵਾਂ,
ਕਿਹੜੀ ਹੱਡ ਬੀਤੀ ਦਰਜ ਕਰਾਂ
ਡਾਂਗਾਂ ਲਹੂ ਭਿੱਜੀਆਂ ਨੇ ਤੇ ਪੱਗਾਂ ਮਿੱਟੀ 'ਚ ਰੁਲੀਆਂ ਨੇ।
-ਰਾਕਿੰਦ ਕੌਰ

ਆਪਣੀ ਘਰਦਾਰੀ ਖਾਤਿਰ
ਪੋਹਗਿਆ ਪੋਹਗਿਆ ਕਰਦੀ ਏ
ਦੁੱਖ ਮੁਸੀਬਤਾਂ ਸਹਿੰਦੀ ਏ,
ਨਾ ਜੀਂਦੀ ਏ ਨਾ ਮਰਦੀ ਏ।
(ਡੇ ਕੇਅਰ ਵਾਲੀ ਔਰਤ) -ਮੁਸਤਫ਼ਾ ਅੰਜੁਮ

ਵਾਂਗ ਹਵਾਵਾਂ ਕਾਸ਼ ਮੈਂ ਵੀ ਆਜ਼ਾਦ ਹੋ ਜਾਵਾਂ
ਸਰਹੱਦਾਂ ਬੰਨ੍ਹੇ ਟੱਪ ਪੰਛੀ ਬਣ ਉੱਡ ਜਾਵਾਂ।
-ਅੰਮ੍ਰਿਤ ਪਾਲ ਕੌਰ

ਸਿਆਸਤਦਾਨਾਂ ਵਲੋਂ ਪਾਈਆਂ ਵੰਡੀਆਂ ਬਾਰੇ ਅੰਮ੍ਰਿਤ ਪਾਲ ਕੌਰ ਵਲੋਂ ਜ਼ਬਰਦਸਤ ਲਾਹਨਤ ਪਾਈ ਗਈ:

ਕੁਲ ਲੋਕਾਈ ਦੇਵੇ ਦੁਹਾਈ,
ਫਿਰਕਾਪ੍ਰਸਤੀ ਦੀ ਅੱਗ ਤੂੰ ਲਾਈ...
ਆਹ ਥੂ, ਆਹ ਥੂ ਵੇ ਹਾਕਮ।

ਵੇ ਮੈਨੂੰ ਸੂਟ ਲਿਆ ਦੇ ਮੁਲਤਾਨ ਤੋਂ
ਮੈਂ ਵਾਰੀ ਜਾਵਾਂ ਜਾਨ ਤੋਂ
-ਗੁਰਲੀਨ ਕੌਰ

ਚਿਹਰਿਆਂ 'ਤੇ ਨੂਰ ਰਹੇ, ਰੂਹਾਂ ਨੂੰ ਸਕੂਨ ਮਿਲੇ,
ਨਫਰਤਾਂ ਦਾ ਸਾਇਆ ਸਦਾ ਦੂਰ ਦੂਰ ਰਹੇ।
-ਰਾਜੇਸ਼ ਪਵਾਰ

ਚੜ੍ਹਦੇ ਲਹਿੰਦੇ ਆਪਣੇ ਲੋਕ,
ਦਿਲ ਵਿਚ ਰਹਿੰਦੇ ਆਪਣੇ ਲੋਕ।
-ਰਾਜ ਲਾਲੀ ਬਟਾਲਾ

ਮੇਰਾ ਰੋਗ ਪਛਾਣ ਕੇ ਚੁੱਪ ਏ।
ਜਾਣਦਾ ਏ ਪਰ ਜਾਣ ਕੇ ਚੁੱਪ ਏ।
-ਡਾ. ਜਾਵੇਦ ਭੱਟੀ

### **ਦੋ ਕਿਤਾਬਾਂ ਦੀ ਮੂੰਹ ਵਿਖਾਲੀ**

ਗਲੋਬਲ ਪੰਜਾਬ ਦੇ ਇਸ ਇਕੱਠ ਵਿਚ ਰਵਿੰਦਰ ਸਹਿਰਾਅ ਦੀਆਂ ਦੋ ਕਿਤਾਬਾਂ 'ਸੁਰਖ ਰਾਹਾਂ ਦੇ ਹਮਸਫ਼ਰ' ਅਤੇ ਡਾ. ਮਨਜ਼ੂਰ ਏਜਾਜ਼ ਦੀਆਂ ਗੁਰਮੁਖੀ ਅੱਖਰਾਂ ਵਿਚ ਨਜ਼ਮਾਂ ਦੀ ਸੰਪਾਦਿਤ ਕਿਤਾਬ 'ਝੱਲੀ ਦਾ ਝੱਲ' ਵੀ ਖਿੱਚ ਦਾ ਕੇਂਦਰ ਰਹੀਆਂ। ਕੁਲਦੀਪ ਸਿੰਘ ਸਰਾਂ ਦਾ ਕਹਿਣਾ ਸੀ ਕਿ ਮੈਂ ਖੁਦ ਨਕਸਲੀ ਲਹਿਰ ਦਾ ਹਿੱਸਾ ਰਿਹਾ ਹੋਣ ਕਰਕੇ ਸੁਰਖ਼ ਰਾਹਾਂ ਦੇ ਹਮਸਫ਼ਰ ਦੀ ਸਿਰਜਣਾ ਨੂੰ ਭਲੀ-ਭਾਂਤੀ ਸਮਝਦਾਂ ਹਾਂ। ਡਾ. ਆਤਮਜੀਤ ਨੇ ਦੋਵਾਂ ਕਿਤਾਬਾਂ ਖਾਸ ਕਰਕੇ 'ਝੱਲੀ ਦਾ ਝੱਲ' ਵਿਚਲੀਆਂ ਨਜ਼ਮਾਂ ਨੂੰ ਬਿਹਤਰੀਨ ਨਜ਼ਮਾਂ ਆਖਿਆ। ਕੁਝ ਨਜ਼ਮਾਂ ਬਾਰੇ ਜਦੋਂ ਉਹ ਭਾਵੁਕ ਹੋ ਕੇ ਬੋਲ ਰਹੇ ਸਨ ਤਾਂ ਸੁਣਨ ਵਾਲੇ ਵੀ ਭਾਵੁਕ ਹੋ ਗਏ। 'ਸੁਰਖ਼ ਰਾਹਾਂ ਦੇ ਹਮਸਫ਼ਰ' ਬਾਰੇ ਉਨ੍ਹਾਂ ਦੱਸਿਆ ਕਿ ਮੈਂ ਤਿੰਨ ਵਾਰ ਪੜ੍ਹਿਆ ਹੈ। ਇਹ ਕਿਤਾਬ ਨਕਸਲ ਲਹਿਰ ਦੇ ਉਤਰਾਅ-ਚੜ੍ਹਾਅ ਨੂੰ ਵਿਚਾਰਨ ਵਾਲੀ ਇਕ ਦਸਤਾਵੇਜ਼ ਹੈ। ਜਿਸ ਨੂੰ ਰਵਿੰਦਰ ਸਹਿਰਾਅ ਨੇ ਬੜੇ ਹੀ ਬੇਬਾਕ ਤੇ ਬੇਲਿਹਾਜ਼ ਹੋ ਕੇ ਲਿਖਿਆ ਹੈ। ਉਨ੍ਹਾਂ ਕਮਲਜੀਤ ਸਿੰਘ ਵਿਰਕ ਉੱਪਰ ਹੋਏ ਤਸ਼ੱਦਦ ਦਾ ਉਚੇਚਾ ਜ਼ਿਕਰ ਕੀਤਾ। ਇਸ ਸਮੇਂ ਸੰਸਥਾ ਵਲੋਂ ਰਵਿੰਦਰ ਸਹਿਰਾਅ ਨੂੰ 'ਕਵਿਤਾ ਦਾ ਧਨੀ' ਮੂਮੈਂਟੋ ਦੇ ਕੇ ਸਨਮਾਨਤ ਵੀ ਕੀਤਾ ਗਿਆ।

ਠਾਕਰ ਸਿੰਘ ਬਸਾਤੀ, ਸਾਜਿਦ ਚੌਧਰੀ ਤੇ ਨਵਰਾਜ ਬਸਾਤੀ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ। ਉਨ੍ਹਾਂ ਨੇ ਹਾਜ਼ਰ ਸੱਜਣਾਂ ਅਤੇ ਮੀਡੀਆ ਦਾ ਉਚੇਚਾ ਸ਼ੁਕਰੀਆ ਕੀਤਾ। ਅਜੀਤ ਅਖ਼ਬਾਰ ਦੇ ਕੇਵਲ ਸਿੰਘ ਗੁਰਾਇਆ ਨੇ ਵੀ ਹਾਜ਼ਰੀ ਲੁਆਈ। 'ਟੱਚ ਆਫ ਸਪਾਈਸ' ਰੈਸਟੋਰੈਂਟ ਦੇ ਸੁਆਦਲੇ ਖਾਣੇ ਨਾਲ ਸਾਰੇ ਸੱਜਣ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਆਪੋ ਆਪਣੇ ਆਲ੍ਹਣਿਆਂ ਲਈ ਰਵਾਨਾ ਹੋਏ।

***-ਰਿਪੋਰਟ: ਠਾਕਰ ਸਿੰਘ ਬਸਾਤੀ***

---

40-50 ਉਮਰ ਵਰਗ ਦੌੜਾਂ ਵਿਚ ਰਿਸ਼ੀਦੇਵ ਪਹਿਲੇ, ਵਿਕਰਮ ਸਿੰਘ ਦੂਜੇ ਸਥਾਨ 'ਤੇ ਰਹੇ।

ਔਰਤਾਂ ਦੀਆਂ ਦੌੜਾਂ ਵਿਚ ਵੀਰਪਾਲ ਕੌਰ ਪਹਿਲੇ, ਮਨਪ੍ਰੀਤ ਦੂਜੇ ਤੇ ਅਰਚਨਾ ਦੇਵੀ ਨੇ ਤੀਜਾ ਸਥਾਨ ਹਾਸਲ ਕੀਤਾ।

ਪ੍ਰਬੰਧਕਾਂ ਨੇ ਬਣਦਾ ਮਾਣ-ਸਤਿਕਾਰ ਅਤੇ ਜੇਤੂਆਂ ਦੀ ਹੌਸਲਾ-ਅਫਜਾਈ ਕੀਤੀ।

ਵਾਲੀਵਾਲ ਦੇ ਵਖ ਵਖ ਦੋ ਸਥਾਨਾਂ 'ਤੇ ਨੈਟ ਲਗੇ ਹੋਏ ਸਨ। ਚੌਖੀ ਗਿਣਤੀ ਵਿਚ ਖਿਡਾਰੀਆਂ ਨੇ ਇਸ ਵਿਚ ਹਿੱਸਾ ਲਿਆ। ਮਨਜੀਤ ਸਿੰਘ ਮਟਰੋਲਾ ਨੇ ਪੁਰਾਤਨ ਵਾਲੀਵਾਲ ਸਵਿੰਗ ਸਰਵਿਸ ਦਾ ਚੰਗਾ ਪ੍ਰਦਰਸ਼ਨ ਕਰਕੇ ਚੰਗੇ ਅੰਕ ਹਾਸਲ ਕੀਤੇ।

ਇਸ ਮੌਕੇ ਕੁਝ ਤਾਸ਼ ਦੀ ਬਾਜੀ ਲਾਉਣ ਵਿਚ ਰੁਝੇ ਹੋਏ ਸਨ ਤੇ ਇਸ ਢਾਣੀ ਨੇ ਇਕ-ਦਜੇ ਨੂੰ ਖੂਬ ਹਾਸਾ-ਮਜਾਕ ਕੀਤਾ ਤੇ ਚੁਟਕਲੇ ਸੁਣੇ ਅਤੇ ਸੁਣਾਏ। ਮਨੋਰੰਜਨ ਲਈ ਡੀਜੇ 'ਤੇ ਪੰਜਾਬੀ ਗੀਤਾਂ ਦੀਆਂ ਧੁਨਾਂ ਮਾਹੌਲ ਵਿਚ ਸਭਿਆਚਾਰਕ ਮਹਿਕ ਘੋਲ ਰਹੀਆਂ ਸਨ। ਪਿਕਨਿਕ ਸਪਾਟ 'ਤੇ ਮੌਜ-ਮਸਤੀ ਦੇ ਪਲ ਸਨ। ਭਾਵੇਂ ਇਹ ਗੀਤਾਂ ਦੀ ਸੀ ਡੀ 'ਭੰਗੜਾ ਰਾਈਮਜ਼' ਦੀ ਪਿਛਲੇ ਪ੍ਰੋਗਰਾਮ ਦੀ ਸੀ, ਪਰ ਇਨ੍ਹਾਂ ਗਾਣਿਆਂ ਨੇ ਪਿਛਲੇ ਸਾਲ ਵਾਲੇ ਕਾਮਯਾਬ ਅੰਤਰ-ਭੰਗੜਾ-ਮੁਕਾਬਲੇ ਦੀ ਯਾਦ ਲੋਕਾਂ ਵਿਚ ਤਾਜਾ ਕਰ ਦਿਤੀ। ਭੰਗੜਾ ਰਾਈਮਜ਼ ਦੇ ਭੰਗੜਾ ਸਿੱਖ ਰਹੇ ਸਟੂਡੈਂਟਾਂ ਨੇ ਆਏ ਮਹਿਮਾਨਾਂ ਨਾਲ ਰਲ ਕੇ ਭੰਗੜਾ ਪਾ ਕੇ ਖੂਬ ਰੌਣਕਾਂ ਲਾਈਆਂ। ਦੇਖਣ ਵਾਲਿਆਂ ਦੇ 'ਮਨ ਦੇ ਮੋਰ' ਵੀ ਪੈਲਾਂ ਪਾਉਣ ਕਾਹਲੇ ਸਨ।

ਭੰਗੜਾ ਰਾਈਮਜ਼ ਦਾ ਰੂਹੇ-ਰਵਾਂ ਅਮਨ ਕੁਲਾਰ ਨਵੇਂ ਭੰਗੜੇ ਦੇ ਕਲਾਕਾਰਾਂ ਨੂੰ ਤਰਾਸ਼ਣ ਦਾ ਕੰਮ ਬਾਖੂਬੀ ਕਰ ਰਿਹਾ ਹੈ ਤੇ ਪਿਛਲੇ ਕੁਝ ਸਾਲਾਂ ਤੋਂ ਸ਼ਿਕਾਗੋ ਦੇ ਸਭਿਆਚਾਕ ਖੇਤਰ ਵਿਚ ਸਰਗਰਮ ਹੈ। ਅੰਤ ਵਿਚ ਅਮਨ ਕੁਲਾਰ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਖੇਡਾਂ ਵਿਚ ਹਿੱਸਾ ਲੈਣ ਵਾਲੇ ਬੱਚੇ-ਬੱਚੀਆਂ ਦੀ ਪ੍ਰਸ਼ੰਸਾ ਕੀਤੀ। ਸਾਰੀਆਂ ਸਭਿਆਚਾਰਕ ਸੰਸਥਾਵਾ ਦੇ ਮੈਂਬਰ ਇਸ ਪਿਕਨਕ ਵਿਚ ਨਜ਼ਰ ਆਏ, ਜਿਸ ਲਈ ਆਪਸੀ ਮਿਲਵਰਤਣ ਦੀ ਭਾਵਨਾ ਝਲਕ ਰਹੀ ਸੀ। ਅਮਨ ਕੁਲਾਰ ਨੇ ਪਿਛਲੇ ਅੰਤਰ-ਭੰਗੜਾ-ਮੁਕਾਬਲੇ ਵਿਚ ਵੀ ਨਵੀਆਂ ਪੈੜਾਂ ਪਾਈਆਂ ਸਨ, ਕੋਈ ਭਾਸ਼ਣ ਜਾਂ ਮੁਖ ਮਹਿਮਾਨ ਨਹੀਂ ਸੀ। ਇਸ ਵਿਚ ਅਜਿਹਾ ਹੀ ਸੀ, ਉਸਨੇ ਅਤੇ ਪ੍ਰਬੰਧਕ ਟੀਮ ਦੇ ਮੈਂਬਰਾਂ ਨੇ ਆਏ ਮਹਿਮਾਨਾਂ ਦੀ ਟਹਿਲ ਸੇਵਾ ਵਿਚ ਕੋਈ ਕਸਰ ਨਹੀਂ ਛਡੀ ਅਤੇ ਸਹੀ ਮਾਅਨਿਆਂ ਵਿਚ ਇਹ ਇਕ ਪਰਿਵਾਰਕ ਪਿਕਨਿਕ ਸੀ, ਜਿਸ ਵਿਚ ਅਮਨ ਕੁਲਾਰ ਨੇ ਸੁਚੱਜੇ ਢੰਗ ਨਾਲ ਆਪਣੀ ਕਲਾ, ਹੁਨਰ ਤੇ ਚੰਗੇ ਲੀਡਰ ਹੋਣ ਦਾ ਸਬੂਤ ਦਿਤਾ। ਭਵਿਖ ਵਿਚ ਵੀ ਉਸ ਕੋਲੋਂ ਸ਼ਿਕਾਗੋ ਦੇ ਸਿਆਚਾਰਕ ਖੇਤਰ ਵਿਚ ਇਸੇ ਤਰ੍ਹਾਂ ਦੇ ਨਿਵੇਕਲੇ ਅਤੇ ਯਾਦਗਾਰੀ ਪ੍ਰੋਗਰਾਮਾਂ ਦੀ ਆਸ ਕੀਤੀ ਜਾ ਸਕਦੀ ਹੈ। ਮੇਲਾ ਖਤਮ ਹੋਣ ਪਿਛੋਂ ਪਾਰਕਿੰਗ ਲਾਟ ਵਿਚ ਸਾਰੇ ਖੁਸ਼ ਹੋਏ ਵਾਹ-ਵਾਹ ਕਰ ਰਹੇ ਸਨ।

# ਸਿੱਖ ਸੰਸਕਾਰਾਂ ਨਾਲ ਜੁੜੇ ਵਹਿਮ-ਭਰਮ

*ਡਾ. ਪੂਰਨ ਸਿੰਘ (ਜਨਮ 18 ਅਗਸਤ 1947) ਦਾ ਜੱਦੀ ਪਿੰਡ ਗੁਰੂਸਰ ਸੁਧਾਰ (ਲੁਧਿਆਣਾ) ਹੈ। ਉੱਚ ਵਿੱਦਿਆ ਪ੍ਰਾਪਤ ਕਰ ਕੇ ਉਹ ਕੈਨੇਡਾ ਦੀ ਯੂਨੀਵਰਸਿਟੀ ਆਫ ਕੋਲੰਬੀਆ ਵਿਚੋਂ ਲਾਇਬ੍ਰੇਰੀ ਸਹਾਇਕ ਦੀ ਸੇਵਾ ਨਿਭਾਅ ਕੇ 2006 ਵਿਚ ਸੇਵਾ-ਮੁਕਤ ਹੋਏ। ਉਹ ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਦੇ ਤ੍ਰੈ-ਮਾਸਕ 'ਸਿੱਖ ਮਾਰਗ' ਦੇ ਸੰਪਾਦਕ ਅਤੇ ਸਰੀ (ਬੀ.ਸੀ.) ਤੋਂ ਨਿਕਲਦੇ ਪੰਜਾਬੀ ਹਫਤਾਵਾਰੀ 'ਦਿ ਕੈਨੇਡੀਅਨ ਪੰਜਾਬ ਟਾਈਮਜ਼' ਦੇ ਮੁੱਖ ਸੰਪਾਦਕ ਵਜੋਂ ਸੇਵਾ ਕਰਦੇ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ 'ਦਿ ਵੈਸਟਰਨ ਸਿੱਖ ਸਮਾਚਾਰ' ਦੀ ਵੀ ਲੰਮੇ ਸਮੇਂ ਲਈ ਸੰਪਾਦਨਾ ਕੀਤੀ।*

ਕਲਾ ਪਰਿਕਰਮਾ

ਅਜੋਕੇ ਕਾਲ ਅੰਦਰ ਸਿੱਖ ਕੌਮ ਅੰਦਰ ਹੋ ਰਹੀ ਗਿਰਾਵਟ ਨੂੰ ਤੱਕ ਕੇ ਕੌਮੀ ਹਿਤੂ ਚਿੰਤਤ ਹੋ ਰਹੇ ਹਨ। ਵਿਰੋਧੀ ਸ਼ਕਤੀਆਂ ਭਾਵੇਂ ਉਹ ਸਰਕਾਰ ਹੈ ਜਾਂ ਸਰਕਾਰੀ ਪੱਧਰ 'ਤੇ ਸਥਾਪਤ ਡੇਰੇ, ਇਨ੍ਹਾਂ ਵੱਲੋਂ ਸਿੱਖ ਕੌਮ ਦੀ ਵਿਲੱਖਣ ਹਸਤੀ ਨੂੰ ਹਮੇਸ਼ਾ ਅਪ੍ਰਵਾਨ ਹੀ ਕੀਤਾ ਜਾਂਦਾ ਰਿਹਾ ਹੈ। ਅੱਜ ਜਿਥੇ ਡੇਰਿਆਂ ਦੇ ਮੁਖੀ ਬਲਾਤਕਾਰ ਕਰਨ ਕਾਰਨ ਅਖ਼ਬਾਰਾਂ ਦੀਆਂ ਮੁੱਖ ਸੁਰਖ਼ੀਆਂ ਵਿਚ ਚਰਚਿਤ ਹਨ, ਉਥੇ ਸਿੱਖ ਪੰਥ ਦੇ ਉੱਚ ਅਸਥਾਨਾਂ ਦੀਆਂ ਉੱਚ ਹਸਤੀਆਂ ਅਤੇ ਵਿਦਵਾਨ ਵੀ ਦੋਸ਼ੀ

**ਡਾ. ਪੂਰਨ ਸਿੰਘ**
ਫੋਨ: +1-604-325-3784

ਹਨ। ਅੱਜ ਭਾਵੇਂ ਡੇਰਾਵਾਦ ਜਾਂ ਅਨੇਕਾਂ ਭੇਖੀ ਬਾਬੇ ਸਰਕਾਰ ਦੀ ਸਰਪ੍ਰਸਤੀ ਕਾਰਨ ਅਧਿਕ ਦਿਖਾਈ ਦਿੰਦੇ ਹਨ ਪਰ ਗੁਰੂ-ਕਾਲ ਅੰਦਰ ਵੀ ਅਨੇਕਾਂ ਭੇਖੀ ਸਾਧ ਜੋ ਗੁਰਮਤਿ ਲਹਿਰ ਦੇ ਵਿਰੋਧੀ ਸਨ, ਆਪਣੇ ਭੇਖ ਦੁਆਰਾ ਲੋਕਾਈ ਨੂੰ ਗੁਮਰਾਹ ਕਰਨ ਦਾ ਯਤਨ ਕਰਦੇ ਸਨ, ਇਸ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਅੰਦਰ ਭੱਟ ਭਿਖਾ ਜੀ ਕਰ ਰਹੇ ਹਨ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ (ਸਵਈਏ ਮਹਲੇ ਤੀਜੇ ਕੇ, ਪੰਨਾ 1395)

ਭੱਟ ਜੀ ਆਪਣੀ ਖੋਜ ਦੁਆਰਾ ਆਪਣਾ ਅਨੁਭਵ ਦੱਸਦੇ ਹਨ ਕਿ ਉਨ੍ਹਾਂ ਨੂੰ ਰੱਬੀ ਰੰਗ 'ਚ ਰੱਤੇ ਸੰਤਾਂ ਨੂੰ ਮਿਲਣ ਦੀ ਇੱਛਾ ਸੀ ਅਤੇ ਇਸ ਲਈ ਉਹ ਸਾਲ ਭਰ ਫਿਰਦੇ ਰਹੇ। ਸਾਧ ਲੋਕ ਭੇਖੀ ਤੇ ਤਪੀ ਲੱਗ ਰਹੇ ਸਨ ਅਤੇ ਮੂੰਹ ਤੋਂ ਮਿੱਠੇ ਵੀ ਸਨ ਪਰ ਉਨ੍ਹਾਂ ਦੀ ਅਸਲ ਰਹਿਤ-ਬਹਿਤ ਤੋਂ ਕੋਈ ਮਾਨਸਿਕ ਸ਼ਾਂਤੀ ਨਹੀਂ ਮਿਲੀ। ਉਹ ਲੋਕਾਂ 'ਤੇ ਆਪਣਾ ਪ੍ਰਭਾਵ ਪਾਉਣ ਲਈ ਕਥਾ-ਵਾਰਤਾ ਵੀ ਕਰਦੇ ਸਨ ਪਰ:

ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ ॥ (ਸਵਈਏ ਮਹਲੇ ਤੀਜੇ ਕੇ, ਪੰਨਾ 1396)

ਤੱਤਸਾਰ ਇਹੀ ਹੈ ਕਿ ਜੋ ਭੇਖੀ ਲੋਕ ਉਸ ਸਮੇਂ ਸਨ, ਅੱਜ ਵੀ ਓਹੀ ਹਨ ਬਲਕਿ ਇਨ੍ਹਾਂ ਦੀ ਗਿਣਤੀ ਹੋਰ ਜ਼ਿਆਦਾ ਵਧ ਰਹੀ ਹੈ ਜਿਸ ਕਾਰਨ ਪੰਥਕ ਹਿਤੂ ਫਿਕਰਮੰਦ ਹਨ। ਸਾਨੂੰ ਨਿਸ਼ਕਾਮ ਤੇ ਜੀਵਨ ਵਾਲੇ ਵਿਦਵਾਨ ਪ੍ਰਚਾਰਕਾਂ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਗੁਰਮਤਿ ਦੇ ਸਹੀ ਸਿਧਾਂਤਾਂ ਬਾਰੇ ਦੱਸਿਆ ਜਾ ਸਕੇ। ਯਤਨ ਕੀਤਾ ਗਿਆ ਹੈ ਕਿ ਕੋਈ ਅਜਿਹੀ ਚਰਚਾ ਨਾ ਛਿੜੇ ਜਿਸ ਨਾਲ ਰਹਿਤ-ਮਰਯਾਦਾ ਅੰਦਰ ਪੰਥ ਵੱਲੋਂ ਸਥਾਪਤ ਪਰੰਪਰਾਵਾਂ ਵਿਰੁੱਧ ਕੋਈ ਵਿਵਾਦ ਵਾਲਾ ਵਿਸ਼ਾ ਬਣ ਜਾਵੇ।

---

ਗੁਰਮਤਿ ਨਵੀਨ ਤੇ ਵਿਲੱਖਣ ਵਿਚਾਰਧਾਰਾ ਹੈ। ਇਸ ਸਿਧਾਂਤ ਤੇ ਵਿਚਾਰਧਾਰਾ ਨੇ ਭਾਰਤ ਦੇ ਸਮਾਜ ਅੰਦਰ ਮਹਾਨ ਇਨਕਲਾਬ ਲਿਆਂਦਾ ਅਤੇ ਵੱਡੇ-ਵੱਡੇ ਚਿੰਤਕਾਂ ਨੇ ਵੀ ਇਸ ਸਿਧਾਂਤ ਅੱਗੇ ਆਪਣਾ ਸਿਰ ਝੁਕਾ ਦਿੱਤਾ। ਅੱਜ ਅਸੀਂ ਅਵੇਸਲੇਪਣ ਅੰਦਰ ਗੁਰਮਤਿ ਦੇ ਗਿਆਨ ਦਾ ਲਾਹਾ ਨਹੀਂ ਲੈ ਰਹੇ ਅਤੇ ਅਗਿਆਨਤਾ ਦੇ ਹਨੇਰੇ ਵਿਚ ਕੁਰਾਹੇ ਪੈ ਰਹੇ ਹਾਂ। ਸਿੱਖ ਲਹਿਰ ਦੇ ਸੰਚਾਲਕਾਂ ਦੀ ਭਾਵਨਾ ਸੀ ਕਿ ਸਿੱਖਾਂ ਅੰਦਰ ਕੋਈ ਪੁਜਾਰੀ ਸ਼੍ਰੇਣੀ ਨਾ ਬਣ ਜਾਏ ਪਰ ਸਾਡੇ ਬਹੁ ਪ੍ਰਚਾਰਕ ਪੁਜਾਰੀ ਸ਼੍ਰੇਣੀ ਦਾ ਰੂਪ ਧਾਰ ਰਹੇ ਹਨ ਅਤੇ ਪੁਜਾਰੀਆਂ ਵਾਂਗ ਲੁੱਟ-ਖਸੁੱਟ ਕਰਨ 'ਚ ਰੱਤੀ ਸੰਕੋਚ ਨਹੀਂ ਕਰਦੇ। ਸਿੱਖਾਂ ਅੰਦਰ ਅਗਿਆਨਤਾ ਹੋਣ ਕਾਰਨ ਇੱਕ ਨਵੀਂ ਜਮਾਤ ਖੜ੍ਹੀ ਹੋ ਗਈ ਹੈ ਜਿਸ ਨੂੰ 'ਸੰਤ ਸਮਾਜ' ਦਾ ਨਾਂ ਦਿੱਤਾ ਗਿਆ ਹੈ। ਸੰਤ ਸਮਾਜ ਦੇ ਅਨੇਕਾਂ ਵਿਅਕਤੀ ਸਰਕਾਰ ਨਾਲ ਗੁਪਤ ਸਬੰਧ ਰੱਖਦੇ ਹਨ ਜਾਂ ਸਰਕਾਰ ਦੇ ਏਜੰਟ ਡੇਰੇਦਾਰਾਂ ਨਾਲ ਸੰਪਰਕ ਰੱਖਦੇ ਹਨ। ਅਜੋਕੇ ਕਾਲ ਅੰਦਰ ਬਾਬਿਆਂ ਪਾਸ ਵੱਡੀਆਂ-ਵੱਡੀਆਂ ਏਅਰ ਕੰਡੀਸ਼ੰਡ ਕਾਰਾਂ ਤੇ ਵੱਡੇ-ਵੱਡੇ ਏਅਰ ਕੰਡੀਸ਼ੰਡ ਡੇਰੇ ਹਨ। ਜੇ ਗੁਰ-ਇਤਿਹਾਸ ਵੱਲ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਕਿਵੇਂ ਗੁਰੂ ਸਾਹਿਬਾਨ ਨੇ ਸਾਦਾ ਜੀਵਨ ਬਤੀਤ ਕਰਦਿਆਂ ਆਪਣੇ ਪਰਿਵਾਰਾਂ ਸਮੇਤ ਕਰੜੇ ਸੰਕਟ ਝੱਲੇ, ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੂਝਦੇ ਰਹੇ ਪਰ ਅੱਜ ਤਿੰਨ ਦਹਾਕਿਆਂ ਤੋਂ ਸਿੱਖ ਕੌਮ ਉੱਪਰ ਬੇਅੰਤ ਸੰਕਟ ਆਏ, ਹਜ਼ਾਰਾਂ ਸਿੱਖ ਸ਼ਹੀਦ ਹੋਏ, ਜ਼ਿੰਦਾ ਜਲਾਏ ਗਏ ਪਰ ਸੰਤ ਸਮਾਜ ਦੇ ਕਿਸੇ ਬਾਬੇ ਦੇ ਝਰੀਟ ਤਕ ਨਹੀਂ ਆਈ ਅਤੇ ਨਾ ਹੀ ਕਿਸੇ ਨੇ ਕੌਮ 'ਤੇ ਸੰਕਟ ਆਉਣ 'ਤੇ ਸਰਕਾਰ ਪਾਸ ਰੋਸ ਕੀਤਾ ਸਗੋਂ ਉਲਟਾ ਸਰਕਾਰ ਨੇ ਇਨ੍ਹਾਂ ਬਾਬਿਆਂ ਨੂੰ ਪੰਥਕ ਫ਼ੈਸਲਿਆਂ ਅਤੇ ਪੰਥਕ ਹਿੱਤਾਂ ਵਿਰੁੱਧ ਵਰਤਿਆ।




*ਕਿਤਾਬ 'ਸਿੱਖ ਸੰਸਕਾਰਾਂ ਨਾਲ ਜੁੜੇ ਵਹਿਮ-ਭਰਮ ਅਤੇ ਕਰਮ-ਕਾਂਡ' ਦਾ ਸਰਵਰਕ।*



*ਕਿਤਾਬ ਦੇ ਲਿਖਾਰੀ ਡਾ. ਪੂਰਨ ਸਿੰਘ।*

ਇਹ ਆਪ-ਮੁਹਾਰੇ ਬਣੇ ਬਾਬੇ ਪੰਥ ਦੇ ਹਿਤੂ ਨਹੀਂ ਅਤੇ ਨਾ ਹੀ ਗੁਰਮਤਿ ਦਾ ਪ੍ਰਚਾਰ ਕਰਨ ਦੇ ਹਾਮੀ ਹਨ। ਇਨ੍ਹਾਂ ਦੀ ਸੋਚ ਬਿਪਰ ਸ਼੍ਰੇਣੀ ਵਾਂਗ ਹੈ ਕਿਉਂਕਿ ਰਾਜਨੀਤਕ ਨੇਤਾਵਾਂ ਦੀਆਂ ਨੀਤੀਆਂ ਅਨੁਸਾਰ ਹੀ ਇਨ੍ਹਾਂ ਨੂੰ ਚੱਲਣ ਦਾ ਆਦੇਸ਼ ਹੈ। ਜਦੋਂ ਸਿੱਖ ਪੰਥ ਨੇ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰ ਕੇ ਲਾਗੂ ਕਰਨਾ ਚਾਹਿਆ ਤਾਂ ਭਾਰਤੀ ਕੇਂਦਰੀ ਸਰਕਾਰ ਨੇ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਬਾਬਿਆਂ ਰਾਹੀਂ ਕਰਵਾਇਆ। ਸਿੱਖਾਂ ਅੰਦਰ ਵੱਧ ਰਹੇ ਵਹਿਮ ਅਤੇ ਭਰਮ ਵੀ ਡੇਰਿਆਂ ਦੀ ਦੇਣ ਹਨ।

ਇਹ ਪੁਸਤਕ ਕੁਝ ਅਜਿਹੇ ਵਹਿਮਾਂ ਤੇ ਭਰਮਾਂ ਨੂੰ ਜੋ ਧਾਰਮਿਕ ਸੰਸਕਾਰਾਂ ਨਾਲ ਜੁੜ ਗਏ ਹਨ, ਗੁਰਮਤਿ ਦੀ ਕਸਵੱਟੀ 'ਤੇ ਪਰਖ ਕੇ ਲਾਂਭੇ ਕਰਨ ਦਾ ਨਿਮਾਣਾ ਜਿਹਾ ਯਤਨ ਹੈ ਤਾਂ ਜੋ ਲੋਕ ਮਾਨਸਿਕ ਤੌਰ 'ਤੇ ਅਨੇਕਾਂ ਭੁਲੇਖਿਆਂ ਤੋਂ ਮੁਕਤ ਹੋ ਸਕਣ। ਖ਼ਾਲਸਾ ਪੰਥ ਪਾਸ ਧਾਰਮਿਕ ਸੰਸਕਾਰਾਂ ਦੀ ਵਿਆਖਿਆ ਅਤੇ ਉਨ੍ਹਾਂ ਸੰਸਕਾਰਾਂ ਨੂੰ ਨਿਭਾਉਣ ਲਈ ਵਿਸ਼ੇਸ਼ ਰਹਿਤ-ਮਰਯਾਦਾ ਬਣੀ ਹੋਈ ਹੈ। ਸਾਨੂੰ ਪੰਥਕ ਏਕਤਾ ਲਈ ਅਤੇ ਪੰਥਕ ਹਿੱਤਾਂ ਦੀ ਖ਼ਾਤਰ ਪੰਥਕ ਮਰਯਾਦਾ ਨੂੰ ਹੀ ਮੰਨਣਾ ਚਾਹੀਦਾ ਹੈ।

---

ਇਹ ਪੁਸਤਕ ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ ਪਹਿਲੀ ਵਾਰ ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵੱਲੋਂ 2004 ਵਿਚ ਪ੍ਰਕਾਸ਼ਿਤ ਹੋਈ। ਇਹੀ ਪੁਸਤਕ ਮੂਲ ਰੂਪ ਵਿਚ ਦੁਬਾਰਾ 2007 ਵਿਚ ਛਪੀ। ਇਸ ਪੁਸਤਕ ਦੀ ਪਾਠਕਾਂ ਵੱਲੋਂ ਬਹੁਤ ਪ੍ਰਸ਼ੰਸਾ ਹੋਈ। ਸੰਗਤਾਂ ਅਤੇ ਕੁਝ ਸੁਹਿਰਦ ਵਿਅਕਤੀਆਂ ਵੱਲੋਂ ਮੰਗ ਕਰਨ 'ਤੇ ਇਸ ਪੁਸਤਕ ਦੇ ਕਈ ਲੇਖਾਂ ਵਿਚ ਸੋਧ ਕੀਤੀ ਗਈ ਹੈ ਅਤੇ ਕੁਝ ਨਵੇਂ ਲੇਖ ਵੀ ਸ਼ਾਮਲ ਕੀਤੇ ਗਏ ਹਨ। ਪੁਸਤਕ ਦੇ ਪਹਿਲੇ ਨਾਂਵ 'ਧਾਰਮਿਕ ਸੰਸਕਾਰਾਂ' ਦੀ ਥਾਂ 'ਸਿੱਖ ਸੰਸਕਾਰਾਂ' ਕਰ ਦਿੱਤਾ ਗਿਆ ਹੈ। ਉਮੀਦ ਰੱਖਦਾ ਹਾਂ ਕਿ ਸੋਧੇ ਹੋਏ ਸੰਸਕਰਨ ਨੂੰ ਚੰਗਾ ਹੁੰਗਾਰਾ ਮਿਲੇਗਾ। ਕੁਝ ਵਿਦਵਾਨ ਇਹ ਵੀ ਆਖ ਰਹੇ ਹਨ ਕਿ ਇਸ ਪੁਸਤਕ ਨੂੰ ਅੰਗਰੇਜ਼ੀ ਵਿਚ ਉਲਥਾਇਆ ਜਾਵੇ ਤਾਂ ਜੋ ਪੱਛਮੀ ਦੁਨੀਆ ਵਿਚ ਜੰਮੇ-ਪਲੇ ਸਿੱਖ ਨੌਜਵਾਨ ਜਾਣ ਸਕਣ ਕਿ ਉਹ ਕਿਹੜੇ ਵਹਿਮ-ਭਰਮ ਹਨ ਜੋ ਸਿੱਖ ਸੰਸਕਾਰਾਂ ਨਾਲ ਜੁੜ ਗਏ ਹਨ।

ਸਾਨੂੰ ਗੁਰੂ ਗ੍ਰੰਥ ਸਾਹਿਬ ਅੰਦਰ ਪੁਜਾਰੀਆਂ ਦੇ ਫੈਲਾਏ ਕਰਮ-ਕਾਂਡਾਂ ਜਾਂ ਵਹਿਮਾਂ-ਭਰਮਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਸੱਚੇ ਉਪਦੇਸ਼ ਦ੍ਰਿੜ ਕਰਾਏ ਗਏ ਹਨ। ਹਰ ਇਕ ਨੂੰ ਸਚਿਆਰ ਬਣਨ ਅਥਵਾ ਸ਼ੁੱਭ ਕਰਮਨ ਲਈ ਪ੍ਰੇਰਨਾ ਹੈ। ਤੱਤਸਾਰ ਇਹੀ ਹੈ ਕਿ ਕੀ ਜਿਸ ਇਨਸਾਨ ਦਾ ਹਿਰਦਾ ਸ਼ੁੱਧ ਹੈ, ਗੁਰਬਾਣੀ ਅਨੁਸਾਰ ਜੀਵਨ ਜਾਚ ਬਣਾਈ ਹੋਈ ਹੈ, ਉਹ ਸੱਚੇ ਮਾਰਗ 'ਤੇ ਚੱਲ ਰਿਹਾ ਹੈ, ਉਹ ਵਹਿਮਾਂ-ਭਰਮਾਂ ਵਿਚ ਵਿਸ਼ਵਾਸ ਨਹੀਂ ਕਰਦਾ:

ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ (ਪ੍ਰਭਾਤੀ ਮ: ਪਹਿਲਾ, ਪੰਨਾ 1343)

ਹੁਣ ਸਾਡੇ ਲਈ ਜ਼ਰੂਰੀ ਮੁੱਦਾ ਬਣਦਾ ਹੈ ਕਿ ਅਸੀਂ ਗੁਰਮਤਿ ਨੂੰ ਸਮਝ ਕੇ ਸੁਚੇਤ ਹੋਈਏ ਅਤੇ ਵਹਿਮਾਂ-ਭਰਮਾਂ ਜਾਂ ਕਰਮ-ਕਾਂਡਾਂ ਤੋਂ ਮੁਕਤੀ ਪਾ ਸਕੀਏ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਕਤੂਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-658



*ਜਿਹਦੇ ਜੁੰਮੇ ਘਰਬਾਰ ਛੱਡ ਕੇ, ਚਾਹੇ ਲਾਈਏ ਨ ਹੋਵੇ ਤਾਲਾ,*
*ਨਵ-ਜੰਮਿਆਂ ਬੱਚਾ ਚੁੱਕ ਗੋਦੀ, ਬੈਠਾ ਹੈ ਘਰ ਦਾ ਰਖਵਾਲਾ।*
*ਪਿਆਰ ਦਾ ਭੁੱਖਾ ਵਾਂਗਰ ਸਾਡੇ, ਉਹ ਸਵਾਮੀ ਭਗਤ ਕਹਾਵੇ,*
*ਸਬਰ ਕਰੇ ਦੋ ਬੁਰਕੀਆਂ ਖਾ ਕੇ, ਵਫ਼ਾਦਾਰੀ ਦਾ ਮੁੱਲ ਚੁਕਾਵੇ।*

### ਕੈਪਸ਼ਨ ਮੁਕਾਬਲਾ-656



ਵੇਖ ਕੇ ਉਡਦੇ ਵਿਚ ਅਸਮਾਨਾਂ
ਬਾਲ-ਮਨ ਵਿਚ ਫੁਰਨਾਂ ਫੁਰਿਆ।
ਕਲਾਕਾਰ ਜੋ ਅੰਦਰ ਹੈ ਸੀ
ਬੱਸ ਬਾਹਰ ਨੂੰ ਨਿਕਲ ਤੁਰਿਆ।
ਵਿਚ ਮਿੱਟੀ ਦੇ ਜਾਨ ਪਾ ਦਿੱਤੀ
ਭੋਲ਼ਾ ਮਨ ਅੰਦਰੋਂ ਮੁਸਕਾਇਆ।
'ਕਲਾ ਕਿਸੇ ਦੀ ਮਾਂ ਦੀ ਨਾਹੀਂ'
ਭੂਰੂ ਨੇ ਵੀ ਸਿਰ ਹਿਲਾਇਆ।
**-ਜਗਮੀਤ ਸਿੰਘ ਪੰਧੇਰ**

---

ਗਰੀਬੜੀ ਤੇਰਾ ਵੇਸ ਨੀਂ ਧੀਏ,
ਪਰ ਕਲਾਕਾਰੀ ਦੀ ਮਾਹਿਰ,
ਜਿਉਂ ਪੱਥਰ ਵਿਚੋਂ ਬੁੱਤ ਤਰਾਸ਼ੇ,
ਤੂੰ ਰੇਤ ਬਣਾ ਲਈ ਠਾਹਿਰ।
ਕਿੰਨਾ ਸੁੰਦਰ 'ਬੋਇੰਗ'ਬਣਾ ਕੇ,
ਉਡੀਕਦੀ ਦਰਸ਼ਕ ਬਾਹਰ,
ਸ਼ਾਲਾ! ਤੇਰਾ ਸੁਫ਼ਨਾ ਪੂਰਾ ਹੋਵੇ,
ਤਸਵੀਰ ਵਿਚ ਜੋ ਜ਼ਾਹਿਰ।
**-ਸੇਵਾ ਸਿੰਘ ਨੂਰਪੁਰੀ**

---

ਕਲਾ ਸਦੀਵੀ ਹੈ ਜ਼ਿੰਦਗੀ ਥੋੜ੍ਹ ਚਿਰੀ
ਉੱਕਰੀ ਕਲਾ
ਕਲਾਕਾਰ ਦਾ ਅੰਦਰੂਨੀ ਵਲਵਲਾ ਹੁੰਦਾ
ਉੱਕਰੀ ਕਲਾ ਸਦੀਵੀ ਹੁੰਦੀ ਹੈ
ਜ਼ਰੂਰੀ ਨਹੀਂ ਵਿਰਸੇ 'ਚ ਮਿਲੀ ਹੋਵੇ
ਅਮੀਰ ਨੂੰ ਤਾਂ ਮਿਲ ਜਾਂਦਾ ਸੌਖਾ
ਗਰੀਬ ਚਾਹੁੰਦਾ ਹੋਇਆ ਵੀ
ਮਨੋਕਲਪਿਤ ਹੂਬਹੂ ਉੱਕਰ ਕੇ
ਬੇਹੱਦ ਖੁਸ਼ੀ ਪ੍ਰਾਪਤ ਕਰਦਾ
ਨੰਨ੍ਹੀ ਬੱਚੀ ਨੇ ਕਲਾ ਕਿਰਤ ਕਰ
ਉੱਡਣ ਹੀ ਵਾਲਾ ਬੱਸ
ਅਸਮਾਨ 'ਚ ਦਿਖਾ ਦਿੱਤਾ।
-ਦਰਸ਼ਨ ਪਾਲ ਦੋਸਾਂਝ

## ਪੀੜ ਪਰਾਈ

ਕੋਈ ਨਾ ਜਾਣੇ ਪੀੜ ਪਰਾਈ,
ਬੰਦਾ ਪਾਵੇ ਭਾਵੇਂ ਲੱਖ ਦੁਹਾਈ।
ਜਿਸ ਤਨ ਲੱਗਦੀ ਸੋਈ ਜਾਣੇ,
ਸਾਰਾ ਜੱਗ ਉਂਝ ਖੁਸ਼ੀਆਂ ਮਾਣੇ।

ਆਪਣੇ ਘਰ ਲੱਗੇ, ਅੱਗ ਪੋਹਵੇ,
ਦੂਜੇ ਦੇ ਜੱਗ ਕਹੇ ਬਸੰਤਰ ਹੋਵੇ

ਸੁੱਟ ਕੇ ਤੀਲੀ ਜੋ ਤਮਾਸ਼ਾ ਦੇਖੇ,
ਸੇਕ ਲੱਗੇ ਤਾਂ ਚੀਕਾਂ ਮਾਰ ਰੋਵੇ।

ਖ਼ੁਦਗ਼ਰਜ਼ੀ ਪ੍ਰਧਾਨ ਹੋਈ ਅੱਜ,
ਦਰਦ ਕਿਸੇ ਦਾ ਨਾ ਕੋਈ ਜਾਣੇ
ਆਪਣੀ ਡਫ਼ਲੀ ਵਜਾਉਂਦੇ ਸਾਰੇ,
ਪੀੜ ਮਜ਼ਲੂਮ ਦੀ ਕੌਣ ਪਛਾਣੇ।
**-ਸੇਵਾ ਸਿੰਘ 'ਨੂਰਪੁਰੀ'**

# ਅਸੀਂ ਮੁਆਫ਼ੀ ਮੰਗਣ ਵਾ.ਲੇ ਨਹੀਂ ਹਾਂ!

***ਸ਼ਾਇਰ ਪਰਮਿੰਦਰ ਸੋਢੀ ਲੰਮੇ ਅਰਸੇ ਤੋਂ ਜਪਾਨ ਦੇ ਬਾਸ਼ਿੰਦੇ ਹਨ। ਉਨ੍ਹਾਂ ਨੇ ਆਪਣੇ ਇਸ ਲੇਖ ਵਿਚ ਜਪਾਨ ਦੇ ਲੋਕਾਂ ਦੀ ਸਾਦਗੀ ਦਾ ਜਿਕ਼ਰ ਬਾਖੂਬੀ ਕੀਤਾ ਹੈ। ਤੁਸੀਂ ਪੜ੍ਹੋਗੇ-'ਮੈਨੂੰ ਕਦੇ ਕੋਈ ਵੀ.ਆਈ.ਪੀ. ਦੇਖਣ ਨੂੰ ਨਹੀਂ ਮਿਲਿਆ। ਮੈਂ ਸੋਚਦਾ ਰਹਿੰਦਾ ਹਾਂ ਕਿ ਹਜਾਰਾਂ ਮੰਤਰੀ ਜਾਂ ਸਾਬਕਾ ਮੰਤਰੀ; ਓਲੰਪਿਕਸ ਦੇ ਹਜਾਰਾਂ ਸੋਨ ਤਮਗੇ ਜੇਤੂ ਖਿਡਾਰੀ; ਸੈਂਕੜੇ ਨੋਬਲ ਇਨਾਮ ਜੇਤੂ; ਮਹਾਨ ਇਤਿਹਾਸਕ ਮੰਦਰਾਂ ਦੇ ਪੁਜਾਰੀ ਅਤੇ ਹਜਾਰਾਂ ਵੱਡੀਆਂ ਕੰਪਨੀਆਂ ਦੇ ਅਧਿਕਾਰੀ ਪਤਾ ਨਹੀਂ ਕਿੱਥੇ ਰਹਿੰਦੇ ਹਨ? ਏਸ਼ੀਆ ਦਾ ਇਹ ਏਨਾ ਛੋਟਾ ਜਿਹਾ ਦੇਸ਼ ਯੂਰਪ ਦੇ ਸਾਰੇ ਵਿਕਸਤ ਮੁਲਕਾਂ ਦਾ ਮੁਕਾਬਲਾ ਕਰਦਾ ਹੈ। ਪਰ ਵੀ.ਆਈ.ਪੀ. ਇਕ ਵੀ ਪੈਦਾ ਨਹੀਂ ਕਰਦਾ। ਸਾਰੇ ਹੀ ਆਮ ਹਨ ਅਤੇ ਆਮ ਹੀ ਬੱਸਾਂ ਗੱਡੀਆਂ ਵਿਚ ਤੁਰੇ ਫਿਰਦੇ ਹਨ। ਸੱਚੀਂ ਕਈ ਵਾਰ ਮੈਨੂੰ ਲਗਣ ਲਗਦਾ ਹੈ ਕਿ ਇਥੇ ਜਰੂਰ ਕੋਈ ਗੜਬੜ ਹੈ!'***



**ਪਰਮਿੰਦਰ ਸੋਢੀ**

ਮੈਂ ਰੇਲਗੱਡੀ ਵਿਚ ਘਰ ਤੋਂ ਕੰਮ 'ਤੇ ਜਾ ਰਿਹਾ ਸੀ। ਸਾਹਮਣੇ ਵਾਲੀ ਸੀਟ 'ਤੇ ਇੱਕ ਮਾਂ ਆਪਣੇ ਦੋ ਬੱਚਿਆਂ ਨਾ.ਲ ਬੈਠੀ ਸੀ। ਬੱਚਿਆਂ ਦੀ ਉਮਰ ਪੰਜ ਸੱਤ ਸਾਲ ਹੋਵੇਗੀ। ਬੱਚੇ ਆਪਸ ਵਿਚ ਲੜ੍ਹ ਪਏ। ਇੱਕ ਬੱਚੇ ਨੇ ਦੂਜੇ ਦੇ ਹੱਥ ਵਿਚੋਂ ਕੋਈ ਚੀਜ਼ ਖੋਹ ਕੇ ਪਰਾਂ ਵਗਾਹ ਮਾਰੀ। ਮਾਂ ਨੇ ਗਲਤੀ ਕਰਨ ਵਾਲੇ ਬੱਚੇ ਨੂੰ ਕਿਹਾ ਕਿ ਉਹ ਮੁਆਫ਼ੀ ਮੰਗੇ। ਬੱਚਾ ਮੰਨੇ ਨਾ। ਮਾਂ ਦੋ ਤਿੰਨ ਵਾਰੀ ਜ਼ੋਰ ਪਾ ਕੇ ਕਿਹਾ ਕਿ ਮੁਆਫ਼ੀ ਮੰਗ। ਬੱਚਾ ਮੰਨ ਗਿਆ ਅਤੇ ਦੂਜੇ ਬੱਚੇ ਨੂੰ ਕਹਿਣ ਲੱਗਾ, 'ਸੁਮੀਮਾਸੇਨ।' ਮੈਂ ਮੁਸਕਰਾ ਪਿਆ ਕਿ ਚਲੋ ਮਸਲਾ ਨਿਬੜ ਗਿਆ। ਸੁਮੀਮਾ ਸੇਨ ਦਾ ਸਿੱਧਾ ਮਤਲਬ ਹੁੰਦਾ ਹੈ ਕਿ ਸੌਰੀ! ਭਾਵ ਕਿ ਹੋਈ ਗਲਤੀ ਦੀ ਮੁਆਫ਼ੀ ਮੰਗਦਾ ਹਾਂ। ਪਰ ਮਾਂ ਦੀ ਤਸੱਲੀ ਨਾ ਹੋਈ। ਮਾਂ ਕਹਿਣ ਲੱਗੀ, 'ਤੂੰ ਸੁਮੀਮਾਸੇਨ ਦਿਲੋਂ ਨਹੀਂ ਕਿਹਾ। ਦਿਲੋਂ ਸੁਮੀਮਾਸੇਨ ਕਹਿ।' ਮੈਂ ਚੌਂਕ ਗਿਆ। ਪਰ ਮਾਂ ਨੇ ਬੱਚੇ ਨੂੰ ਬਾਰ-ਬਾਰ ਬੋਲ ਕੇ ਉਸ ਦੀ ਗਲਤੀ ਮਹਿਸੂਸ ਕਰਵਾਈ ਅਤੇ ਦੁਬਾਰਾ ਦਿਲੋਂ ਮੁਆਫ਼ੀ ਮੰਗਣ ਲਈ ਕਿਹਾ। ਆਖਰ ਬੱਚੇ ਨੇ ਕੁਝ ਮਹਿਸੂਸ ਕੀਤਾ ਅਤੇ ਦੁਬਾਰਾ 'ਸੁਮੀਮਾਸੇਨ' ਕਿਹਾ। ਮਾਂ ਨੂੰ ਤਸੱਲੀ ਹੋਈ। ਸਭ ਆਮ ਵਾਂਗ ਹੋ ਗਿਆ।

ਜਪਾਨ ਦੀ ਆਮ ਬੋਲਚਾਲ ਵਿਚ ਦੋ ਸ਼ਬਦ ਏਨਾ ਜ਼ਿਆਦਾ ਵਰਤੇ ਜਾਂਦੇ ਹਨ ਕਿ ਕਿਸੇ ਵੀ ਵਿਦੇਸ਼ੀ ਨੂੰ ਪਹਿਲੇ ਦੂਜੇ ਦਿਨ ਹੀ ਯਾਦ ਹੋ ਜਾਂਦੇ ਹਨ। ਪਹਿਲਾ ਸ਼ਬਦ ਸੁਮੀਮਾਸੇਨ ਭਾਵ ਖਿਮਾ! ਹੈ ਅਤੇ ਦੂਜਾ ਸ਼ਬਦ ਆਰੀਗਾਤੋ ਭਾਵ ਧੰਨਵਾਦ ਹੈ। ਯੂਰਪੀ ਲੋਕ ਵੀ ਸਮਝ ਨਹੀਂ ਪਾਉਂਦੇ ਕਿ ਜਿਸ ਮੌਕੇ ਉਹ ਧੰਨਵਾਦ ਕਹਿੰਦੇ ਹਨ, ਜਪਾਨੀ ਉਸ ਮੌਕੇ ਵੀ ਸੌਰੀ ਹੀ ਕਿਉਂ ਕਹਿੰਦੇ ਹਨ। ਮਿਸਾਲ ਵਜੋਂ ਕਿਸੇ ਨੇ ਤੁਹਾਡੇ ਲਈ ਦਰਵਾਜ਼ਾ ਖੋਲ ਦਿੱਤਾ, ਕਿਸੇ ਨੇ ਤੁਹਾਨੂੰ ਸੀਟ ਦੇ ਦਿੱਤੀ ਜਾਂ ਕਿਸੇ ਨੇ ਤੁਹਾਡਾ ਫਸਿਆ ਕੰਮ ਹੱਲ ਕਰ ਦਿੱਤਾ। ਇਹੋ ਜਿਹੇ ਮੌਕਿਆਂ ਦਾ ਬਹੁਤੇ ਭਾਰਤੀ ਤਾਂ ਨੋਟਿਸ ਹੀ ਨਹੀ ਲੈਂਦੇ। ਯੂਰਪੀ 'ਧੰਨਵਾਦ' ਕਹਿ ਕੇ ਸਾਰ ਲੈਂਦੇ ਹਨ। ਪਰ ਜਪਾਨੀ ਉਸੇ ਵੇਲੇ ਸਿਰ ਝੁਕਾ ਕੇ, ਅਵਾਜ਼ ਵਿਚ ਆਜਿਜ਼ੀ ਜਾਂ ਲਾਚਾਰੀ ਜਿਹੀ ਭਰ ਕੇ ਕਹਿਣਗੇ, 'ਸੁਮੀਮਾਸੇਨ!' ਇਸ ਦਾ ਸਿੱਧਾ-ਸਿੱਧਾ ਮਤਲਬ ਇਹ ਹੁੰਦਾ ਹੈ ਕਿ ਮੇਰੇ ਕਰ ਕੇ ਤੈਨੂੰ ਇਹ ਜੋ ਤਕਲੀਫ਼ ਉਠਾਉਣੀ ਪਈ, ਉਸ ਲਈ ਮੈਂ ਮੁਆਫ਼ੀ ਮੰਗਦਾ ਹਾਂ।' ਬਿਨਾਂ ਸ਼ੱਕ ਇਨ੍ਹਾਂ ਸ਼ਬਦਾਂ ਵਿਚ ਧੰਨਵਾਦ ਸ਼ਾਮਲ ਹੁੰਦਾ ਹੈ।

ਜਪਾਨੀ ਵਿਚ ਸੌਰੀ ਕਹਿਣ, ਮੁਆਫ਼ੀ ਮੰਗਣ, ਮਾਜ਼ਰਤ ਚਾਹੁੰਦਾਂ, ਖੇਦ ਪ੍ਰਗਟ ਕਰਦਾਂ ਜਾਂ ਦੁਖ ਦੇਣ ਲਈ ਅਫ਼ਸੋਸ ਹੈ-ਆਦਿ ਲਈ ਚਾਰ ਸ਼ਬਦ ਵਰਤੇ ਜਾਂਦੇ ਹਨ। ਪਹਿਲਾ ਸੁਮੀਮਾਸੇਨ ਹੈ। ਜੋ ਅਨਜਾਣ ਲੋਕਾਂ ਮੂਹਰੇ ਵਰਤਿਆ ਜਾਂਦਾ ਹੈ। ਦੂਜਾ ਗੋਮੇਨਾ ਸਾਈ ਹੈ। ਇਹ ਪਰਿਵਾਰ ਜਾਂ ਦੋਸਤਾਂ ਵਿਚਕਾਰ ਵਰਤਿਆ ਜਾਂਦਾ ਹੈ। ਤੀਜਾ ਸ਼ਿਤਤਸੂਰੇਈ ਇਤਾਸ਼ੀਮਾਸ਼ਿਤਾ ਹੁੰਦਾ ਹੈ। ਜੋ ਕਿ ਬਹੁਤ ਫਾਰਮਲ ਕਿਸਮ ਦੇ ਹਾਲਾਤ ਵਿਚ ਮੰਗੀ ਮੁਆਫ਼ੀ ਹੁੰਦੀ ਹੈ। ਇਹ ਆਪਣੇ ਰੁੱਖੇ ਵਿਵਹਾਰ ਲਈ ਮੁਆਫ਼ੀ ਮੰਗਣਾ ਵੀ ਹੋ ਸਕਦਾ ਹੈ। ਚੌਥਾ ਸ਼ਬਦ ਮੋਸ਼ੀਵਾਕੇ ਗੋਜ਼ਾਈਮਾਸੇਨ ਹੁੰਦਾ ਹੈ। ਇਹ ਸਭ ਤੋਂ ਵੱਧ ਰਸਮੀ ਸ਼ਬਦ ਹੈ, ਜੋ ਕਿਸੇ ਵੱਡੀ ਗਲਤੀ ਹੋਣ ਉੱਪਰ ਵਰਤਿਆ ਜਾਂਦਾ ਹੈ।

ਮੈਨੂੰ ਲਗਦਾ ਹੈ ਕਿ 'ਸੁਮੀਮਾਸੇਨ' ਜਾਂ 'ਗੋਮੇਨਾਸਈ' ਬੜੇ ਜਾਦੂਈ ਸ਼ਬਦ ਹਨ। ਇਹ ਸਮਾਜ ਜਾਂ ਸਮਾਜਿਕ ਜੀਵਾਂ ਦੇ ਦਿਮਾਗੀ ਤਾਪਮਾਨ ਨੂੰ ਬੜੇ ਕੰਟਰੋਲ ਵਿਚ ਰੱਖਦੇ ਹਨ। ਨਾਲ ਹੀ ਇੱਕ ਦੂਜੇ ਦੀ ਪਰਵਾਹ ਕਰ ਰਹੇ ਲੋਕਾਂ ਦਾ ਸੋਹਜਮਈ ਮਹੌਲ ਪੈਦਾ ਕਰਦੇ ਹਨ। ਹਰ ਦਿਨ ਅਸੀਂ ਜਾਣੇ-ਅਨਜਾਣੇ ਹਜ਼ਾਰਾਂ ਬੰਦਿਆਂ ਨੂੰ ਤਕਲੀਫ਼ ਦਿੰਦੇ ਹਾਂ। ਸਮਾਜ ਦਾ ਮਤਲਬ ਹੀ ਇੱਕ ਦੂਜੇ 'ਤੇ ਨਿਰਭਰ ਕਰਨਾ ਹੈ, ਇੱਕ ਦੂਜੇ ਨੂੰ ਤਕਲੀਫ਼ ਦੇਣਾ ਹੈ। ਇਨ੍ਹਾਂ ਹਜ਼ਾਰਾਂ ਨਿੱਕੇ-ਨਿੱਕੇ ਮੌਕਿਆਂ ਉੱਪਰ ਇੱਕ ਦੂਜੇ ਨੂੰ 'ਧੰਨਵਾਦ'ਕਹਿਣਾ ਜਾਂ 'ਹੋਈ ਤਕਲੀਫ਼ ਜਾਂ ਬੇਆਰਾਮੀ ਲਈ ਮੁਆਫ਼ੀ' ਕਹਿਣਾ ਸਾਡੇ ਮਹੌਲ ਨੂੰ ਸਹਿਜ ਸ਼ਾਂਤ ਬਨਾਉਣ ਲਈ ਮਦਦਗਾਰ ਹੁੰਦਾ ਹੈ।

ਆਖਰ ਵਿਚ ਇੱਕ ਗੱਲ, ਇਸ ਪਹਿਲੂ ਨੂੰ ਲੈ ਕੇ, ਪੰਜਾਬੀ/ਭਾਰਤੀ ਅਤੇ ਜਾਪਾਨੀ ਮਾਨਸਿਕ ਪਿਛੋਕੜ ਬਾਰੇ। ਸਾਡੇ ਇੱਕ ਮੁਹਾਵਰਾ ਆਮ ਵਰਤ ਲਿਆ ਜਾਂਦਾ ਹੈ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ। ਪਰ ਇੱਕ ਭਾਰਤੀ ਜਾਂ ਪੰਜਾਬੀ ਵਜੋਂ ਮੈਨੂੰ ਨਹੀਂ ਯਾਦ ਕਿ ਮੈਨੂੰ ਮੇਰੇ ਮਾਪਿਆਂ ਨੇ ਜਾਂ ਕਿਸੇ ਅਧਿਆਪਕ ਨੇ ਕਦੇ ਗਲਤੀ ਕਰਨ 'ਤੇ ਮੁਆਫ਼ੀ ਮੰਗ ਲੈਣ ਜਾਂ ਪਛਤਾਵਾ ਕਰ ਲੈਣ ਦਾ ਕੋਈ ਢੰਗ ਸਿਖਾਇਆ ਹੋਵੇ। ਕੀ ਅਸੀਂ ਗਲਤੀ ਕਰ ਕੇ ਪਛਤਾਵਾ ਨਾ ਕਰਨ ਵਾ.ਲੀ ਕੌਮ ਹਾਂ? ਮੈਂ ਭਾਰਤੀ ਸਮਾਜਿਕ ਜੀਵਨ ਵਿਚ ਗਲਤੀ ਕਰਕੇ ਮੰਨਣ ਦੀ ਥਾਂ ਬਹਿਸਾਂ ਕਰਦੇ ਜਾਂ ਧਮਕੀਆਂ ਦਿੰਦੇ ਜਾਂ ਮੁੱਕੋ-ਮੁੱਕੀ ਹੁੰਦੇ ਲੋਕਾਂ ਨੂੰ ਤਾਂ ਬਹੁਤ ਵਾਰ ਦੇਖਿਆ ਹੈ। ਗੱਲ ਕੋਰਟ ਕਚਿਹਰੀਆਂ ਤਕ ਪਹੁੰਚਦੀ ਵੀ ਦੇਖੀ ਹੈ। ਪਰ ਹੋ ਗਈ ਭੁੱਲ ਲਈ ਨਿਮਰਤਾ ਨਾ.ਲ ਪਛਤਾਵਾ ਕਰਕੇ, ਮਸਲੇ ਨੂੰ ਖਤਮ ਕਰਦੇ ਘੱਟ ਹੀ ਦੇਖਿਆ ਹੈ। ਸਾਡੇ ਰਿਸ਼ਤਿਆਂ ਅਤੇ ਅਦਾਰਿਆਂ ਵਿਚ ਵੀ ਜਿਹੜੀ ਉਮਰ ਭਰ ਦੀ ਖੁੰਦਕਬਾਜ਼ੀ ਚੱਲਦੀ ਹੈ, ਉਹ ਅਸਲ ਵਿਚ ਕਿਸੇ ਛੋਟੀ-ਮੋਟੀ ਗਲਤੀ ਬਦਲੇ ਖਿਮਾ ਦੇ ਦੋ ਸ਼ਬਦ ਨਾ ਬੋਲ ਸਕਣ ਕਰਕੇ ਹੀ ਚੱਲਦੀ ਹੈ।

ਭਾਰਤੀ ਮਨੁੱਖ ਜਾਣੇ-ਅਨਜਾਣੇ ਆਪਣੇ ਆਪ ਨੂੰ ਸਮਾਜ ਦਾ ਕੇਂਦਰ ਮੰਨਦਾ ਹੈ। ਇਸ ਲਈ ਉਸ ਨੂੰ ਲੱਗਦਾ ਰਹਿੰਦਾ ਹੈ ਕਿ ਉਹ ਜੋ ਕੁਝ ਵੀ ਹਾਸਲ ਕਰ ਰਿਹਾ ਹੈ ਆਪਣੇ ਬਲਬੂਤੇ ਹਾਸਲ ਕਰ ਰਿਹਾ ਹੈ। ਆਪਣੀ ਲਿਆਕਤ ਅਤੇ ਮਿਹਨਤ ਨਾ.ਲ ਹਾਸਲ ਕਰ ਰਿਹਾ ਹੈ। ਆਸ-ਪਾਸ ਦੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਮੇਰੀਆਂ ਪ੍ਰਾਪਤੀਆਂ ਨੂੰ ਸਵੀਕਾਰ ਕਰਨ ਅਤੇ ਮੈਨੂੰ ਨਾਇਕ ਵਰਗਾ ਰੁਤਬਾ ਜਾਂ ਆਦਰ ਸਨਮਾਨ ਦੇਣ।

ਪਰ ਜਪਾਨੀ ਮਨੁੱਖ ਜਾਣੇ-ਅਨਜਾਣੇ ਸਮਾਜ ਨੂੰ ਕੇਂਦਰ ਵਿਚ ਰੱਖਦਾ ਹੈ ਅਤੇ ਆਪਣੇ-ਆਪ ਨੂੰ ਇਸ ਸਮਾਜ ਦਾ ਇੱਕ ਨਿਗੁਣਾ ਅੰਗ ਮੰਨਦਾ ਹੈ। ਇਸ ਲਈ ਉਹ ਆਪਣੀ ਕਿਸੇ ਵੀ ਪ੍ਰਾਪਤੀ ਨੂੰ ਆਪਣੀ ਨਹੀਂ ਸਮੁੱਚੇ ਸਮਾਜ ਦੀ ਪ੍ਰਾਪਤੀ ਮੰਨਦਾ ਹੈ। ਜਪਾਨ ਵਿਚ ਕਿਸੇ ਸੋਨ ਤਮਗੇ ਓਲੰਪੀਅਨ, ਨੋਬਲ ਪੁਰਸਕਾਰ ਜੇਤੂ ਜਾਂ ਦੇਸ਼ ਪੱਧਰ ਦੇ ਕਲਾਕਾਰ ਨੂੰ ਸਮਾਜ ਮੂਹਰੇ 'ਸੁਮੀਮਾਸੇਨ ਜਾਂ ਮੋਸ਼ੀਵਾਕੇ ਗੋਜ਼ਾਈਮਾਸੇਨ' ਕਹਿੰਦੇ ਹੀ ਸੁਣੋਗੇ। ਇਸ ਦਾ ਮਤਲਬ ਸਿਰਫ਼ ਇੰਨਾ ਹੀ ਹੁੰਦਾ ਹੈ ਕਿ 'ਮੇਰੀ ਇਸ ਪ੍ਰਾਪਤੀ ਪਿੱਛੇ ਪਤਾ ਨਹੀਂ ਕਿੰਨੇ ਲੋਕਾਂ ਨੇ ਤਕਲੀਫ਼ ਉਠਾਈ ਹੈ। ਮੈਂ ਸਭ ਮੂਹਰੇ ਨਿਮਰਤਾ ਭਰਿਆ ਮੁਆਫ਼ੀ ਭਰਿਆ ਧੰਨਵਾਦੀ ਹੁੰਦਾ ਹਾਂ ਅਤੇ ਸਿਰ ਝੁਕਾਉਂਦਾ ਹਾਂ।'

ਸੋਚਣ ਵਾ.ਲੀ ਗੱਲ ਹੈ ਕਿ ਸਾਡੇ ਖਿਡਾਰੀ, ਅਫ਼ਸਰ, ਮੰਤਰੀ ਅਤੇ ਪ੍ਰਸਿੱਧ ਕਲਾਕਾਰ ਆਮ ਮਨੁੱਖ ਹੋਣ ਤੋਂ ਇੰਨਾ ਘਬਰਾਉਂਦੇ ਕਿਉਂ ਹਨ?

ਮੈਂ ਇੱਕ ਲੰਬੇ ਅਰਸੇ ਤੋਂ ਜਪਾਨ ਵਿਚ ਹਾਂ। ਇਸ ਦੌਰਾਨ ਮੈਨੂੰ ਕਦੇ ਕੋਈ ਵੀ.ਆਈ.ਪੀ. ਦੇਖਣ ਨੂੰ ਨਹੀਂ ਮਿਲਿਆ। ਮੈਂ ਸੋਚਦਾ ਰਹਿੰਦਾ ਹਾਂ ਕਿ ਹਜਾਰਾਂ ਮੰਤਰੀ ਜਾਂ ਸਾਬਕਾ ਮੰਤਰੀ; ਓਲੰਪਿਕਸ ਦੇ ਹਜਾਰਾਂ ਸੋਨ ਤਮਗੇ ਜੇਤੂ ਖਿਡਾਰੀ; ਸੈਂਕੜੇ ਨੋਬਲ ਇਨਾਮ ਜੇਤੂ; ਮਹਾਨ ਇਤਿਹਾਸਕ ਮੰਦਰਾਂ ਦੇ ਪੁਜਾਰੀ ਅਤੇ ਹਜਾਰਾਂ ਵੱਡੀਆਂ ਕੰਪਨੀਆਂ ਦੇ ਅਧਿਕਾਰੀ ਪਤਾ ਨਹੀਂ ਕਿੱਥੇ ਰਹਿੰਦੇ ਹਨ?

ਏਸ਼ੀਆ ਦਾ ਇਹ ਏਨਾ ਛੋਟਾ ਜਿਹਾ ਦੇਸ਼ ਯੂਰਪ ਦੇ ਸਾਰੇ ਵਿਕਸਤ ਮੁਲਕਾਂ ਦਾ ਮੁਕਾਬਲਾ ਕਰਦਾ ਹੈ। ਪਰ ਵੀ.ਆਈ.ਪੀ. ਇਕ ਵੀ ਪੈਦਾ ਨਹੀਂ ਕਰਦਾ। ਸਾਰੇ ਹੀ ਆਮ ਹਨ ਅਤੇ ਆਮ ਹੀ ਬੱਸਾਂ ਗੱਡੀਆਂ ਵਿਚ ਤੁਰੇ ਫਿਰਦੇ ਹਨ। ਸੱਚੀਂ ਕਈ ਵਾਰ ਮੈਨੂੰ ਲਗਣ ਲਗਦਾ ਹੈ ਕਿ ਇਥੇ ਜਰੂਰ ਕੋਈ ਗੜਬੜ ਹੈ!

# ਕੌਮੀ ਰਾਜਨੀਤੀ ਅਤੇ ਸੀਤਾਰਾਮ ਯੇਚੂਰੀ



**ਪ੍ਰੋ. ਪ੍ਰੀਤਮ ਸਿੰਘ**
**ਫੋਨ: +44-7922-657- 957**

ਸੀਤਾਰਾਮ ਯੇਚੁਰੀ ਦੀ 12 ਸਤੰਬਰ ਨੂੰ 72 ਵਰ੍ਹਿਆਂ ਦੀ ਉਮਰ 'ਚ ਹੋਈ ਮੌਤ ਨਾਲ ਭਾਰਤ ਨੇ ਨਾ ਕੇਵਲ ਵਰਤਮਾਨ ਸਮਿਆਂ ਦਾ ਆਪਣਾ ਇੱਕ ਮੰਨਿਆ-ਪ੍ਰਮੰਨਿਆ ਖੱਬੇ-ਪੱਖੀ ਨੇਤਾ ਗੁਆ ਲਿਆ ਹੈ, ਬਲਕਿ ਕਮਿਊਨਿਸਟ ਸਿਆਸਤ ਦੀ ਧਾਰਾ 'ਚੋਂ ਸੰਸਦੀ ਰਾਜਨੀਤੀ ਦੀ ਇੱਕ ਬਿਹਤਰੀਨ ਸ਼ਖ਼ਸੀਅਤ ਵੀ ਗੁਆ ਲਈ ਹੈ।

ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਦੋ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਤੇ ਪ੍ਰਕਾਸ਼ ਕਰਾਤ, ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਮੇਰੇ ਸਮਕਾਲੀ ਸਨ। ਯੇਚੁਰੀ ਨੇ ਜੇਐੱਨਯੂ ਦੇ 'ਸੈਂਟਰ ਫਾਰ ਇਕਨਾਮਿਕਸ ਸਟੱਡੀਜ਼ ਐਂਡ ਪਲਾਨਿੰਗ' ਤੋਂ ਐਮਏ ਕੀਤੀ ਜੋ ਕਿ ਮੇਰੇ ਐਮਫਿਲ ਸੁਪਰਵਾਈਜ਼ਰ ਪ੍ਰੋਫੈਸਰ ਕ੍ਰਿਸ਼ਨਾ ਭਾਰਦਵਾਜ ਵੱਲੋਂ ਸਥਾਪਿਤ ਦੇਸ਼ ਦਾ ਅੱਵਲ ਦਰਜੇ ਦਾ ਅਰਥਸ਼ਾਸਤਰ ਵਿਭਾਗ ਹੈ। ਪ੍ਰੋ. ਭਾਰਦਵਾਜ ਮੁਤਾਬਿਕ ਯੇਚੁਰੀ ਦੇ ਕੋਰਸਵਰਕ ਦੇ ਲੇਖ ਐਨੇ ਜ਼ਬਰਦਸਤ ਸਨ ਕਿ ਸਭ ਤੋਂ ਵੱਧ ਨੰਬਰ ਵੀ ਜੇ ਦਿੱਤੇ ਜਾਣ ਤਾਂ ਕਾਫ਼ੀ ਨਹੀਂ ਹੋਣਗੇ। ਯੇਚੁਰੀ ਨੇ ਪ੍ਰੋ. ਭਾਰਦਵਾਜ ਦੀ ਨਿਗਰਾਨੀ 'ਚ ਪੀਐੱਚਡੀ 'ਤੇ ਕੰਮ ਕਰਨਾ ਸ਼ੁਰੂ ਕੀਤਾ ਪਰ ਇਸ ਨੂੰ ਮੁਕੰਮਲ ਨਹੀਂ ਕਰ ਸਕਿਆ ਕਿਉਂਕਿ ਉਸ ਨੂੰ ਰੂਪੋਸ਼ ਹੋਣਾ ਪਿਆ ਤੇ 1975 ਦੀ ਐਮਰਜੈਂਸੀ ਦੌਰਾਨ ਉਹ ਥੋੜ੍ਹੇ ਸਮੇਂ ਲਈ ਗ੍ਰਿਫ਼ਤਾਰ ਵੀ ਹੋਇਆ।

ਸਿਆਸੀ ਤੌਰ 'ਤੇ ਯੇਚੁਰੀ ਤੇ ਮੈਂ ਜੇਐੱਨਯੂ ਵਿਚ ਖੱਬੇ-ਪੱਖੀ ਸਿਆਸਤ ਦੀਆਂ ਦੋ ਵਿਰੋਧੀ ਧਾਰਾਵਾਂ 'ਚ ਸ਼ਾਮਿਲ ਰਹੇ। ਮੈਂ ਮਾਰਕਸਵਾਦੀ ਧੜੇ ਵਿਚ ਸੀ ਜਿਸ ਨੂੰ 'ਟ੍ਰਾਟਸਕੀਵਾਦੀ' ਗਰੁੱਪ ਕਿਹਾ ਜਾਂਦਾ ਸੀ। ਇਹ ਧੜਾ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ (ਖ਼ਾਸ ਤੌਰ 'ਤੇ ਸੀਪੀਐਮ) ਦੀ ਸਟਾਲਿਨਵਾਦੀ ਨੀਤੀ ਦਾ ਆਲੋਚਕ ਸੀ। ਇਸ ਗਰੁੱਪ ਦਾ ਇਸ ਦੇ ਸਿਆਸੀ ਦਖ਼ਲਾਂ 'ਚ ਬੌਧਿਕ ਦ੍ਰਿੜ੍ਹਤਾ ਲਈ ਫੈਕਲਟੀ ਤੇ ਵਿਦਿਆਰਥੀਆਂ ਵੱਲੋਂ ਕਾਫ਼ੀ ਸਤਿਕਾਰ ਕੀਤਾ ਜਾਂਦਾ ਸੀ। ਹਾਲਾਂਕਿ, ਇਸ ਦਾ ਵਿਦਿਆਰਥੀਆਂ 'ਚ ਵਿਆਪਕ ਚੁਣਾਵੀ ਆਧਾਰ ਨਹੀਂ ਸੀ ਜਿਸ ਦਾ ਇੱਕ ਕਾਰਨ ਇਸ ਦਾ ਕਿਸੇ ਸੰਗਠਿਤ ਰਾਜਨੀਤਕ ਪਾਰਟੀ ਨਾਲ ਨਾ ਜੁੜਿਆ ਹੋਣਾ ਵੀ ਸੀ। ਇਸ ਕੋਲ ਖ਼ੁਦ ਨੂੰ ਸਹਾਰਾ ਦੇਣ ਲਈ ਕੋਈ ਸਿਆਸੀ ਢਾਂਚਾ ਨਹੀਂ ਸੀ ਅਤੇ ਇੱਕ ਹੋਰ ਕਾਰਨ ਸੀ ਕਿ ਦੂਜੇ ਮੁਲਕਾਂ ਦੇ ਮੁਕਾਬਲੇ ਸਟਾਲਿਨ ਤੇ ਸਟਾਲਿਨਵਾਦ ਦੀ ਆਲੋਚਨਾ ਭਾਰਤ ਦੀਆਂ ਕਮਿਊਨਿਸਟ ਰਵਾਇਤਾਂ 'ਚੋਂ ਪੂਰੀ ਤਰ੍ਹਾਂ ਗਾਇਬ ਸੀ, ਜਦੋਂਕਿ ਉੱਨਤ ਪੂੰਜੀਵਾਦ ਵਾਲੇ ਮੁਲਕਾਂ (ਜਿਵੇਂ ਕਿ ਯੂਕੇ) ਵਿਚ ਇਸ ਗੱਲ ਨੂੰ ਵਿਆਪਕ ਮਾਨਤਾ ਹੈ ਕਿ ਯੂਐੱਸਐੱਸਆਰ ਵਿਚ ਸਟਾਲਿਨ ਦੀ ਦਹਿਸ਼ਤ ਨੇ ਸਮਾਜਵਾਦ ਨੂੰ ਨੁਕਸਾਨ ਪਹੁੰਚਾਇਆ।

ਸੀਪੀਐਮ ਦੇ ਵਿਦਿਆਰਥੀ ਵਿੰਗ, 'ਸਟੂਡੈਂਟ ਫੈਡਰੇਸ਼ਨ ਆਫ ਇੰਡੀਆ' ਦੇ ਕਾਰਕੁਨ ਵਜੋਂ ਸੀਤਾਰਾਮ ਯੇਚੁਰੀ, ਭਾਰਤੀ ਕਮਿਊਨਿਸਟਾਂ ਦੀ ਸਟਾਲਿਨਵਾਦੀ ਵਿਰਾਸਤ ਦਾ ਹਿੱਸਾ ਸੀ। ਇਨ੍ਹਾਂ ਸਿਆਸੀ ਤੇ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ, ਸਾਡੇ ਗਰੁੱਪ ਵਿਚ ਮੇਰੇ ਤੇ ਕੁਝ ਹੋਰਾਂ ਦੇ ਐੱਸਐੱਫਆਈ ਵਾਲਿਆਂ ਨਾਲ ਨਿੱਜੀ ਤੌਰ 'ਤੇ ਦੋਸਤਾਨਾ ਰਿਸ਼ਤੇ ਸਨ। ਸੀਤਾਰਾਮ ਯੇਚੁਰੀ ਬਹੁਤ ਦੋਸਤਾਨਾ ਤੇ ਫ਼ਿਰਕੂਵਾਦ ਤੋਂ ਦੂਰ ਸ਼ਖ਼ਸੀਅਤ ਸਨ। ਇਹ ਦੋਸਤਾਨਾ ਰਿਸ਼ਤੇ ਇਸ ਸਾਂਝੀ ਮਾਨਤਾ 'ਤੇ ਵੀ ਆਧਾਰਿਤ ਸਨ ਕਿ ਕਾਰਲ ਮਾਰਕਸ ਦੇ ਵਿਚਾਰਾਂ ਪ੍ਰਤੀ ਸਮਰਪਣ ਤੇ ਸੰਜੀਦਗੀ ਬਾਰੇ ਕਿਸੇ ਦੇ ਮਨ 'ਚ ਕੋਈ ਸ਼ੱਕ ਨਹੀਂ ਸੀ। ਯੇਚੁਰੀ ਨਾਲ ਮੇਰੇ ਨਿੱਜੀ ਦੋਸਤਾਨਾ ਰਿਸ਼ਤੇ ਉਨ੍ਹਾਂ ਤੱਕ ਸੀਮਤ ਨਾ ਹੋ ਕੇ ਉਸ ਸਮੇਂ ਉਨ੍ਹਾਂ ਦੀ ਮਹਿਲਾ ਮਿੱਤਰ ਤੇ ਮਗਰੋਂ ਪਹਿਲੀ ਪਤਨੀ ਰਹੀ ਇੰਦਰਾਣੀ ਮਜੂਮਦਾਰ ਤੱਕ ਸਨ ਜੋ ਕਿ ਸੀਪੀਐਮ ਦੀ ਸਿਆਸਤ ਪ੍ਰਤੀ ਬਰਾਬਰ ਵਚਨਬੱਧ ਸੀ। ਉਹ ਮਗਰੋਂ ਵੱਖ ਹੋ ਗਏ। ਕੋਵਿਡ ਮਹਾਮਾਰੀ ਦੌਰਾਨ ਯੇਚੁਰੀ ਨੂੰ ਬੇਹੱਦ ਦੁਖਦਾਈ ਸਮਾਂ ਦੇਖਣਾ ਪਿਆ ਜਦ ਉਨ੍ਹਾਂ ਦੇ ਪੁੱਤਰ ਦੀ ਕੋਵਿਡ ਨਾਲ ਮੌਤ ਹੋ ਗਈ।

ਜਦ ਸੀਤਾਰਾਮ ਯੇਚੁਰੀ ਨੇ 1977 ਵਿਚ ਜੇਐੱਨਯੂ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਦੀ ਚੋਣ ਲੜੀ ਤਾਂ ਮੈਂ ਖੁੱਲ੍ਹ ਕੇ ਰਾਜਨ ਜੇਮਸ ਦੀ ਹਮਾਇਤ ਕੀਤੀ, ਜੋ ਕਿ ਅਹੁਦੇ ਲਈ ਯੇਚੁਰੀ ਦੇ ਵਿਰੋਧੀ ਉਮੀਦਵਾਰਾਂ ਵਿਚੋਂ ਇੱਕ ਸੀ। ਰਾਜਨ ਜੇਮਸ ਇੱਕ ਬਹੁਤ ਸਮਰਪਿਤ ਤੇ ਵਚਨਬੱਧ ਸਮਾਜਵਾਦੀ ਸੀ, ਜਿਸ ਨੇ ਸੀਪੀਆਈ ਨਾਲ ਸਬੰਧਿਤ 'ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ' (ਏਆਈਐੱਸਐੱਫ) ਛੱਡੀ ਸੀ ਤੇ ਭਾਵੇਂ ਸੀਪੀਆਈ ਮੁਕਾਬਲਤਨ ਘੱਟ ਸਟਾਲਿਨਵਾਦੀ ਸੀ, ਪਰ ਉਸ ਦਾ ਏਆਈਐੱਸਐੱਫ ਛੱਡਣਾ, ਮੈਨੂੰ ਸਟਾਲਿਨਵਾਦ ਤੋਂ ਪਰ੍ਹੇ ਜਾਣ ਦਾ ਸਕਾਰਾਤਮਕ ਕਦਮ ਜਾਪਿਆ ਸੀ। ਯੇਚੁਰੀ ਚੋਣ ਜਿੱਤ ਗਿਆ ਪਰ ਉਹ ਉਸ ਦਾ ਵਿਰੋਧ ਕਰਨ ਦੇ ਸਾਡੇ ਜਮਹੂਰੀ ਹੱਕ ਦੀ ਕਦਰ ਕਰਦਾ ਸੀ।

ਸੀਤਾਰਾਮ ਯੇਚੁਰੀ ਦਾ ਅਕਾਦਮਿਕ ਪਿਛੋਕੜ ਸ਼ਾਨਦਾਰ ਸੀ। ਉਹ ਅਧਿਆਪਨ ਜਾਂ ਸਿਵਿਲ ਸੇਵਾਵਾਂ ਚੁਣ ਸਕਦਾ ਸੀ ਜੋ ਕਿ ਦੋ ਅਜਿਹੇ ਪੇਸ਼ੇਵਰ ਰਾਹ ਹਨ ਜਿਹੜੇ ਜੇਐੱਨਯੂ ਦੇ ਬਹੁਤੇ ਲਾਇਕ ਵਿਦਿਆਰਥੀ ਚੁਣਦੇ ਹਨ, ਪਰ ਉਸ ਨੇ ਕਾਮਿਆਂ, ਕਿਸਾਨਾਂ, ਔਰਤਾਂ ਤੇ ਹੋਰਨਾਂ ਪੱਛੜੇ ਵਰਗਾਂ ਲਈ ਕੰਮ ਕਰਨ ਦਾ ਮਾਰਗ ਚੁਣਿਆ ਤਾਂ ਕਿ ਭਾਰਤ ਲਈ ਇੱਕ ਅਗਾਂਹਵਧੂ ਰਾਹ ਤਿਆਰ ਕੀਤਾ ਜਾ ਸਕੇ। ਉਹ ਤੇ ਕਰਾਤ ਸੀਪੀਐਮ ਆਗੂਆਂ ਦੀ ਦੂਜੀ ਪੀੜ੍ਹੀ ਨਾਲ ਸਬੰਧ ਰੱਖਦੇ ਸਨ। ਇਸ ਤੋਂ ਪਹਿਲੀ ਪੀੜ੍ਹੀ ਦੇ ਨੌਂ ਜਣਿਆਂ 'ਚ 1964 ਵਿਚ ਸੀਪੀਐਮ ਦੀ ਸਥਾਪਨਾ ਕੀਤੀ ਸੀ। ਇਨ੍ਹਾਂ 9 ਜਣਿਆਂ ਵਿਚ ਈਐੱਮਐੱਸ ਨੰਬੂਦਰੀਪਾਦ, ਜੋਤੀ ਬਾਸੂ ਤੇ ਹਰਕਿਸ਼ਨ ਸਿੰਘ ਸੁਰਜੀਤ ਸ਼ਾਮਿਲ ਸਨ, ਜੋ ਕਿ ਪੰਜਾਬੀ ਪਿਛੋਕੜ ਵਾਲਾ ਭਾਰਤ ਦਾ ਸਭ ਤੋਂ ਜਾਣਿਆ-ਪਛਾਣਿਆ ਕਮਿਊਨਿਸਟ ਨੇਤਾ ਸੀ। ਸੁਰਜੀਤ ਨੇ ਯੇਚੁਰੀ ਨੂੰ ਆਪਣਾ ਵਾਰਿਸ ਬਣਾਉਣ ਲਈ ਤਿਆਰ ਕੀਤਾ ਕਿਉਂਕਿ ਦੋਵਾਂ ਦੀ ਸ਼ਖ਼ਸੀਅਤ 'ਚ ਸਮਾਨਤਾਵਾਂ ਸਨ। ਉਨ੍ਹਾਂ ਦੋਵਾਂ 'ਚ ਗ਼ੈਰ-ਕਮਿਊਨਿਸਟ ਧਿਰਾਂ ਨੂੰ ਨਾਲ ਰਲਾਉਣ ਦਾ ਵਿਸ਼ੇਸ਼ ਗੁਣ ਸੀ। ਸੁਰਜੀਤ ਹਿੰਦੂਤਵ ਵਿਰੋਧੀ ਸ਼ਕਤੀਆਂ ਖ਼ਿਲਾਫ਼ ਲਾਮਬੰਦੀ ਦਾ ਕੇਂਦਰੀ ਧੁਰਾ ਬਣ ਗਏ ਸਨ ਅਤੇ ਬਾਅਦ ਵਿਚ ਸੁਰਜੀਤ ਦੀ ਇਸ ਵਿਰਾਸਤ ਨੂੰ ਯੇਚੁਰੀ ਨੇ ਅਗਾਂਹ ਵਧਾਇਆ। ਉਂਝ, ਪੰਜਾਬ ਬਾਰੇ ਸੁਰਜੀਤ ਵੱਲੋਂ ਯੇਚੁਰੀ ਨੂੰ ਦਿੱਤੀ ਸਮਝ ਦੇ ਨਾਂਹ-ਮੁਖੀ ਸਿੱਟੇ ਨਿਕਲੇ ਜਿਨ੍ਹਾਂ ਤਹਿਤ ਯੇਚੁਰੀ ਨੇ ਪੰਜਾਬ ਅਤੇ ਸਿੱਖਾਂ ਪ੍ਰਤੀ ਅਜਿਹੀ ਪਹੁੰਚ ਅਖ਼ਤਿਆਰ ਕੀਤੀ ਜਿਸ ਕਰ ਕੇ ਪੰਜਾਬ ਵਿਚ ਖੱਬੇ ਮੁਹਾਜ਼ ਨੂੰ ਸੱਟ ਵੱਜੀ। ਸੁਰਜੀਤ ਨੇ ਆਪਣੇ ਸਿਆਸੀ ਕਰੀਅਰ ਦੌਰਾਨ ਪੰਜਾਬ ਵਿਚ ਪੁਲੀਸ ਮੁਖੀ ਕੇਪੀਐੱਸ ਗਿੱਲ ਨਾਲ ਆਪਣੀ ਨੇੜਤਾ ਅਤੇ ਗਿੱਲ ਬਾਰੇ ਗ਼ਲਤ ਧਾਰਨਾ ਕਾਰਨ ਉਸ (ਗਿੱਲ) ਦੇ ਕਾਰਜਕਾਲ ਦੌਰਾਨ ਮਨੁੱਖੀ ਅਧਿਕਾਰਾਂ ਦੀਆਂ ਖ਼ਿਲਾਫ਼ਵਰਜ਼ੀਆਂ ਨੂੰ ਨਜ਼ਰਅੰਦਾਜ਼ ਕਰ ਕੇ ਭਾਰੀ ਭੁੱਲ ਕੀਤੀ ਸੀ। ਉਂਝ, ਯੇਚੁਰੀ ਨੇ ਇਹ ਮਹਿਸੂਸ ਕੀਤਾ ਸੀ ਕਿ ਬਾਅਦ ਵਿਚ ਸੁਰਜੀਤ ਨੇ ਇਹ ਗੱਲ ਮੰਨੀ ਸੀ ਕਿ ਪੰਜਾਬ ਅਤੇ ਸਿੱਖਾਂ ਨਾਲ ਘੋਰ ਅਨਿਆਂ ਹੋਇਆ ਸੀ।



ਆਪਣੇ ਨਾਲ ਅਸਹਿਮਤ ਹੋਣ ਵਾਲਿਆਂ ਨਾਲ ਵੀ ਦੋਸਤਾਨਾ ਸਬੰਧ ਬਣਾਉਣ ਦੀ ਯੇਚੁਰੀ ਦੀ ਕਾਬਲੀਅਤ ਉਸ ਦੇ ਕਿਰਦਾਰ ਦਾ ਪ੍ਰਮਾਣ ਦਿੰਦੀ ਹੈ। ਉਨ੍ਹਾਂ ਦੀ ਇਹ ਕਾਬਲੀਅਤ ਉਨ੍ਹਾਂ ਦੀ ਉਮਰ ਦੇ ਮਗਰਲੇ ਪੜਾਅ ਦਾ ਇੱਕ ਸਥਾਈ ਪਹਿਲੂ ਬਣ ਗਈ ਜਦੋਂ ਉਹ ਭਾਰਤ ਦੇ ਚੋਟੀ ਦੇ ਸਿਆਸੀ ਆਗੂਆਂ ਦੀ ਕਤਾਰ ਵਿਚ ਸ਼ੁਮਾਰ ਹੋ ਗਏ। ਇਹ ਨਿੱਜੀ ਲੱਛਣ ਉਨ੍ਹਾਂ ਦੇ ਨਿੱਜੀ ਨਾ ਰਹਿ ਕੇ ਉਨ੍ਹਾਂ ਦੇ ਲੋਕਰਾਜ, ਘੱਟਗਿਣਤੀਆਂ ਦੇ ਹੱਕਾਂ ਅਤੇ ਸਿਆਸੀ ਤੇ ਆਰਥਿਕ ਸ਼ਕਤੀਆਂ ਦੇ ਸੰਘੀ ਵਿਕੇਂਦਰੀਕਰਨ ਦੀ ਰਾਖੀ ਦਾ ਉਨ੍ਹਾਂ ਦਾ ਸੰਕਲਪ ਬਣ ਗਏ ਸਨ। ਯੇਚੁਰੀ ਨੇ ਭਾਰਤ ਵਿਚ ਲੋਕਤੰਤਰ ਅਤੇ ਲੋਕਰਾਜੀ ਸੰਸਥਾਵਾਂ ਦੀ ਰਾਖੀ ਲਈ ਗੱਠਜੋੜ ਉਸਾਰਨ ਵਿਚ ਮਿਸਾਲੀ ਭੂਮਿਕਾ ਨਿਭਾਈ। ਰਾਹੁਲ ਗਾਂਧੀ ਦੇ ਦੋਸਤ ਅਤੇ ਸਲਾਹਕਾਰ ਵਜੋਂ ਉਸ ਨੂੰ ਕਾਂਗਰਸ ਪਾਰਟੀ ਦੀ ਪੁਰਾਣੀ ਕੇਂਦਰਵਾਦੀ ਸਿਆਸਤ ਤੋਂ ਸੰਘੀ ਢਾਂਚੇ ਦੀ ਮਜ਼ਬੂਤੀ ਅਤੇ ਵਿਕੇਂਦਰੀਕਰਨ ਵੱਲ ਲੈ ਕੇ ਜਾਣ ਵਿਚ ਯੇਚੁਰੀ ਦੀ ਅਹਿਮ ਭੂਮਿਕਾ ਰਹੀ ਹੈ। ਇਸ ਦੇ ਭਾਰਤ ਦੇ ਲੋਕਰਾਜੀ ਸ਼ਾਸਨ ਵਿਵਸਥਾ ਨੂੰ ਇੱਕ ਹਾਂਦਰੂ ਦਿਸ਼ਾ ਦੇਣ ਵਿਚ ਦੀਰਘਕਾਲੀ ਸਿੱਟੇ ਸਾਹਮਣੇ ਆ ਸਕਦੇ ਹਨ।

ਸੀਪੀਐਮ ਦੀ ਅਗਲੀ ਪੀੜ੍ਹੀ ਦੇ ਆਗੂ ਬੀਤੇ ਦੀਆਂ ਗ਼ਲਤੀਆਂ ਅਤੇ ਸਫ਼ਲਤਾਵਾਂ ਤੋਂ ਕਿਹੋ ਜਿਹੇ ਸਬਕ ਲੈਂਦੇ ਹਨ, ਇਹ ਗੱਲ ਜਮਹੂਰੀ ਅਤੇ ਸਮਤਾਵਾਦੀ ਭਾਰਤ ਦੇ ਨਿਰਮਾਣ ਵਿਚ ਉਨ੍ਹਾਂ ਦੀ ਭੂਮਿਕਾ 'ਚ ਕੇਂਦਰੀ ਮਹੱਤਵ ਵਾਲੀ ਹੋਵੇਗੀ। ਆਲਮੀ ਪੱਧਰ 'ਤੇ ਜਲਵਾਯੂ ਤਬਦੀਲੀ ਅਤੇ ਭਾਰਤ ਜਿਹੇ ਵਿਕਾਸਸ਼ੀਲ ਮੁਲਕਾਂ, ਖ਼ਾਸਕਰ ਇਸ ਦੇ ਗ਼ਰੀਬ ਅਤੇ ਦਲਿਤ ਲੋਕਾਂ ਉੱਪਰ ਪੈਣ ਵਾਲੇ ਇਸ ਸੰਕਟ ਦੇ ਅਸਰ ਦਾ ਮੁੱਦਾ ਭਾਰਤ ਵਿਚ ਖੱਬੀ ਧਿਰ ਵੱਲੋਂ ਹਾਲੇ ਤੱਕ ਮੁਖ਼ਾਤਬ ਨਹੀਂ ਕੀਤਾ ਗਿਆ। ਇਹ ਭਾਰਤ ਵਿਚ ਖੱਬੇ ਵਾਤਾਵਰਨਕ ਸੰਕਲਪ ਦੇ ਨਿਰਮਾਣ ਦੀ ਚੂਲ ਬਣਨੀ ਚਾਹੀਦੀ ਹੈ।

** ਲੇਖਕ ਐਮੀਰਟਸ, ਆਕਸਫੋਰਡ ਬਰੂਕਸ ਯੂਨੀਵਰਸਿਟੀ ਦਾ ਪ੍ਰੋਫੈਸਰ ਹੈ।*

# ਪੁਲਿਸ 'ਤੇ ਟੁੱਟਦਾ ਭਰੋਸਾ ਅਤੇ ਆਮ ਲੋਕਾਈ

**ਗੁਰਬਚਨ ਜਗਤ**

ਦੋ ਕੁ ਹਫ਼ਤੇ ਪਹਿਲਾਂ ਸੁਪਰੀਮ ਕੋਰਟ ਨੇ ਕੋਲਕਾਤਾ ਹੱਤਿਆ ਅਤੇ ਬਲਾਤਕਾਰ ਕੇਸ ਦਾ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਹੱਤਿਆ ਅਤੇ ਬਲਾਤਕਾਰ ਦਾ ਇਹ ਬਹੁਤ ਹੀ ਘਿਨਾਉਣਾ ਮਾਮਲਾ ਸੀ ਜਿਸ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਦੇ ਖਿਲਾਫ਼ ਆਪ ਮੁਹਾਰੇ ਹਿੰਸਕ ਅਤੇ ਅਹਿੰਸਕ ਰੋਸ ਵਿਖਾਵੇ ਹੋਏ, ਖਾਸਕਰ ਦੇਸ਼ ਭਰ ਵਿਚ ਡਾਕਟਰਾਂ ਨੇ ਲੰਮਾ ਸਮਾਂ ਹੜਤਾਲ ਕੀਤੀ। ਝਟਪਟ ਨਤੀਜਿਆਂ ਦੀ ਸੀ.ਬੀ.ਆਈ. ਤੋਂ ਲਾਈ ਗਈ ਆਸ ਪੂਰੀ ਨਾ ਹੋ ਸਕੀ।

ਇਸ ਦਖ਼ਲ ਤੋਂ ਬਾਅਦ ਵੀ ਦੇਸ਼ ਭਰ ਵਿਚ ਹੱਤਿਆ ਅਤੇ ਬਲਾਤਕਾਰ ਦੇ ਕਈ ਹੋਰ ਕੇਸ ਸਾਹਮਣੇ ਆਏ ਪਰ ਅਦਾਲਤਾਂ ਜਾਂ ਸਮਾਜਿਕ ਗਰੁੱਪਾਂ ਨੇ ਉਨ੍ਹਾਂ ਵੱਲ ਉਹੋ ਜਿਹੀ ਤਵੱਜੋ ਨਾ ਦਿੱਤੀ। ਪਹਿਲਾਂ ਵਾਪਰੇ ਕੇਸਾਂ ਵਿਚ ਸੁਪਰੀਮ ਕੋਰਟ ਦੇ ਦਖ਼ਲ ਨਾਲ ਇਹੋ ਜਿਹੇ ਕੇਸਾਂ ਦੇ ਵਾਰ-ਵਾਰ ਵਾਪਰਨ 'ਤੇ ਕੋਈ ਫ਼ਰਕ ਨਹੀਂ ਪਿਆ ਅਤੇ ਹੁਣ ਵਾਲੇ ਦਖ਼ਲ ਨਾਲ ਵੀ ਇਹ ਕੇਸ ਵਾਪਰਨੇ ਬੰਦ ਨਹੀਂ ਹੋਣਗੇ। ਹਾਲਾਂਕਿ ਸੀ.ਬੀ.ਆਈ. ਨੂੰ ਇਹ ਕੇਸ ਸੌਂਪਣਾ ਬਿਲਕੁਲ ਸਹੀ ਹੈ ਜਿਸ ਕਰ ਕੇ ਮੇਰੇ ਮਨ ਵਿਚ ਵੱਖਰੀ ਤਰ੍ਹਾਂ ਦੇ ਖਿਆਲ ਉੱਠਦੇ ਹਨ; ਮਸਲਨ, ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੂੰ ਸੂਬਾਈ ਪੁਲਿਸ ਬਲਾਂ ਅਤੇ ਪੁਲਿਸ ਸਟੇਸ਼ਨਾਂ ਦੀ ਪੇਸ਼ੇਵਰ ਮੁਹਾਰਤ ਅਤੇ ਦਿਆਨਤਦਾਰੀ 'ਤੇ ਭਰੋਸਾ ਕਿਉਂ ਨਹੀਂ ਰਿਹਾ? ਇਵੇਂ ਹੀ ਸੂਬਾਈ ਸਰਕਾਰਾਂ ਅਤੇ ਹੇਠਲੀ ਜੁਡੀਸ਼ਰੀ ਤੋਂ ਵੀ ਭਰੋਸਾ ਕਿਉਂ ਖਤਮ ਹੋ ਗਿਆ ਹੈ? ਕੀ ਇਹ ਰਾਤੋ-ਰਾਤ ਵਾਪਰਿਆ ਹੈ ਜਾਂ ਹੌਲੀ-ਹੌਲੀ ਅਜਿਹਾ ਹੋਇਆ ਹੈ ਪਰ ਇਸ ਕਰ ਕੇ ਜੋ ਸਥਿਤੀ ਬਣੀ ਹੈ, ਉਸ ਵਿਚ ਸਿਆਸਤਦਾਨ ਸਰਬ ਸ਼ਕਤੀਮਾਨ ਬਣ ਰਿਹਾ ਹੈ ਜੋ ਹੁਣ ਪੁਲਿਸ ਬਲ ਅਤੇ ਸਰਕਾਰ ਦੇ ਅੰਦਰ ਤੇ ਬਾਹਰ ਬੈਠੇ ਅਪਰਾਧੀ ਅਨਸਰਾਂ ਦੀ ਮਦਦ ਨਾਲ ਇਸ ਸ਼ੋਅ ਦਾ ਨਿਰਦੇਸ਼ਨ ਕਰ ਰਿਹਾ ਹੈ।

ਪਿਛਾਂਹ ਮੁੜ ਕੇ ਦੇਖੀਏ ਤਾਂ ਪਹਿਲਾਂ ਅਦਾਲਤਾਂ ਜਾਂ ਸੂਬਾਈ ਅਤੇ ਕੇਂਦਰ ਸਰਕਾਰਾਂ ਵਲੋਂ ਭ੍ਰਿਸ਼ਟਾਚਾਰ ਦੇ ਬਹੁਤ ਹੀ ਮਹੱਤਵਪੂਰਨ ਮਾਮਲੇ ਸੀ.ਬੀ.ਆਈ. ਨੂੰ ਸੌਂਪੇ ਜਾਂਦੇ ਸਨ। ਸੂਬੇ ਦੇ ਅਧਿਕਾਰੀ ਅਜਿਹੇ ਮਾਮਲਿਆਂ ਦੇ ਤਬਾਦਲੇ 'ਤੇ ਉਜ਼ਰ ਕਰਦੇ ਸਨ ਕਿਉਂਕਿ ਉਹ ਸੋਚਦੇ ਸਨ ਕਿ ਇਸ ਨਾਲ ਉਨ੍ਹਾਂ ਦਾ ਅਕਸ ਖਰਾਬ ਹੁੰਦਾ ਹੈ। ਸੀ.ਬੀ.ਆਈ. ਦੇ ਚੰਗੇ ਨਤੀਜੇ ਵੀ ਮਿਲੇ ਕਿਉਂਕਿ ਉਸ 'ਤੇ ਬਹੁਤਾ ਦਬਾਓ ਨਹੀਂ ਪਾਇਆ ਗਿਆ ਸੀ ਕਿਉਂਕਿ ਉਸ ਨੇ ਉਤਲੇ ਪੱਧਰ 'ਤੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਵਿਸ਼ੇਸ਼ ਏਜੰਸੀ ਵਜੋਂ ਸ਼ੁਰੂਆਤ ਕੀਤੀ ਸੀ। ਸਿਆਸੀ ਸ਼ਾਖਾ ਦੇ ਲਗਾਤਾਰ ਮਜ਼ਬੂਤ ਹੋਣ ਅਤੇ ਇਸ ਦੇ ਨਾਲ ਨੈਤਿਕ ਗਿਰਾਵਟ ਅਤੇ ਦਿਆਨਤਦਾਰੀ ਦੀ ਘਾਟ ਕਾਰਨ ਲੋਕ ਕੇਸ ਤਬਦੀਲ ਕਰਾਉਣ ਲਈ ਸਿੱਧੇ ਅਦਾਲਤਾਂ ਤੱਕ ਪਹੁੰਚ ਕਰਨ ਲੱਗੇ। ਸੂਬਾਈ ਅਤੇ ਕੇਂਦਰ ਸਰਕਾਰਾਂ ਨੇ ਵੀ ਇੱਛਤ ਨਤੀਜੇ ਹਾਸਲ ਕਰਨ ਲਈ ਇਹ ਰਾਹ ਅਪਣਾਇਆ ਕਿਉਂਕਿ ਰਾਜ ਪ੍ਰਣਾਲੀ ਵਿਚ ਸਮੁੱਚੇ ਤੌਰ 'ਤੇ ਨਿਘਾਰ ਆਉਣ ਕਰ ਕੇ ਸੀ.ਬੀ.ਆਈ. ਦਾ ਕੰਮਕਾਰ ਵੀ ਪ੍ਰਭਾਵਿਤ ਹੋਇਆ। ਜ਼ਿਆਦਾ ਫਰਮਾਬਰਦਾਰੀ ਵਾਲਾ ਢਾਂਚਾ ਕਾਇਮ ਕਰਨ ਲਈ ਉਚੇਚੇ ਤੌਰ 'ਤੇ ਅਫਸਰਾਂ ਨੂੰ ਲਿਆਂਦਾ ਗਿਆ। ਸੀ.ਬੀ.ਆਈ. ਦਾ ਵਿਸਤਾਰ ਹੋਇਆ ਅਤੇ ਜ਼ਿਆਦਾਤਰ ਸੂਬਿਆਂ ਅੰਦਰ ਇਸ ਦੇ ਦਫ਼ਤਰ ਖੋਲ੍ਹ ਦਿੱਤੇ ਗਏ। ਉਂਝ, ਇਸ ਨਾਲ ਕੇਂਦਰ ਸਰਕਾਰ ਦੀ ਤਮ੍ਹਾਂ ਹੋਰ ਵਧ ਗਈ ਅਤੇ ਇਕ ਹੋਰ ਨਵੀਂ ਜਾਂਚ ਏਜੰਸੀ ਐੱਨ.ਆਈ.ਏ. ਦਾ ਜਨਮ ਹੋਇਆ ਜਿਸ ਦਾ ਜ਼ਿਆਦਾ ਜ਼ੋਰ ਅੰਤਰਰਾਜੀ ਪ੍ਰਭਾਵ ਵਾਲੇ ਅਤਿਵਾਦੀ ਅਪਰਾਧਾਂ 'ਤੇ ਹੈ। ਇੱਥੇ ਵੀ ਕੇਂਦਰ ਸਰਕਾਰ ਦੀ ਮਰਜ਼ੀ ਹੈ ਕਿ ਉਹ ਕਿਸ ਕੇਸ ਨੂੰ ਲਵੇ ਜਾਂ ਨਾ ਲਵੇ। ਗ੍ਰਹਿ ਮੰਤਰਾਲੇ ਵਲੋਂ ਵਾਰ-ਵਾਰ ਬਿਆਨ ਆਉਂਦੇ ਰਹਿੰਦੇ ਹਨ ਕਿ ਸਾਰੇ ਸੂਬਿਆਂ ਅੰਦਰ ਐੱਨ.ਆਈ.ਏ. ਦੇ ਦਫ਼ਤਰ ਖੋਲ੍ਹੇ ਜਾਣਗੇ।



ਸਾਡੇ ਕੋਲ ਪਹਿਲਾਂ ਹੀ ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਦੇਸ਼ ਵਿਆਪੀ ਤਾਕਤਾਂ ਨਾਲ ਲੈਸ ਕੀਤੀ ਐਨਫੋਰਸਮੈਂਟ ਡਾਇਰੈਕਟੋਰੇਟ ਤੇ ਨਾਲ ਹੀ ਆਈ.ਬੀ. ਅਤੇ ਰਾਅ ਵਰਗੀਆਂ ਏਜੰਸੀਆਂ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਸਾਡੇ ਕੋਲ ਨੀਮ ਫ਼ੌਜੀ ਬਲ ਮੌਜੂਦ ਹਨ ਜਿਨ੍ਹਾਂ ਕੋਲ ਰਾਸ਼ਟਰੀ ਅਖਤਿਆਰ ਹਨ। ਨੀਮ ਫ਼ੌਜੀ ਦਸਤਿਆਂ ਨੂੰ ਅਮਨ ਕਾਨੂੰਨ ਦੀਆਂ ਅਜਿਹੀਆਂ ਹਾਲਤਾਂ ਨਾਲ ਸਿੱਝਣ ਲਈ ਭੇਜਿਆ ਜਾਂਦਾ ਹੈ ਜੋ ਸੂਬਾਈ ਪੁਲਿਸ ਬਲਾਂ ਤੋਂ ਨਾ ਸੰਭਾਲੀਆਂ ਜਾ ਰਹੀਆਂ ਹੋਣ। ਸੂਬੇ ਵੀ ਇਹ ਦਸਤੇ ਮੰਗਵਾ ਸਕਦੇ ਹਨ ਜਾਂ ਕੇਂਦਰੀ ਗ੍ਰਹਿ ਮੰਤਰਾਲਾ ਆਪਣੇ ਤੌਰ 'ਤੇ ਨਾਮਾਤਰ ਪ੍ਰਵਾਨਗੀ ਨਾਲ ਹੀ ਸੂਬਿਆਂ ਵਿਚ ਇਹ ਦਸਤੇ ਭੇਜ ਸਕਦਾ ਹੈ। ਕਈ ਸੂਬਿਆਂ ਵਿਚ ਲਗਾਤਾਰ ਕਈ-ਕਈ ਦਹਾਕਿਆਂ ਤੋਂ ਸੀ.ਆਰ.ਪੀ.ਐੱਫ., ਸੀ.ਆਈ.ਐੱਸ.ਐੱਫ., ਬੀ.ਐੱਸ.ਐੱਫ., ਐੱਸ.ਐੱਸ.ਬੀ., ਆਈ.ਟੀ.ਬੀ.ਪੀ. ਦੇ ਬਲ ਤਾਇਨਾਤ ਕੀਤੇ ਹੋਏ ਹਨ। ਕਾਗਜ਼ੀ ਤੌਰ 'ਤੇ ਉਹ ਸੂਬਾਈ ਪੁਲਿਸ ਦੀ ਕਮਾਂਡ ਹੇਠ ਕੰਮ ਕਰਦੇ ਹਨ ਪਰ ਆਪਣੇ ਰੋਜ਼ਮੱਰਾ ਕੰਮਕਾਜ ਵਿਚ ਉਹ ਸੁਤੰਤਰ ਹੁੰਦੇ ਹਨ। ਜਦੋਂ ਸੰਵਿਧਾਨ ਮੁਤਾਬਕ ਅਮਨ ਕਾਨੂੰਨ ਸੂਬਾਈ ਵਿਸ਼ਾ ਹੈ ਤਾਂ ਸੂਬਾ ਸਰਕਾਰਾਂ ਦੀ ਕੀ ਸਥਿਤੀ ਬਚਦੀ ਹੈ? ਪੁਲਿਸ ਸਟੇਸ਼ਨ ਅਤੇ ਜ਼ਿਲ੍ਹਾ ਐੱਸ.ਪੀ. ਪੁਲਿਸ ਵਿਭਾਗ ਦਾ ਮੂੰਹ ਮੁਹਾਂਦਰਾ ਮੰਨੇ ਜਾਂਦੇ ਹਨ। ਬਾਹਰੀ ਦਖ਼ਲਅੰਦਾਜ਼ੀ ਕਰ ਕੇ ਇਨ੍ਹਾਂ ਨੂੰ ਸੱਤਾਧਾਰੀ ਪਾਰਟੀ ਦੇ ਸਹਾਇਕਾਂ ਦਾ ਰੂਪ ਬਣਾ ਕੇ ਰੱਖ ਦਿੱਤਾ ਜਾਂਦਾ ਹੈ। ਸੂਬਾਈ ਪੁਲਿਸ ਦੀ ਪੇਸ਼ੇਵਰਾਨਾ ਪਹੁੰਚ ਦੇ ਰੂਪ ਵਿਚ ਇਸ ਦੀ ਕੀਮਤ ਤਾਰਨੀ ਪੈਂਦੀ ਹੈ ਜਿਸ ਕਰ ਕੇ ਪੁਲਿਸ ਸਟੇਸ਼ਨ ਅਤੇ ਜ਼ਿਲ੍ਹਾ ਐੱਸ.ਪੀ. ਦੀ ਧਾਰ ਖੁੰਢੀ ਹੁੰਦੀ ਹੈ। ਇਹ ਪੁਲਿਸ ਅਤੇ ਲੋਕਾਂ ਵਿਚਕਾਰ ਰਾਬਤੇ ਦੇ ਮੁਕਾਮ ਹੁੰਦੇ ਹਨ ਪਰ ਇਸ ਅੰਤਰ-ਕਿਰਿਆ ਵਿਚ ਬਹੁਤ ਜ਼ਿਆਦਾ ਸੁਧਾਰ ਦੀ ਤਵੱਕੋ ਕੀਤੀ ਜਾਂਦੀ ਹੈ। ਇਹ ਇਹੋ ਜਿਹੀਆਂ ਥਾਵਾਂ ਨਹੀਂ ਰਹਿ ਗਈਆਂ ਜਿੱਥੇ ਨਾਗਰਿਕ ਇਸ ਭਰੋਸੇ ਨਾਲ ਜਾਂਦਾ ਹੋਵੇ ਕਿ ਉਸ ਨੂੰ ਇਨਸਾਫ਼ ਮਿਲੇਗਾ ਤੇ ਉਸ ਨੂੰ ਕੋਈ ਜੁਗਾੜ ਲਾਉਣ ਦੀ ਕੋਈ ਲੋੜ ਨਹੀਂ ਹੈ।

ਚੰਗੀ ਨਫ਼ਰੀ ਅਤੇ ਚੰਗੇ ਅਫਸਰਾਂ ਵਾਲੇ ਪੁਲਿਸ ਸਟੇਸ਼ਨ ਕੋਲ ਬਿਹਤਰੀਨ ਮੁਖ਼ਬਰ ਹੁੰਦੇ ਹਨ ਅਤੇ ਇਸ ਸੂਚਨਾ ਦੇ ਨਾਲ ਚੰਗੇ ਸਫਲ ਅਪਰੇਸ਼ਨ ਵੀ ਹੁੰਦੇ ਹਨ। ਅਸੀਂ ਦੇਖਿਆ ਹੈ ਕਿ ਜੰਮੂ ਕਸ਼ਮੀਰ, ਪੰਜਾਬ, ਉੱਤਰ ਪੂਰਬ ਵਿਚ ਉਗਰ ਵਿਦਰੋਹਾਂ ਅਤੇ ਮੱਧ ਭਾਰਤ, ਉੜੀਸਾ, ਆਂਧਰਾ ਪ੍ਰਦੇਸ਼ ਵਿਚ ਮਾਓਵਾਦੀ ਲਹਿਰਾਂ ਵੇਲੇ ਉਹੀ ਅਪਰੇਸ਼ਨਲ ਸੂਹ ਸਭ ਤੋਂ ਵਧੀਆ ਹੁੰਦੀ ਸੀ ਜੋ ਪੁਲਿਸ ਸਟੇਸ਼ਨ ਤੋਂ ਆਉਂਦੀ ਸੀ ਤੇ ਇਸੇ ਕਰ ਕੇ ਫ਼ੌਜ ਸਣੇ ਸਾਰੇ ਅਪਰੇਸ਼ਨ ਗਰੁੱਪਾਂ ਦਾ ਅਹਿਮ ਹਿੱਸਾ ਮੁਕਾਮੀ ਪੁਲਿਸ ਸਟੇਸ਼ਨ ਨਾਲ ਜੁੜਿਆ ਹੁੰਦਾ ਹੈ। ਆਮ ਅਪਰਾਧ ਜਾਂ ਬਗਾਵਤਾਂ ਜਿਹੇ ਜਟਿਲ ਅਪਰਾਧਾਂ ਵਿਚ ਵੀ ਸਫ਼ਲਤਾ ਤਾਂ ਹੀ ਮਿਲਦੀ ਹੈ ਜੇ ਪੁਲਿਸ ਦਾ ਮੋਹਰੀ ਢਾਂਚਾ ਭਾਵ ਪੁਲਿਸ ਸਟੇਸ਼ਨ ਪੂਰੀ ਤਰ੍ਹਾਂ ਸ਼ਾਮਲ ਹੋ ਕੇ ਕੰਮ ਕਰਦਾ ਹੈ। ਜੇ ਇਹ ਗੱਲ ਸਹੀ ਹੈ ਤਾਂ ਇਸ ਨੂੰ ਕਮਜ਼ੋਰ ਕਿਉਂ ਕੀਤਾ ਜਾਵੇ? ਇਸ ਦਾ ਕਾਰਨ ਇਹ ਹੈ ਕਿ ਸਮੇਂ ਦੇ ਹਾਕਮ ਅਜਿਹੀ ਵਫ਼ਾਦਾਰ ਪੁਲਿਸ ਚਾਹੁੰਦੇ ਹਨ ਜੋ ਦੇਸ਼ ਦੇ ਕਾਨੂੰਨ ਦੀ ਬਜਾਇ ਚੁੱਪ-ਚਾਪ ਉਨ੍ਹਾਂ ਦੀ ਫਰਮਾਬਰਦਾਰੀ ਕਰਦੀ ਹੋਵੇ। ਕੇਂਦਰ ਸਰਕਾਰ ਨੇ ਢੇਰ ਸਾਰੀਆਂ ਜਾਂਚ ਏਜੰਸੀਆਂ ਦਾ ਗਠਨ ਕਰ ਕੇ ਅਤੇ ਆਪਣੇ ਪਸੰਦੀਦਾ ਕੇਸਾਂ ਦੀ ਪੁਣਛਾਣ ਕਰਵਾਉਣ ਦੀ ਨੀਤੀ ਰਾਹੀਂ ਸੂਬਾਈ ਜਾਂਚ ਏਜੰਸੀਆਂ ਨੂੰ ਕਮਜ਼ੋਰ ਕੀਤਾ ਹੈ। ਸੂਬਾਈ ਸਰਕਾਰਾਂ ਨੇ ਵੀ ਪੁਲਿਸ ਦੇ ਅੰਦਰੂਨੀ ਪ੍ਰਸ਼ਾਸਨ ਵਿਚ ਸਿੱਧੀ ਦਖ਼ਲਅੰਦਾਜ਼ੀ ਕਰ ਕੇ ਅਤੇ ਨਕਾਰਾ ਅਫਸਰਾਂ ਨੂੰ ਪ੍ਰਮੁੱਖ ਅਹੁਦਿਆਂ 'ਤੇ ਬਿਠਾ ਕੇ ਇਸ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਪੁਲਿਸ ਸਟੇਸ਼ਨਾਂ ਵਿਚ ਅਜਿਹੀਆਂ ਤਾਕਤਾਂ ਦੀ ਹੀ ਤੂਤੀ ਬੋਲਦੀ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਆਜ਼ਾਦੀ ਦੇ ਸਮੇਂ ਦੇ ਮੁਕਾਬਲੇ ਕਿਤੇ ਵੱਧ ਆਬਾਦੀ ਹੋਣ ਕਰ ਕੇ ਆਧੁਨਿਕ ਭਾਰਤ ਦੀਆਂ ਵਧਦੀਆਂ ਲੋੜਾਂ ਦੇ ਮੱਦੇਨਜ਼ਰ ਬਿਹਤਰ ਅਤੇ ਵਧੇਰੇ ਪੇਸ਼ੇਵਰ ਤੇ ਵਿਸ਼ੇਸ਼ੀਕ੍ਰਿਤ ਬਲਾਂ ਦੀ ਲੋੜ ਹੈ, ਮਿਸਾਲ ਦੇ ਤੌਰ 'ਤੇ ਸਾਇਬਰ ਅਪਰਾਧ ਪਰ ਇਸ ਦੀ ਕੁੰਜੀ ਪੇਸ਼ੇਵਰ ਏਜੰਸੀਆਂ ਵਿਚ ਪਈ ਹੈ ਜਿੱਥੇ ਸਿਆਸੀ ਨਿਗਰਾਨੀ ਘੱਟ ਹੁੰਦੀ ਹੈ ਅਤੇ ਸੂਬਾਈ ਅਤੇ ਕੇਂਦਰੀ ਸਹਿਯੋਗ ਦੇ ਉੱਚ ਮਿਆਰ ਸਥਾਪਤ ਕੀਤੇ ਜਾਂਦੇ ਹਨ।

ਪੁਲਿਸ ਸੁਧਾਰਾਂ ਜਾਂ ਅਪਰਾਧ ਜਾਂ ਅਮਨ ਕਾਨੂੰਨ ਨਾਲ ਸਬੰਧਿਤ ਸਾਰੇ ਪਹਿਲੂਆਂ ਨੂੰ ਜੋੜਨ ਵਾਲੀ ਸਾਂਝੀ ਤੰਦ ਹੈ ਸਿਆਸੀ ਨਿਜ਼ਾਮ। ਜਦੋਂ ਤੱਕ ਇਨ੍ਹਾਂ ਨੂੰ ਸੁਧਾਰਨ ਲਈ ਅਤੇ ਪੁਲਿਸ ਦੇ ਕੰਮਕਾਜ ਵਿਚ ਅੰਦਰੂਨੀ ਦਖ਼ਲਅੰਦਾਜ਼ੀ ਖਤਮ ਕਰਨ ਲਈ ਸਿਆਸੀ ਇੱਛਾ ਸ਼ਕਤੀ ਨਹੀਂ ਹੋਵੇਗੀ ਉਦੋਂ ਤੱਕ ਹਾਲਾਤ ਬਦਤਰ ਹੀ ਹੁੰਦੇ ਜਾਣਗੇ; ਇੱਥੋਂ ਤੱਕ ਕਿ ਪੁਲਿਸ ਸੁਧਾਰਾਂ ਲਈ ਉਚੇਰੀ ਨਿਆਂਪਾਲਿਕਾ ਦੇ ਆਦੇਸ਼ ਵੀ ਨੌਕਰਸ਼ਾਹੀ ਦੀਆਂ ਨੁੱਕਰਾਂ ਵਿਚ ਗੁਆਚ ਕੇ ਰਹਿ ਜਾਂਦੇ ਹਨ। ਸਾਡੀ ਸ਼ਾਸਨ ਪ੍ਰਣਾਲੀ ਵਿਚ ਸਿਰਮੌਰ ਸ਼ਕਤੀ ਚੁਣੀ ਹੋਈ ਸਿਆਸੀ ਪਾਰਟੀ ਦੇ ਹੱਥਾਂ ਵਿਚ ਹੁੰਦੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਇਹ ਤਾਕਤ ਬੇਲਗਾਮ ਨਹੀਂ ਹੁੰਦੀ ਕਿਉਂਕਿ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਵਿਚ ਸ਼ਾਸਨ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਤੈਅ ਕੀਤੇ ਗਏ ਹਨ। ਸਭ ਤੋਂ ਵਧ ਕੇ ਇਹ ਕਿ ਸੱਤਾਧਾਰੀ ਪਾਰਟੀਆਂ ਦੀ ਚੋਣ ਲੋਕਾਂ ਵਲੋਂ ਕੀਤੀ ਜਾਂਦੀ ਹੈ ਅਤੇ ਲੋਕ ਸ਼ਾਂਤੀ ਤੇ ਨਿਆਂਪੂਰਨ ਪ੍ਰਸ਼ਾਸਨ ਚਾਹੁੰਦੇ ਹਨ। ਕੀ ਲੋਕਾਂ ਨੂੰ ਸੁਧਾਰਾਂ ਅਤੇ ਨਿਆਂ ਲਈ ਸੜਕਾਂ 'ਤੇ ਨਿਕਲਣਾ ਪਵੇਗਾ? ਆਸ ਹੈ ਕਿ ਚੁਣੀਆਂ ਹੋਈਆਂ ਸਰਕਾਰਾਂ ਸੜਕ ਦੇ ਇਸ ਸੰਦੇਸ਼ ਨੂੰ ਸਮਝਣਗੀਆਂ।

---

# ਸੇਬੀ ਦੀ ਭਰੋਸੇਯੋਗਤਾ ਦਾਅ 'ਤੇ

**ਸੁਚੇਤਾ ਦਲਾਲ**

ਸੰਸਾਰ 'ਚ ਪੰਜਵੇਂ ਵੱਡੇ ਪੂੰਜੀ ਬਾਜ਼ਾਰ ਨੂੰ ਸੰਭਾਲ ਰਿਹਾ 'ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ' (ਸੇਬੀ) ਕਰੜੀ ਜਾਂਚ-ਪੜਤਾਲ ਹੇਠ ਹੈ। 'ਸੇਬੀ' ਦੀ ਚੇਅਰਪਰਸਨ ਮਾਧਵੀ ਪੁਰੀ ਬੁਚ ਬਾਰੇ ਨਿੱਤ ਦਿਨ ਹੋ ਰਹੇ ਖੁਲਾਸੇ, ਹਿੱਤਾਂ ਦੇ ਟਕਰਾਅ ਅਤੇ ਇਸ ਮਹੱਤਵਪੂਰਨ ਸੰਸਥਾ ਬਾਰੇ ਹੋਏ ਪ੍ਰਗਟਾਵੇ ਕਈ ਚਿੰਤਾਵਾਂ ਖੜ੍ਹੀਆਂ ਕਰਦੇ ਹਨ। ਦਰਅਸਲ, ਸੂਚੀਬੱਧ ਕੰਪਨੀਆਂ ਦੇ ਪ੍ਰਮੁੱਖ ਪ੍ਰਬੰਧਕੀ ਵਿਅਕਤੀਆਂ (ਕੇ.ਐਮ.ਪੀ.) ਵੱਲੋਂ ਕੀਤੇ ਖੁਲਾਸਿਆਂ ਤੇ 'ਇਨਸਾਈਡਰ ਟਰੇਡਿੰਗ' ਬਾਰੇ ਆਪਣੇ ਹੀ ਹੁਕਮਾਂ ਦਾ ਬਚਾਅ ਕਰਨ ਤੋਂ ਸਪੱਸ਼ਟ ਹੈ ਕਿ ਚੇਅਰਪਰਸਨ ਦੀ ਪਾਰਦਰਸ਼ਤਾ ਨਿਰਾਸ਼ਾਜਨਕ ਢੰਗ ਨਾਲ ਅਧੂਰੀ ਹੈ।

ਹੁਣ ਤੱਕ ਤਿੰਨ ਵੱਖ-ਵੱਖ ਇਕਾਈਆਂ ਇਹ ਦੋਸ਼ ਲਾ ਰਹੀਆਂ ਹਨ: ਹਿੰਡਨਬਰਗ ਰਿਸਰਚ ਸਭ ਤੋਂ ਪਹਿਲੀ ਸੀ ਜਿਸ ਨੇ ਖੋਜੀ ਦਸਤਾਵੇਜ਼ ਪੇਸ਼ ਕਰ ਕੇ ਹਿੱਤਾਂ ਦੇ ਟਕਰਾਅ ਦਾ ਦੋਸ਼ ਲਾਇਆ ਸੀ; ਕਾਂਗਰਸ ਪਾਰਟੀ ਕਈ ਪ੍ਰੈੱਸ ਕਾਨਫਰੰਸਾਂ ਕਰ ਚੁੱਕੀ ਹੈ ਤੇ ਲੜੀਵਾਰ ਦੋਸ਼ ਲਾ ਕੇ ਆਜ਼ਾਦਾਨਾ ਜਾਂਚ ਕਰਾਉਣ ਦੀ ਮੰਗ ਕਰ ਚੁੱਕੀ ਹੈ; ਤੇ ਸੁਭਾਸ਼ ਚੰਦਰ ਗੋਇਲ, 'ਜ਼ੀ' ਗਰੁੱਪ ਦੇ ਬਾਨੀ ਜੋ ਖ਼ੁਦ ਵੀ 'ਸੇਬੀ' ਜਾਂਚ ਦੇ ਘੇਰੇ ਵਿਚ ਹਨ, ਨੇ ਵੀ ਬੁਚ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਹਨ।

ਕਈ ਚੀਜ਼ਾਂ ਉੱਭਰ ਕੇ ਸਾਹਮਣੇ ਆਈਆਂ ਹਨ ਤੇ ਜਵਾਬ ਮੰਗਦੀਆਂ ਹਨ। ਇਹ ਉਨ੍ਹਾਂ ਮਿਆਰਾਂ ਨਾਲ ਹੀ ਸਬੰਧਿਤ ਹਨ ਜੋ 'ਸੇਬੀ' ਨੇ ਮੁਕੱਦਮਾ ਦਾਇਰ ਕਰਦਿਆਂ ਜਾਂ ਗੰਭੀਰ ਜੁਰਮਾਨੇ ਲਾਉਂਦਿਆਂ ਸ਼ੇਅਰ ਮਾਰਕੀਟ ਦੇ ਹਿੱਸੇਦਾਰਾਂ, ਵਿੱਤੀ ਵਿਚੋਲਿਆਂ, ਬਾਜ਼ਾਰ ਦੀਆਂ ਬੁਨਿਆਦੀ ਸੰਸਥਾਵਾਂ ਤੇ ਸੂਚੀਬੱਧ ਕੰਪਨੀਆਂ ਉਤੇ ਲਾਗੂ ਕੀਤੇ ਹਨ। ਪਹਿਲੀ ਚੀਜ਼ ਹਿੰਡਨਬਰਗ ਰਿਸਰਚ ਵੱਲੋਂ ਹੈ- ਅਡਾਨੀ ਜਾਂਚ ਮਾਮਲੇ ਤੋਂ ਖ਼ੁਦ ਨੂੰ ਪਰ੍ਹੇ ਰੱਖਣ 'ਚ ਬੁਚ ਦਾ ਨਾਕਾਮ ਰਹਿਣਾ ਜਦਕਿ ਬੁਚ ਤੇ ਉਸ ਦੇ ਪਤੀ ਦਾ ਉਨ੍ਹਾਂ ਹੀ ਕੰਪਨੀਆਂ ਵਿਚ ਵਿਦੇਸ਼ ਵਿਚ (ਆਫਸ਼ੋਰ) ਨਿਵੇਸ਼ ਹੈ ਜਿਹੜੀਆਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਈ ਅਡਾਨੀ ਗਰੁੱਪ ਦੀ ਉੱਚ ਪੱਧਰੀ ਜਾਂਚ ਦਾ ਹਿੱਸਾ ਸਨ। ਹਿੰਡਨਬਰਗ ਦਾ ਦੂਜਾ ਦੋਸ਼ ਇਹ ਹੈ ਕਿ ਮਾਧਵੀ ਬੁਚ ਨੇ ਇਕ ਪ੍ਰਾਈਵੇਟ ਸਲਾਹਕਾਰ ਕੰਪਨੀ ਵਿਚ 99 ਪ੍ਰਤੀਸ਼ਤ ਹਿੱਸਾ ਬਰਕਰਾਰ ਰੱਖਿਆ ਜਦੋਂਕਿ ਇਸੇ ਪ੍ਰਾਈਵੇਟ ਕੰਪਨੀ ਨੂੰ ਉਸ ਦਾ ਪਤੀ ਆਪਣੀ ਸੇਵਾਮੁਕਤੀ ਤੋਂ ਬਾਅਦ ਚਲਾ ਰਿਹਾ ਹੈ। ਬੁਚ ਦੇ ਪਤੀ ਨੇ ਮੰਨਿਆ ਹੈ ਕਿ ਉਹ ਇਹ ਕੰਪਨੀ ਚਲਾ ਰਿਹਾ ਸੀ- ਤੇ ਉਸ ਨੂੰ 'ਮੰਨੀਆਂ-ਪ੍ਰਮੰਨੀਆਂ' ਭਾਰਤੀ ਕੰਪਨੀਆਂ ਤੋਂ ਆਮਦਨੀ ਹੋਈ ਹੈ।

ਕਾਂਗਰਸ ਨੇ ਪਹਿਲਾਂ ਕਿਹਾ ਕਿ 'ਸੇਬੀ' ਵਿਚ ਆਪਣੇ ਮੌਜੂਦਾ ਕਾਰਜਕਾਲ ਦੌਰਾਨ ਉਸ ਨੇ ਆਈ.ਸੀ.ਆਈ.ਸੀ.ਆਈ. ਬੈਂਕ ਨਾਲੋਂ ਪੰਜ ਗੁਣਾ ਵੱਧ ਕਮਾਈ (16.80 ਕਰੋੜ) ਕੀਤੀ ਹੈ। ਸਾਹਮਣੇ ਆਇਆ ਹੈ ਕਿ ਬੁਚ ਉਸ ਨੂੰ 'ਐਂਪਲਾਈ ਸਟਾਕ ਆਪਸ਼ਨਜ਼ ਪਲਾਨ' (ਈ.ਐੱਸ.ਓ.ਪੀਜ਼) ਤਹਿਤ ਮਿਲੇ ਸ਼ੇਅਰ ਵਰਤ ਰਹੀ ਸੀ। ਧਿਆਨਯੋਗ ਹੈ ਕਿ 'ਸੇਬੀ' ਨੇ ਆਈ.ਸੀ.ਆਈ.ਸੀ.ਆਈ. ਬੈਂਕ ਨਾਲ ਜੁੜੇ ਕਈ ਰੈਗੂਲੇਟਰੀ ਮਾਮਲੇ ਦੇਖੇ ਹਨ। ਇਹ ਤੱਥ ਕਿ ਬੁਚ ਨੇ ਲਗਭਗ ਹਰ ਸਾਲ ਈ.ਐੱਸ.ਓ.ਪੀ. ਵਰਤ ਕੇ ਕੀਮਤਾਂ ਵਧਣ ਦਾ ਲਾਹਾ ਲਿਆ ਹੈ, ਬਾਰੇ ਜਾਣਕਾਰੀ ਸਾਂਝੀ ਕਰਨ ਨਾਲ ਜੁੜੇ ਕਈ ਮੁੱਦੇ ਉੱਭਰਦੇ ਹਨ ਅਤੇ ਇਹ ਸਵਾਲ ਵੀ ਉੱਠਦਾ ਹੈ ਕਿ ਕੀ ਜਦ ਉਸ ਨੇ 'ਈ.ਐੱਸ.ਓ.ਪੀ.' ਵਰਤੇ ਤਾਂ ਉਸ ਦੀ ਪਹੁੰਚ ਅਣ-ਪ੍ਰਕਾਸ਼ਿਤ ਕੀਮਤਾਂ ਨਾਲ ਸਬੰਧਿਤ ਸੰਵੇਨਸ਼ੀਲ ਸੂਚਨਾ ਤੱਕ ਵੀ ਸੀ? ਕਾਂਗਰਸ ਨੇ ਉਹ ਦਸਤਾਵੇਜ਼ ਵੀ ਜਾਰੀ ਕੀਤੇ ਹਨ ਜਿਨ੍ਹਾਂ 'ਚ ਬੁਚ ਦੀ ਨਿੱਜੀ ਸੰਪਤੀ ਅਜਿਹੀ ਕੰਪਨੀ ਦੇ ਸਹਾਇਕ ਨੂੰ ਕਿਰਾਏ ਉਤੇ ਦੇਣ ਦਾ ਜ਼ਿਕਰ ਹੈ ਜਿਹੜੀ ਸੇਬੀ ਜਾਂਚ ਦੇ ਘੇਰੇ ਵਿਚ ਰਹੀ ਹੈ।

ਇਕ ਵੱਖਰਾ ਮੁੱਦਾ ਵੀ ਨਾਲ ਹੀ ਉੱਭਰ ਕੇ ਸਾਹਮਣੇ ਆਇਆ ਹੈ। ਇਹ 'ਸੇਬੀ' ਕਰਮਚਾਰੀਆਂ ਵੱਲੋਂ ਗੈਰ-ਪੇਸ਼ੇਵਰ ਕੰਮ ਸਭਿਆਚਾਰ, ਕਾਰਗੁਜ਼ਾਰੀ ਦੇ ਪੱਖ ਤੋਂ ਗ਼ੈਰ-ਵਾਜਬ ਉਮੀਦ ਰੱਖੇ ਜਾਣ ਅਤੇ ਹੋਰਨਾਂ ਲਾਭਾਂ, ਹਾਊਸਿੰਗ ਭੱਤਿਆਂ ਤੇ ਮੁਆਵਜ਼ਿਆਂ ਉਤੇ ਅਸੰਤੁਸ਼ਟੀ ਜ਼ਾਹਿਰ ਕਰਨ ਨਾਲ ਸਬੰਧਿਤ ਹੈ। ਹਿੰਡਨਬਰਗ ਦੇ ਇਲਜ਼ਾਮਾਂ ਵਾਂਗ ਇਸ ਨੂੰ ਵੀ ਮਾੜੇ ਢੰਗ ਨਾਲ ਨਜਿੱਠਿਆ ਗਿਆ ਹੈ ਜਿਸ ਕਾਰਨ ਸੈਂਕੜੇ ਮੁਲਾਜ਼ਮਾਂ ਨੂੰ ਜਨਤਕ ਰੋਸ ਪ੍ਰਦਰਸ਼ਨ ਕਰਨਾ ਪਿਆ। ਉਨ੍ਹਾਂ ਪ੍ਰਬੰਧਕਾਂ ਤੋਂ ਉਹ ਗਲਤ ਪ੍ਰੈੱਸ ਬਿਆਨ ਵਾਪਸ ਲੈਣ ਦੀ ਮੰਗ ਕੀਤੀ ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਮੁਲਾਜ਼ਮਾਂ ਨੂੰ 'ਬਾਹਰੀ ਤੱਤਾਂ ਨੇ ਕੁਰਾਹੇ ਪਾਇਆ ਹੈ।' ਸੇਬੀ ਕਰਮਚਾਰੀਆਂ ਦਾ ਦਾਅਵਾ ਹੈ ਕਿ ਮੈਨੇਜਮੈਂਟ 'ਮੁਲਾਜ਼ਮਾਂ ਬਾਰੇ ਕੂੜ ਪ੍ਰਚਾਰ ਕਰ ਰਹੀ ਹੈ।'

ਇਹ ਪਿੱਠਭੂਮੀ ਗਹਿਰਾਈ ਤੱਕ ਜਾਣ ਦਾ ਮੁੱਢ ਬੰਨ੍ਹਦੀ ਹੈ ਕਿ ਕਿਵੇਂ ਨਾਕਾਫ਼ੀ ਖੁਲਾਸਿਆਂ, ਸਥਿਤੀ ਮੁਤਾਬਿਕ ਪਿੱਛੇ ਨਾ ਹਟਣ ਅਤੇ ਸੇਬੀ ਲੀਡਰਸ਼ਿਪ 'ਚ ਆਉਣ ਮਗਰੋਂ ਬੁਚ ਵੱਲੋਂ ਆਪਣੇ ਵਿੱਤੀ ਸਬੰਧਾਂ ਨੂੰ ਸਹੀ ਢੰਗ ਨਾਲ ਖ਼ਤਮ ਨਾ ਕੀਤੇ ਜਾਣ ਨੇ- ਪੂੰਜੀ ਬਾਜ਼ਾਰ ਦਾ ਪ੍ਰਬੰਧ ਸੰਭਾਲਣ 'ਚ ਸੇਬੀ ਦੀ ਭਰੋਸੇਯੋਗਤਾ ਨੂੰ ਸੱਟ ਮਾਰੀ ਹੈ ਅਤੇ ਸੰਕਟ ਨਾਲ ਨਜਿੱਠਣ 'ਚ ਮਜ਼ਬੂਤ ਤੰਤਰ ਦੀ ਗ਼ੈਰ-ਹਾਜ਼ਰੀ ਦਾ ਪਰਦਾਫਾਸ਼ ਕੀਤਾ ਹੈ।

ਇਸ ਦੇ ਉਲਟ ਵਿਕਸਤ ਮੁਲਕ ਜਿਨ੍ਹਾਂ ਵਿਚ ਸਰਕਾਰੀ ਤੇ ਪ੍ਰਾਈਵੇਟ ਸੈਕਟਰਾਂ ਦਰਮਿਆਨ ਫਿਰਵਾਂ ਦਰਵਾਜ਼ਾ ਹੁੰਦਾ ਹੈ, ਤਿੱਖਾ ਬਦਲਵਾਂ ਨਜ਼ਰੀਆ ਪੇਸ਼ ਕਰਦੇ ਹਨ। ਅਮਰੀਕਾ ਵਿਚ ਰੈਗੂਲੇਟਰੀ ਇਕਾਈਆਂ ਦੇ ਮੁਖੀਆਂ ਨੂੰ ਅਜਿਹੀ ਸ਼ੇਅਰ ਸੰਪਤੀ ਵਿਚੋਂ ਨਿਕਲਣਾ ਪੈਂਦਾ ਹੈ ਜੋ ਹਿੱਤਾਂ ਦੇ ਟਕਰਾਅ ਦਾ ਕਾਰਨ ਬਣ ਸਕਦੀ ਹੈ ਜਾਂ ਅੰਨ੍ਹੇ ਵਿਸ਼ਵਾਸ ਦੇ ਘੇਰੇ 'ਚ ਆ ਸਕਦੀ ਹੈ। ਸਖ਼ਤ ਨਿਯਮ ਯਕੀਨੀ ਬਣਾਉਂਦੇ ਹਨ ਕਿ ਰੈਗੂਲੇਟਰੀ ਇਕਾਈਆਂ ਦੇ ਮੁਖੀਆਂ ਵਜੋਂ ਸਰਕਾਰੀ ਪਦਵੀਆਂ 'ਤੇ ਬੈਠੇ ਵਿਅਕਤੀ ਅਜਿਹੇ ਪ੍ਰਭਾਵਾਂ ਤੋਂ ਮੁਕਤ ਰਹਿਣ ਜੋ ਉਨ੍ਹਾਂ ਦੀਆਂ ਭੂਮਿਕਾਵਾਂ ਦੇ ਨਿਘਾਰ ਦਾ ਕਾਰਨ ਬਣ ਸਕਦੇ ਹਨ। ਪ੍ਰਸਿੱਧ ਪਿਨੋਸ਼ੇ ਕੇਸ ਵੀ ਇਸ ਸਿਧਾਂਤ ਉੱਤੇ ਜ਼ੋਰ ਦਿੰਦਾ ਹੈ, ਜਿਸ 'ਚ ਕਿਹਾ ਗਿਆ ਸੀ ਕਿ ਜੱਜਾਂ ਨੂੰ ਨਾ ਸਿਰਫ਼ ਅਸ਼ਿਸ਼ਟਤਾ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਬਲਕਿ ਇਸ ਦੀ ਕਾਇਆ ਤੋਂ ਵੀ ਦੂਰ ਰਹਿਣ ਚਾਹੀਦਾ ਹੈ।

ਸੇਬੀ ਉਨ੍ਹਾਂ ਤੋਂ ਤਾਂ ਮਿਆਰੀ ਪਾਰਦਰਸ਼ਤਾ ਮੰਗਦੀ ਹੈ ਜਿਨ੍ਹਾਂ 'ਤੇ ਇਹ ਨਿਗ੍ਹਾ ਰੱਖਦੀ ਹੈ ਪਰ ਅਜਿਹਾ ਜਾਪਦਾ ਹੈ ਕਿ ਇਹ ਨਿਯਮ ਇਸ ਦੀ ਆਪਣੀ ਲੀਡਰਸ਼ਿਪ ਉੱਤੇ ਲਾਗੂ ਨਹੀਂ ਹੁੰਦੇ। ਇਸ ਤਰ੍ਹਾਂ ਪੂੰਜੀ ਬਾਜ਼ਾਰ ਦੇ ਨਿਗਰਾਨਾਂ 'ਤੇ ਦੋਗਲਾਪਨ ਭਾਰੂ ਹੈ। ਇਸ ਤੋਂ ਵੀ ਵੱਧ ਹੈਰਾਨ ਕਰਨ ਵਾਲਾ ਹੈ ਰਾਸ਼ਟਰੀ ਜਮਹੂਹੀ ਗੱਠਜੋੜ (ਐੱਨ.ਡੀ.ਏ.) ਸਰਕਾਰ ਦਾ ਇਹ ਰੁਖ਼ ਕਿ ਇਸ ਨੇ ਕੁਝ ਦੇਖਿਆ-ਸੁਣਿਆ ਹੀ ਨਹੀਂ। ਵਿੱਤ ਮੰਤਰੀ ਸਣੇ ਸਰਕਾਰ ਸਥਿਤੀ ਤੋਂ ਅਣਜਾਣ ਬਣੇ ਬੈਠੇ ਹਨ।

ਇਸ ਦਰਮਿਆਨ ਸ਼ਕਤੀਸ਼ਾਲੀ ਸੇਬੀ ਬੋਰਡ ਅਰਥਹੀਣ ਹੋ ਕੇ ਰਹਿ ਗਿਆ ਹੈ। ਚੇਅਰਪਰਸਨ ਅਤੇ ਤਿੰਨ ਕੁੱਲਵਕਤੀ ਮੈਂਬਰਾਂ ਤੋਂ ਇਲਾਵਾ ਬੋਰਡ ਵਿਚ ਆਰਥਿਕ ਮਾਮਲਿਆਂ ਦੇ ਵਿਭਾਗ ਦਾ ਸਕੱਤਰ, ਆਰਥਿਕ ਮਾਮਲਿਆਂ ਬਾਰੇ ਮੰਤਰਾਲੇ ਦਾ ਸਕੱਤਰ, ਭਾਰਤੀ ਰਿਜ਼ਰਵ ਬੈਂਕ ਦਾ ਡਿਪਟੀ ਗਵਰਨਰ ਅਤੇ ਜਨਤਕ ਨੁਮਾਇੰਦੇ ਦੀ ਹੈਸੀਅਤ ਵਿਚ ਇੱਕ ਅਕਾਦਮੀਸ਼ਨ ਸ਼ਾਮਿਲ ਹੁੰਦੇ ਹਨ। ਕੋਈ ਸਮਾਂ ਸੀ ਜਦੋਂ ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਦੇ ਸ਼ਾਸਨ ਕਾਲ ਦੌਰਾਨ ਪੂੰਜੀ ਬਾਜ਼ਾਰਾਂ ਦਾ ਇੰਚਾਰਜ ਸੰਯੁਕਤ ਸਕੱਤਰ ਸੇਬੀ ਬੋਰਡ ਮੈਂਬਰ ਹੁੰਦਾ ਸੀ ਅਤੇ ਉਸ ਕੋਲ ਚੇਅਰਪਰਸਨ ਨਾਲੋਂ ਵੀ ਜ਼ਿਆਦਾ ਅਖ਼ਤਿਆਰ ਹੁੰਦੇ ਸਨ। ਇਸ ਵਾਰ ਸੇਬੀ ਬੋਰਡ ਉਨ੍ਹਾਂ ਤਿੰਨ ਬਾਂਦਰਾਂ ਦੀ ਤਰ੍ਹਾਂ ਵਿਹਾਰ ਕਰਦਾ ਨਜ਼ਰ ਆ ਰਿਹਾ ਹੈ ਜੋ 'ਨਾ ਬੁਰਾ ਦੇਖਦੇ ਹਨ, ਨਾ ਬੁਰਾ ਸੁਣਦੇ ਹਨ ਤੇ ਨਾ ਹੀ ਬੁਰਾ ਬੋਲਦੇ ਹਨ।'

ਮੇਰੇ ਖਿਆਲ ਮੁਤਾਬਿਕ ਕਿਸੇ ਨਿਗਰਾਨ ਸੰਸਥਾ ਦੇ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਕੋਲ ਅਜਿਹੇ ਵਿਹਾਰ ਦੀ ਖੁੱਲ੍ਹ ਨਹੀਂ ਹੁੰਦੀ। ਇਸ ਵਿਹਾਰ ਦੀ ਤੁਲਨਾ ਉਸ ਨਾਲ ਕਰੋ ਜੋ ਸੇਬੀ ਸੂਚੀਦਰਜ ਕੰਪਨੀਆਂ ਦੇ ਬੋਰਡਾਂ ਤੋਂ ਕੀ ਤਵੱਕੋ ਰੱਖਦੀ ਹੈ। ਪਿਛਲੇ ਦੋ ਦਹਾਕਿਆਂ ਤੋਂ ਪਤਾ ਲਗਦਾ ਹੈ ਕਿ ਸੇਬੀ ਨੇ ਕਾਰਪੋਰੇਟ ਸ਼ਾਸਨ ਦੇ ਤਕਾਜ਼ਿਆਂ ਨੂੰ ਸਖ਼ਤ ਕੀਤਾ ਹੈ ਅਤੇ ਕਾਰਪੋਰੇਟ ਖੁਲਾਸਿਆਂ, ਕੀਮਤ ਸੰਵੇਦੀ ਸੂਚਨਾ ਅਤੇ ਅਮਾਨਤੀ ਜ਼ਿੰਮੇਵਾਰੀ ਦੇ ਸਬੰਧ ਵਿਚ ਆਜ਼ਾਦਾਨਾ ਡਾਇਰੈਕਟਰਾਂ ਦੀਆਂ ਜ਼ਿੰਮੇਵਾਰੀਆਂ ਸੂਚੀਬੱਧ ਕੀਤੀਆਂ ਹਨ। ਜਦੋਂ ਵੀ ਇਹ ਡਾਇਰੈਕਟਰ ਮੈਨੇਜਮੈਂਟ ਤੋਂ ਸੁਆਲ ਪੁੱਛਣ ਵਿਚ ਨਾਕਾਮ ਰਹਿੰਦੇ ਹਨ ਤਾਂ ਪ੍ਰੌਕਸੀ ਸਲਾਹਕਾਰੀ ਫਰਮਾਂ ਝੱਟ ਸਾਫ਼ਗੋਈ ਦੇ ਪਾਠ ਪੜ੍ਹਾਉਣ ਲੱਗ ਪੈਂਦੀਆਂ ਹਨ।


ਸੇਬੀ ਬੋਰਡ ਵਿਚਲੇ ਸਰਕਾਰੀ ਮੈਂਬਰ ਦੀ ਵੀ ਇਹ ਯਕੀਨੀ ਬਣਾਉਣ ਦੀ ਵਡੇਰੀ ਜ਼ਿੰਮੇਵਾਰੀ ਹੈ ਕਿ ਉਹ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਉੱਚ ਮਿਆਰਾਂ ਦੀ ਪਾਲਣਾ ਕਰਨ। ਸੇਬੀ ਚੇਅਰਪਰਸਨ ਨੂੰ ਸੰਸਥਾ ਦੀ ਭਰੋਸੇਯੋਗਤਾ ਬਚਾ ਕੇ ਰੱਖਣ ਲਈ ਉਨ੍ਹਾਂ ਤੋਂ ਸੁਆਲ ਪੁੱਛਣ ਜਾਂ ਨਿਰਪੱਖ ਜਾਂਚ ਕਰਵਾਉਣ ਤੋਂ ਇਨਕਾਰ ਕਰ ਕੇ ਸੇਬੀ ਬੋਰਡ ਸਾਫ਼ ਤੌਰ 'ਤੇ ਫੇਲ੍ਹ ਹੋਇਆ ਹੈ। ਇਸ ਤੋਂ ਨਿਗਰਾਨ ਪ੍ਰਣਾਲੀ ਵਿਚ ਵੱਡੀ ਖ਼ਾਮੀ ਸਾਹਮਣੇ ਆਈ ਹੈ। ਇਸ ਤੋਂ ਪਤਾ ਲਗਦਾ ਹੈ ਕਿ ਜੇ ਪ੍ਰਸ਼ਾਸਕੀ ਮੰਤਰਾਲਾ ਅਤੇ ਸਰਕਾਰ ਦਰੁਸਤੀ ਕਾਰਵਾਈ ਕਰਨਾ ਨਾ ਚਾਹੇ ਤਾਂ ਅਜਿਹਾ ਕੁਝ ਵੀ ਨਹੀਂ ਹੈ ਜਿਸ ਨਾਲ ਹਿੱਤਧਾਰਕ ਨਿਗਰਾਨ ਸੰਸਥਾ ਨੂੰ ਜਵਾਬਦੇਹ ਬਣਾ ਸਕਦੇ ਹੋਣ। ਬਹੁਤ ਸਾਰੇ ਲੋਕਾਂ ਦਾ ਇਹ ਵੀ ਖਿਆਲ ਹੈ ਕਿ ਮੁਕੱਦਮੇਬਾਜ਼ੀ ਵੀ ਨਿਹਫ਼ਲ ਸਾਬਿਤ ਹੋਵੇਗੀ।

# ਛਵ੍ਹੀਆਂ ਦੀ ਰੁੱਤ

***ਪਿਛਲੇ ਅੰਕ ਵਿਚ 'ਸੁਪਨੇ ਤੇ ਪਰਛਾਵੇਂ' ਦੇ ਲੇਖਕ ਅਤੇ 'ਇਹ ਜਨਮੁ ਤੁਮਹਾਰੇ ਲੇਖੇ', 'ਵਿਸਾਖੀ' ਤੇ 'ਹੀਰ ਰਾਂਝਾ' ਵਰਗੀਆਂ ਫੀਚਰ ਫਿਲਮਾਂ ਬਣਾਉਣ ਵਾਲੇ ਡਾ. ਹਰਜੀਤ ਸਿੰਘ ਦਾ ਆਪਣੀ ਕਿਤਾਬ ਬਾਰੇ ਸਵੈ-ਕਥਨ ਸਾਂਝਾ ਕੀਤਾ ਸੀ। ਇਸ ਵਾਰ ਉਨ੍ਹਾਂ ਦੀਆਂ ਦੋ ਰਚਨਾਵਾਂ 'ਛਵ੍ਹੀਆਂ ਦੀ ਰੁੱਤ' ਅਤੇ 'ਚਾਨਣ ਦੇ ਵਣਜਾਰੇ' ਛਾਪ ਰਹੇ ਹਾਂ ਜਿਨ੍ਹਾਂ ਵਿਚ ਮਨੁੱਖਤਾ ਦੀ ਬਾਤ ਪਾਈ ਗਈ ਹੈ। ਇਹ ਅਸਲ ਵਿਚ ਉਨ੍ਹਾਂ ਦੇ ਕਸਬ ਦੌਰਾਨ ਹੋਏ ਤਜਰਬੇ ਦੀਆਂ ਬਾਤਾਂ ਹਨ।***

ਅੱਜ ਵੀ ਪੰਜਾਬ ਦੇ ਲੋਕ 'ਸੰਨ ਸੰਤਾਲੀ ਵਿਚ', 'ਵੱਢ ਟੁੱਕ ਵੇਲੇ', 'ਫਸਾਦਾਂ ਵਿਚ' ਜਾਂ 'ਪਾਰਟੀਸ਼ਨ' ਵਰਗੇ ਸ਼ਬਦਾਂ ਦੀ ਵਰਤੋਂ ਨਾਲ ਬੀਤੇ ਵਕਤ ਅਤੇ ਕਿਸੇ ਦੀ ਉਮਰ ਦੇ ਕਿਆਸੇ ਲਾਉਂਦੇ ਹਨ। ਸਾਡੀ ਭੂਆ ਕਿਹਾ ਕਰਦੀ ਸੀ, 'ਵੱਢ-ਟੁੱਕ ਹੋਈ ਤਾਂ ਇਹ ਨਿੱਕੀ ਮੇਰੇ ਕੁੱਛੜ ਸੀ।' ਬਚਪਨ ਵਿਚ ਇਹਨਾਂ ਅੱਖਰਾਂ ਦੀ ਸੋਝੀ ਨਹੀਂ ਸੀ। ਹਰ ਸ਼ਬਦ ਪਿੱਛੇ ਲੁਕਿਆ ਲਹੂ ਭਿੱਜਿਆ ਇਤਿਹਾਸ ਸੀ ਜੋ ਪੰਜਾਬੀਆਂ ਨੇ ਆਪਣੇ ਪਿੰਡੇ ਹੰਢਾਇਆ ਸੀ। 1947 ਵਿਚ ਮੁਲਕ ਆਜ਼ਾਦ ਹੋ ਗਿਆ ਪਰ ਪੰਜਾਬ ਦੋ ਟੋਟਿਆਂ ਵਿਚ ਵੰਡਿਆ ਗਿਆ। ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਸੂਬਿਆਂ ਨੂੰ ਜ਼ਖ਼ਮ ਵੀ ਸਭ ਤੋਂ ਵੱਧ ਮਿਲੇ। ਅਜਿਹੇ ਜ਼ਖ਼ਮ ਪੀੜ੍ਹੀਆਂ ਤੱਕ ਰਿਸਦੇ ਹੀ ਰਹੇ। ਕੋਈ ਵਿਰਲਾ ਹੀ ਘਰ ਹੋਵੇਗਾ ਜਿਸ ਨੇ ਸੰਤਾਪ ਨਾ ਹੰਢਾਇਆ ਹੋਵੇ।

ਮੇਰੇ ਪਿਤਾ ਜੀ ਨਿੱਕੇ ਜਿਹੇ ਪਿੰਡ ਗਾਲਿਬ ਕਲਾਂ ਤੋਂ ਉਠ ਕੇ ਮਿਹਨਤ ਮਜ਼ਦੂਰੀ ਲਈ ਲਾਹੌਰ ਚਲੇ ਗਏ ਤੇ ਹੌਲੀ-ਹੌਲੀ ਚੰਗੇ ਠੇਕੇਦਾਰ ਬਣ ਗਏ ਸਨ। ਜਨਕ ਨਗਰ, ਲਾਹੌਰ ਵਿਚ ਉਹਨਾਂ ਵੱਡਾ ਘਰ ਬਣਾਇਆ ਸੀ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਘਰ ਵੀ ਸਾਡੇ ਗੁਆਂਢ ਵਿਚ ਸੀ। ਮੇਰੀ ਵੱਡੀ ਭੈਣ ਅਤੇ ਸੁਰਿੰਦਰ ਕੌਰ ਦੀ ਭੈਣ ਨਰਿੰਦਰ ਕੌਰ ਗੂੜ੍ਹੀਆਂ ਸਹੇਲੀਆਂ ਸਨ। 1947 ਦੀ ਵੰਡ ਨੇ ਇਹ ਸਾਂਝਾਂ ਰਾਤੋ-ਰਾਤ ਤੋੜ ਦਿਤੀਆਂ। ਫ਼ਸਾਦੀਆਂ ਨੇ ਘਰਾਂ ਨੂੰ



ਹਰਜੀਤ ਸਿੰਘ
ਫੋਨ: +91-98768-81870

ਅੱਗਾਂ ਲਾ ਦਿੱਤੀਆਂ। ਲੋਕ ਇੱਕ-ਦੂਜੇ ਨੂੰ ਵੱਢਣ ਟੁੱਕਣ ਲੱਗ ਪਏ। ਕਾਫ਼ਲੇ ਬਣਾ ਕੇ ਲੋਕ ਸਰਹੱਦਾਂ ਦੇ ਆਰ-ਪਾਰ ਜਾਣ ਲੱਗੇ। ਖੂਹ, ਖੇਤ, ਨਹਿਰਾਂ, ਰੇਲ ਗੱਡੀਆਂ ਲਾਸ਼ਾਂ ਨਾਲ ਭਰ ਗਈਆਂ। ਬਲਦੇ ਸਿਵੇ, ਰੁਲਦੀਆਂ ਲੋਥਾਂ, ਗੂੰਜਦੇ ਵੈਣ ਤੇ ਵਿਰਲਾਪ ਹੱਸਦੇ-ਵੱਸਦੇ ਪੰਜਾਬ ਦੀ ਹੋਣੀ ਬਣ ਗਏ। ਇਸ ਬਲਦੀ ਅੱਗ 'ਚੋਂ ਲੰਘ ਕੇ ਪਿਤਾ ਜੀ ਕਿਵੇਂ ਨਾ ਕਿਵੇਂ ਪੰਜਾਬ ਆਏ। 47 ਦੀ ਗੱਲ ਕਰਦਿਆਂ ਉਹ ਬਹੁਤ ਉਦਾਸ ਹੋ ਜਾਂਦੇ ਸਨ। ਬਚਪਨ ਵਿਚ ਇਸ ਤ੍ਰਾਸਦੀ ਦੀ ਸਮਝ ਨਹੀਂ ਸੀ, ਬਸ ਏਨਾ ਕੁ ਪਤਾ ਲੱਗਦਾ ਸੀ ਕਿ 47 ਵਿਚ ਕੁਝ ਬਹੁਤ ਕਹਿਰ ਭਰਿਆ ਵਾਪਰਿਆ ਸੀ।

ਵਕਤ ਦੇ ਨਾਲ-ਨਾਲ, ਹੌਲੀ-ਹੌਲੀ, ਪਰਤ-ਦਰ-ਪਰਤ ਇਸ ਬੀਤੇ ਦੀਆਂ ਤਹਿਆਂ ਖੁੱਲ੍ਹਣ ਲੱਗੀਆਂ। ਸਾਹਿਤ ਅਤੇ ਸਿਨੇਮਾ ਵਿਚ 47 ਦੇ ਭਿਆਨਕ ਦੁਖਾਂਤ ਦੇ ਕਈ ਰੂਪ ਰੂ-ਬ-ਰੂ ਹੋਏ ਪਰ ਪੰਜਾਬ ਦੇ ਇਸ ਦਰਦ ਦੀ ਸ਼ਿੱਦਤ ਅਤੇ ਡੂੰਘਾਈ ਦੇਰ ਬਾਅਦ ਮਹਿਸੂਸ ਹੋਈ।

'ਛਵ੍ਹੀਆਂ ਦੀ ਰੁੱਤ' ਕਹਾਣੀ ਕਾਲਜ ਦੇ ਦਿਨਾਂ ਵਿਚ ਪਾਠ ਪੁਸਤਕ ਵਿਚ ਪੜ੍ਹਨ ਨੂੰ ਮਿਲੀ। ਕਲਾਸ ਵਿਚ ਜਦੋਂ ਅਧਿਆਪਕ ਨੇ ਮਹਿੰਦਰ ਸਿੰਘ ਸਰਨਾ ਦੀ ਇਸ ਕਹਾਣੀ ਦਾ ਪਿਛੋਕੜ, ਇਸ ਵਿਚਲਾ ਦੁਖਾਂਤ ਅਤੇ ਸੱਚ ਬਿਆਨਿਆ ਤਾਂ ਇਸ ਕਹਾਣੀ ਰਾਹੀਂ ਪੰਜਾਬ ਦੇ ਦਰਦ ਨੂੰ ਜਾਨਣ ਦਾ ਜ਼ਰੀਆ ਲੱਭ ਗਿਆ। ਉਦੋਂ ਫਿਲਮਸਾਜ਼ੀ ਦੀ ਸੂਝ ਤਾਂ ਨਹੀਂ ਸੀ ਪਰ ਕਹਾਣੀ ਦੇ ਪਾਤਰ ਜ਼ਿਹਨ 'ਤੇ ਗਹਿਰਾ ਅਸਰ ਛੱਡ ਗਏ। ਫਿਰ ਜਦੋਂ ਦੂਰਦਰਸ਼ਨ 'ਤੇ ਨਾਟਕ ਪੇਸ਼ ਕਰਨ ਦਾ ਮੌਕਾ ਮਿਲਿਆ ਤਾਂ ਇਹ ਕਹਾਣੀ ਅੱਖਾਂ ਸਾਹਵੇਂ ਆ ਗਈ। ਕਹਾਣੀ ਕਈ ਵਾਰ ਪੜ੍ਹੀ। ਹਰ ਵਾਰ ਨਵੀਂ ਪਰਤ ਨਜ਼ਰੀਂ ਪਵੇ। ਅਤੈ ਸਿੰਘ ਮੇਰਾ ਵਧੀਆ ਮਿੱਤਰ, ਸ਼ਾਇਰ ਤੇ ਰੰਗ ਕਰਮੀ ਹੈ। ਇਕ ਦਿਨ ਸੁਭਾਵਿਕ ਹੀ ਉਸ ਨਾਲ 'ਛਵ੍ਹੀਆਂ ਦੀ ਰੁੱਤ' ਦਾ ਜ਼ਿਕਰ ਕੀਤਾ। ਪੰਜਾਬ ਦੀ ਵੰਡ ਦਾ ਦਰਦ ਜਾਨਣ ਲਈ ਇਹ ਕਹਾਣੀ ਉਹਨੂੰ ਵੀ ਚੰਗੀ ਲੱਗੀ। 'ਚੱਲ ਤੂੰ ਇਹਦਾ ਰੂਪਾਂਤਰ ਕਰ', ਮੈਂ ਆਖਿਆ। ਅਤੈ ਕਹਿਣ ਲੱਗਾ, 'ਜੋ ਤੇਰੇ ਜ਼ਿਹਨ ਵਿਚ ਹੈ, ਤੂੰ ਮੈਨੂੰ ਉਹਦੇ ਪੁਆਇੰਟ ਲਿਖ ਕੇ ਦੇ।' ਅਤੈ ਸਿੰਘ ਨੇ ਪਟਕਥਾ ਨੂੰ ਟੀ.ਵੀ. ਰੂਪਾਂਤਰ ਦੇ ਨਜ਼ਰੀਏ ਤੋਂ ਜਾਨਣ ਲਈ ਆਪਣੀ ਰਾਏ ਦਿੱਤੀ। ਉਸ ਦੇ ਜਾਣ ਤੋਂ ਪਹਿਲਾਂ ਮੈਂ ਉਹਨੂੰ ਆਪਣੇ ਪੁਆਇੰਟ ਲਿਖ ਦਿੱਤੇ।

ਕਹਾਣੀ ਇੱਕ ਮੁਸਲਮਾਨ ਪਿੰਡ ਵਿਚ ਵਾਪਰਦੀ ਸੀ ਜਿੱਥੇ ਸਭ ਹਿੰਦੂ ਪਰਿਵਾਰ ਜਾਂ ਪਲਾਇਨ ਕਰ ਗਏ ਹਨ ਜਾਂ ਮਾਰੇ ਜਾ ਚੁੱਕੇ ਹਨ। ਇੱਕ ਮਹਾਜਨੀ ਪਰਿਵਾਰ ਦੀ ਬੁੱਢੀ ਔਰਤ ਘਰ ਅੰਦਰ ਬਿਮਾਰੀ ਦੀ ਹਾਲਤ ਵਿਚ ਬੇਹੋਸ਼ ਰਹਿਣ ਕਰ ਕੇ ਅਤੇ ਬੋਲਿਆਂ ਹੋਣ ਕਰ ਕੇ ਬਚ ਜਾਂਦੀ ਹੈ। ਉਹ ਜਦ ਬਾਹਰ ਨਿਕਲਦੀ ਹੈ ਤਾਂ ਕਹਿਰ ਵਾਪਰ ਚੁੱਕਾ ਹੁੰਦਾ ਹੈ। ਬੱਕਰੀ ਦੀ ਟੁੱਟੀ ਸੰਗਲੀ ਦੇਖ ਉਹ ਇਹਨੂੰ ਗੰਢਾਉਣ ਲਈ ਦੀਨੇ ਲੁਹਾਰ ਦੇ ਘਰ ਜਾ ਅਪੜਦੀ ਹੈ। ਉਸ ਬੁੱਢੀ ਨੂੰ ਜੀਂਦਿਆਂ ਦੇਖ ਦੋਵੇਂ ਜੀਅ ਤ੍ਰਬਕ ਜਾਂਦੇ ਹਨ। ਦੀਨਾ ਭਾਵੇਂ ਆਪ ਫਸਾਦਾਂ ਵਿਚ ਸ਼ਾਮਿਲ ਨਹੀਂ ਸੀ ਪਰ ਉਹਦੀਆਂ ਬਣਾਈਆਂ ਛਵ੍ਹੀਆਂ ਨੇ ਬਹੁਤ ਲਹੂ ਵਹਾਇਆ ਸੀ। ਪੁੱਤਰਾਂ ਤੋਂ ਡਰਦਾ ਉਹ ਦਾਤੀਆਂ ਰੰਬੇ ਛੱਡ ਛਵ੍ਹੀਆਂ ਬਣਾਉਣ ਲੱਗ ਪਿਆ ਸੀ। ਅੰਤ ਵਿਚ ਲੋਥਾਂ ਨਾਲ ਭਰੇ ਖੂਹ ਵਿਚ ਰੱਬ ਨੂੰ 'ਵਾਜਾਂ' ਮਾਰਦਾ ਉਹ ਆਪਣੇ ਆਪ ਨੂੰ ਗੁਨਾਹਗਾਰ ਆਖਦਾ ਹੈ।

ਮਨ ਵਿਚ ਇਹ ਵਿਚਾਰ ਸੀ ਕਿ ਕੋਈ ਵੀ ਪਾਤਰ ਆਪਣੇ ਨਾਂ, ਬੋਲੀ ਜਾਂ ਪਹਿਰਾਵੇ ਤੋਂ ਪਛਾਣਿਆ ਨਾ ਜਾਵੇ ਕਿ ਇਹ ਕਿਸ ਧਰਮ, ਕੌਮ ਨਾਲ ਸਬੰਧਿਤ ਹੈ। ਫ਼ਸਾਦੀਆਂ ਦੇ ਵੀ ਚਿਹਰੇ ਨਜ਼ਰ ਨਾ ਆਉਣ; ਬਸ ਹੱਥ, ਹਥਿਆਰ ਤੇ ਪਰਛਾਵੇਂ ਹੀ ਹੋਣ। ਪੂਰੀ ਕਹਾਣੀ ਨੂੰ ਸਿਰਫ਼ ਤਿੰਨ ਪਾਤਰਾਂ ਰਾਹੀਂ ਬਿਆਨ ਕਰਨਾ ਸੀ। 45 ਕੁ ਮਿੰਟਾਂ ਦੀ ਇਹ ਟੈਲੀ ਫਿਲਮ ਕਠਿਨ ਪਰ ਸਾਹਿਤਕ ਅਤੇ ਸਾਰਥਿਕ ਪ੍ਰੋਜੈਕਟ ਲੱਗ ਰਹੀ ਸੀ।

ਕਹਾਣੀ ਮੁਤਾਬਿਕ ਮਾਹੌਲ, ਪਹਿਰਾਵਾ ਤੇ ਸਾਜ਼ੋ-ਸਾਮਾਨ ਸਭ 1947 ਦੇ ਵਰ੍ਹੇ ਮੁਤਾਬਿਕ ਚਾਹੀਦਾ ਸੀ। ਹਥਿਆਰਾਂ ਤੋਂ ਇਲਾਵਾ ਘੋੜੇ ਅਤੇ ਫ਼ਸਾਦੀਆਂ ਦਾ ਹਜੂਮ ਵੀ ਚਾਹੀਦਾ ਸੀ। ਪੁਰਾਣਾ ਖੂਹ, ਉੱਜੜੀ ਖੇਤੀ, ਵੀਰਾਨ ਤੇ ਲੁੱਟੇ-ਪੁੱਟੇ ਘਰ, ਥਾਂ-ਥਾਂ ਪਈਆਂ ਲਾਸ਼ਾਂ ਨਾਟਕ ਦੀ ਪਿੱਠ ਭੂਮੀ



***ਸੰਤਾਲੀ ਦੇ ਸੰਤਾਪ ਬਾਰੇ ਲਿਖੀ ਕਹਾਣੀ 'ਛਵ੍ਹੀਆਂ ਦੀ ਰੁੱਤ' ਦੇ ਲਿਖਾਰੀ ਮਹਿੰਦਰ ਸਿੰਘ ਸਰਨਾ।***

ਸਨ। ਮੁੱਖ ਪਾਤਰ ਤਿੰਨ ਹੀ ਸਨ ਪਰ ਬਾਕੀ ਤਾਣਾ-ਬਾਣਾ ਬਹੁਤ ਸੀ। ਆਪਣੇ ਮਿੱਤਰ ਢੇਸੀਆਂ ਕਾਹਨਾ ਦੇ ਸੁਰਿੰਦਰ ਬਬਲਾ ਨਾਲ ਸੰਪਰਕ ਹੋਇਆ। ਉਹਨਾਂ ਦਾ ਪਿੰਡ ਅਜੇ ਵੀ ਪੁਰਾਣੇ ਸਭਿਆਚਾਰ ਵਾਲਾ ਸੀ। ਖੂਹ, ਘਰ, ਪੁਰਾਣੀਆਂ ਚੁਗਾਠਾਂ ਸਭ ਲੱਭ ਪਈਆਂ ਤੇ ਉਹਨਾਂ ਦੀਆਂ ਘੋੜੀਆਂ ਵੀ ਨਾਟਕ ਲਈ ਹਾਜ਼ਰ ਹੋ ਗਈਆਂ। ਕਾਫ਼ਲਾ ਮਿੱਥੇ ਦਿਨ ਢੇਸੀਆਂ ਵਿਚ ਹਾਜ਼ਿਰ ਹੋ ਗਿਆ।

ਅਜੇ ਸਾਮਾਨ ਲਾਹਿਆ ਹੀ ਸੀ ਕਿ ਮੀਂਹ ਲੱਥ ਪਿਆ। ਐਸਾ ਮੂਸਲੇਧਾਰ ਕਿ ਕਣੀਆਂ ਇੰਝ ਡਿੱਗਣ ਜਿਵੇਂ ਸਿਰ ਵਿਚ ਮੋਰੀਆਂ ਕਰ ਦੇਣਗੀਆਂ। ਸਾਰਾ ਯੂਨਿਟ ਕਾਰਖਾਨੇ ਦੀ ਛੱਤ ਹੇਠ ਮੰਜੀਆਂ ਡਾਹ ਕੇ ਕਦੇ ਗਾਉਣ ਲੱਗ ਜਾਂਦਾ, ਕਦੇ ਰੋਟੀਆਂ ਛਕ ਕੇ ਉੱਪਰ ਆਕਾਸ਼ ਵੱਲ ਦੇਖਣ ਲਗਦਾ- 'ਝੜੀ ਲਗ ਗਈ ਝੜੀ।' ਲੁਹਾਰ ਤੇ ਉਹਦੀ ਭੱਠੀ ਵਾਲੇ ਦ੍ਰਿਸ਼ ਬਾਹਰ ਖੁੱਲ੍ਹੇ ਵਿਹੜੇ ਵਿਚ ਫਿਲਮਾਉਣੇ ਸਨ; ਫਿਰ ਫੈਸਲਾ ਹੋਇਆ, ਕਿਉਂ ਨਾ ਭੱਠੀ ਅੰਦਰ ਹੀ ਬਣਾ ਲਈਏ ਪਰ ਭੱਠੀ ਸੁੱਕੇਗੀ ਕਦੋਂ? ਸੋ ਫ਼ੈਸਲਾ ਹੋਇਆ, ਨਕਲੀ ਭੱਠੀ ਨਾਲੋਂ ਅਸਲੀ ਭੱਠੀ ਬਣਾਈਏ ਤੇ ਕੋਲੇ ਪਾ ਕੇ ਮਘਾ ਲਈਏ, ਸੇਕ ਨਾਲ ਮਿੱਟੀ ਵੀ ਸੁੱਕ ਜਾਵੇਗੀ ਤੇ ਦ੍ਰਿਸ਼ ਦਾ ਪ੍ਰਭਾਵ ਵੀ ਚੰਗਾ ਪਏਗਾ। ਦਬਾ ਸੱਟ, ਭੱਠੀ ਬਣਾਈ; ਕੋਲੇ ਪਾ ਕੇ ਲੁਹਾਰ ਦਾ ਰੋਲ ਕਰਨ ਵਾਲਾ ਹਰਪਾਲ ਤੇ ਸੁਨੀਤਾ ਧੀਰ ਭੱਠੀ ਵਿਚ ਅੱਗ ਝੋਕਣ ਦੀ ਪ੍ਰੈਕਟਿਸ ਕਰਨ ਲੱਗੇ। ਬੁੱਢੀ ਔਰਤ ਦੇ ਘਰ ਦਾ ਅੰਦਰਲਾ ਕਮਰਾ ਜਿੱਥੇ ਉਸ ਨੇ ਬਿਮਾਰ ਪੈਣਾ ਸੀ, ਉਹ ਵੀ ਉੱਥੇ ਹੀ ਬਣਾਉਣ ਦਾ ਫੈਸਲਾ ਹੋ ਗਿਆ। ਲੋਕਾਂ ਦੇ ਘਰਾਂ 'ਚੋਂ ਸੰਦੂਕ, ਭੜੋਲੇ, ਚਰਖੇ, ਭਾਂਡੇ ਤੇ ਹੋਰ ਨਿੱਕ-ਸੁੱਕ ਵਰ੍ਹਦੇ ਮੀਂਹ ਵਿਚ ਤਰਪਾਲ ਤਾਣ ਕੇ ਇਕੱਠੇ ਕਰ ਲਏ।

ਦੋ ਸੈੱਟ ਤਿਆਰ ਹੋ ਗਏ। ਤੀਸਰੇ ਦਿਨ ਸਵੇਰੇ ਸ਼ੂਟਿੰਗ ਸ਼ੁਰੂ ਹੋਈ। ਫਿਰ ਐਸਾ ਮਾਹੌਲ, ਐਸਾ ਸਿਲਸਿਲਾ ਸ਼ੁਰੂ ਹੋਇਆ ਕਿ ਇੱਕ ਤੋਂ ਬਾਅਦ ਇੱਕ ਸੀਨ ਸ਼ੂਟ ਹੁੰਦੇ ਗਏ। ਸਵੇਰੇ ਤੋਂ ਰਾਤ ਤੇ ਰਾਤ ਤੋਂ ਅਗਲਾ ਦਿਨ ਚੜ੍ਹ ਗਿਆ। ਮੀਂਹ ਰੁਕ ਗਿਆ, ਅਕਾਸ਼ ਬਿਲਕੁਲ ਸਾਫ਼ ਤੇ ਬਹੁਤ ਨਿੱਖਰਿਆ ਹੋਇਆ ਸੀ। ਆਊਟ ਡੋਰ ਦੇ ਦ੍ਰਿਸ਼ ਫਿਲਮਾਉਣ ਲਈ ਪਿੰਡ ਦੇ ਬਹੁਤ ਸਾਰੇ ਵਸਨੀਕ ਤੇ ਯੂਨਿਟ ਦੇ ਲੋਕ ਜਿੱਥੇ ਲੋੜ ਹੁੰਦੀ, ਲਾਸ਼ਾਂ ਬਣ ਕੇ ਕਦੇ ਚਿੱਕੜ ਵਿਚ, ਕਦੇ ਵੱਟ 'ਤੇ ਲੇਟ ਜਾਂਦੇ; ਕੋਈ ਮੁੱਢ 'ਤੇ ਮੁਰਦਾ ਬਣ ਝੂਲ ਜਾਂਦਾ। ਜ਼ਿੰਦਗੀ ਦੀਆਂ ਤ੍ਰਾਸਦੀਆਂ ਦੀਆਂ ਘੜੀਆਂ ਫਿਲਮਾਉਣ ਵੇਲੇ ਸ਼ਾਟ ਤੋਂ ਪਹਿਲਾਂ ਤੇ ਸ਼ਾਟ ਤੋਂ ਬਾਅਦ ਚੁਟਕਲਿਆਂ ਤੇ ਮਸ਼ਕਰੀਆਂ ਦਾ ਦੌਰ ਚਲਦਾ ਰਹਿੰਦਾ। ਫ਼ਸਾਦੀਆਂ ਦੀ ਭੀੜ ਦਿਖਾਉਣ ਲਈ ਕਿਉਂਕਿ ਸਿਰਫ਼ ਬਾਹਵਾਂ ਤੇ ਹਥਿਆਰ ਹੀ ਨਜ਼ਰ ਆਉਣੇ ਸਨ, ਬੱਚੇ ਕੀ ਤੇ ਬੁੱਢੇ ਕੀ, ਸਭ ਲਲਕਾਰੇ ਮਾਰਦੇ ਟਕੂਏ ਛਵ੍ਹੀਆਂ ਤੇ ਕਿਰਪਾਨਾਂ ਲਹਿਰਾਉਂਦੇ ਕੈਮਰੇ ਅੱਗਿਓਂ ਲੰਘ ਰਹੇ ਸਨ। ਫਸਾਦਾਂ ਦੇ ਇਨ੍ਹਾਂ ਦ੍ਰਿਸ਼ਾਂ ਦੇ ਫਿਲਮਾਂਕਣ ਸਮੇਂ ਸਹਿਮ ਤੇ ਖੌਫ਼ ਅਜਿਹਾ ਸੀ ਜਿਸ ਤੋਂ ਬਚਣ ਲਈ ਸਭ ਹਾਸੇ ਮਜ਼ਾਕ ਦਾ ਸਹਾਰਾ ਲੈ ਰਹੇ ਸਨ।

ਦਲਜੀਤ ਕੌਰ ਰੰਗਮੰਚ ਤੇ ਰੇਡੀਉ, ਟੀ.ਵੀ. ਦੀ ਉੱਘੀ ਕਲਾਕਾਰ ਹੈ। ਉਹ ਇਸ ਨਾਟਕ ਦੀ ਬੁੱਢੀ ਔਰਤ ਦਾ ਰੋਲ ਨਿਭਾਅ ਰਹੀ ਸੀ। ਬਾਕੀ ਦੋਵੇਂ ਪਾਤਰਾਂ ਨੂੰ ਮੇਕ-ਅੱਪ ਦੀ ਬਹੁਤੀ ਲੋੜ ਨਹੀਂ ਸੀ। ਜਦੋਂ ਮੀਂਹ ਸਾਰਾ ਦਿਨ ਹੀ ਵਰ੍ਹਦਾ ਰਿਹਾ ਤਾਂ ਅਗਲੀ ਸਵੇਰ ਮੇਕਅੱਪਮੈਨ ਦਲਜੀਤ ਕੌਰ ਨੂੰ ਕਹਿਣ ਲੱਗਾ, 'ਮੈਡਮ, ਤੁਹਾਡੇ ਮੇਕਅਪ 'ਤੇ ਵਕਤ ਲੱਗੇਗਾ, ਤੁਸੀਂ ਪਹਿਲਾਂ ਮੇਕਅੱਪ ਕਰਵਾ ਲਉ। ਕੀ ਪਤਾ ਕਦੋਂ ਧੁੱਪ ਨਿਕਲ ਆਏ।' ਦਲਜੀਤ ਕੌਰ ਦੋ ਘੰਟਿਆਂ ਦੇ ਮੇਕ-ਅਪ ਤੋਂ ਬਾਅਦ 70 ਵਰ੍ਹਿਆਂ ਦੀ ਬਿਮਾਰੀ ਨਾਲ ਝੰਬੀ ਬੁੱਢੀ ਔਰਤ ਲੱਗ ਰਹੀ ਸੀ ਪਰ ਸ਼ੂਟਿੰਗ ਅਗਲੇ ਦਿਨ ਸ਼ੁਰੂ ਹੋਈ ਤੇ ਸ਼ੂਟਿੰਗ ਖਤਮ ਹੋਣ ਤੱਕ ਵਿਚਾਰੀ ਨੂੰ ਮੂੰਹ ਤੱਕ ਧੋਣਾ ਨਸੀਬ ਨਾ ਹੋਇਆ। ਆਖਰੀ ਦ੍ਰਿਸ਼ ਵਿਚ ਉਹ ਫਸਾਦੀਆਂ ਨੂੰ 'ਮੇਰੇ ਪੁੱਤ ਆ ਗਏ, ਮੇਰੇ ਪੁੱਤ ਆ ਗੇ' ਆਖਦੀ ਹੋਈ ਬਾਹਾਂ ਖਿਲਾਰ ਕੇ ਉਨ੍ਹਾਂ ਵੱਲ ਬੀਹੀ ਵਿਚ ਦੌੜਨ ਲੱਗਦੀ ਹੈ ਪਰ ਫ਼ਸਾਦੀ ਟਕੂਆ ਮਾਰ ਕੇ ਉਹਨੂੰ ਤੜਫਦਿਆਂ ਸੁੱਟ ਜਾਂਦੇ ਹਨ ਅਤੇ ਬੁੱਢੀ ਬੀਹੀ ਵਿਚ ਦਮ ਤੋੜ ਜਾਂਦੀ ਹੈ। ਦੀਨਾ ਲੁਹਾਰ ਘਰੋਂ ਡਰ ਕੇ ਦੌੜਦਾ ਹੋਇਆ ਇਸੇ ਸੰਗਲੀ ਵਿਚ ਅਟਕ ਕੇ ਡਿੱਗ ਪੈਂਦਾ ਹੈ। ਜਦੋਂ ਇਹ ਦ੍ਰਿਸ਼ ਫਿਲਮਾਇਆ ਜਾ ਰਿਹਾ ਸੀ ਤਾਂ ਮੈਂ ਦਲਜੀਤ ਨੂੰ ਸਮਝਾਇਆ ਕਿ ਬੀਹੀ ਪੱਕੀ ਹੈ, ਇਸ ਕਰ ਕੇ ਤੂੰ ਜ਼ੋਰ ਨਾਲ ਨਾ ਡਿੱਗੀਂ, ਕੈਮਰੇ ਦੀ ਸਪੀਡ ਵਧਾ ਕੇ ਸ਼ਾਟ ਲੈ ਲਵਾਂਗੇ, ਤੂੰ ਸਹਿਜ ਨਾਲ ਟਕੂਆ ਵੱਜਣ ਤੋਂ ਬਾਅਦ ਲੇਟ ਜਾਵੀਂ।

ਰਿਹਰਸਲ ਹੋਈ, ਇੱਕੋ ਟੇਕ ਵਿਚ ਉਸ ਨੇ ਡਿੱਗਣਾ ਸੀ ਤੇ ਦੀਨੇ ਲੁਹਾਰ ਨੇ ਦੌੜਦਿਆਂ ਆ ਕੇ ਸੰਗਲੀ ਵਿਚ ਅਟਕਣਾ ਸੀ। ਸੀਨ ਸ਼ੁਰੂ ਹੋਇਆ; ਫ਼ਸਾਦੀ ਦਨਦਨਾਉਂਦੇ ਘੋੜੀਆਂ 'ਤੇ ਆਏ, ਟਕੂਆ ਲਹਿਰਾਇਆ ਤੇ ਦਲਜੀਤ ਇਸ ਤਰ੍ਹਾਂ ਡਿੱਗੀ ਕਿ ਧੰਮ ਦੀ ਅਵਾਜ਼ ਸੁਣ ਕੇ ਮੈਂ ਆਪ ਤ੍ਰਬਕ ਗਿਆ। ਸੀਨ ਓਕੇ ਹੋਇਆ। ਪਿੰਡ ਵਾਲਿਆਂ ਨੇ ਤਾੜੀਆਂ ਮਾਰੀਆਂ। ਦਲਜੀਤ ਨੂੰ ਸਹਾਰਾ ਦੇ ਕੇ ਉਠਾਉਂਦਿਆਂ ਮੈਂ ਪੁੱਛਿਆ, 'ਇੰਝ ਡਿੱਗਣ ਦੀ ਕੀ ਲੋੜ ਸੀ?' ਕਹਿਣ ਲੱਗੀ, 'ਰਿਹਰਸਲ ਕਰਦਿਆਂ ਮੈਨੂੰ ਸੀਨ ਨਕਲੀ-ਨਕਲੀ ਜਾਪਦਾ ਸੀ ਪਰ ਜਦੋਂ ਘੋੜਿਆਂ ਦੀਆਂ ਟਾਪਾਂ ਤੇ ਫ਼ਸਾਦੀਆਂ ਦੀਆਂ ਆਵਾਜ਼ਾਂ ਸੁਣੀਆਂ ਤਾਂ ਇੰਝ ਲੱਗਾ ਜਿਵੇਂ ਮੈਂ ਸੱਚਮੁੱਚ ਮਰਨ ਜਾ ਰਹੀ ਹੋਵਾਂ। ਮੇਰਾ ਸਰੀਰ ਮੇਰਾ ਨਾ ਰਿਹਾ।' ਸ਼ੁਕਰ ਸੀ ਕਿ ਕਿਸੇ ਨੂੰ ਸੱਟ ਫੇਟ ਨਾ ਲੱਗੀ ਪਰ ਅਜਿਹੇ ਦ੍ਰਿਸ਼ਾਂ ਵਿਚ ਭਾਵੁਕਤਾ ਨੂੰ ਕਾਬੂ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਹਰਪਾਲ ਜਿਸ ਨੇ ਲੁਹਾਰ ਦੀ ਭੂਮਿਕਾ ਨਿਭਾਈ, ਉਸ ਨਾਲ ਮੇਰਾ ਪਹਿਲਾ ਨਾਟਕ ਸੀ ਪਰ ਜਿਸ ਸ਼ਿੱਦਤ ਅਤੇ ਰੂਹ ਨਾਲ ਉਹਨੇ ਕਿਰਦਾਰ ਨਿਭਾਇਆ, ਉਸ ਨਾਲ ਨਾਟਕ ਦਾ ਪ੍ਰਭਾਵ ਹੋਰ ਵੀ ਗੂੜ੍ਹਾ ਹੋ ਗਿਆ।

ਅਕਸਰ ਵਕਤ ਅਤੇ ਸਹੂਲਤਾਂ ਦੀ ਕਮੀ ਕਈ ਵਾਰ ਅਜਿਹਾ ਮਾਹੌਲ ਸਿਰਜ ਦਿੰਦੀ ਹੈ ਕਿ ਜਿਸ ਸਦਕਾ ਅਦਾਕਾਰੀ ਇੰਨੀ ਪ੍ਰਭਾਵਿਤ ਹੋ ਜਾਂਦੀ ਹੈ ਕਿ ਬਾਕੀ ਗੱਲਾਂ ਵਿਸਰ ਜਾਂਦੀਆਂ ਹਨ। ਨਫਰਤ, ਹਿੰਸਾ, ਲੁੱਟਾਂ-ਖੋਹਾਂ ਤੇ ਹੈਵਾਨੀਅਤ ਨੂੰ ਦਰਸਾਉਂਦੀ 'ਛਵ੍ਹੀਆਂ ਦੀ ਰੁੱਤ' ਕਹਾਣੀ ਅਜਿਹਾ ਦਸਤਾਵੇਜ਼ ਹੈ ਜੋ ਬਲਦੀਆਂ ਲਾਟਾਂ, ਵਗਦੇ ਲਹੂ ਦੇ ਚੌਹੀਂ ਪਾਸੀਂ ਫੈਲੀ ਮੌਤ ਤੇ ਮਾਤਮ ਵਿਚ ਵੀ ਮਨੁੱਖੀ ਰਿਸ਼ਤਿਆਂ ਤੇ ਮਨੁੱਖਤਾ ਦਾ ਪੱਲਾ ਨਹੀਂ ਛੱਡਦੀ।

ਬੁੱਧ ਨੇ ਕਿਹਾ ਸੀ, 'ਹਥਿਆਰ ਉਦੋਂ ਖ਼ਤਮ ਹੁੰਦੇ ਹਨ ਜਦੋਂ ਪਿਆਂ-ਪਿਆਂ ਉਹਨਾਂ ਨੂੰ ਜੰਗਾਲ ਲੱਗ ਜਾਵੇ।' ਪੰਜਾਬ ਦੀਆਂ ਰੁੱਤਾਂ ਵਿਚ ਇੱਕ ਰੁੱਤ 'ਛਵ੍ਹੀਆਂ ਦੀ ਰੁੱਤ' ਵੀ ਆਈ ਸੀ ਜਦੋਂ ਲੋਕਾਂ ਨੇ ਹਥਿਆਰ ਹੀ ਬੀਜੇ ਤੇ ਹਥਿਆਰ ਹੀ ਵੱਢੇ ਸਨ।

---

# ਚਾਨਣ ਦੇ ਵਣਜਾਰੇ

ਉਹ ਦਿਨ ਮੇਰੇ ਚੇਤਿਆਂ 'ਚੋਂ ਕਦੇ ਮਨਫ਼ੀ ਨਹੀਂ ਹੋਇਆ ਜਿਸ ਦਿਨ ਸਹਿਮ ਤੇ ਬੇਵਸੀ ਨੇ ਮੇਰੇ ਅੰਦਰ ਘਰ ਕਰ ਲਿਆ ਸੀ। ਅੰਮ੍ਰਿਤਸਰ ਵਿਚ ਦੋ ਧਾਰਮਿਕ ਸੰਪਰਦਾਵਾਂ ਆਪਸ ਵਿਚ ਟਕਰਾ ਗਈਆਂ ਸਨ। ਹਥਿਆਰ ਖ਼ੂਨ ਦੀ ਇਬਾਰਤ ਲਿਖਣ ਲੱਗ ਪਏ। ਸੜਕਾਂ 'ਤੇ ਲਾਸ਼ਾਂ ਵਿਛ ਗਈਆਂ ਸਨ।

ਉਨ੍ਹੀਂ ਦਿਨੀਂ ਮੈਂ ਟੈਲੀਵਿਜ਼ਨ ਵਿਚ ਪ੍ਰੋਗਰਾਮ ਨਿਰਮਾਤਾ ਸਾਂ। ਆਪਣੇ ਕਮਰੇ ਵਿਚ ਬੈਠਾ ਰੰਗ-ਕਰਮੀਆਂ ਆਦਰਸ਼ ਗੌਤਮ ਅਤੇ ਨਿਸ਼ੀ ਕਾਂਤ ਸਾਹਿਰ ਨਾਲ ਨਵੇਂ ਟੀ.ਵੀ. ਨਾਟਕ ਦੀਆਂ ਵਿਉਂਤਾਂ ਘੜ ਰਿਹਾ ਸਾਂ। ਆਊਟਡੋਰ ਦ੍ਰਿਸ਼ਾਂ ਦੀ ਕਲਪਨਾ ਕਰ ਰਿਹਾ ਸਾਂ ਕਿ ਅਚਾਨਕ ਸੁਲਗਦਾ ਹੋਇਆ ਮਾਤਮ ਦਾ ਮਾਹੌਲ ਪ੍ਰਚੰਡ ਹੋ ਗਿਆ।

ਇਸ ਖ਼ੂਨੀ ਹਾਦਸੇ ਦੀ ਖ਼ਬਰ ਨੇ ਨਾਟਕ ਦੀਆਂ ਸਾਰੀਆਂ ਵਿਉਂਤਾਂ ਖਾਮੋਸ਼ ਕਰ ਦਿੱਤੀਆਂ। ਬਸ, ਚਾਹ ਦੀਆਂ ਚੁਸਕੀਆਂ, ਚੁੱਪ ਤੇ ਫ਼ਿਕਰਾਂ ਦੇ ਅਣਦਿਸਦੇ ਸਿਆਹ ਪਰਦਿਆਂ ਨੇ ਸਾਨੂੰ ਚਾਰੇ ਪਾਸਿਉਂ ਘੇਰ ਲਿਆ ਸੀ। ਕਮਰੇ ਦੇ ਦਰਵਾਜ਼ੇ 'ਤੇ ਚਪੜਾਸੀ ਨੇ ਦੱਬੇ ਪੈਰੀਂ ਆ ਕੇ ਸੁਨੇਹਾ ਦਿੱਤਾ, "ਸਾਹਿਬ ਬੁਲਾ ਰਹੇ ਨੇ।" ਮੈਂ ਹੌਲੀ ਜਿਹੀ ਉਠ ਕੇ ਉਹਦੇ ਮਗਰ ਤੁਰ ਪਿਆ। ਸਟੇਸ਼ਨ ਡਾਇਰੈਕਟਰ ਦੇ ਕਮਰੇ ਵਿਚ ਰਸਮੀ ਕਾਰਵਾਈ ਕਰਦਿਆਂ ਮੈਂ ਪੁੱਛਿਆ, "ਹਾਂ ਜੀ ਸਰ! ਤੁਸੀਂ ਬੁਲਾਇਆ ਸੀ।" ਕੁਝ ਪਲਾਂ ਦੀ ਚੁੱਪ ਤੋਂ ਬਾਅਦ ਕਹਿਣ ਲੱਗੇ, "ਡੀ.ਜੀ. ਆਫਿਸ ਤੋਂ ਹਦਾਇਤਾਂ ਆਈਆਂ ਨੇ, ਅੱਜ ਹੀ ਇਸ ਫ਼ੈਲ ਰਹੀ ਹਿੰਸਾ ਖ਼ਿਲਾਫ਼ ਪ੍ਰੋਗਰਾਮ ਪ੍ਰਸਾਰਿਤ ਕੀਤਾ ਜਾਏ। ਤਿੰਨ ਜਾਂ ਚਾਰ ਮਿੰਟ ਤੋਂ ਲੰਮਾ ਨਾ ਹੋਏ। ਖ਼ਬਰਾਂ ਤੋਂ ਤੁਰੰਤ ਬਾਅਦ ਪ੍ਰਸਾਰਨ ਹੋਏਗਾ।" ਮੈਂ ਪੁੱਛਿਆ, "ਕਿਸ ਤਰ੍ਹਾਂ ਦਾ ਪ੍ਰੋਗਰਾਮ?" ਕੇਂਦਰ ਨਿਰਦੇਸ਼ਕ ਨੇ ਪੇਪਰ ਵੇਟ ਘੁਮਾਉਂਦਿਆਂ ਮੇਰੇ ਵੱਲ ਦੇਖ ਕੇ ਕਿਹਾ, "ਇਹ ਕੰਮ ਤੇਰਾ ਹੈ, ਤੂੰ ਏਸ ਪ੍ਰੋਗਰਾਮ ਦਾ ਨਿਰਮਾਤਾ ਏਂ।" ਮੈਂ ਕੁਝ ਪਲ ਬੈਠਾ ਰਿਹਾ, ਫਿਰ ਘੜੀ 'ਤੇ ਨਜ਼ਰ ਮਾਰੀ। ਟਿਕ-ਟਿਕ ਕਰਦਾ ਸਮਾਂ ਬੀਤ ਰਿਹਾ ਸੀ। ਦੁਪਹਿਰ ਦੇ ਤਿੰਨ ਵੱਜ ਚੁੱਕੇ ਸਨ। "ਓਕੇ ਸਰ" ਕਹਿ ਕੇ ਮੈਂ ਕਮਰੇ 'ਚੋਂ ਬਾਹਰ ਆ ਕੇ ਆਸ-ਪਾਸ ਦੇਖਣ ਲੱਗਾ। ਫਿਰ ਲਾਇਬਰੇਰੀ ਜਾ ਕੇ ਐਵੇਂ ਹੀ ਕਿਤਾਬਾਂ ਦੀ ਫਰੋਲਾ-ਫਰਾਲੀ ਕਰਨ ਲੱਗ ਪਿਆ ਪਰ ਕੁਝ ਵੀ ਸੁੱਝ ਨਹੀਂ ਸੀ ਰਿਹਾ। ਫਿਰ ਕਮਰੇ ਵਿਚ ਆ ਕੇ ਫਾਈਲਾਂ ਫਰੋਲਣ ਲੱਗ ਪਿਆ, ਫਿਰ ਤਸਵੀਰਾਂ, ਫਿਰ ਡਾਇਸ। ਦੋਵੇਂ ਰੰਗ-ਕਰਮੀ ਮੇਰੇ ਵੱਲ ਦੇਖ ਰਹੇ ਸਨ। ਮੈਂ ਕਿਹਾ, "ਤੁਸੀਂ ਅਜੇ ਜਾਇਉ ਨਾ। ਇਕ ਪ੍ਰੋਗਰਾਮ ਲਾਈਵ ਕਰਨਾ ਏ।" ਗੌਤਮ ਨੇ ਕਿਹਾ, "ਕਿਹੜਾ ਪ੍ਰੋਗਰਾਮ?" ਮੈਂ ਕਿਹਾ, "ਉਹੀ ਤੇ ਸੋਚ ਰਿਹਾਂ।" ਮੈਂ ਕੁਰਸੀ ਤੋਂ ਉੱਠ ਕੇ ਬਾਹਰ ਖਿੜਕੀ 'ਚੋਂ ਹਰੇ ਰੁੱਖ ਨਿਹਾਰਨ ਲੱਗ ਪਿਆ। ਫਿਰ ਅਚਾਨਕ ਜਿਵੇਂ ਇਕ ਖ਼ਿਆਲ ਜ਼ਿਹਨ ਵਿਚ ਲਿਸ਼ਕਣ ਲੱਗ ਪਿਆ। ਮੈਂ ਫ਼ਟਾਫ਼ਟ ਕਾਗਜ਼ 'ਤੇ ਜੋ ਵੀ ਹਰਫ਼ ਸੁਝੇ, ਉਕਾਰਨ ਲੱਗ ਪਿਆ। ਫਿਰ ਕਾਹਲੀ-ਕਾਹਲੀ ਫੋਟੋ ਲਾਇਬਰੇਰੀ ਵਿਚ ਜਾ ਕੇ ਫਰੋਲਾ-ਫਰਾਲੀ ਕਰਦਿਆਂ ਕੁਝ ਤਸਵੀਰਾਂ ਚੁਣ ਕੇ ਵਾਪਿਸ ਕਮਰੇ ਵਿਚ ਆਇਆ। ਮੈਨੂੰ ਮੇਰੀ ਅਲਮਾਰੀ ਵਿਚੋਂ ਵੀ ਕੁਝ ਤਸਵੀਰਾਂ ਲੱਭ ਪਈਆਂ। ਕਾਲਖ ਦੀਆਂ ਪਰਤਾਂ ਵਿਚ ਉਲਝੀ ਰੋਸ਼ਨੀ ਲਈ ਤਿਸ਼ਨਗੀ, ਪਿਆਸ ਤੇ ਪੁਕਾਰ ਇਸ ਲਘੂ ਪ੍ਰੋਗਰਾਮ ਦੀ ਸੁਰ ਬਣੀ।

ਸੰਵਾਦ ਦੋ ਕਲਾਕਾਰਾਂ ਵਿਚ ਵੰਡ ਦਿੱਤਾ। ਦੋ-ਤਿੰਨ ਵਾਰ ਰਿਹਰਸਲ ਕੀਤੀ। ਘੜੀ ਦੇਖੀ, ਖ਼ਬਰਾਂ ਸ਼ੁਰੂ ਹੋਣ ਵਿਚ ਸਿਰਫ਼ 15 ਮਿੰਟ ਬਾਕੀ ਸਨ। "ਚਲੋ ਚਲੋ ਸਟੂਡੀਓ ਚਲੋ, ਉਥੇ ਰਿਹਰਸਲ ਕਰ ਲੈਣਾ।" ਅਸੀਂ ਦੌੜਦੇ ਹੋਏ ਸਟੂਡੀਓ ਪਹੁੰਚੇ। ਦੋਵੇਂ ਅਦਾਕਾਰ ਸਟੂਡਿਓ ਦੇ ਅੰਦਰ ਚਲੇ ਗਏ ਤੇ ਮੈਂ ਦੌੜਦਾ ਹੋਇਆ ਪੌੜੀਆਂ ਚੜ੍ਹ ਕੇ ਕੰਟਰੋਲ ਪੈਨਲ 'ਤੇ ਚਲਾ ਗਿਆ। ਤਦ ਤੱਕ ਮੇਰਾ ਸਹਾਇਕ ਤਸਵੀਰਾਂ ਨੂੰ ਗੱਤੇ 'ਤੇ ਚਿਪਕਾ ਕੇ ਉਨ੍ਹਾਂ ਨੂੰ ਲੜੀਵਾਰ ਦੋ ਗਰੁੱਪਾਂ ਵਿਚ ਰੱਖ ਕੇ ਦੋ ਕੈਮਰਿਆਂ ਅੱਗੇ ਰੱਖ ਆਇਆ। ਮੈਂ ਕਿਹਾ, "ਜਾ ਦੌੜ ਕੇ ਗ੍ਰਾਫਿਕਸ ਸੈਕਸ਼ਨ ਵਿਚ ਜਾ ਕੇ ਪ੍ਰੋਗਰਾਮ ਦਾ ਟਾਈਟਲ ਲਿਖਵਾ ਕੇ ਲਿਆ- 'ਚਾਨਣ ਦੇ ਵਣਜਾਰੇ'।" ਉਧਰੋਂ ਖ਼ਬਰਾਂ ਸ਼ੁਰੂ ਹੋ ਗਈਆਂ। ਮੇਰੇ ਹੱਥਾਂ ਵਿਚ ਬੈਕ ਗਰਾਊਂਡ ਮਿਊਜ਼ਿਕ ਵਾਲਾ ਸਪੂਲ ਸੀ। ਜਿੰਨੀ ਦੇਰ ਖ਼ਬਰਾਂ ਦਾ ਬੁਲੇਟਿਨ ਖਤਮ ਨਹੀਂ ਸੀ ਹੁੰਦਾ, ਮੈਂ ਆਪਣਾ ਸਪੂਲ ਮਸ਼ੀਨ 'ਤੇ ਚੜ੍ਹਾ ਨਹੀਂ ਸੀ ਸਕਦਾ। ਜਿੱਥੋਂ ਮਿਊਜ਼ਿਕ ਦੇਣਾ ਹੈ, ਇਹ ਕਿਊ ਦੇਣ ਲਈ ਕਾਗਜ਼ ਦਾ ਨਿੱਕਾ ਜਿਹਾ ਟੁਕੜਾ ਸਪੂਲ ਦੇ ਫੀਤੇ ਵਿਚ ਫਸਾਇਆ ਹੋਇਆ ਸੀ। ਖ਼ਬਰਾਂ ਮੁੱਕਣ ਤੋਂ ਕੁਝ ਮਿੰਟ ਪਹਿਲਾਂ ਸਹਾਇਕ ਨੇ ਮੈਨੂੰ ਸਟੂਡੀਓ ਦੇ ਅੰਦਰੋਂ ਹੀ ਸ਼ੀਸ਼ੇ ਥਾਣੀਂ ਟਾਈਟਲ ਕੈਪਸ਼ਨ ਦਿਖਾ ਦਿੱਤਾ। ਮੈਨੂੰ ਥੋੜ੍ਹੀ ਰਾਹਤ ਮਹਿਸੂਸ ਹੋਈ। ਖ਼ਬਰਾਂ ਦਾ ਬੁਲੇਟਿਨ ਮੁਕਦਿਆਂ ਹੀ ਅਨਾਊਂਸਰ ਨੇ ਬਾਕੀ ਪ੍ਰੋਗਰਾਮਾਂ ਦਾ ਵੇਰਵਾ ਸੁਣਾਇਆ। ਦੋਵੇਂ ਅਦਾਕਾਰ ਮਾਈਕ੍ਰੋਫੋਨ ਸੰਭਾਲ ਚੁੱਕੇ ਸਨ। ਆਵਾਜ਼ ਟੈਸਟ ਕਰਨ ਦਾ ਸਮਾਂ ਨਹੀਂ ਸੀ। ਬੱਸ ਵਿਸ਼ਵਾਸ ਸੀ ਕਿ ਖ਼ਬਰਾਂ ਦੇ ਬੁਲੇਟਿਨ ਵਾਲੇ ਹੀ ਤਾਂ ਮਾਈਕ੍ਰੋਫੋਨ ਨੇ, ਠੀਕ ਹੀ ਹੋਣਗੇ।


ਅਨਾਊਂਸਮੈਂਟ ਹੁੰਦਿਆਂ ਹੀ ਲਾਈਵ ਮਿਊਜ਼ਿਕ ਨਾਲ ਪ੍ਰੋਗਰਾਮ ਦਾ ਟਾਈਟਲ ਪ੍ਰਸਾਰਨ ਹੋਣ ਲੱਗ ਪਿਆ। ਫਲੋਰ ਮੈਨੇਜਰ ਦੇ ਇਸ਼ਾਰੇ ਨਾਲ ਦੋਵੇਂ ਅਦਾਕਾਰ ਵਾਰੋ-ਵਾਰੀ ਆਪਣੇ ਸੰਵਾਦ ਬੋਲਣ ਲੱਗੇ ਤੇ ਮੈਂ ਤਸਵੀਰਾਂ ਨੂੰ ਦੋਹਾਂ ਕੈਮਰਿਆਂ ਦੀ ਮਦਦ ਨਾਲ ਮੇਲ ਕੇ ਉਨ੍ਹਾਂ ਦਾ ਪ੍ਰਸਾਰਨ ਕਰਨ ਲੱਗ ਪਿਆ। ਪ੍ਰੋਗਰਾਮ ਬਿਨਾਂ ਕਿਸੇ ਵਿਘਨ, ਬਿਨਾਂ ਕਿਸੇ ਗ਼ਲਤੀ ਦੇ ਪ੍ਰਸਾਰਿਤ ਹੋ ਗਿਆ। ਮੈਂ ਲੰਮਾ ਸਾਹ ਲੈ ਕੇ, ਦੂਸਰੇ ਪ੍ਰੋਡਿਊਸਰ ਨੂੰ ਕਮਾਂਡ ਸੰਭਾਲ ਕੇ, ਆਪਣਾ ਸਪੂਲ ਵਲ੍ਹੇਟ ਕੇ, ਥੈਂਕਯੂ ਏਵਰੀਬਾਡੀ ਕਹਿ ਕੇ ਪੌੜੀਆਂ ਉਤਰ ਆਇਆ। ਦੋਵੇਂ ਅਦਾਕਾਰ ਵੀ ਸਟੂਡੀਓ ਤੋਂ ਬਾਹਰ ਆਏ, "ਭਾਜੀ, ਸ਼ੁਕਰ ਆ ਕੋਈ ਗ਼ਲਤੀ ਨਹੀਂ ਹੋਈ।" ਆਦਰਸ਼ ਗੌਤਮ ਨੇ ਤਸਵੀਰਾਂ ਵਾਲੇ ਗੱਤੇ ਸੰਭਾਲਦਿਆਂ ਕਿਹਾ।

ਅਸੀਂ ਤਿੰਨਾਂ ਨੇ ਸਕੂਨ ਜਿਹਾ ਮਹਿਸੂਸ ਕੀਤਾ। ਬਾਹਰ ਆ ਕੇ ਮੋਟਰ ਸਾਈਕਲਾਂ ਨੂੰ ਕਿੱਕਾਂ ਮਾਰ ਘਰਾਂ ਨੂੰ ਤੁਰ ਪਏ। ਅਗਲੇ ਦਿਨ ਦਫ਼ਤਰ ਜਾਂਦਿਆਂ ਹੀ ਮੈਨੂੰ ਫਿਰ ਸਟੇਸ਼ਨ ਡਾਇਰੈਕਟਰ ਦਾ ਸੰਦੇਸ਼ ਮਿਲਿਆ- "ਸਾਹਿਬ ਬੁਲਾ ਰਹੇ ਨੇ।" ਮੈਂ ਉਨ੍ਹਾਂ ਦੇ ਕਮਰੇ ਵਿਚ ਦਾਖਲ ਹੋਇਆ। ਉਨ੍ਹਾਂ ਬੈਠਣ ਦਾ ਇਸ਼ਾਰਾ ਕੀਤਾ, ਫਿਰ ਕਹਿਣ ਲੱਗੇ, "ਕੱਲ੍ਹ ਪ੍ਰੋਗਰਾਮ ਠੀਕ ਸੀ, ਅੱਜ ਵੀ ਕਰੋ। ਇਹ ਇਕ ਹਫ਼ਤੇ ਚੱਲੇਗਾ" ਪਰ ਇਹ ਸਿਲਸਿਲਾ ਲੱਗਭਗ ਛੇ ਮਹੀਨਿਆਂ ਤੋਂ ਵੱਧ ਚੱਲਦਾ ਰਿਹਾ। ਹਰ ਰੋਜ਼ ਲਿਖਣਾ, ਹਰ ਰੋਜ਼ ਤਸਵੀਰਾਂ ਲੱਭਣੀਆਂ, ਹਰ ਰੋਜ਼ ਰਿਕਾਰਡਿੰਗ ਕਰਨ ਦੀ ਕੋਸ਼ਿਸ਼ ਕਰਨਾ ਪਰ ਐਨ ਆਖਰੀ ਮੌਕੇ ਫਿਰ ਲਾਈਵ ਕਰਨਾ ਪੈਣਾ। ਬਹੁਤ ਥਕਾ ਦੇਣ, ਉਦਾਸ ਕਰਨ ਅਤੇ ਤੁਹਾਡੀ ਕਾਬਲੀਅਤ ਤੇ ਸਮਰਥਾ ਨੂੰ ਵੰਗਾਰਨ ਵਾਲੇ ਦਿਨ ਸਨ!

ਤਿੰਨ ਤੋਂ ਪੰਜ ਮਿੰਟ ਤੱਕ ਚੱਲਣ ਵਾਲਾ ਇਹ ਰੋਜ਼ਾਨਾ ਪ੍ਰੋਗਰਾਮ 'ਚਾਨਣ ਦੇ ਵਣਜਾਰੇ' ਲੋਕਾਂ ਦਾ ਧਿਆਨ ਖਿੱਚਣ ਅਤੇ ਪਿਆਰ ਲੈਣ 'ਚ ਕਾਮਯਾਬ ਰਿਹਾ।

# ਡਿੱਗੀ ਪੁੱਟੀਏ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਗਰਮੀਆਂ ਸਿਖਰ 'ਤੇ ਹੁੰਦੀਆਂ ਸਨ ਤੇ ਮੈਂ ਆਪਣੇ ਭਾਪਾ ਜੀ ਕੋਲ ਹੋਰ ਵੀ ਤੱਤੇ ਸੂਬੇ ਰਾਜਸਥਾਨ ਦੇ ਸ਼ਹਿਰ ਸ੍ਰੀਗੰਗਾਨਗਰ ਛੁੱਟੀਆਂ ਕੱਟਣ ਚਲੇ ਜਾਂਦਾ ਸਾਂ। ਗੰਗਾਨਗਰ ਸ਼ਹਿਰ ਬੀਕਾਨੇਰ ਦੇ ਰਾਜੇ ਗੰਗਾ ਸਿੰਘ ਨੇ ਬਣਵਾਇਆ ਸੀ ਇਸ ਲਈ ਸਤਿਕਾਰ ਵਜੋਂ ਇਸ ਦੇ ਨਾਂ ਅੱਗੇ ਸ੍ਰੀ ਲਗਦਾ ਹੈ। ਪਹਿਲੀ ਵਾਰੀ ਸੱਠਵਿਆਂ ਦੇ ਸ਼ੁਰੂ ਵਿਚ ਗਿਆ ਤਾਂ ਇਕ ਦਿਨ ਭਾਪਾ ਜੀ ਮੈਨੂੰ ਸ਼ਹਿਰ ਤੋਂ ਕੋਈ ਤਿੰਨ ਕੋਹ 'ਤੇ ਨਹਿਰੋ-ਨਹਿਰ ਸਾਈਕਲ 'ਤੇ 12ਜ਼ੈਡ ਨਾਂ ਦੇ ਪਿੰਡ ਵਿਚ ਲੈ ਗਏ ਜਿਥੇ ਸਾਡੇ ਪਿੰਡ ਦੇ ਸ਼ਰੀਕੇ ਭਾਈਚਾਰੇ ਵਿਚੋਂ ਇੱਕ ਪਰਿਵਾਰ ਮੁਰੱਬੇ ਲੈ ਕੇ ਵਸਿਆ ਹੋਇਆ ਸੀ। ਪੰਜਾਬ ਦੇ ਪਾਣੀਆਂ ਦੀਆਂ ਨਹਿਰਾਂ ਬਣਾ ਕੇ ਤੇ ਰਾਜਸਥਾਨ ਲਿਜਾ ਕੇ ਜਿਹੜੇ ਨਵੇਂ ਪਿੰਡ ਵਸਾਏ ਗਏ ਉਨ੍ਹਾਂ ਦੇ ਨਾਂਵਾਂ ਨਾਲ ਅੰਕ ਪਿੱਛੋਂ ਅੰਗਰੇਜ਼ੀ ਅੱਖਰ ਲਾਏ ਗਏ। ਇਹ ਰੀਤ ਅੰਗਰੇਜ਼ਾਂ ਨੇ ਸ਼ੁਰੂ ਕੀਤੀ। 12ਜ਼ੈਡ ਵਸੇ ਗਰਾਈਆਂ ਨੇ ਸਾਨੂੰ ਘੜੇ 'ਚੋਂ ਕੱਢ ਕੇ ਜਿਹੜਾ ਪਾਣੀ ਪਿਲਾਇਆ ਉਹ ਮੈਨੂੰ ਕੁਝ ਕਿਰਕਿਰਾ ਲੱਗਾ ਪਰ ਮੈਂ ਕੁਸਕਿਆ ਨਾ। ਲੌਢੇ ਵੇਲੇ ਪਿੰਡ ਦਾ ਗੇੜਾ ਮਾਰਨ ਗਏ ਤਾਂ ਜਿਹੜੀ ਖਾਸ ਚੀਜ਼ ਦੇਖੀ ਉਹ ਸੀ ਇੱਕ ਪਾਸੇ ਜਿਹੇ ਕਿੱਕਰਾਂ ਥੱਲੇ ਡਲਕਦਾ ਇੱਕ ਵੱਡਾ ਤਲਾਬ। ਦੱਸਿਆ ਗਿਆ ਕਿ ਇਸ ਤਲਾਬ ਨੂੰ ਏਥੇ ਡਿੱਗੀ ਕਹਿੰਦੇ ਹਨ। ਡਿੱਗੀ ਚੀਜ਼ ਤੇ ਲਫ਼ਜ਼ ਨਾਲ ਇਹ ਮੇਰਾ ਪਹਿਲਾ ਵਾਸਤਾ ਸੀ।

ਏਥੇ ਡਿੱਗੀ ਬਣਦੀ ਹੈ ਪੱਟੇ ਹੋਏ ਥਾਂ ਵਿਚ ਪਾਣੀ ਇਕੱਠਾ ਕਰ ਕੇ, ਆਮ ਤੌਰ 'ਤੇ ਨਹਿਰ ਦਾ। ਅੱਜ-ਕੱਲ ਤਾਂ ਰਾਜਸਥਾਨ ਦੀ ਸਰਕਾਰ ਡਿੱਗੀਆਂ ਦੇ ਨਿਰਮਾਣ ਲਈ ਸਬਸਿਡੀ ਵੀ ਦਿੰਦੀ ਹੈ। ਰਾਜਸਥਾਨ ਤੇ ਇਸ ਨਾਲ ਰੇਤਲੇ ਪੰਜਾਬ ਦੇ ਇਲਾਕੇ ਵਿਚ ਧਰਤੀ ਥੱਲੜਾ ਪਾਣੀ ਕਿੱਥੇ ਹੁੰਦਾ ਹੈ। ਪਤਾ ਲੱਗਾ ਕਿ ਏਥੇ ਮਨੁੱਖ ਤੇ ਪਸ਼ੂ ਏਹੀ ਪਾਣੀ ਵਰਤਦੇ ਹਨ। ਪੀਣ ਲਈ ਘੜੇ ਵਿਚ ਪਾਏ ਪਾਣੀ ਨੂੰ ਫਟਕੜੀ ਪਾ ਕੇ ਸਾਫ਼ ਕੀਤਾ ਜਾਂਦਾ ਹੈ। ਪਹਿਲਾਂ-ਪਹਿਲਾਂ ਬਰਤਾਨਵੀ ਕੰਪਨੀ ਰਾਜ ਦੇ ਸ਼ਾਸਕ ਮਦਰਾਸ ਵਿਚ ਛੱਪੜ ਦਾ ਪਾਣੀ ਪੀਂਦੇ ਰਹੇ ਹਨ। ਸਮੇਂ ਸਮੇਂ ਦੀਆਂ ਗੱਲਾਂ, ਅਸੀਂ ਦੁਆਬੀਏ ਕਿਹੜਾ ਹਮੇਸ਼ਾ ਨਲਕੇ ਦਾ ਪਾਣੀ ਪੀਂਦੇ ਰਹੇ ਹਾਂ। ਬਾਅਦ ਵਿਚ ਅਭਿਗਿਆਨ ਹੋਇਆ ਕਿ ਮੈਂ ਤਾਂ ਅਣਜਾਣ ਹੀ ਰਿਹਾਂ। ਅਸਲ ਵਿਚ ਡਿੱਗੀ ਸ਼ਬਦ ਰਾਜਸਥਾਨ ਤੋਂ ਬਿਨਾਂ ਵੱਧ-ਘੱਟ ਕਰੀਬ ਸਾਰੇ ਉਤਰੀ ਭਾਰਤ ਵਿਚ ਹੀ ਪਾਣੀ ਭੰਡਾਰਨ ਲਈ ਬਣਾਏ ਡਰੰਮ, ਛੱਪੜ, ਵੱਡੇ ਤਲਾਬ ਏਥੋਂ ਤੱਕ ਕਿ ਝੀਲ ਲਈ ਵੀ ਵਰਤਿਆ ਜਾਂਦਾ ਰਿਹਾ ਹੈ। ਕਦੀ ਦਿੱਲੀ ਦੇ ਲਾਲ ਕਿਲ੍ਹੇ ਦੇ ਠੀਕ ਸਾਹਮਣੇ ਵੱਡੀ ਸਾਰੀ ਡਿੱਗੀ ਹੁੰਦੀ ਸੀ। ਬਠਿੰਡੇ ਦੀ ਗੋਲ ਡਿੱਗੀ ਉਪਰ ਗੋਲ ਮਾਰਕਿਟ ਬਣਾ ਦਿੱਤੀ ਗਈ ਹੈ। ਅੰਬਾਲਾ ਵਿਚ ਹਾਲੇ ਵੀ ਕਈ ਡਿੱਗੀਆਂ ਹਨ। ਏਥੇ ਇੱਕ ਪੁਰਾਣੀ ਥੇਹ ਬਣੀ ਡਿੱਗੀ ਦਾ ਕਾਇਆ-ਕਲਪ ਕਰ ਕੇ ਇਸ ਨੂੰ ਸੈਰਗਾਹ ਬਣਾ ਦਿੱਤਾ ਗਿਆ ਹੈ ਤੇ ਲੋਕ ਇਸ ਨੂੰ ਡਿੱਗੀ ਲੇਕ ਕਹਿਣ ਲੱਗ ਪਏ ਹਨ। ਸ਼ਾਇਦ ਏਥੇ ਲੋਕਾਂ ਨੇ ਡਿੱਗੀ ਸ਼ਬਦ ਨੂੰ ਭੁਲਾ ਦਿੱਤਾ ਹੈ ਜਾਂ ਇਸ ਸ਼ਬਦ ਵਿਚੋਂ ਪੁਰਾਤਨਤਾ ਝਲਕਦੀ ਹੈ। ਸ੍ਰੀਨਗਰ ਦੀ ਮਸ਼ਹੂਰ ਝੀਲ ਨੂੰ ਡੱਲ ਲੇਕ ਕਿਹਾ ਜਾਂਦਾ ਹੈ ਹਾਲਾਂਕਿ ਡੱਲ ਦਾ ਅਰਥ ਵੀ ਝੀਲ ਹੀ ਹੁੰਦਾ ਹੈ। ਇਹ ਗੋਰਿਆਂ ਦਾ ਕਾਰਾ ਲਗਦਾ ਹੈ।



ਫਿਰ ਤਾਂ ਮੈਂ ਗੰਗਾਨਗਰ ਸ਼ਹਿਰ ਦੇ ਗੱਭੇ ਵੀ ਇੱਕ ਡਿੱਗੀ ਦੇ ਦਰਸ਼ਨ ਕੀਤੇ। ਹੋਰ ਤਾਂ ਹੋਰ ਸ਼ਾਮ ਨੂੰ 'ਦੂਧ ਲੇ ਲੋ ਸਰਦਾਰ ਜੇ' ਪੁਕਾਰਦਾ ਦੋਧੀ ਜਿਹੜਾ ਦੁੱਧ ਦੇਣ ਆਉਂਦਾ ਸੀ ਉਸ ਨੂੰ ਅਸੀਂ ਜਿਸ ਲੰਬੂਤਰੀ ਜਿਹੀ ਸਿਲਵਟ ਦੀ ਕੈਨੀ ਵਿਚ ਪੁਆਉਂਦੇ ਸਾਂ, ਉਸ ਨੂੰ ਵੀ ਡਿੱਗੀ ਕਹਿੰਦੇ ਸਨ। ਅਗਲੇਰੀ ਜ਼ਿੰਦਗੀ ਵਿਚ ਡਿੱਗੀ ਸ਼ਬਦ ਨਾਲ ਕਈ ਸਥਿਤੀਆਂ ਤੇ ਸਥਾਨਾਂ ਵਿਚ ਵਾਹ ਪਿਆ। ਮੇਰੇ ਵੱਡੇ ਭਾਜੀ ਜੰਮੂ ਪੜ੍ਹਾਉਂਦੇ ਸਨ। ਛੁੱਟੀਆਂ ਵਿਚ ਜੰਮੂ ਜਾਣਾ ਤਾਂ ਸਾਡੇ ਭਾਬੀ ਜੀ ਜਿਸ ਟੈਂਕੀ ਵਿਚ ਜ਼ੂਮਾਂ ਪਾਣੀ ਨਾਲ ਕੱਪੜੇ ਧੋਂਦੇ ਸਨ, ਉਸ ਨੂੰ ਉਹ ਡਿੱਗੀ ਆਖਦੇ ਸਨ। ਇੱਕ ਵਾਰੀ ਮੈਂ ਆਪਣੇ ਇੱਕ ਮੋਗਾ ਵਾਸੀ ਦੋਸਤ ਨਾਲ ਮਲੇਸ਼ੀਆ ਗਿਆ। ਉਥੇ ਅਸੀਂ ਉਸ ਦੀ ਕੁਆਲਾਲੰਪੁਰ ਸ਼ਹਿਰ ਰਹਿੰਦੀ ਭੂਆ ਦੇ ਘਰ ਤਿੰਨ-ਚਾਰ ਦਿਨ ਰਹੇ। ਦੋਸਤ ਦਾ ਫੁੱਫੜ ਵੀ ਉਥੇ ਘਰ ਦੇ ਸਿਖਰ 'ਤੇ ਲੱਗੀ ਟਾਂਚੀ ਨੂੰ ਡਿੱਗੀ ਕਹੀ ਜਾਵੇ।

ਮੈਂ ਅਟਕਲ ਲਾਉਂਦਾ ਸਾਂ ਕਿ ਡਿੱਗੀ ਉਹ ਖੋਖਲੀ ਜਗਾਹ ਹੈ ਜਿਸ ਵਿਚ ਪਾਣੀ ਡੇਗਿਆ ਜਾਵੇ। ਪਰ ਸ਼ਬਦਾਂ ਦੀ ਵਿਉਤਪਤੀ ਦੇ ਮਾਮਲੇ ਵਿਚ ਅਕਸਰ ਹੀ ਜੋ ਤੁਸੀਂ ਸਿਧੜਾ ਜਿਹਾ ਅਨੁਮਾਨ ਲਾਉਂਦੇ ਹੋ ਉਹ ਗ਼ਲਤ ਸਿੱਧ ਹੋ ਸਕਦਾ ਹੈ। ਦਰਅਸਲ ਡਿੱਗੀ ਸ਼ਬਦ ਲੰਮਾ, ਵੱਡਾ, ਮਹਾਨ ਦੇ ਅਰਥਾਂ ਵਾਲੇ ਦੀਰਘ ਸ਼ਬਦ ਤੋਂ ਨਿਰਮਿਤ ਹੋਇਆ। ਬੋਲਚਾਲ ਦੀ ਭਾਸ਼ਾ ਵਿਚ ਇਹ ਸ਼ਬਦ ਘੱਟ ਹੀ ਵਰਤਿਆ ਜਾਂਦਾ ਹੈ, ਗੁਰਬਾਣੀ ਵਿਚ ਜ਼ਰੂਰ ਹੈ: ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ; ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ- ਗੁਰੂ ਨਾਨਕ; ਆਪਸ ਕਉ ਦੀਰਘ ਕਰਿ ਜਾਨੈ ਅਉਰਨ ਕੋ ਲਗ ਮਾਤ- ਕਬੀਰ। ਦੀਰਘ ਦੀ ਘ ਧੁਨੀ ਹ ਵਿਚ ਬਦਲ ਕੇ ਵਿਸ਼ਾਲ ਕਾਇਆ ਦੇ ਅਰਥਾਂ ਵਾਲਾ ਪ੍ਰਾਕ੍ਰਿਤ ਦਾ ਸ਼ਬਦ ਬਣਿਆ ਦੀਹ, 'ਉਠੇ ਦੀਹ ਦਾਨੋ ਜੁਧੰ ਲੋਹ ਪੂਰੇ'- ਦਸਮ ਗ੍ਰੰਥ। ਦੀਰਘ ਭਾਰੋਪੀ ਖਾਸੇ ਵਾਲਾ ਸ਼ਬਦ ਹੈ ਅਰਥਾਤ ਇਸ ਦੇ ਸਜਾਤੀ ਸ਼ਬਦ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ਹੈ *dlomghos। ਜਿਸ ਤੋਂ ਜਰਮੈਨਿਕ ਤੇ ਲਾਤੀਨੀ ਪਿਛੋਕੜ ਵਾਲੀਆਂ ਭਾਸ਼ਾਵਾਂ ਦੇ ਕਈ ਸ਼ਬਦ ਨਿਕਲੇ ਹਨ। ਪਰ ਸਾਡੇ ਲਈ ਜਾਣਿਆ-ਪਛਾਣਿਆ ਸ਼ਬਦ ਹੈ ਲੰਮਾ ਦੇ ਅਰਥਾਂ ਵਾਲਾ ਅੰਗਰੇਜ਼ੀ ਨਗ, ਜਿਸ ਦਾ ਪੁਰਾਣੀ ਅੰਗਰੇਜ਼ੀ ਵਿਚ ਰੂਪ ਹੁੰਦਾ ਸੀ ਲਅਨਗ। ਇਸ ਵਿਚ ਡ ਧੁਨੀ ਬਦਲ ਕੇਦ ਵਿਚ ਬਦਲ ਗਈ। ਫਾਰਸੀ ਵਿਚ ਬਰਾਸਤਾ ਪਹਿਲ ਵੀ ਦਿਰੰਗ ਸ਼ਬਦ ਬਣਦਾ ਹੈ ਜਿਸ ਵਿਚ ਦੇਰੀ ਦੇ ਭਾਵ ਹਨ। ਇਹ ਸ਼ਬਦ ਉਰਦੂ ਵਿਚ ਵੀ ਆ ਗਿਆ ਹੈ। ਦਿਰੰਗ ਕਰਨਾ, ਮਤਲਬ ਕੁਝ ਕਰਨ ਵਿਚ ਲੰਮਾ ਸਮਾਂ ਲੈਣਾ। ਇਸ ਤੋਂ ਅੱਗੇ ਦਰਾਜ਼ ਸ਼ਬਦ ਬਣਦਾ ਹੈ ਜਿਸ ਵਿਚ ਲੰਮੀ ਦੂਰੀ ਦਾ ਭਾਵ ਹੈ। ਪੰਜਾਬੀ ਵਿਚ ਵੀ ਇਹ ਸ਼ਬਦ ਆਮ ਤੌਰ 'ਤੇ ਦੂਰ ਦਰਾਜ਼ ਸ਼ਬਦ ਜੁੱਟ ਵਿਚ ਵਰਤਿਆ ਜਾਂਦਾ ਹੈ ਜਿਵੇਂ 'ਦੂਰ ਦਰਾਜ਼ ਇਲਾਕੇ'; ਬੱਬੂ ਮਾਨ ਦਾ ਇਕ ਗੀਤ ਹੈ, 'ਮਿਲਦੀ ਨੀ ਹੁਣ ਉਹ ਦੂਰ ਦਰਾਜ਼ ਹੈ'। ਪਰ ਵਾਰਿਸ ਨੇ ਇਸ ਲਫ਼ਜ਼ ਦੀ ਸੁਤੰਤਰ ਹੈਸੀਅਤ ਵਿਚ ਵੀ ਵਰਤੋਂ ਕੀਤੀ ਹੈ। ਮੁੱਲਾਂ ਰਾਂਝੇ ਨੂੰ ਮਸੀਤ ਵਿਚ ਵਾੜਨ ਤੋਂ ਰੋਕਦਾ ਹੈ,

ਘਰ ਰਬ ਦੇ ਮਸਜਿਦਾਂ ਹੁੰਦੀਆਂ ਨੇ,
ਏਥੇ ਗ਼ੈਰ ਸ਼ਰ੍ਹਾ ਨਾਹੀਂ ਵਾੜੀਏ ਓਇ।
ਕੁੱਤਾ ਅਤੇ ਫ਼ਕੀਰ ਪਲੀਤ ਹੋਵੇ,
ਨਾਲ ਦੁੱਰਿਆਂ ਬੰਨ੍ਹ ਕੇ ਮਾਰੀਏ ਓਇ।
ਤਾਰਕ ਹੋ ਸਲਾਤ ਦਾ ਪਟੇ ਰੱਖੇ,
ਲੱਬਾਂ ਵਾਲਿਆਂ ਮਾਰ ਪਛਾੜਈਏ ਓਇ।
ਨੀਵਾਂ ਕਪੜਾ ਹੋਵੇ ਤਾਂ ਪਾੜ ਸੁੱਟੀਏ,
ਲੱਬਾਂ ਹੋਣ ਦਰਾਜ਼ ਤਾਂ ਸਾੜੀਏ ਓਇ।

ਲੱਬਾਂ ਨੱਕ ਦੇ ਥੱਲੇ ਮੁੱਛਾਂ ਦੇ ਵਾਲਾਂ ਨੂੰ ਆਖਿਆ ਜਾਂਦਾ ਹੈ। ਇਸਲਾਮ ਵਿਚ ਆਮ ਤੌਰ 'ਤੇ ਲੱਬਾਂ ਰੱਖਣ ਦੀ ਮਨਾਹੀ ਹੈ। ਹੋਰ ਦੇਖੋ,

ਭਲਾ ਕਰਦਿਆਂ ਢਿਲ ਨਾ ਮੂਲ ਕਰੀਏ,
ਕਿੱਸਾ ਤੂਲ ਦਰਾਜ਼ ਨਾ ਟੋਰੀਏ ਜੀ।
ਵਾਰਿਸ ਸ਼ਾਹ ਯਤੀਮ ਦੀ ਗ਼ੌਰ ਕਰੀਏ,
ਹੱਥ ਆਜਜ਼ਾਂ ਦੇ ਨਾਲ ਜੋੜੀਏ ਜੀ।

ਏਥੇ ਤੂਲ ਸ਼ਬਦ ਅਰਬੀ ਦਾ ਹੈ ਜਿਸ ਦਾ ਅਰਥ ਵੀ ਦੂਰ ਹੀ ਹੈ। ਸੋ ਤੂਲ ਦਰਾਜ਼ ਸ਼ਬਦ ਜੁੱਟ ਦਾ ਮਤਲਬ ਹੋਇਆ ਲੰਮਾ ਚੌੜਾ।

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਡਿੱਗੀ, ਜਿਸ ਦੇ ਕਈ ਭਾਸ਼ਾਵਾਂ ਵਿਚ ਰੁਪਾਂਤਰ ਦਿੱਗੀ, ਦੀਗੀ ਵੀ ਮਿਲਦੇ ਹਨ, ਦੀਰਘ ਤੋਂ ਵਿਉਤਪਤ ਹੋਇਆ ਹੈ। ਦੀਰਘ ਤੋਂ ਹੀ ਬਣਿਆ ਸੰਸਕ੍ਰਿਤ ਦਾ ਇੱਕ ਸ਼ਬਦ ਹੈ ਦੀਰਘਿਕਾ ਜਿਸ ਦਾ ਅਰਥ ਡਿੱਗੀ ਹੈ। ਪੁਰਾਣਾਂ ਵਿਚ ਇੱਕ ਕਥਾ ਆਉਂਦੀ ਹੈ ਜਿਸ ਦੀ ਇੱਕ ਪਾਤਰ ਦਾ ਨਾਂ ਦੀਰਘਿਕਾ ਹੈ। ਇਸ ਕਥਾ ਤੋਂ ਇਸ ਸ਼ਬਦ ਦੇ ਨਿਰਮਾਣ ਪਿੱਛੇ ਮੁੱਖ ਭਾਵ ਉਜਾਗਰ ਹੁੰਦੇ ਹਨ। ਕਥਾ ਅਨੁਸਾਰ ਬ੍ਰਾਹਮਣ ਪੁੱਤਰੀ ਦੀਰਘਿਕਾ ਬੇਹੱਦ ਕੋਝੀ ਅਤੇ ਆਸਾਧਾਰਨ ਤੌਰ 'ਤੇ ਲੰਮੇ ਕੱਦ ਵਾਲੀ ਹੈ। ਸ਼ਾਸਤਰਾਂ ਦੇ ਵਿਧਾਨ ਅਨੁਸਾਰ ਅਜਿਹੀ ਦਰਾਜ਼-ਕੱਦ ਕੰਨਿਆ ਜਿਸ ਮਰਦ ਨਾਲ ਵਿਆਹ ਕਰਵਾਏਗੀ ਉਸ ਦੀ ਛੇ ਮਹੀਨੇ ਦੇ ਅੰਦਰ-ਅੰਦਰ ਮੌਤ ਹੋਣੀ ਤੈਅ ਹੈ। ਉਹ ਪ੍ਰਾਸ਼ਚਿਤ ਵਜੋਂ ਕਈ ਤਪ ਤੇ ਵਰਤ ਕਰਦੀ ਕਰਦੀ ਬੁਢੀ ਹੋ ਜਾਂਦੀ ਹੈ ਤਾਂ ਆਖਿਰ ਇੱਕ ਕੋਹੜੀ ਕੁਝ ਸ਼ਰਤਾਂ ਸਹਿਤ ਉਸ ਨਾਲ ਵਿਆਹ ਕਰ ਲੈਂਦਾ ਹੈ। ਪਤੀ-ਬ੍ਰਤਾ ਦੀਰਘਿਕਾ ਸ਼ਰਤਾਂ ਅਨੁਸਾਰ ਉਸ ਨੂੰ ਸਿਰ 'ਤੇ ਚੁੱਕੀ 68 ਤੀਰਥਾਂ ਦੇ ਇਸ਼ਨਾਨ ਕਰਵਾਉਂਦੀ ਹੈ ਜਿਸ ਨਾਲ ਉਸ ਦਾ ਸਰੀਰ ਚਮਕ ਉਠਦਾ ਹੈ ਪਰ ਆਪ ਏਨੇ ਕਸ਼ਟਾਂ ਕਾਰਨ ਕਮਜ਼ੋਰ ਤੋਂ ਕਮਜ਼ੋਰ ਹੋਈ ਜਾਂਦੀ ਹੈ। ਇੱਕ ਰਾਤ ਉਹ ਪਤੀ ਨੂੰ ਚੁੱਕੀ ਡਿਗਦੀ-ਢਹਿੰਦੀ, ਸੁੱਤ-ਉਣੀਂਦੀ ਅਵਸਥਾ ਵਿਚ ਕਿਸੇ ਜੰਗਲ ਵਿਚ ਜਾ ਰਹੀ ਹੁੰਦੀ ਹੈ ਤਾਂ ਹਨੇਰੇ ਵਿਚ ਕਿਸੇ ਸਰਾਪ ਕਾਰਨ ਆਪਣੇ ਆਸ਼ਰਮ ਵਿਚ ਸੂਲੀ 'ਤੇ ਟੰਗੇ ਮਾਂਡਵਯਾ ਮੁਨੀ ਨਾਲ ਟਕਰਾ ਜਾਂਦੀ ਹੈ। ਪੀੜ ਨਾਲ ਤੜਪਦੇ ਮੁਨੀ ਨੇ ਉਸ ਨੂੰ ਸਰਾਪ ਦਿੱਤਾ ਕਿ ਉਸ ਦਾ ਪਤੀ ਸਵੇਰੇ ਸੂਰਜ ਚੜ੍ਹਦੇ ਸਾਰ ਹੀ ਕਿਰਨਾਂ ਦੀ ਛੋਹ ਨਾਲ ਮਰ ਜਾਵੇਗਾ। ਪਿਆਸ ਦਾ ਮਾਰਿਆ ਉਸ ਦਾ ਕੋਹੜੀ ਪਤੀ ਪਾਣੀ ਦੀ ਮੰਗ ਕਰਦਾ ਹੈ ਤਾਂ ਦੀਰਿਘਕਾ ਉਥੇ ਹੀ ਧਰਤੀ ਵਿਚ ਪੈਰ ਮਾਰਦੀ ਹੈ। ਕਰੜੇ ਤਪ ਅਤੇ ਸਤ ਕਾਰਨ ਉਸ ਵਿਚ ਏਨੀ ਸ਼ਕਤੀ ਆਈ ਹੁੰਦੀ ਹੈ ਕਿ ਧਰਤੀ 'ਚੋਂ ਪਾਣੀ ਫੁੱਟ ਉਠਦਾ ਹੈ। ਏਸੇ ਸ਼ਕਤੀ ਕਾਰਨ ਉਹ ਦੂਜੇ ਦਿਨ ਸੂਰਜ ਨਹੀਂ ਚੜ੍ਹਨ ਦਿੰਦੀ। ਲੰਮਾ ਸਮਾਂ ਹਨੇਰਾ ਰਹਿਣ ਕਾਰਨ ਕਰਮ ਕਾਂਡ ਹੋਣੇ ਬੰਦ ਹੋ ਜਾਂਦੇ ਹਨ, ਹਾਹਾਕਾਰ ਮਚ ਜਾਂਦੀ ਹੈ, ਦੇਵਤੇ ਦੁਖੀ ਹੁੰਦੇ ਹਨ ਤਾਂ ਇੰਦਰ ਦੇਵਤਾ ਸੂਰਜ ਨੂੰ ਉਦੈ ਹੋਣ ਲਈ ਬੇਨਤੀ ਕਰਦਾ ਹੈ। ਪਰ ਦੀਰਘਿਕਾ ਦੇ ਸਰਾਪ ਦਾ ਬੱਧਾ ਸੂਰਜ ਮਜਬੂਰ ਹੈ। ਦੇਵਤੇ ਦੀਰਘਿਕਾ ਕੋਲ ਵਾਸਤਾ ਪਾਉਂਦੇ ਹਨ ਕਿ ਸੂਰਜ ਦੀ ਰੋਸ਼ਨੀ ਬਿਨਾਂ ਦੁਨੀਆ ਵਿਚ ਧਰਮ ਕਰਮ ਨਹੀਂ ਹੋ ਰਹੇ ਇਸ ਲਈ ਆਪਣੇ ਆਦੇਸ਼ ਨਾਲ ਸੂਰਜ ਨੂੰ ਚੜ੍ਹਾ। ਉਹ ਯਕੀਨ ਦਿਵਾਉਂਦੇ ਹਨ ਕਿ ਜੇ ਮਾਂਡਵਯਾ ਦੇ ਸਰਾਪ ਕਾਰਨ ਤੇਰਾ ਪਤੀ ਮਰ ਗਿਆ ਤਾਂ ਅਸੀਂ ਆਪਣੀ ਸ਼ਕਤੀ ਨਾਲ ਜਿਵਾ ਦੇਵਾਂਗੇ। ਦੀਰਘਿਕਾ ਪਸੀਜ ਕੇ ਸੂਰਜ ਨੂੰ ਚੜ੍ਹਨ ਦਿੰਦੀ ਹੈ ਤਾਂ ਉਸਦੇ ਪਤੀ ਦੀ ਮੌਤ ਹੋ ਜਾਂਦੀ ਹੈ ਜਿਸ ਨੂੰ ਦੇਵਤੇ ਜਿਵਾ ਦਿੰਦੇ ਹਨ। ਇਸ ਪਿੱਛੋਂ ਉਸ ਦਾ ਪਤੀ ਵੀ ਤੰਦਰੁਸਤ ਅਤੇ ਜਵਾਨ ਹੋ ਜਾਂਦਾ ਹੈ ਤੇ ਉਹ ਆਪ ਵੀ ਮੁਟਿਆਰ ਤੇ ਸੁੰਦਰ ਹੋ ਜਾਂਦੀ ਹੈ। ਮਾਂਡਵਯਾ ਨੂੰ ਵੀ ਆਪਣੀ ਸੂਲੀ ਤੋਂ ਮੁਕਤੀ ਮਿਲ ਜਾਂਦੀ ਹੈ। ਦੀਰਘਿਕਾ ਜਿਸ ਥਾਂ ਤੋਂ ਪਾਣੀ ਕਢਦੀ ਹੈ ਉਸ ਨੂੰ ਦੀਰਘਕਾ ਕਿਹਾ ਜਾਣ ਲੱਗਾ ਜਿਸ ਵਿਚ ਸ਼ਾਸਤਰਾਂ ਅਨੁਸਾਰ ਇਸ਼ਨਾਨ ਕਰਨ ਦਾ ਬਹੁਤ ਮਹਾਤਮ ਹੈ। ਕਥਾ ਤੋਂ ਸੰਕੇਤ ਮਿਲਦਾ ਹੈ ਕਿ ਤਲਾਬ ਦੇ ਅਰਥ ਦਿੰਦਾ ਦੀਰਘਿਕਾ ਸ਼ਬਦ ਇਕ ਲੰਬੂਤਰੇ ਜਲ ਭੰਡਾਰ ਦਾ ਅਰਥਾਵਾਂ ਹੈ। ਸੰਸਕ੍ਰਿਤ ਵਿਚ ਗੰਗਾ ਦਾ ਇੱਕ ਨਾਂ ਸੁਰ ਦੀਰਘਿਕਾ ਹੈ। ਪੌਰਾਣਿਕ ਮਿਥਾਂ ਵਿਚ ਸ਼ਬਦਾਂ ਦੀ ਮੁਢੀ ਬਾਰੇ ਅਜਿਹੇ ਅਨੇਕਾਂ ਅਖਿਆਨ ਤੇ ਕਥਾਵਾਂ ਮਿਲਦੀਆਂ ਹਨ ਪਰ ਅਸੀਂ ਇਨ੍ਹਾਂ ਵਿਚ ਬਹੁਤਾ ਵਿਸ਼ਵਾਸ ਨਹੀਂ ਕਰਦੇ। ਹਾਂ ਡਿੱਗੀ ਸ਼ਬਦ ਪਿੱਛੇ ਦੀਰਘ ਸ਼ਬਦ ਦੇ ਲੰਮਾ ਚੌੜਾ ਹੋਣ ਦਾ ਭਾਵ ਜ਼ਰੂਰ ਕੰਮ ਕਰ ਰਿਹਾ ਹੈ ਤਤਪਰਜ ਉਹ ਜਲ ਭੰਡਾਰ ਜੋ ਬਹੁਤ ਵਿਸ਼ਾਲ ਹੈ।

# ਰੱਬ ਰਾਖਾ

ਕੁਝ ਧਾਰਮਿਕ ਕਥਾਵਾਂ ਜਾਂ ਸਾਖੀਆਂ ਜੋ ਸਿੱਖ ਗੁਰੂ ਸਾਹਿਬਾਨ ਨਾਲ ਜੁੜੀਆਂ ਹੋਈਆਂ ਹਨ ਅਤੇ ਮੈਡੀਕਲ ਸਾਇੰਸ ਮੁਤਾਬਕ ਗਲਤ ਮਹਿਸੂਸ ਹੁੰਦੀਆਂ ਹਨ ਅਜਿਹੀਆਂ ਸਾਖੀਆਂ ਸਿਰਫ ਸਿੱਖ ਧਰਮ ਵਿਚ ਹੀ ਨਹੀਂ ਸਭ ਧਰਮਾਂ ਵਿਚ ਮੌਜੂਦ ਹਨ ਪਰ ਇਨ੍ਹਾਂ ਦੇ ਆਧਾਰ 'ਤੇ ਹਰ ਕੋਈ ਸਿੱਖਾਂ 'ਤੇ ਹੀ ਸਵਾਲ ਕਿਉਂ ਕਰਦਾ ਹੈ? ਸੋਚਣ ਦੀ ਲੋੜ ਹੈ, ਸ਼ਾਇਦ ਕਿਉਂਕਿ ਇੱਕ ਤਾਂ ਅਸੀਂ ਘੱਟ ਗਿਣਤੀ ਧਰਮ ਦੇ ਲੋਕ ਹਾਂ ਅਤੇ ਉਸ ਤੋਂ ਵੀ ਦੁਖਦਾਈ ਵਜ੍ਹਾ ਹੈ ਕਿ ਅਸੀਂ ਆਪਸੀ ਫੁੱਟ ਦਾ ਡਾਢਾ ਸ਼ਿਕਾਰ ਹਾਂ। ਲੀਡਰਲੈੱਸ ਕੌਮ ਦੇ ਲੋਕ ਹਾਂ ਇਥੋਂ ਤੱਕ ਕੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤ ਸਾਹਿਬਾਨ ਦੇ ਜਥੇਦਾਰ ਵੀ ਕੁਝ ਨਹੀਂ ਕਰਦੇ, ਜੇ ਕਰਦੇ ਹਨ ਤਾਂ ਕੁਝ ਸਿੱਖ ਜਥੇਬੰਦੀਆਂ ਹੀ ਉਨ੍ਹਾਂ ਨੂੰ ਝੂਠੇ ਸਾਬਤ ਕਰਨ ਵਾਸਤੇ ਵਿਕ ਜਾਂਦੀਆਂ ਹਨ। ਕੁਝ ਸਮਾਂ ਪਹਿਲਾਂ ਕਿਹਾ ਜਾਣ ਲੱਗਾ ਸੀ ਕਿ ਬਹੁਤਾਤ ਵਿਚ ਸਿੱਖ ਕੌਮ ਹੁਣ ਵਿਦੇਸ਼ਾਂ ਵੱਲ ਜਾਣ ਲੱਗ ਪਈ ਉਥੇ ਇਹ ਖਾਸੇ ਅਮੀਰ ਅਤੇ ਉੱਚ ਰੁਤਬਿਆਂ 'ਤੇ ਪਹੁੰਚ ਗਏ ਹਨ ਹੁਣ ਇਹ ਵਿਦੇਸ਼ ਵਿਚ ਵੀ ਅਤੇ ਆਪਣੇ ਦੇਸ਼ ਵਿਚ ਵੀ ਸਿੱਖਾਂ ਦੀ ਬਾਂਹ ਫ਼ੜਨਗੇ ਭਾਵ ਘੱਟ-ਗਿਣਤੀ ਹੋਣ ਕਾਰਨ ਹੋਣ ਵਾਲੇ ਧੱਕੇ ਅਤੇ ਜ਼ੁਲਮ ਖਿਲਾਫ਼ ਆਵਾਜ਼ ਯੂ.ਐਨ.ਓ. ਵਿਚ ਉਠਾਉਣਗੇ ਪਰ ਬਦਕਿਸਮਤੀ ਨਾਲ ਅਜਿਹਾ ਹੋ ਨਹੀਂ ਸਕਿਆ ਕਿਉਂਕਿ ਕੁਝ ਤਾਂ ਅਸੀਂ ਖ਼ੁਦ ਗਰਮ ਸੁਭਾਅ ਦੇ ਹਾਂ ਅਤੇ ਅਸੀਂ ਖ਼ੁਦ ਆਪਣੀਆਂ ਬੇੜੀਆਂ ਵਿਚ ਵੱਟੇ ਪਾਏ ਹੋਏ ਹਨ। ਗੁਰੂ ਘਰਾਂ ਦੀਆਂ ਗੋਲਕਾਂ ਅਤੇ ਪ੍ਰਧਾਨਗੀਆਂ ਦੀ ਖਾਤਰ ਗੁਰੂ ਘਰਾਂ ਵਿਚ ਹੀ ਅਸੀਂ ਇੱਕ ਦੂਜੇ ਦੀਆਂ ਦਸਤਾਰਾਂ ਉਤਾਰੀਆਂ, ਗਾਲ਼ਾਂ ਕੱਢੀਆਂ, ਕਿਰਪਾਨਾਂ ਚਲਾਈਆਂ ਇੱਥੋਂ ਤੱਕ ਕਿ ਗੋਲੀਆਂ ਨਾਲ ਵੀ ਸਿੱਖਾਂ ਹੱਥੋਂ ਸਿੱਖ ਕਤਲ ਹੋਏ, ਜਿਸ ਨਾਲ ਯੂਰਪੀ ਮੂਲ ਦੇ ਗੋਰਿਆਂ ਦੇ ਮਨ ਵਿਚ ਅਸੀਂ ਆਪਣੇ ਖ਼ਿਲਾਫ ਆਪ ਨਫਰਤ ਭਰ ਲਈ। ਦੂਜੇ 9/11 ਦੇ ਅਟੈਕ ਉਪਰੰਤ ਅਸੀਂ ਪਗੜੀਧਾਰੀ ਲੋਕ ਭੁਲੇਖੇ ਦਾ ਸ਼ਿਕਾਰ ਹੋਣ ਲੱਗੇ ਅਤੇ ਤੀਜਾ ਕਾਰਨ ਭਾਰਤੀ ਸਰਕਾਰਾਂ ਨੇ ਸਿੱਖਾਂ ਨੂੰ ਅੱਤਵਾਦੀ, ਵੱਖਵਾਦੀ ਅਤੇ ਲੜਾਈ ਕਰਨ ਵਾਲੇ ਲੋਕ ਦੱਸ ਕੇ ਯੂ.ਐਨ.ਓ. ਦੇ ਕੰਨ ਭਰਨੇ ਜਾਰੀ ਰੱਖੇ ਹੋਰ ਤਾਂ ਹੋਰ ਚੋਣਵੇਂ ਸਿੱਖਾਂ ਦੇ ਕਤਲ ਹੋਣ 'ਤੇ ਦੋਸ਼ ਵੀ ਏਜੰਸੀਆਂ ਉੱਪਰ ਲੱਗੇ, ਜਿਸ ਨਾਲ ਆਮ ਸਿੱਖ ਵੀ ਡਰ ਗਿਆ ਅਤੇ ਯੂ.ਐਨ.ਓ. ਨੇ ਵੀ ਓਨਾਂ ਵਧੀਆ ਅਤੇ ਪ੍ਰਭਾਵਸ਼ਾਲੀ ਰੋਲ ਅਦਾ ਨਹੀਂ ਕੀਤਾ ਜਿੰਨਾ ਕਰਨਾ ਚਾਹੀਦਾ ਸੀ। ਲਿਹਾਜ਼ਾ ਭਾਰਤ ਵਿਚ ਬੈਠੇ ਸਿੱਖ ਨੂੰ ਤਾਂ ਆਪਣੇ ਦੇਸ਼ ਦੇ ਸੌੜੀ ਸੋਚ ਵਾਲੇ ਲੀਡਰਾਂ ਦੀ ਬੇਰੁਖੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਅਤੇ ਵਿਦੇਸ਼ਾਂ ਵਿਚ ਏਜੰਸੀਆਂ ਤੋਂ ਇਲਾਵਾ ਭੁਲੇਖੇ (ਮਿੱਸ ਅਡੈਂਟਿਟੀ) ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੁਣ ਤਾਂ ਰੱਬ ਹੀ ਰਾਖਾ ਹੈ ਸਿੱਖ ਕੌਮ ਦਾ ਲਿਹਾਜ਼ਾ ਸਾਨੂੰ ਠੰਢੇ ਮਨ ਅਤੇ ਸੀਤਲ ਸੋਚ ਨਾਲ ਚੱਲ ਕੇ ਆਪਣੇ ਆਪ ਨੂੰ ਸਹੀ ਅਤੇ ਨਿਰਦੋਸ਼ ਅਤੇ ਅਮਨ-ਪਸੰਦ ਕੌਮ ਹੋਣ ਦਾ ਵਿਸ਼ਵਾਸ ਦਿਵਾਉਣਾ ਪੈਣਾ ਹੈ, ਉਸ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ।


*-ਹਰਦੀਪ ਸਿੰਘ ਸੋਢੀ ਨਡਾਲਾ*
*ਫੋਨ: 480-794-0325*

# 'ਨਾਨਕ ਨਾਮ ਜਹਾਜ' ਤੋਂ 'ਰਜਨੀ' ਤੱਕ ਦਾ ਸਫਰ!



ਹਰਜੀਤ ਦਿਓਲ

ਦੋਵਾਂ ਫਿਲਮਾਂ ਦਰਮਿਆਨ ਕੋਈ ਅੱਧੀ ਸਦੀ ਦਾ ਸਮਾਂ ਬੀਤ ਗਿਆ ਹੈ ਪਰ ਅਸੀਂ ਬੜੇ ਸਬਰ ਨਾਲ ਸ਼ਰਧਾ ਦੀ ਬੁੱਕਲ ਮਾਰ ਅੱਖਾਂ ਬੰਦ ਕਰੀ ਇੱਕ ਪੱਥਰ ਦੇ ਬੁੱਤ ਵਾਂਗ ਉੱਥੇ ਹੀ ਖੜ੍ਹੇ ਹਾਂ। ਜਿਵੇਂ ਕਿਸੇ ਵੇਲੇ ਧਾਰਮਿਕ ਪੰਜਾਬੀ ਫਿਲਮ ਨਾਨਕ ਨਾਮ ਜਹਾਜ ਹਿਟ ਹੋਈ ਸੀ ਸੁਣਿਐ ਪਈ ਧਰਮ ਆਧਾਰਤ ਰਜਨੀ ਫਿਲਮ ਵੀ ਵੱਡੀਆਂ ਭੀੜਾਂ ਆਕਰਸ਼ਤ ਕਰ ਰਹੀ ਹੈ। ਨਾਨਕ ਨਾਮ ਜਹਾਜ ਫਿਲਮ ਵਿਚ ਇੱਕ ਅੰਨ੍ਹੇ ਕਿਰਦਾਰ ਦੀਆਂ ਅੱਖਾਂ ਦਰਬਾਰ ਸਾਹਿਬ ਹਾਜ਼ਰੀ ਭਰਨ ਨਾਲ ਚਮਤਕਾਰਕ ਢੰਗ ਨਾਲ ਵਾਪਸ ਆ ਗਈਆਂ ਸਨ ਅਤੇ ਉਹ ਫਿਰ ਤੋਂ ਸੁਜਾਖਾ ਹੋ ਗਿਆ ਸੀ। ਉਵੇਂ ਹੀ ਰਜਨੀ ਫਿਲਮ ਵਿਚ ਇੱਕ ਕਿਰਦਾਰ ਨੂੰ ਸਰੋਵਰ ਵਿਚ ਡੁਬਕੀ ਲਗਾਉਣ ਨਾਲ ਨਰੋਆ (ਕੋਹੜ ਤੋਂ) ਹੋਇਆ ਦਿਖਾਇਆ ਗਿਆ ਹੋਵੇਗਾ। ਚਮਤਕਾਰ ਕੋ ਨਮਸਕਾਰ। ਕਿਸੇ ਸਮੇਂ ਰਾਮਾਇਣ ਅਤੇ ਮਹਾਭਾਰਤ ਧਾਰਮਿਕ ਟੀ. ਵੀ. ਸੀਰੀਅਲ ਵੀ ਬੇਹੱਦ ਹਿੱਟ ਹੋਏ ਸਨ। ਇਸ ਅੱਧੀ ਸਦੀ ਦੇ ਲੰਮੇ ਸਮੇਂ ਵਿਚਕਾਰ ਵਿਗਿਆਨ ਨੇ ਤਰੱਕੀ ਦੀਆਂ ਵੱਡੀਆਂ





ਪੁਲਾਂਘਾਂ ਪੁੱਟ ਲਈਆਂ ਹਨ। ਵਿਗਿਆਨੀਆਂ ਨੇ ਅਨੇਕਾਂ ਨਵੀਆਂ ਕਾਢਾਂ ਨਾਲ ਦੁਨੀਆਂ ਰੁਸ਼ਨਾ ਦਿੱਤੀ ਹੈ ਪਰ ਸ਼ਰਧਾਲੂ ਅੱਜ ਵੀ ਚਮਤਕਾਰ ਵਰਗੇ ਗੈਰ-ਕੁਦਰਤੀ ਵਰਤਾਰਿਆਂ ਦੀ ਆਸ ਦਾ ਪੱਲਾ ਨਹੀਂ ਛੱਡ ਰਹੇ। ਅੰਧ-ਵਿਸ਼ਵਾਸੀ ਸ਼ਰਧਾਲੂਆਂ ਨੂੰ ਸ਼ਾਇਦ ਹੀ ਪਤਾ ਹੋਵੇ ਕਿ 1824 ਵਿਚ ਆਪਣੇ ਬਚਪਨ ਵਿਚ ਹੀ ਅੱਖਾਂ ਗੁਆਉਣ ਵਾਲੇ ਲੁਇਸ ਬ੍ਰੇਲ ਨਾਂਅ ਦੇ ਫਰੈਂਚ ਵਿਗਿਆਨੀ ਨੇ ਅੰਨ੍ਹਿਆਂ ਦੇ ਪੜ੍ਹਨ-ਲਿਖਣ ਲਈ ਜਿਸ ਬ੍ਰੇਲ ਪੱਧਤੀ ਦੀ ਖੋਜ ਕੀਤੀ ਸੀ ਉਸ ਦੀ ਬਦੌਲਤ ਲੱਖਾਂ ਕਰੋੜਾਂ ਨੇਤਰਹੀਣ ਸਿੱਖਿਅਤ ਹੋ ਕੇ ਰੁਜ਼ਗਾਰ ਦੇ ਕਾਬਲ ਬਣ ਰਹੇ ਹਨ। ਇਸ ਨੂੰ ਕਹਿੰਦੇ ਹਨ ਚਮਤਕਾਰ! ਸ਼ਰਧਾਲੂਆਂ ਨੂੰ ਸ਼ਾਇਦ ਇਹ ਵੀ ਪਤਾ ਨਾ ਹੋਵੇ ਕਿ ਇੱਕ ਸਕੌਟਿਸ਼ ਵਿਗਿਆਨੀ ਅਲੈਗਜ਼ੈਂਡਰ ਫਲੈਮਿੰਗ ਨੇ 1928 ਵਿਚ ਜਿਸ ਪੈਨਸਿਲਿਨ ਦੀ ਖੋਜ ਕੀਤੀ ਉਸ ਐਂਟੀਬਾਇਓਟਿਕ ਦਵਾਈ ਨਾਲ ਅਣਗਿਣਤ ਇਨਫੈਕਸ਼ਨ ਦੇ ਮਰੀਜ਼ ਠੀਕ ਹੋਏ ਨਾ ਕਿ ਕਿਸੇ ਪਵਿੱਤਰ ਸਰੋਵਰ ਵਿਚ ਡੁਬਕੀ ਲਾਉਣ ਨਾਲ! ਜੇ ਕਿਸੇ ਸ਼ਰਧਾਲੂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਵੀ ਕਰੋਗੇ ਤਾਂ ਅੱਗੋਂ ਜਵਾਬ ਮਿਲੇਗਾ " ਦੇਖੋ ਜੀ ਇਹ ਵਿਗਿਆਨੀ ਵੀ ਤਾਂ ਰੱਬ ਨੇ ਹੀ ਪੈਦਾ ਕੀਤੇ ਹਨ?" ਫੜ ਲਓ ਪੂਛ! ਮੁੱਕਦੀ ਗੱਲ ਇਹ ਹੈ ਕਿ ਅੰਧਵਿਸ਼ਵਾਸੀ ਭੀੜਾਂ ਸਾਡੇ ਮੁਲਕ ਦਾ ਉਹ ਸਰਮਾਇਆ ਹਨ ਜਿਸ ਨੂੰ ਕੋਈ ਵੀ ਸ਼ਾਤਰ ਦਿਮਾਗ ਵਰਤ ਸਕਦਾ ਹੈ। ਧਰਮ ਤੰਤਰ ਦੇ ਆਗੂ, ਸਿਆਸਤਦਾਨ ਜਾਂ ਫਿਲਮਾਂ ਵਾਲੇ!

# ਬਾਬਾ ਫਰੀਦ ਨੂੰ ਯਾਦ ਕਰਦਿਆਂ...

ਜਾਂ ਕੁਆਰੀ ਤਾ ਚਾਉ

ਬਾਬਾ ਫਰੀਦ ਦਾ ਇਹ ਦੋਹਾ, 'ਜਾ ਕੁਆਰੀ ਤਾ ਚਾਉ, ਵਿਵਾਹੀ ਤਾ ਮਾਮਲੇ, ਫਰੀਦਾ ਏਹੋ ਪਛੋਤਾਉ, ਵਤਿ ਕੁਆਰੀ ਨ ਥੀ' ਮਾਨਵੀ ਜੀਵਨ ਦੇ ਦਵੰਦ ਨੂੰ ਬਾਖੂਬੀ ਪੇਸ਼ ਕਰਦਾ ਹੈ। ਸਦੀਆਂ ਪਹਿਲਾਂ ਇਹੀ ਗੱਲ ਸੁਕਰਾਤ ਦੁਆਰਾ ਕਹੀ ਦੱਸੀ ਜਾਂਦੀ ਹੈ ਕਿ ਮਨੁੱਖੀ ਜੀਵਨ ਦੇ ਦੋ ਦੁਖਾਂਤ ਹਨ, ਮਨ ਚਾਹੀ ਚੀਜ਼ ਦਾ ਨਾ ਮਿਲਣਾ ਜਾਂ ਮਨਚਾਹੀ ਚੀਜ਼ ਦਾ ਮਿਲ ਜਾਣਾ। ਮਨੁੱਖ ਦੋਵਾਂ ਗੱਲਾਂ ਨਾਲ ਪਛਤਾਉਂਦਾ ਹੈ। ਕਿਸੇ ਵੀ ਤਰ੍ਹਾਂ ਦੇ ਮੋਹ, ਉਸ ਦੀ ਪੂਰਤੀ ਅਤੇ ਫਿਰ ਪਛਤਾਵੇ ਦੀ ਤ੍ਰਿਵੈਣੀ 'ਚੋਂ ਗੁਜ਼ਰਦਾ ਮਰ ਜਾਂਦਾ ਹੈ। ਉਰਦੂ ਦੇ ਕਿਸੇ ਸ਼ਾਇਰ ਨੇ ਇਸੇ ਦੁਬਿਧਾ ਨੂੰ ਇਉਂ ਪੇਸ਼ ਕੀਤਾ ਹੈ, 'ਜ਼ਿੰਦਗੀ ਤੇਰੇ ਤੁਆਕਬ (ਪਿੱਛਾ ਕਰਦਿਆਂ) ਮੇਂ ਹਮ, ਇਤਨਾ ਚਲਤੇ ਹੈਂ ਕਿ ਮਰ ਜਾਤੇ ਹੈਂ।



ਅਵਤਾਰ ਗੋਂਦਾਰਾ
ਫੋਨ: 559-375-2589

ਫਰੀਦ ਇੱਛਾਵਾਂ, ਰੀਝਾਂ ਅਤੇ ਉਨ੍ਹਾਂ ਦੀ ਪੂਰਤੀ ਦੇ ਦਵੰਦ ਦੀ ਗੱਲ ਕਰਦਾ ਹੈ। ਬੱਚਾ ਜੰਮਦਿਆਂ ਹੀ ਬੈਠਣ, ਰੁੜ੍ਹਨ ਅਤੇ ਫਿਰ ਵੱਡਿਆਂ ਵਾਂਗ ਖੜ੍ਹਾ ਹੋਣ ਅਤੇ ਤੁਰਨ ਲਈ ਤਾਂਘਦਾ ਹੈ। ਹਰ ਪੜਾਅ 'ਤੇ ਉਸ ਦੀ ਤਾਂਘ ਦੀ ਪੂਰਤੀ ਦਾ ਚਾਅ ਮਿਣਿਆ ਨਹੀਂ ਜਾਂਦਾ। ਇਹ ਚਾਅ ਥੁੜ੍ਹਚਿਰਾ ਹੁੰਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਹਰ ਪ੍ਰਾਪਤੀ, ਆਪਣੀ ਕੁੱਖ ਵਿਚ, ਇੱਕ ਹੋਰ ਚਾਅ ਲਈ ਬੈਠੀ ਹੁੰਦੀ ਹੈ। ਖੜ੍ਹਨ ਵੇਲੇ ਦਾ ਚਾਅ, ਬੈਠਣ ਵੇਲੇ ਦੇ ਚਾਅ ਨੂੰ ਖਾ ਜਾਂਦਾ ਹੈ। ਇਸੇ ਤਰ੍ਹਾਂ, ਤੁਰਨ ਵੇਲੇ ਦਾ, ਬੈਠਣ ਵੇਲੇ ਦੇ ਚਾਅ ਨੂੰ। ਇਹ ਅਮੁੱਕ ਸਿਲਸਿਲਾ ਚਲਦਾ ਰਹਿੰਦਾ ਹੈ। ਇਹੀ ਦੁਨਿਆਵੀ ਲੀਲ੍ਹਾ ਹੈ।

ਵਿਆਹ ਦੇ ਹਵਾਲੇ ਨਾਲ, ਫਰੀਦ ਇਸ ਦਵੰਦ ਨੂੰ ਵਿਅਕਤ ਕਰਦਾ ਹੈ, ਉਹ ਇਸ ਦਾ ਹੱਲ ਨਹੀਂ ਦਸਦਾ। ਉਹ ਇਹ ਨਹੀਂ ਕਹਿੰਦਾ ਕਿ ਚਾਅ ਕਰੋ ਜਾਂ ਨਾ ਕਰੋ ਜਾਂ ਵਿਆਹ ਕਰੋ ਜਾਂ ਕੁਆਰੇ ਰਹੋ। ਉਹ ਚੱਕਰਵਿਊ ਦਾ ਨਕਸ਼ਾ ਪੇਸ਼ ਕਰਦਾ ਹੈ, ਇਸ ਦੀ ਸੂਹ ਨਹੀਂ ਦਿੰਦਾ ਕਿ ਨਿਕਲਣਾ ਕਿਵੇਂ ਹੈ? ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਮੁੰਡਿਆਂ ਦੀ ਬਨਿਸਬਤ, ਕੁੜੀਆਂ ਨੂੰ ਵਿਆਹ ਦਾ ਚਾਅ ਜ਼ਿਆਦਾ ਹੁੰਦਾ ਹੈ। ਇਸ ਦਾ ਕਾਰਣ ਉਨ੍ਹਾਂ ਦੀ ਪਰਿਵਾਰਕ ਜਾਂ ਸਮਾਜਿਕ ਸਥਿਤੀ ਵੀ ਹੋ ਸਕਦੀ ਹੈ। ਜਿੱਥੇ ਘੁਟਨ ਹੈ, ਬੰਦਿਸ਼ਾਂ ਹਨ। ਆਵਦੇ ਭਰਾਵਾਂ ਵਾਂਗ ਖੁੱਲ੍ਹ ਨਹੀਂ ਮਿਲਦੀ। ਉਸ ਨੂੰ ਲਗਦਾ ਹੈ ਕਿ ਵਿਆਹ, ਉਸ ਦੇ ਚਾਵਾਂ, ਰੀਝਾਂ ਨੂੰ ਪੂਰਾ ਕਰਨ ਦਾ ਇੱਕੋ ਇੱਕ ਜ਼ਰੀਆ ਹੈ। ਇਸ ਨਾਲ ਉਸ ਦੀ ਜ਼ਿੰਦਗੀ ਸੰਪੂਰਨ ਹੋ ਜਾਵੇਗੀ। ਚਾਵਾਂ ਦੀ ਪੂਰਤੀ ਦੀ ਕੁੱਖ 'ਚ ਪਲ ਰਹੇ ਮਾਮਲਿਆਂ ਦੀ ਉਸ ਨੂੰ ਸਾਰ ਨਹੀਂ ਹੁੰਦੀ। ਹੋ ਸਕਦੈ, ਉਹ ਉਨ੍ਹਾਂ ਦ੍ਰਵਿਤ ਪਲਾਂ 'ਚ ਇਨ੍ਹਾਂ ਬਾਰੇ ਸੋਚਣਾ ਹੀ ਨਾ ਚਾਹੁੰਦੀ ਹੋਵੇ।



ਫਰੀਦ ਚਾਅ, ਨੂੰ ਨਿੰਦਦਾ ਨਹੀਂ, ਉਸ ਵਿਚ ਲੁਕੇ ਸੰਭਾਵਿਤ ਮਾਮਲਿਆਂ ਦੀ ਟੋਅ ਦਿੰਦਾ ਹੈ। ਨਾਲੇ ਚਾਅ ਸੋਚ ਕੇ ਨਹੀਂ ਹੁੰਦਾ, ਇਹ ਬਸ ਆ ਜਾਂਦਾ ਹੈ, ਪਿਆਰ ਵਾਂਗ। ਚਾਅ, ਖਾਲੇ ਦੇ ਪਾਣੀ ਵਾਂਗ ਨਹੀਂ, ਹੜ੍ਹ ਵਾਂਗ ਹੁੰਦਾ ਹੈ। ਚਾਅ ਚਾਅ ਵਿਚ ਮਨੁੱਖ ਕਈ ਵਾਰ, ਅਜਿਹੀਆਂ ਗੱਲਾਂ ਕਰ ਜਾਂ ਫੈਸਲੇ ਲੈ ਲੈਂਦਾ ਹੈ, ਕਿ ਉਸ ਨੂੰ ਉਮਰ ਭਰ ਪਛਤਾਉਣਾ ਪੈਂਦਾ ਹੈ। ਕਿਸੇ ਦੇ ਮਨ ਵਿਚ, ਸੁਆਲ ਪੈਦਾ ਹੋ ਸਕਦੈ ਕਿ ਕੀ ਚਾਅ ਹੋਣਾ ਨਹੀਂ ਚਾਹੀਦਾ? ਇਹ ਸੁਆਲ ਹੀ ਗਲਤ ਹੈ। ਚਾਅ ਅਤੇ ਇੱਛਾ, ਸੋਚ ਸਮਝ ਕੇ ਕਰਨ ਵਾਲੀਆਂ ਗੱਲਾਂ ਨਹੀਂ। ਜੇ ਇਹ ਗੱਲ ਹੁੰਦੀ ਤਾਂ ਬਾਬਾ ਫਰੀਦ ਨੇ ਸਾਫ ਲਿਖ ਦੇਣਾ ਸੀ ਕਿ ਪਿਛੋਂ ਪਛਤਾਉਣ ਨਾਲੋਂ, ਬਈ ਚਾਅ ਨਾ ਕਰਿਓ।

ਮਨੁੱਖ ਕਿਸੇ ਵੀ ਸਥਿਤੀ ਨਾਲ ਇੱਕਸੁਰ ਨਹੀਂ ਹੁੰਦੇ। ਸਾਡੇ ਹੁਣ ਅਤੇ ਕਾਲਪਨਿਕ ਭਵਿੱਖ ਵਿਚ ਤਣਾਓ ਬਣਿਆ ਰਹਿੰਦਾ ਹੈ। ਇਹੀ ਤਣਾਓ ਸਾਨੂੰ ਭਜਾਈ ਫਿਰਦਾ ਹੈ। ਕੁਆਰੇ ਹੋਣਾ ਮਾੜੀ ਗੱਲ ਨਹੀਂ। ਕੁਆਰੇਪਣ ਨਾਲ ਪਵਿੱਤਰਤਾ ਵੀ ਜੁੜੀ ਹੋਈ ਹੈ। ਪੁੰਨ ਖੱਟਣ ਲਈ ਲੋਕ, ਕੁਆਰੀਆਂ ਕੁੜੀਆਂ ਨੂੰ ਖਾਣਾ ਖੁਆਉਂਦੇ ਹਨ। ਦੇਖਣ ਵਾਲੀ ਗੱਲ ਇਹ ਹੈ ਕਿ, ਕੁਆਰਾਪਣ ਚਾਅ ਪੈਦਾ ਕਰਦਾ। ਚਾਅ ਤਾਂ, ਵਿਆਹ ਦਾ ਹੈ। ਕੁੜੀ ਲਈ ਇਹ ਭਾਰ ਹੈ। ਇਸ ਭਾਰ ਤੋਂ ਸੁਰਖਰੂ ਹੋਣ ਦਾ ਜ਼ਰੀਆ ਵਿਆਹ ਹੈ। ਇਥੇ ਕੁਆਰੇਪਣ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਨਹੀਂ, ਸਗੋਂ ਇਸ ਤੋਂ ਮੁਕਤ ਹੋਣ ਦਾ, ਇਸ ਨੂੰ ਗੁਆਉਣ ਦਾ ਚਾਅ ਹੈ। ਇਹ ਸੌਦਾ ਏਨਾ ਸਸਤਾ ਨਹੀਂ, ਲਾਹੇਵੰਦਾ ਨਹੀਂ, ਛੇਕੜ ਨੂੰ ਪਛਤਾਵੇ ਵਾਲਾ ਹੀ ਹੈ। ਖੁੱਲ੍ਹੇ ਸਮਾਜਾਂ ਵਿਚ ਤਾਂ ਇਹ ਰੀਤ ਹੀ ਬਣ ਗਈ ਹੈ ਕਿ ਬਾਹਲਾ ਚਿਰ ਪਛਤਾਉਣਾ ਨਹੀਂ, ਜੇ ਇੱਕ ਵਿਆਹ ਸੂਤ ਨਹੀਂ ਬਹਿੰਦਾ ਤਾਂ ਛੱਡੋ ਅਤੇ ਹੋਰ ਕਰਵਾ ਲਓ। ਕਈ-ਕਈ ਵਿਆਹ ਹੋ ਜਾਂਦੇ ਹਨ। ਪਰ ਗੱਲ ਨਹੀਂ ਬਣਦੀ। ਅਜੇਹੇ ਜਿਉੜਿਆਂ ਨੂੰ ਬਾਬਾ ਫਰੀਦ ਦਾ ਇਹ ਦੋਹਾ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ। ਕਸੂਰ ਕਿਸੇ ਇੱਕ ਦਾ ਨਹੀਂ, ਵਿਆਹ ਦੇ ਰਿਸ਼ਤੇ ਵਿਚ ਲੁਕੇ ਦਵੰਦ ਦਾ ਹੈ। ਇਹ ਲੜਾਈ ਝਗੜੇ ਦਾ ਮਸਲਾ ਨਹੀਂ। ਇਹ ਚਾਅ, ਚਾਅ ਪੂਰਤੀ ਅਤੇ ਪਛਤਾਵੇ ਦੀ ਖੇਡ ਹੈ। ਇਨ੍ਹਾਂ ਵਿਚੋਂ ਕਿਸੇ ਇੱਕ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਇਹ ਹੋ ਹੀ ਨਹੀਂ ਸਕਦਾ ਕਿ ਕਿਸੇ ਦਾ ਕਿਸੇ ਬਾਰੇ ਚਾਅ ਸਾਰੀ ਉਮਰ ਬਰਕਰਾਰ ਰਹੇ। ਜਿਵੇਂ ਹਰ ਦਿਨ ਪੂਰਨਮਾਸ਼ੀ ਨਹੀਂ ਹੁੰਦੀ। ਕਿਸੇ ਬੰਦੇ ਜਾਂ ਚੀਜ਼ ਦਾ ਚਾਅ, ਉਸ ਦੀ ਗੈਰਹਾਜ਼ਰੀ ਵਿਚ ਹੀ ਹੈ, ਉਸ ਦੀ ਪ੍ਰਾਪਤੀ ਵਿਚ ਨਹੀਂ। ਮਿਲਣ ਮਗਰੋਂ, ਹਰ ਖਾਸ ਚੀਜ਼, ਆਮ ਬਣ ਜਾਂਦੀ ਹੈ।

ਫਰੀਦ ਦਾ ਸਬੰਧ ਇਕੱਲੇ ਵਿਆਹ ਦੇ ਚਾਅ ਨਾਲ ਨਹੀਂ। ਇਸ ਨੇਮ ਨੂੰ, ਹਰ ਤਰ੍ਹਾਂ ਦੇ ਚਾਅ ਉਪਰ ਲਾਗੂ ਕੀਤਾ ਜਾ ਸਕਦਾ ਹੈ। ਇਸ ਭਾਵੇਂ ਸਿਆਸਤ ਹੋਵੇ, ਬਿਜ਼ਨੈਸ ਹੋਵੇ, ਭਾਵੇਂ ਪੈਸਾ। ਇਸ ਦਾ ਕੋਈ ਹੱਦ-ਬੰਨ੍ਹਾ ਨਹੀਂ। ਮਨੁੱਖ ਧੰਦੇ ਬਦਲਦੈ, ਪਾਰਟੀਆਂ ਬਦਲਦੈ, ਕਦੇ ਇਹ ਕਰਦਾ ਹੈ, ਕਦੇ ਉਹ ਕਰਦਾ ਹੈ। ਦੋਸਤਾਂ ਨਾਲ, ਭਰਾਵਾਂ ਨਾਲ ਲੜਦਾ ਹੈ। ਕਈਆਂ ਨੂੰ ਤਾਂ ਸਾਰੀ ਉਮਰ ਇਹੀ ਨਹੀਂ ਪਤਾ ਲਗਦਾ ਕਿ ਉਹ ਕਾਹਦੇ ਲਈ ਬਣਿਆ ਹੈ? ਕਿਉਂ ਲੜ ਰਿਹਾ ਹੈ?

ਸਾਰੀ ਚਰਚਾ ਤੋਂ ਇਕ ਜਾਇਜ਼ ਸੁਆਲ ਪੈਦਾ ਹੋ ਸਕਦਾ ਹੈ। ਕੀ ਹੱਥ ਉਪਰ ਹੱਥ ਰੱਖ ਕੇ ਬੈਠਾ ਜਾਵੇ, ਕੁਝ ਕਰੀਏ ਹੀ ਨਾ? ਗੱਲ ਇਹ ਨਹੀਂ। ਫਰੀਦ ਦੂਜੀ ਸਤਰ ਵਿਚ, ਕੀਤੇ ਚਾਅ ਦਾ ਹਸ਼ਰ ਦਸਦਾ ਹੈ। ਚਾਅ ਤਾਂ ਪੂਰਾ ਹੋ ਗਿਆ, ਪਰ ਮਸਲੇ ਖੜ੍ਹੇ ਹੋ ਗਏ, ਜਿਨ੍ਹਾਂ ਬਾਰੇ ਕਿਆਸਿਆ ਨਹੀਂ ਸੀ। ਕੁਆਰਾਪਣ ਗੁਆਚਣ ਦਾ ਪਛਤਾਵਾ ਵੀ ਨਾਲ ਹੀ ਆ ਗਿਆ। ਹੁਣ ਦੁਬਾਰਾ ਕੁਆਰਾ ਕਿਵੇਂ ਬਣਿਆ ਜਾਵੇ? ਇਹ ਸੁਆਲ ਅਹਿਮ ਹੈ। ਜੋ ਹੋ ਗਿਆ, ਸੋ ਹੋ ਗਿਆ। ਕੀਤੇ ਨੂੰ, ਅਣਕੀਤਾ ਨਹੀਂ ਕਰਿਆ ਜਾ ਸਕਦਾ। ਕੁਆਰਾਪਣ ਇਕੱਲਾ ਸਰੀਰਕ ਨਹੀਂ, ਮਨ ਦੀ ਨਿਰਮਲਤਾ, ਸੁਹਿਰਦਤਾ, ਸਰਲਤਾ, ਅਤੇ ਪਾਰਦਰਸ਼ਤਾ ਵੀ ਹੈ।

ਪਛਤਾਵੇ ਤੋਂ ਬਚਣ ਦਾ ਇਹੀ ਹੱਲ ਹੈ। ਮਨ ਨੂੰ ਕੁਆਰਾ ਰੱਖਿਆ ਜਾਵੇ। ਇਸ ਵਿਚ ਦਵੈਖ, ਸਾੜਾ, ਈਰਖਾ, ਲਾਲਚ ਨਾ ਹੋਵੇ। ਪੈਦਾ ਹੋ ਰਹੇ ਗਲਤ ਚਾਵਾਂ ਨਾਲ ਇਸ ਨੂੰ ਪਲੀਤ ਨਾ ਕੀਤਾ ਜਾਵੇ। ਆਪਣੇ ਫੈਸਲਿਆਂ, ਚੋਣਾਂ ਨੂੰ, ਨਿਰਪੱਖ ਹੋ ਕੇ ਦੇਖ ਪਰਖ ਲਿਆ ਜਾਵੇ। ਇਹ ਕੰਮ ਸੌਖਾ ਨਹੀਂ। ਕੀ ਲਏ ਜਾ ਰਹੇ ਫੈਸਲੇ ਸਹੀ ਹਨ? ਕੀ ਇੱਛ ਪ੍ਰਾਪਤੀਆਂ ਹੰਢਣਸਾਰ ਹਨ? ਸੋਚ ਸਮਝ ਕੇ ਲਏ ਫੈਸਲਿਆਂ ਜਾਂ ਚੋਣ ਦੇ ਚਾਅ ਨਾਲ ਪਛਤਾਵਾ ਘੱਟ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

# ਕਾਹਦੀ ਆਜ਼ਾਦੀ ! ਵੱਖ-ਵੱਖ ਹਲਕਿਆਂ ਵਿਚ ਵੰਡਿਆ ਪਿੰਡ

***ਕਪੂਰਥਲਾ ਤੇ ਜਲੰਧਰ ਦੋ ਜ਼ਿਲ੍ਹੇ, ਖਡੂਰ ਸਾਹਿਬ ਅਤੇ ਜਲੰਧਰ ਦੋ ਲੋਕ ਸਭਾ ਹਲਕੇ, ਦੋ ਵਿਧਾਨ ਸਭਾ ਹਲਕੇ, ਦੋ ਤਹਿਸੀਲਾਂ, ਦੋ ਥਾਣੇ, ਦੋ ਐਸਡੀਐਮ ਅਤੇ ਤਿੰਨ ਪੰਚਾਇਤਾਂ ਵਿਚ ਵੰਡੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਸਹੁਰੇ ਪਿੰਡ ਦਿਆਲਪੁਰ ਦੀ ਅਜਬ ਕਹਾਣੀ।***

ਕਈ ਮੁੱਦੇ ਸਿਰਫ਼ ਚੋਣਾਂ ਦੌਰਾਨ ਹੀ ਸਾਹਮਣੇ ਆਉਂਦੇ ਹਨ ਤੇ ਚੋਣਾਂ ਬਾਅਦ ਦਬ ਕੇ ਰਹਿ ਜਾਂਦੇ ਹਨ। ਮੁੜ ਉਨ੍ਹਾਂ ਦੀ ਕੋਈ ਸਾਰ ਨਹੀਂ ਲੈਂਦਾ ਤੇ ਗੱਲ ਆਈ-ਗਈ ਹੋ ਜਾਂਦੀ ਹੈ। ਜੇ ਪਾਕਿਸਤਾਨ ਨੂੰ ਹੁਸੈਨੀਵਾਲਾ ਲੈਣ ਖ਼ਾਤਰ ਤਬਾਦਲੇ ਵਿਚ ਜ਼ਮੀਨ ਦਿੱਤੀ ਜਾ ਸਕਦੀ ਹੈ ਤਾਂ ਫੇਰ ਦੇਸ਼ ਅੰਦਰਲੇ ਅਜਿਹੇ ਮਸਲੇ ਕਿਉਂ ਨਹੀਂ ਹੱਲ ਕੀਤੇ ਜਾਂਦੇ? ਇਹ ਤਾਂ ਸੁਣਿਆ ਹੈ ਡੱਬਵਾਲੀ ਦੇ ਕਈ ਘਰਾਂ ਦੇ ਵਿਹੜੇ ਪੰਜਾਬ ਵਿਚ ਹਨ ਤੇ ਘਰ ਹਰਿਆਣੇ ਵਿਚ ਅਤੇ ਇਸ ਤਰ੍ਹਾਂ ਕਈ ਘਰਾਂ ਦੇ ਵਿਹੜੇ ਹਰਿਆਣੇ ਵਿਚ ਹਨ ਤੇ ਘਰ ਪੰਜਾਬ ਵਿਚ। ਚਲੋ ਇਹ ਤਾਂ ਹੋ ਗਿਆ ਦੋ ਰਾਜਾਂ ਦਾ ਮਸਲਾ ਪਰ ਹੈ ਇਹ ਵੀ ਮਾੜਾ। ਪਰ ਪਿੰਡ ਦਿਆਲਪੁਰ ਤਾਂ ਪੰਜਾਬ ਦਾ ਹੀ ਪਿੰਡ ਹੈ। ਦੋ ਪਾਰਲੀਮੈਂਟ ਮੈਂਬਰ ਅਤੇ ਦੋ ਵਿਧਾਇਕ ਹੋਣ ਦੇ ਬਾਵਜੂਦ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ। ਕੀ ਫ਼ਾਇਦਾ ਅਜਿਹੇ ਨੁਮਾਇੰਦਿਆਂ ਦਾ ਜੋ ਲੋਕ ਮਸਲੇ ਹੀ ਹੱਲ ਨਹੀਂ ਕਰਵਾਉਂਦੇ?



ਕੁਲਦੀਪ ਧਨੌਲਾ
ਫੋਨ: 94642-91023

ਜਲੰਧਰ-ਅੰਮ੍ਰਿਤਸਰ ਨੈਸ਼ਨਲ ਹਾਈਵੇਅ ਉਤੇ ਸਥਿਤ ਦਿਆਲਪੁਰ, ਪੰਜਾਬ ਦਾ ਅਜਿਹਾ ਪਿੰਡ ਹੈ, ਜੋ ਦੋ ਜ਼ਿਲ੍ਹਿਆਂ, ਦੋ ਪਾਰਲੀਮੈਂਟ ਤੇ ਦੋ ਵਿਧਾਨ ਸਭਾ ਹਲਕਿਆਂ, ਦੋ ਤਹਿਸੀਲਾਂ, ਦੋ ਐਸਡੀਐਮਜ਼, ਦੋ ਥਾਣਿਆਂ ਅਤੇ ਤਿੰਨ ਪੰਚਾਇਤਾਂ ਵਿਚ ਵੰਡਿਆ ਹੋਇਆ ਹੈ।

ਇਸ ਦੀਆਂ ਦੋ ਪੰਚਾਇਤਾਂ ਕਪੂਰਥਲਾ ਜ਼ਿਲ੍ਹੇ ਅਧੀਨ ਆਉਂਦੀਆਂ ਹਨ ਜਦੋਂਕਿ ਇਕ ਜਲੰਧਰ ਵਾਲੇ ਹਿੱਸੇ ਵੱਲ ਹੈ। ਪਿੰਡ ਦੇ ਦੋ ਪਾਰਲੀਮੈਂਟ ਮੈਂਬਰ ਅਤੇ ਦੋ ਵਿਧਾਇਕ ਹੋਣ ਦੇ ਬਾਵਜੂਦ ਮਸਲਾ ਜਿਉਂ ਦਾ ਤਿਉਂ ਹੈ। ਲਗਪਗ 9500 ਦੀ ਆਬਾਦੀ ਵਾਲਾ ਇਹ ਮਹਾਰਾਜਾ ਜਗਜੀਤ ਸਿੰਘ ਦੀ ਰਿਆਸਤ ਦਾ ਆਖ਼ਰੀ ਪਿੰਡ ਸੀ। ਦੂਜੇ ਪਾਸੇ ਕਰਤਾਰਪੁਰ ਦੀ ਜ਼ਮੀਨ ਸੀ। ਓਧਰ ਵੀ ਲੋਕ ਆ ਕੇ ਵਸ ਗਏ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪਿੰਡ ਦਾ ਇਕ ਹਿੱਸਾ ਕਪੂਰਥਲਾ ਜ਼ਿਲ੍ਹੇ, ਜਦੋਂ ਕਿ ਦੂਜਾ ਹਿੱਸਾ ਜਲੰਧਰ ਜ਼ਿਲ੍ਹੇ ਅਧੀਨ ਆ ਗਿਆ। 2018 ਵਿਚ ਕਪੂਰਥਲੇ ਵਾਲੇ ਹਿੱਸੇ ਦੀਆਂ ਦੋ ਪੰਚਾਇਤਾਂ ਬਣਾ ਦਿੱਤੀਆਂ ਗਈਆਂ। ਇਸ ਪਿੰਡ ਦਾ, ਜੋ ਏਰੀਆ ਜਲੰਧਰ ਜ਼ਿਲ੍ਹੇ ਅਧੀਨ ਆਉਂਦਾ ਹੈ, ਉਹਦੇ ਸਰਪੰਚ ਹਰਜਿੰਦਰ ਸਿੰਘ ਰਾਜਾ ਹਨ। ਇਸ ਪੰਚਾਇਤ ਦਾ ਵਿਧਾਨ ਸਭਾ ਏਰੀਆ, ਤਹਿਸੀਲ, ਸਬ-ਡਿਵੀਜ਼ਨ ਅਤੇ ਪੁਲੀਸ ਥਾਣਾ ਕਰਤਾਰਪੁਰ ਹੈ। ਕਪੂਰਥਲੇ ਅਧੀਨ ਆਉਣ ਵਾਲੇ ਹਿੱਸੇ ਦੇ ਸਰਪੰਚ ਸੁਖਦੇਵ ਮਰਵਾਹਾ ਦੀ ਮੌਤ ਹੋ ਚੁੱਕੀ ਹੈ ਜਦੋਂਕਿ ਦੂਜੀ ਪੰਚਾਇਤ ਦੀ ਸਰਪੰਚ ਬੀਬੀ ਰਾਜਵਿੰਦਰ ਕੌਰ ਹੈ। ਦੋਵਾਂ ਦਾ ਪੰਚਾਇਤੀ ਖੇਤਰ, ਤਹਿਸੀਲ, ਐਸਡੀਐਮ ਭੁਲੱਥ ਹੈ, ਜਦੋਂਕਿ ਥਾਣਾ ਸੁਭਾਨਪੁਰ ਹੈ। ਲੋਕਾਂ ਨੇ ਪਹਿਚਾਣ ਬਣਾਉਣ ਲਈ ਪਿੰਡ ਨੂੰ ਜਲੰਧਰ ਵਾਲਾ ਦਿਆਲਪੁਰ, ਕਪੂਰਥਲੇ ਵਾਲਾ ਦਿਆਲਪੁਰ ਅਤੇ ਨਵਾਂ ਦਿਆਲਪੁਰ ਤਿੰਨ ਨਾਵਾਂ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ ਹੈ। ਉਂਜ ਭਾਵੇਂ ਕਾਗਜ਼ਾਂ ਵਿਚ ਪਿੰਡ ਦਾ ਨਾਂ ਇੱਕੋ ਹੀ ਹੈ ਪਰ ਵੱਖੋ-ਵੱਖ ਪੰਚਾਇਤਾਂ ਦੇ ਨਾਲ-ਨਾਲ ਵੱਖੋ-ਵੱਖਰੇ ਸਕੂਲ ਅਤੇ ਵੱਖਰੇ-ਵੱਖਰੇ ਗੁਰਦੁਆਰੇ ਵੀ ਹਨ।

ਹੈਰਾਨੀਜਨਕ ਗੱਲ ਇਹ ਵੀ ਹੈ ਕਿ ਇਸ ਪਿੰਡ ਵਿਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਭੈਣ ਅਮਰ ਕੌਰ ਵਿਆਹੀ ਹੋਣ ਦੇ ਬਾਵਜੂਦ ਕਿਸੇ ਨੇਤਾ ਜਾਂ ਅਧਿਕਾਰੀ ਨੇ ਪਿੰਡ ਦੀ ਸਮੱਸਿਆ ਤਣ-ਪੱਤਣ ਲਾਉਣ ਦੀ ਖੇਚਲ ਨਹੀਂ ਕੀਤੀ ਤੇ ਪਿੰਡ ਵਾਸੀਆਂ ਨੂੰ ਇਸ ਦੀ ਸਜ਼ਾ ਭੁਗਤਣੀ ਪੈ ਰਹੀ ਹੈ। ਮੁੱਦੇ ਚੁੱਕਣ ਦੇ 'ਮਾਹਿਰ' ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਕਦੇ ਇਸ ਪਿੰਡ ਦਾ ਜ਼ਿਕਰ, ਨਾ ਵਿਧਾਨ ਸਭਾ ਵਿਚ ਅਤੇ ਨਾ ਹੀ ਜਨਤਕ ਤੌਰ ਉਤੇ ਕੀਤਾ ਜਾਪਦਾ ਹੈ, ਨਹੀਂ ਤਾਂ ਹੁਣ ਤਕ ਇਹਦਾ ਹੱਲ ਨਿਕਲਿਆ ਹੁੰਦਾ। ਇਸ ਮਸਲੇ 'ਤੇ ਬੀਬੀ ਜਗੀਰ ਕੌਰ ਵੀ ਚੁੱਪ ਹੈ ਪਰ ਪ੍ਰੇਸ਼ਾਨੀ ਤਾਂ ਲੋਕਾਂ ਨੂੰ ਹੁੰਦੀ ਹੈ। ਨੇਤਾ ਤਾਂ ਵੋਟਾਂ ਵੇਲੇ ਆਉਂਦੇ ਹਨ ਤੇ ਆਪੋ-ਆਪਣੀ ਡਫਲੀ ਵਜਾ ਕੇ ਤੁਰ ਜਾਂਦੇ ਹਨ। ਵਿਧਾਨ ਸਭਾ ਹਲਕਿਆਂ ਦੀ ਨਵੀਂ ਹੱਦਬੰਦੀ ਸਮੇਂ ਲੋਕਾਂ ਦੀ ਸਮੱਸਿਆ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਪੁਲੀਸ ਹੱਦਬੰਦੀ ਦੇ ਚੱਕਰ ਵਿਚ ਫਸ ਜਾਂਦੀ ਹੈ। ਇੱਥੇ ਹੀ ਬੱਸ ਨਹੀਂ, ਜੇ ਕਿਸੇ ਨੇ ਸਰਟੀਫਿਕੇਟ ਵਗੈਰਾ ਤਸਦੀਕ ਕਰਵਾਉਣਾ ਹੋਵੇ ਤਾਂ ਜਲੰਧਰ ਵਾਲਾ ਨੰਬਰਦਾਰ ਜਾਂ ਕਪੂਰਥਲੇ ਵਾਲਾ ਨੰਬਰਦਾਰ ਦੇ ਨਾਂ ਉੱਤੇ ਵੀ ਵਿਵਾਦ ਖੜ੍ਹਾ ਹੋ ਜਾਂਦਾ ਹੈ। ਕਈ ਵਾਰ ਜਦੋਂ ਪਾਰਲੀਮੈਂਟ ਮੈਂਬਰ ਆਪਣੇ ਏਰੀਏ ਵਾਲੇ ਹਿੱਸੇ ਨੂੰ ਗਰਾਂਟ ਦੇ ਜਾਂਦਾ ਹੈ ਤਾਂ ਦੂਜਾ ਹਿੱਸਾ ਕੰਨੀਂ ਦੇ ਕਿਆਰੇ ਵਾਂਗ ਗਰਾਂਟ ਬਾਝੋਂ ਸੁੱਕਾ ਹੀ ਰਹਿ ਜਾਂਦਾ ਹੈ। ਉਂਜ ਚੋਣਾਂ ਵੇਲੇ ਰੈਲੀਆਂ ਦੌਰਾਨ ਚਾਹ-ਪਾਣੀ ਦਾ ਆਨੰਦ ਸਾਰਾ ਪਿੰਡ ਇਕੱਠਾ ਹੀ ਮਾਣਦਾ ਹੈ।



ਇਸ ਪਿੰਡ ਦੀ ਕਹਾਣੀ ਤੋਂ ਮੈਨੂੰ ਬਚਪਨ ਦੀ ਗੱਲ ਯਾਦ ਆ ਗਈ, ਜਦੋਂ ਸਾਡੇ ਪਿੰਡ ਧਨੌਲਾ ਦੀ ਦਾਣਾ ਮੰਡੀ ਵਿਚ (ਇਹ ਉਨ੍ਹਾਂ ਭਲੇ ਦਿਨਾਂ ਦੀ ਗੱਲ ਹੈ ਜਦੋਂ ਕਦੇ ਅਕਾਲੀ ਦਲ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਦਾ ਹੁੰਦਾ ਸੀ, ਬਾਅਦ ਵਿਚ ਸੱਤਾ ਦੇ ਨਸ਼ੇ ਵਿਚ ਚੂਰ ਨੇਤਾਵਾਂ ਨੇ ਇਹ ਮੁੱਦੇ ਹੀ ਭੁਲਾ ਦਿੱਤੇ) ਪ੍ਰਕਾਸ਼ ਸਿੰਘ ਬਾਦਲ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ, "ਮੇਰੇ ਕੋਲ ਪਿੰਡ ਕੁੱਤੀਵਾਲ ਦੀ ਪੰਚਾਇਤ ਆ ਕੇ ਕਹਿੰਦੀ, "ਸਾਡੇ ਪਿੰਡ ਦਾ ਨਾਂ ਬਦਲ ਦਿਓ, ਜਦੋਂ ਅਸੀਂ ਕੁੜੀ-ਮੁੰਡੇ ਦਾ ਰਿਸ਼ਤਾ ਕਰਨਾ ਹੁੰਦਾ ਹੈ ਤਾਂ ਪਿੰਡ ਦਾ ਨਾਂ ਸੁਣ ਕੇ ਲੋਕ ਕੰਨੀਂ ਕਤਰਾਉਂਦੇ ਹਨ ਤੇ ਮੈਂ ਹਾਂ ਕਰ ਦਿੱਤੀ ਕਿ ਇਹ ਤਾਂ ਜਾਇਜ਼ ਮੰਗ ਹੈ, ਮੈਂ ਪਿੰਡ ਦਾ ਨਾਂ ਜ਼ਰੂਰ ਬਦਲੂੰਗਾ ਤੇ ਜਦੋਂ ਚੰਡੀਗੜ੍ਹ ਜਾ ਕੇ ਸੈਕਟਰੀ ਨੂੰ ਕਿਹਾ ਕੇ ਭਾਈ ਲਿਆਓ ਕੁੱਤੀਵਾਲ ਵਾਲੀ ਫਾਈਲ ਬਦਲੀਏ ਪਿੰਡ ਦਾ ਨਾਂ।" ਤਾਂ ਅੱਗੋਂ ਸੈਕਟਰੀ ਕਹਿਣ ਲੱਗਿਆ, "ਸਰ ਤੁਸੀਂ ਪਿੰਡ ਦਾ ਨਾਂ ਨਹੀਂ ਬਦਲ ਸਕਦੇ, ਇਸ ਖ਼ਾਤਰ ਤਾਂ ਕੇਂਦਰ ਤੋਂ ਮਨਜ਼ੂਰੀ ਲੈਣੀ ਪੈਣੀ ਹੈ।"

ਬਾਦਲ ਕਹਿਣ ਲੱਗੇ, "ਲੋਕੋ ਪੰਜਾਬ ਦੇ ਮੁੱਖ ਮੰਤਰੀ ਕੋਲ ਤਾਂ ਪਿੰਡ ਦਾ ਨਾਂ ਬਦਲਣ ਦਾ ਵੀ ਅਧਿਕਾਰ ਨਹੀਂ, ਫੇਰ ਕੀ ਫਾਇਦਾ ਅਜਿਹੇ ਅਹੁਦੇ ਦਾ?" ਪਰ ਇਸ ਤਰ੍ਹਾਂ ਕੇਂਦਰ ਦੇ 'ਧੱਕੇ' ਦੀ ਗੱਲ ਕਰ ਕੇ ਉਹ ਤੁਰਦੇ ਬਣੇ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਉਸ ਤੋਂ ਬਾਅਦ ਵੀ ਉਹ ਤਿੰਨ ਵਾਰ ਮੁੱਖ ਮੰਤਰੀ ਬਣ ਕੇ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਰਿਕਾਰਡ ਬਣਾ ਗਏ ਪ੍ਰੰਤੂ ਉਨ੍ਹਾਂ ਪਿੰਡ ਕੁੱਤੀਵਾਲ ਦਾ ਨਾਂ ਬਦਲਣ ਦੀ ਖੇਚਲ ਨਹੀਂ ਕੀਤੀ। ਹਾਂ ਜਦੋਂ ਉਨ੍ਹਾਂ ਦੇ ਦੋ ਸਾਲ਼ਿਆਂ 'ਚ ਜੀਜਾ ਜੀ, ਮੈਨੂੰ ਸਰਪੰਚ ਬਣਾਓ, ਜੀਜਾ ਜੀ, ਮੈਨੂੰ ਸਰਪੰਚ ਬਣਾਓ ਦੀ 'ਜੰਗ' ਛਿੜੀ ਸੀ ਤਾਂ ਬਾਦਲ ਸਾਹਬ ਨੇ ਰਾਤੋ-ਰਾਤ ਆਪਣੇ ਸਹੁਰੇ ਪਿੰਡ ਚੱਕ ਫਤਿਹ ਸਿੰਘ ਦੀਆਂ ਦੋ ਪੰਚਾਇਤਾਂ ਬਣਾ ਕੇ ਦੋਵੇਂ ਸਾਲੇ ਸਰਪੰਚ ਬਣਾ ਕੇ ਖੁਸ਼ ਕਰ ਦਿੱਤੇ ਸਨ। ਸੋ ਗੱਲ ਤਾਂ ਮਸਲੇ ਨੂੰ ਤਰਜੀਹ ਦੇਣ ਦੀ ਹੈ, ਜੇ ਉਹ ਸੱਚੇ ਦਿਲੋਂ ਚਾਹੁੰਦੇ ਤਾਂ ਕੁੱਤੀਵਾਲ ਦਾ ਨਾਂ ਵੀ ਬਦਲ ਸਕਦੇ ਸਨ ਪਰ ਉਹ ਆਮ ਪਿੰਡ ਦੇ ਲੋਕਾਂ ਦੀ ਮੰਗ ਸੀ। ਜੇ ਕਿਤੇ ਪਿੰਡ ਚੱਕ ਫ਼ਤਿਹ ਸਿੰਘ ਦੀ ਥਾਂ ਪਿੰਡ ਕੁੱਤੀਵਾਲ, ਬਾਦਲ ਸਾਹਬ ਸਿਹਰੇ ਬੰਨ੍ਹ ਕੇ ਢੁੱਕੇ ਹੁੰਦੇ ਤਾਂ ਫੇਰ ਇਸ ਦਾ ਨਾਂ ਵੀ ਸ਼ਾਇਦ ਕਦੋਂ ਦਾ 'ਸੁਰਿੰਦਰਗੜ੍ਹ, ਬਾਦਲਗੜ੍ਹ ਜਾਂ ਸੁਖਬੀਰਗੜ੍ਹ' ਪੈ ਗਿਆ ਹੁੰਦਾ। ਇਹੀ ਹਾਲ ਪਿੰਡ ਦਿਆਲਪੁਰ ਦਾ ਹੈ, ਕਿਉਂਕਿ ਇਹ ਸ੍ਰੀ ਬਾਦਲ ਦੇ ਸਹੁਰੇ ਪਿੰਡ ਦੀ ਥਾਂ ਸ਼ਹੀਦ ਭਗਤ ਸਿੰਘ ਦੀ ਭੈਣ ਦੇ ਸਹੁਰਿਆਂ ਦਾ ਪਿੰਡ ਹੈ। ਇਸੇ ਕਾਰਨ ਇਹ ਸਮੱਸਿਆਵਾਂ ਨਾਲ ਜੂਝ ਰਿਹਾ ਹੈ।

ਲੋਕਾਂ ਨੂੰ ਭਗਵੰਤ ਮਾਨ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਚੁੱਕਣ ਤੋਂ ਆਸ ਜਾਗੀ ਸੀ ਕਿ ਸ਼ਾਇਦ ਨਿੱਜੀ ਤੌਰ 'ਤੇ ਦੋ ਭਾਗਾਂ ਵਿਚ ਵੰਡੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਸਹੁਰਿਆਂ ਦੇ ਪਿੰਡ ਦਿਆਲਪੁਰ ਨੂੰ ਕਿਸੇ ਇਕ ਜ਼ਿਲ੍ਹੇ, ਇਕ ਪਾਰਲੀਮੈਂਟ ਅਤੇ ਇਕ ਵਿਧਾਨ ਸਭਾ ਹਲਕੇ ਨਾਲ ਜੋੜ ਕੇ ਆਏ ਦਿਨ ਹੁੰਦੀ ਖੱਜਲ-ਖੁਆਰੀ ਤੋਂ ਨਿਜ਼ਾਤ ਦਿਵਾਉਣਗੇ ਭਾਵੇਂ ਭਗਵੰਤ ਮਾਨ ਦੀ ਪਾਰੀ ਅੱਧੀ ਬੀਤ ਚੁੱਕੀ ਹੈ ਪਰ ਅਜੇ ਤੱਕ ਮਸਲਾ ਹੱਲ ਨਹੀਂ ਹੋਇਆ। ਉਂਜ, ਲੋਕਾਂ ਨੂੰ ਅਜੇ ਵੀ ਆਸ ਹੈ ਕਿ ਉਹ ਇਸ ਮਸਲੇ ਦਾ ਹੱਲ ਜ਼ਰੂਰ ਕਰਨਗੇ। ਇਸ ਦੇ ਨਾਲ ਹੀ ਜੇ ਲਗਦੇ ਹੱਥ ਉਹ ਪਿੰਡ ਕੁੱਤੀਵਾਲ ਦਾ ਨਾਂ ਵੀ ਬਦਲ ਦੇਣ ਤਾਂ ਉਥੋਂ ਦੇ ਲੋਕ ਵੀ ਖ਼ੁਸ਼ ਹੋ ਜਾਣਗੇ ਪਰ ਗੱਲ ਤਾਂ ਮੁੱਦੇ ਨੂੰ ਤਰਜੀਹ ਦੇਣ ਦੀ ਹੈ।

# ਪ੍ਰਿੰਟ ਮੀਡੀਆ ਅਤੇ ਪੰਜਾਬੀ ਭਾਸ਼ਾ

***ਟੈਲੀਵਿਜ਼ਨ ਜਿਹੇ ਮਾਧਿਅਮ ਰਾਹੀਂ ਹੋ ਰਹੀ ਸੰਚਾਰ ਦੀ ਪ੍ਰਕਿਰਿਆ ਸਿੱਧੀ ਅੱਖਾਂ ਤੋਂ ਦਿਲ ਵੱਲ ਹੁੰਦੀ ਹੈ ਜਿੱਥੇ ਪ੍ਰਿੰਟ ਮੀਡੀਆ ਰਾਹੀਂ ਹੋ ਰਿਹਾ ਸੰਚਾਰ ਅੱਖਾਂ ਤੋਂ ਲੰਘ ਕੇ ਦਿਮਾਗ ਵੱਲ ਜਾਂਦਾ ਹੈ। ਲਿਖਤੀ ਭਾਸ਼ਾ ਲਗਭਗ 6000 ਸਾਲ ਪੁਰਾਣੀ ਹੈ ਜਦੋਂਕਿ ਬੋਲੀ ਜਾਂਦੀ ਭਾਸ਼ਾ 40000 ਸਾਲ ਤੋਂ ਵੀ ਵੱਧ। ਮੌਖਿਕ ਸੰਚਾਰ ਦੌਰਾਨ ਜੋ ਧੁਨੀਆਂ ਵਿਕਸਤ ਹੋਈਆਂ, ਉਨ੍ਹਾਂ ਨੇ ਲਿਖਤੀ ਭਾਸ਼ਾ ਦੇ ਵਿਕਾਸ ਵਿਚ ਅਹਿਮ ਰੋਲ ਨਿਭਾਇਆ। ਪਹਿਲਾਂ ਸਾਧਾਰਨ ਕੰਧ ਚਿੱਤਰਾਂ, ਫਿਰ ਚਿੰਨ੍ਹਾਤਮਕ ਕੰਧ ਚਿੱਤਰਾਂ ਨੇ ਫੋਨੋਗਰਾਫੀ, ਭਾਵ ਉਹ ਚਿੱਤਰ ਜਿਹੜੇ ਧੁਨੀ ਤੋਂ ਪ੍ਰੇਰਿਤ ਹੁੰਦੇ ਸਨ, ਨੇ ਸ਼ਬਦਾਂ ਦੀ ਉਤਪਤੀ ਤੇ ਬਣਤਰ 'ਚ ਵੱਡਾ ਰੋਲ ਅਦਾ ਕੀਤਾ।***

ਮਨੁੱਖ ਭਾਵੇਂ ਹਜ਼ਾਰਾਂ ਵਰ੍ਹਿਆਂ ਤੋਂ ਕਿਸੇ ਨਾ ਕਿਸੇ ਢੰਗ ਨਾਲ ਸੰਚਾਰ ਕਰਦਾ ਰਿਹਾ ਹੈ ਪਰ ਇਹ ਸੰਚਾਰ ਵਧੇਰੇ ਅਰਥ ਭਰਪੂਰ, ਅਸਰਦਾਰ ਅਤੇ ਸਰਬਵਿਆਪੀ ਵੱਖ-ਵੱਖ ਭਾਸ਼ਾਵਾਂ ਦੇ ਸੰਗਠਿਤ ਰੂਪ ਵਿਚ ਸਾਹਮਣੇ ਆਉਣ ਤੋਂ ਬਾਅਦ ਹੀ ਹੋਇਆ ਹੈ। ਭਾਸ਼ਾਵਾਂ ਦੇ ਲਿਖਤੀ ਰੂਪ ਸਾਹਮਣੇ ਆਉਣ ਤੋਂ ਬਾਅਦ ਵੀ ਉਸ ਸਮੇਂ ਸਿਰਜੀਆਂ ਗਈਆਂ ਲਿਖਤਾਂ ਦਾ ਘੇਰਾ ਗਿਣੇ ਚੁਣੇ ਪਾਠਕਾਂ ਤੱਕ ਸੀਮਤ ਰਹਿੰਦਾ ਸੀ। ਆਖ਼ਰ ਕੋਈ ਲੇਖਕ ਲਿਖ-ਲਿਖ ਕੇ ਕਿੰਨੇ ਕੁ ਖਰੜੇ ਤਿਆਰ ਕਰ ਸਕਦਾ ਸੀ? ਭਾਸ਼ਾਵਾਂ ਦਾ ਅਸਲ ਵਿਕਾਸ ਅਤੇ ਪ੍ਰਸਾਰ ਛਾਪੇਖਾਨੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਹੋਇਆ। ਛਾਪੇਖਾਨੇ ਨੂੰ ਸੰਚਾਰ ਦੇ ਖੇਤਰ ਵਿਚ ਸਭ ਤੋਂ ਪਹਿਲਾ ਗੁਣਕ (ਮਲਟੀਪਲਾਇਰ) ਮੰਨਿਆ ਗਿਆ ਹੈ।

ਪਹਿਲਾਂ ਹਜ਼ਾਰਾਂ ਸਾਲ ਆਵਾਜ਼ਾਂ ਅਤੇ ਇਸ਼ਾਰਿਆਂ ਨਾਲ ਮੌਖਿਕ ਅਤੇ ਗ਼ੈਰ-ਮੌਖਿਕ ਸੰਚਾਰ ਕਰ ਕੇ ਮਨੁੱਖ ਨੇ ਆਪਣੀਆਂ ਸੰਚਾਰ ਸਮਰੱਥਾਵਾਂ



ਵਿਚ ਅਹਿਮ ਵਾਧਾ ਕਰ ਲਿਆ ਸੀ ਪਰ ਪਹਿਲਾਂ ਲਿਖਣ ਅਤੇ ਫਿਰ ਛਾਪਣ/ਛਪਣ ਦੀ ਪ੍ਰਕਿਰਿਆ ਨੇ ਮਨੁੱਖ ਨੂੰ ਸਿਰਫ਼ ਆਪਣੀ ਯਾਦਦਾਸ਼ਤ ਉਪਰ ਨਿਰਭਰਤਾ ਤੋਂ ਸੁਰਖ਼ਰੂ

**ਪ੍ਰੋ. ਨਵਜੀਤ ਸਿੰਘ ਜੌਹਲ**
**ਫੋਨ: +91-981555-51478**

ਕੀਤਾ। ਉਹ ਸੰਚਾਰ ਜੋ ਪਹਿਲਾਂ ਬੜੇ ਛੋਟੇ ਭੂਗੋਲਿਕ ਅਤੇ ਸਮਾਜਿਕ ਤਾਣੇ ਬਾਣੇ 'ਚ ਹੁੰਦਾ ਸੀ, ਹੌਲੀ-ਹੌਲੀ ਵੱਡੇ ਪੱਧਰ 'ਤੇ ਹੋਣ ਲੱਗਿਆ। ਮਨੁੱਖੀ ਸੰਚਾਰ ਦੇ ਇਤਿਹਾਸ ਦੇ ਮੁਕਾਬਲੇ ਸੰਗਠਿਤ ਜਨ-ਸੰਚਾਰ ਦਾ ਇਤਿਹਾਸ ਬਹੁਤ ਛੋਟਾ ਹੈ। ਸੰਚਾਰ ਤੇ ਜਨ-ਸੰਚਾਰ ਬਾਰੇ ਕਈ ਕਿਤਾਬਾਂ ਦੇ ਲੇਖਕ ਵਿਲਬਰ ਸ਼ਰੰਮ ਦਾ ਕਹਿਣਾ ਹੈ ਕਿ ਜੇ ਮਨੁੱਖ ਦੇ ਇਤਿਹਾਸ ਨੂੰ ਇੱਕ ਦਿਨ (24 ਘੰਟੇ) ਮੰਨ ਲਿਆ ਜਾਵੇ ਤਾਂ ਜਨ-ਸੰਚਾਰ ਦਾ ਆਰੰਭ ਅੱਧੀ ਰਾਤ ਤੋਂ ਸਿਰਫ਼ 7 ਸਕਿੰਟ ਪਹਿਲਾਂ ਹੋਇਆ। ਪ੍ਰਸਿੱਧ ਸੰਚਾਰ ਮਾਹਿਰ ਅਤੇ ਚਿੰਤਕ ਮਾਰਸ਼ਲ ਮੈਕਲੁਹਾਨ ਦਾ ਤਰਕ ਸੀ ਕਿ ਜਨ-ਸੰਚਾਰ ਵੱਖ-ਵੱਖ ਮਨੁੱਖੀ ਇੰਦਰੀਆਂ ਦਾ ਹੀ ਵਿਸਥਾਰ ਹੈ; ਮਿਸਾਲ ਵਜੋਂ ਰੇਡੀਓ ਮਨੁੱਖੀ ਜੀਭ ਤੇ ਕੰਨ ਦਾ, ਟੈਲੀਵਿਜ਼ਨ ਅੱਖਾਂ ਦਾ। ਉਸ ਦਾ ਇਹ ਮੰਨਣਾ ਸੀ ਕਿ ਮਨੁੱਖ ਦੇ ਆਧੁਨਿਕ ਚੇਤਨਾ ਬੋਧ ਦਾ ਆਰੰਭ ਭਾਵੇਂ ਹੱਥ ਲਿਖਤਾਂ ਨਾਲ ਹੋਇਆ ਸੀ ਪਰ ਇਸ ਦਾ ਦਾਇਰਾ ਬਹੁਤ ਸੀਮਤ ਸੀ।

ਟੈਲੀਵਿਜ਼ਨ ਜਿਹੇ ਮਾਧਿਅਮ ਰਾਹੀਂ ਹੋ ਰਹੀ ਸੰਚਾਰ ਦੀ ਪ੍ਰਕਿਰਿਆ ਸਿੱਧੀ ਅੱਖਾਂ ਤੋਂ ਦਿਲ ਵੱਲ ਹੁੰਦੀ ਹੈ ਜਿੱਥੇ ਪ੍ਰਿੰਟ ਮੀਡੀਆ ਰਾਹੀਂ ਹੋ ਰਿਹਾ ਸੰਚਾਰ ਅੱਖਾਂ ਤੋਂ ਲੰਘ ਕੇ ਦਿਮਾਗ ਵੱਲ ਜਾਂਦਾ ਹੈ। ਲਿਖਤੀ ਭਾਸ਼ਾ ਲਗਭਗ 6000 ਸਾਲ ਪੁਰਾਣੀ ਹੈ; ਬੋਲੀ ਜਾਂਦੀ ਭਾਸ਼ਾ 40000 ਸਾਲ ਤੋਂ ਵੀ ਵੱਧ। ਮੌਖਿਕ ਸੰਚਾਰ ਦੌਰਾਨ ਜੋ ਧੁਨੀਆਂ ਵਿਕਸਤ ਹੋਈਆਂ, ਉਨ੍ਹਾਂ ਨੇ ਲਿਖਤੀ ਭਾਸ਼ਾ ਦੇ ਵਿਕਾਸ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ। ਪਹਿਲਾਂ ਸਾਧਾਰਨ ਕੰਧ ਚਿੱਤਰਾਂ ਅਤੇ ਫਿਰ ਚਿੰਨ੍ਹਾਤਮਕ ਕੰਧ ਚਿੱਤਰਾਂ ਨੇ ਹੀ ਫੋਨੋਗਰਾਫੀ (ਉਹ ਚਿੱਤਰ ਜਿਹੜੇ ਧੁਨੀ ਤੋਂ ਪ੍ਰੇਰਿਤ ਹੁੰਦੇ ਸਨ) ਨੇ ਸ਼ਬਦਾਂ ਦੀ ਉਤਪਤੀ ਅਤੇ ਬਣਤਰ ਵਿਚ ਵੱਡਾ ਰੋਲ ਅਦਾ ਕੀਤਾ। ਪ੍ਰਿੰਟਿੰਗ ਪ੍ਰੈੱਸ ਨੂੰ ਈਜਾਦ ਕਰਨ ਦਾ ਸਿਹਰਾ ਜੋਹਾਨੇਸ ਗੁਟਨਬਰਗ ਨੂੰ ਜਾਂਦਾ ਹੈ ਜਿਸ ਨੇ ਪੰਦਰ੍ਹਵੀਂ ਸਦੀ ਦੇ ਅੱਧ ਵਿਚਕਾਰ ਇਹ ਪ੍ਰੈੱਸ ਬਣਾਈ ਅਤੇ ਫਿਰ 1455 ਵਿਚ ਬਾਈਬਲ ਦੀਆਂ ਸੌ ਤੋਂ ਵੱਧ ਕਾਪੀਆਂ ਛਾਪੀਆਂ।

ਵੱਖ-ਵੱਖ ਕਾਰਨਾਂ ਕਰ ਕੇ ਪੰਜਾਬ ਵਿਚ ਛਪਾਈ ਦਾ ਕੰਮ ਬਹੁਤ ਦੇਰ ਨਾਲ ਸ਼ੁਰੂ ਹੋਇਆ। ਉਨੀਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਬੇਸ਼ੱਕ ਇਸਾਈ ਮਿਸ਼ਨਰੀਆਂ ਨੇ ਲੁਧਿਆਣੇ ਵਿਚ ਛਾਪਾਖਾਨਾ ਲਾ ਲਿਆ ਸੀ ਪਰ ਛਪਾਈ ਬਾਰੇ ਜਾਣਕਾਰੀ ਤੇ ਚੇਤਨਾ ਦੀ ਘਾਟ, ਗੁਰਮੁਖੀ ਲਿੱਪੀ ਦਾ ਮਿਆਰੀਕਰਨ ਨਾ ਹੋਣ ਕਰ ਕੇ ਅਤੇ ਅੰਗਰੇਜ਼ਾਂ ਦਾ ਰਾਜ ਆ ਜਾਣ ਕਾਰਨ ਪੰਜਾਬੀ ਵਿਚ ਪ੍ਰਿੰਟ ਮੀਡੀਆ ਦਾ ਵਿਕਾਸ ਬਹੁਤ ਪੱਛੜ ਗਿਆ। ਪਹਿਲਾਂ ਉਨੀਵੀਂ ਸਦੀ ਦੇ ਅਖ਼ੀਰਲੇ ਅਤੇ ਵੀਹਵੀਂ ਸਦੀ ਦੇ ਪਹਿਲੇ ਕੁਝ ਦਹਾਕਿਆਂ ਦੌਰਾਨ ਸਿੱਖ ਧਰਮ ਦੇ ਪ੍ਰਚਾਰ ਹਿੱਤ ਬਹੁਤ ਸਾਰੇ ਪਰਚੇ ਜਾਰੀ ਹੋਏ ਅਤੇ ਫਿਰ ਅਨੇਕ ਸਾਹਿਤਕ ਪੱਤਰਾਂ ਨੇ ਪੰਜਾਬੀ ਸਾਹਿਤ ਦੇ ਸੰਚਾਰ ਵਿਚ ਅਹਿਮ ਰੋਲ ਅਦਾ ਕਰਨਾ ਸ਼ੁਰੂ ਕਰ ਦਿੱਤਾ।

ਬਾਕੀ ਜਨ-ਸੰਚਾਰ ਸਾਧਨਾਂ ਦੇ ਮੁਕਾਬਲੇ ਪ੍ਰਿੰਟ ਮੀਡੀਆ ਸਭ ਤੋਂ ਪੁਰਾਣਾ ਹੀ ਨਹੀਂ, ਸਭ ਤੋਂ ਪ੍ਰੌੜ, ਹੰਢਣਸਾਰ, ਸੰਭਾਲਣਯੋਗ ਅਤੇ ਭਰੋਸੇਮੰਦ ਮਾਧਿਅਮ ਹੈ। ਇਹ ਅਹਿਮ ਮਾਧਿਅਮ ਹੈ ਜਿਹੜਾ ਸੰਚਾਰ ਪ੍ਰਕਿਰਿਆ ਦਾ ਕੰਟਰੋਲ ਪਾਠਕ ਦੇ ਹੱਥ ਵਿਚ ਦੇ ਕੇ ਆਪ ਸੁਤੰਤਰ ਹੋ ਜਾਂਦਾ ਹੈ। ਮਨੁੱਖ ਨੂੰ ਸੋਚ ਵਿਚ ਨਾ ਪਾ ਕੇ ਚਕਾਚੌਂਧ ਕਰਨ ਵਾਲੇ ਚੈਨਲ ਜਾਂ ਮਾਧਿਅਮ 'ਮੈਸੇਜ' ਦੀ ਆਜ਼ਾਦਾਨਾ ਹੋਂਦ ਹੀ ਖ਼ਤਮ ਕਰ ਦਿੰਦੇ ਹਨ ਜਾਂ ਉਸ ਨੂੰ ਆਪਣੇ ਆਪ 'ਚ ਹੀ ਇਸ ਕਦਰ ਜਜ਼ਬ ਕਰ ਲੈਂਦੇ ਹਨ ਕਿ ਉਸ ਦੀ ਕੋਈ ਆਜ਼ਾਦਾਨਾ ਹਸਤੀ ਹੀ ਨਹੀਂ ਰਹਿੰਦੀ। ਇਸੇ






ਲਈ ਮੈਕਲੁਹਾਨ ਨੇ ਮੀਡੀਅਮ ਇਜ਼ ਦਿ ਮੈਸੇਜ' ਲਿਖ ਕੇ ਸੰਚਾਰ ਖੇਤਰ 'ਚ ਵੱਡੀ ਬਹਿਸ ਨੂੰ ਜਨਮ ਦਿੱਤਾ ਸੀ ਪਰ ਲਿਖਿਆ ਅਤੇ ਛਪਿਆ ਹੋਇਆ ਸ਼ਬਦ ਕਿਸੇ ਧੁਨੀ, ਸੰਗੀਤ, ਦ੍ਰਿਸ਼ ਆਦਿ ਤੋਂ ਆਜ਼ਾਦ ਰਹਿ ਕੇ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਲਿਖਤੀ ਸ਼ਬਦ ਪੜ੍ਹ ਰਿਹਾ ਪਾਠਕ ਖ਼ੁਦ ਆਪਣਾ ਦ੍ਰਿਸ਼ਟਾਂਤ ਅਤੇ ਬਿਰਤਾਂਤ ਸਿਰਜਦਾ ਹੈ। ਸੰਚਾਰ ਮਾਹਿਰਾਂ ਦਾ ਵਿਚਾਰ ਹੈ ਕਿ ਛਪਿਆ ਹੋਇਆ ਸ਼ਬਦ ਕਿਸੇ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਖੋਜ ਨੇ ਸਿੱਧ ਕੀਤਾ ਹੈ ਕਿ ਛਪਿਆ ਹੋਇਆ ਸ਼ਬਦ ਮਨੁੱਖੀ ਦਿਮਾਗ ਦੇ ਖੱਬੇ ਹਿੱਸੇ ਨੂੰ ਪ੍ਰਭਾਵਿਤ ਕਰਦਾ ਹੈ ਜੋ ਵਧੇਰੇ ਤਾਰਕਿਕ (ਲੌਜੀਕਲ), ਵਿਚਾਰਸ਼ੀਲ (ਰੈਸ਼ਨਲ) ਅਤੇ ਭਾਸ਼ਾ ਮੂਲਕ (ਲੈਂਗੂਏਜ ਓਰੀਐਂਟਡ) ਹੁੰਦਾ ਹੈ; ਟੈਲੀਵਿਜ਼ਨ ਜਿਹਾ ਮਾਧਿਅਮ ਮਨੁੱਖੀ ਦਿਮਾਗ ਦੇ ਸੱਜੇ ਹਿੱਸੇ ਵਿਚ ਹਲਚਲ ਪੈਦਾ ਕਰਦਾ ਅਤੇ ਇਸ ਨੂੰ ਹਲੂਣਦਾ ਹੈ ਜਿਹੜਾ ਵਧੇਰੇ ਅੰਤਰ-ਦਰਸ਼ੀ (ਇੰਟਿਊਟਿਵ), ਤਰਕ ਵਿਹੂਣਾ ਅਤੇ ਤਸਵੀਰ ਮੂਲਕ ਹੁੰਦਾ ਹੈ। ਇਉਂ ਪ੍ਰਿੰਟ ਮੀਡੀਆ ਗੰਭੀਰ ਸੂਚਨਾਵਾਂ ਅਤੇ ਗਿਆਨ ਨਾਲ ਜੁੜੀਆਂ ਲੋੜਾਂ ਪੂਰੀਆਂ ਕਰਦਾ ਹੈ। ਇਹ ਸਾਨੂੰ ਯਕਦਮ ਨੱਚਣ ਨਹੀਂ ਸਗੋਂ ਸੋਚਣ ਲਾਉਂਦਾ ਹੈ। ਇਹ ਮਨੁੱਖ ਨੂੰ ਭਾਵੁਕ ਅਤੇ ਤੱਤ ਭੜੱਤੇ ਫ਼ੈਸਲੇ ਕਰਨ ਲਈ ਨਹੀਂ ਉਕਸਾਉਂਦਾ ਸਗੋਂ ਤਰਕ ਦੇ ਲੜ ਲਾਉਂਦਾ ਹੈ। ਇਹ ਟੈਲੀਵਿਜ਼ਨ ਜਾਂ ਮੋਬਾਈਲ ਫੋਨ ਵਾਂਗ ਮਨੁੱਖ ਨੂੰ ਇਹ ਹੁਕਮ ਨਹੀਂ ਦਿੰਦਾ ਕਿ "ਇੱਥੇ ਬੈਠ ਤੇ ਮੈਨੂੰ ਦੇਖ।"

ਪ੍ਰਿੰਟ ਮੀਡੀਆ ਸਵੇਰ ਦਾ ਮਾਧਿਅਮ ਹੈ; ਜਦੋਂ ਮਨੁੱਖੀ ਅੱਖਾਂ, ਮਨ ਅਤੇ ਦਿਮਾਗ ਤਰੋ-ਤਾਜ਼ਾ ਹੁੰਦੇ ਹਨ। ਜਦੋਂ ਮਨੁੱਖ ਇਹ ਜਾਣਨਾ ਚਾਹੁੰਦਾ ਹੈ ਕਿ ਕੱਲ੍ਹ ਕੀ-ਕੀ ਵਾਪਰਿਆ ਅਤੇ ਇਹ ਆਉਣ ਵਾਲੇ ਕੱਲ੍ਹ ਨੂੰ ਕਿਵੇਂ ਪ੍ਰਭਾਵਿਤ ਕਰੇਗਾ। ਅਜਿਹੇ ਸਮੇਂ ਪ੍ਰਿੰਟ ਮੀਡੀਆ, ਵਿਸ਼ੇਸ਼ ਕਰ ਕੇ ਅਖ਼ਬਾਰ ਖ਼ਬਰ ਪੰਨਿਆਂ ਰਾਹੀਂ, ਹਰ ਤਰ੍ਹਾਂ ਦੀਆਂ ਖ਼ਬਰਾਂ ਤੇ ਸੰਪਾਦਕੀ ਰਾਹੀਂ ਕੱਲ੍ਹ ਦੀਆਂ ਮੁੱਖ ਖ਼ਬਰਾਂ 'ਤੇ ਟਿੱਪਣੀ, ਮੁੱਖ ਲੇਖ ਅਤੇ ਹੋਰ ਲੇਖਾਂ ਰਾਹੀਂ ਮਹੱਤਵਪੂਰਨ ਮੁੱਦਿਆਂ ਉਤੇ ਡੂੰਘੀ ਵਿਚਾਰ ਚਰਚਾ ਅਤੇ ਕਿਸੇ ਫੀਚਰ ਜਾਂ ਮਿਡਲ ਰਾਹੀਂ ਹਲਕੇ ਫੁਲਕੇ ਢੰਗ ਨਾਲ ਪਾਠਕ ਦਾ ਸਭਿਆਚਾਰਕ ਮਨੋਰੰਜਨ ਕਰਨ ਦੇ ਨਾਲ-ਨਾਲ ਕੋਈ ਸੁਚਾਰੂ ਅਤੇ ਉਸਾਰੂ ਸੰਦੇਸ਼ ਵੀ ਦਿੰਦਾ ਹੈ। ਇਹ ਸਭ ਕਰਦਿਆਂ ਪ੍ਰਿੰਟ ਮੀਡੀਆ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਸੂਚਨਾਵਾਂ ਤੁਹਾਡੇ ਕੋਲ ਬਿਨਾਂ ਕਿਸੇ ਦੇਰੀ ਤੋਂ ਪਹੁੰਚਣ ਅਤੇ ਇਸ ਵਿਚ ਕਿਸੇ ਕਿਸਮ ਦਾ ਪੱਖਪਾਤ ਨਾ ਹੋਵੇ। ਭਾਸ਼ਾਈ ਅਖ਼ਬਾਰਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਇਹ ਸੂਚਨਾ ਦੀ ਪੇਸ਼ਕਾਰੀ ਸਮੇਂ ਕਿਸੇ ਖ਼ਬਰ ਜਾਂ ਵਿਚਾਰ ਦੀ ਤੱਤਪਰਤਾ ਅਤੇ ਤੀਬਰਤਾ ਦਾ ਧਿਆਨ ਰੱਖਣ ਦੇ ਨਾਲ-ਨਾਲ ਪਾਠਕ ਨੂੰ ਵਿਸ਼ਵ ਨਾਲ ਵੀ ਜੋੜਨ ਪਰ ਸਥਾਨਕ ਖ਼ਬਰਾਂ ਅਤੇ ਸੂਚਨਾਵਾਂ ਤੇ ਮਸਲਿਆਂ ਦੀ ਕੀਮਤ 'ਤੇ ਨਹੀਂ। ਇਹ ਇਸ ਗੱਲ ਦਾ ਧਿਆਨ ਵੀ ਰੱਖਣ ਕਿ ਕਿਹੜੀ ਛਪਣ ਸਮੱਗਰੀ ਸਮਾਜ ਲਈ ਲਾਭਕਾਰੀ ਹੋ ਸਕਦੀ ਹੈ ਅਤੇ ਕਿਹੜੀ ਹਾਨੀਕਾਰਕ। ਸੂਚਨਾ ਦੇ ਸੱਚ, ਬਾਹਰਮੁਖਤਾ ਅਤੇ ਨਿਰਲੇਪਤਾ ਨਾਲ ਕਿਸੇ ਵੀ ਕਿਸਮ ਦਾ ਕੋਈ ਸਮਝੌਤਾ ਨਾ ਕਰਨ। ਮਨੁੱਖ ਦੀ ਜਿਗਿਆਸਾ ਨੂੰ ਤ੍ਰਿਪਤ ਕਰਨ, ਕਿਸੇ ਵੀ ਤਰ੍ਹਾਂ ਦੇ ਦਵੰਦ ਅਤੇ ਪੱਖਪਾਤ ਤੋਂ ਪਰ੍ਹੇ ਰਹਿਣ ਅਤੇ ਪੇਸ਼ਕਾਰੀ ਵਿਚ ਆਪਣੇ ਸਮਾਜ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਵੀ ਧਿਆਨ ਰੱਖਣ।

ਜਿੱਥੇ ਬਹੁਤ ਸਾਰੇ ਮਾਧਿਅਮ ਪਾਣੀ 'ਤੇ ਲੀਕ ਵਰਗੇ ਹਨ, ਉਥੇ ਪ੍ਰਿੰਟ ਮੀਡੀਅਮ ਪੱਥਰ 'ਤੇ ਲੀਕ ਵਾਂਗ ਹੈ ਅਤੇ ਇਸ ਵਿਚਲੀ ਸਮੱਗਰੀ ਕਿਸੇ ਡੂੰਘੀ ਪੁਣ-ਛਾਣ, ਕਾਂਟ-ਛਾਂਟ, ਸੋਚ-ਵਿਚਾਰ ਮਗਰੋਂ ਹੀ ਪਾਠਕ ਤੱਕ ਪਹੁੰਚਦੀ ਹੈ। ਇਸ ਵਿਚਲੀ ਵੰਨਗੀ ਇਹ ਯਕੀਨੀ ਬਣਾਉਂਦੀ ਹੈ ਕਿ ਹਰ ਪਾਠਕ ਲਈ ਕੁਝ ਨਾ ਕੁਝ ਹੋਵੇ ਅਤੇ ਬਹੁਗਿਣਤੀ ਪਾਠਕਾਂ ਲਈ ਬਹੁਤ ਕੁਝ ਹੋਏ। ਪਾਠਕ ਜਦੋਂ ਲਗਾਤਾਰ ਪੜ੍ਹਦਾ ਹੈ ਤਾਂ ਉਸ ਦਾ ਦਿਮਾਗ ਉਸ ਸੂਚਨਾ ਦੇ ਨੁਕਤਿਆਂ 'ਤੇ ਧਿਆਨ ਕੇਂਦਰਿਤ ਕਰਦਾ ਹੈ ਜੋ ਦਿੱਤੀ ਗਈ ਹੁੰਦੀ ਹੈ ਜਾਂ ਜੋ ਨੁਕਤੇ ਉਠਾਏ ਗਏ ਹੁੰਦੇ ਹਨ। ਸੁਭਾਵਿਕ ਤੌਰ 'ਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਜੋ ਪਾਠਕ ਸਭ ਤੋਂ ਪਹਿਲਾਂ ਪੜ੍ਹਨਾ ਚਾਹੁੰਦਾ ਹੈ, ਉਹ ਉਸ ਨੂੰ ਪਹਿਲਾਂ ਹੀ ਮਿਲੇ। ਸਰਲਤਾ, ਸਾਦਗੀ, ਸੰਜਮ, ਸੰਖੇਪਤਾ, ਰਵਾਨੀ, ਲਗਾਤਾਰਤਾ, ਇਕਸਾਰਤਾ, ਮਿਆਰੀਕਰਨ ਆਦਿ ਪ੍ਰਿੰਟ ਮੀਡੀਆ ਦੇ ਮੁੱਢਲੇ ਗੁਣ ਹਨ ਅਤੇ ਮੋਟੇ ਤੌਰ 'ਤੇ ਪੰਜਾਬੀ ਪੱਤਰਕਾਰੀ ਵਿਚ ਇਹ ਸਾਰੇ ਗੁਣ ਪਾਏ ਜਾਂਦੇ ਹਨ। ਨਿਰਸੰਦੇਹ, ਕਦੇ-ਕਦਾਈਂ ਕੋਈ ਅਖ਼ਬਾਰ, ਖ਼ਬਰ ਜਾਂ ਲੇਖ ਇਨ੍ਹਾਂ ਗੁਣਾਂ ਤੋਂ ਊਣੇ ਅਤੇ ਸੱਖਣੇ ਵੀ ਲੱਗਦੇ ਹਨ। ਪੱਤਰਕਾਰੀ ਦੇ ਮੁੱਢਲੇ ਦੌਰ ਵਿਚ ਕਿਉਂਕਿ ਧਾਰਮਿਕ, ਸਾਹਿਤਕ, ਸਮਾਜਿਕ ਅਤੇ ਰਾਜਨੀਤਕ ਪਰਚਿਆਂ ਨੇ ਮਿਆਰੀ ਪੰਜਾਬੀ ਪੱਤਰਕਾਰੀ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕੀਤਾ, ਇਸ ਲਈ ਸੁੱਤੇ ਸਿੱਧ ਇਨ੍ਹਾਂ ਦਾ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦੇ ਵਿਕਾਸ ਵਿਚ ਅਹਿਮ ਰੋਲ ਰਿਹਾ ਹੈ।



ਪੰਜਾਬੀ ਪੱਤਰਕਾਰੀ ਦਾ ਵਿਸ਼ੇਸ਼ ਗੁਣ ਇਹ ਵੀ ਰਿਹਾ ਹੈ ਕਿ ਸਾਹਿਤ ਹਮੇਸ਼ਾ ਇਸ ਦਾ ਅਨਿੱਖੜ ਅੰਗ ਰਿਹਾ ਹੈ। ਪਹਿਲੇ ਦੌਰ ਵਿਚ ਬਹੁਤ ਸਾਰੇ ਪੰਜਾਬੀ ਲੇਖਕ ਪਰਚਿਆਂ ਦੇ ਸੰਪਾਦਕ ਰਹੇ ਤੇ ਪਿਛਲੇ ਦੌਰ ਵਿਚ ਉਹ ਰੋਜ਼ਾਨਾ ਪੰਜਾਬੀ ਅਖ਼ਬਾਰਾਂ ਦੇ ਸੰਪਾਦਕ ਰਹੇ। ਦੋਹਾਂ ਹੀ ਦੌਰਾਂ ਵਿਚ ਉਨ੍ਹਾਂ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਨੂੰ ਵਿਸ਼ੇਸ਼ ਅਤੇ ਅਹਿਮ ਥਾਂ ਦਿੱਤੀ। ਪੰਜਾਬੀ ਸਾਹਿਤ ਤੇ ਪੱਤਰਕਾਰੀ ਵਿਚਲੀ ਕਲਮ, ਕਾਗਜ਼ ਅਤੇ ਸਿਆਹੀ ਦੀ ਸਾਂਝ ਨੇ ਦੋਹਾਂ ਨੂੰ ਇੱਕ ਦੂਜੇ ਦੇ ਸਮਾਨਾਂਤਰ ਹੀ ਨਹੀਂ ਤੋਰਿਆ ਸਗੋਂ ਪੂਰਕ ਵੀ ਬਣਾਇਆ। ਪੰਜਾਬੀ ਕਹਾਣੀਕਾਰ ਅਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ ਗੁਰਬਚਨ ਸਿੰਘ ਭੁੱਲਰ ਦਾ ਸੰਖੇਪ ਕਥਨ ਬਹੁਤ ਭਾਵਪੂਰਤ ਹੈ: "ਸਾਹਿਤ ਅਤੇ ਪੱਤਰਕਾਰੀ ਦੇ ਸ਼ਾਸਤਰ ਦਾ ਸ਼ਸਤਰ ਕਲਮ ਹੈ।" ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੀ ਸਾਂਝ ਵਿਚੋਂ ਸਾਹਿਤ ਨੇ ਵੀ ਬਹੁਤ ਕੁਝ ਹਾਸਿਲ ਕੀਤਾ ਹੈ ਤੇ ਪੱਤਰਕਾਰੀ ਨੇ ਵੀ। ਲੰਮੇ ਅਰਸੇ ਤੱਕ ਪੱਤਰਕਾਰੀ ਹੀ ਸਾਹਿਤ ਨੂੰ ਆਮ ਪਾਠਕਾਂ ਤੱਕ ਪਹੁੰਚਾਉਣ ਦਾ ਜ਼ਰੀਆ ਰਹੀ ਅਤੇ ਇਸ ਦੇ ਇਵਜ਼ ਵਿਚ ਸਾਹਿਤ ਤੋਂ ਸੁਹਜ, ਸਹਿਜ ਤੇ ਸੰਜੀਵਤਾ ਅਤੇ ਸੰਵੇਦਨਸ਼ੀਲਤਾ ਦੇ ਗੁਣ ਗ੍ਰਹਿਣ ਕਰਦੀ ਰਹੀ। ਪੰਜਾਬੀ ਅਖ਼ਬਾਰਾਂ ਦੀ ਬਾਕੀ ਸਮੱਗਰੀ ਦੇ ਨਾਲ-ਨਾਲ ਬਹੁਤ ਵਾਰ ਖ਼ਬਰਾਂ ਦੀਆਂ ਸੁਰਖ਼ੀਆਂ ਤੋਂ ਵੀ ਸਾਹਿਤਕ ਸੂਝ, ਸਹਿਜਤਾ ਅਤੇ ਸੁਹਜ ਦੀ ਝਲਕ ਮਿਲਦੀ ਹੈ।

ਅੰਗਰੇਜ਼ੀ ਅਤੇ ਕੁਝ ਹੋਰ ਭਾਸ਼ਾਵਾਂ ਦੇ ਅਖ਼ਬਾਰ ਸਾਹਿਤਕ ਰਚਨਾਵਾਂ ਨਹੀਂ ਛਾਪਦੇ ਪਰ ਸਾਹਿਤਕ ਰਚਨਾਵਾਂ ਸਿਰਫ਼ ਮੈਗਜ਼ੀਨਾਂ ਹੀ ਨਹੀਂ ਸਗੋਂ ਪੰਜਾਬੀ ਅਖ਼ਬਾਰਾਂ ਦੇ ਐਤਵਾਰੀ ਅੰਕਾਂ ਦਾ ਅਨਿੱਖੜ ਅੰਗ ਰਹੀਆਂ ਹਨ। ਕਹਾਣੀ ਪਰਚਿਆਂ ਰਾਹੀਂ ਹੀ ਪ੍ਰਵਾਨ ਚੜ੍ਹੀ। ਨਾਵਲਾਂ ਨੂੰ ਕਿਸ਼ਤਾਂ 'ਚ ਛਾਪਣ ਦੀ ਰਵਾਇਤ ਵੀ ਰਹੀ ਹੈ। ਮਿੰਨੀ ਕਹਾਣੀਆਂ ਹਮੇਸ਼ਾ ਅਖ਼ਬਾਰਾਂ ਦੇ ਪੰਨਿਆਂ ਦਾ ਅੰਗ ਰਹੀਆਂ ਹਨ ਤੇ ਅੱਜ ਵੀ ਹਨ। ਨਾਵਲਿਟ ਜਿਹੀ ਨਵੀਂ ਵਿਧਾ ਪ੍ਰਚੱਲਤ ਕਰਨ ਦਾ ਸਿਹਰਾ ਵੀ ਪੰਜਾਬੀ ਪੱਤਰਕਾਰੀ ਸਿਰ ਹੀ ਬੱਝਦਾ ਹੈ। ਮਿਡਲ ਅਜਿਹੀ ਵਿਧਾ ਹੈ ਜਿਸ ਵਿਚ ਕਹਾਣੀ, ਲੇਖ, ਫੀਚਰ ਆਦਿ ਦੇ ਕਈ ਗੁਣ ਹਨ। 'ਪੰਜਾਬੀ ਟ੍ਰਿਬਿਊਨ' ਵਿਚ ਲਗਾਤਾਰ ਛਪਦੇ ਇਨ੍ਹਾਂ ਫੀਚਰ ਲੇਖਾਂ 'ਤੇ ਝਾਤ ਦਰਸਾਉਂਦੀ ਹੈ ਕਿ ਇਹ ਜ਼ਿਆਦਾਤਰ ਆਮ ਪਾਠਕਾਂ ਵੱਲੋਂ ਲਿਖੇ ਜਾਂਦੇ ਹਨ, ਸਥਾਪਤ ਲੇਖਕਾਂ ਵੱਲੋਂ ਨਹੀਂ। ਇਹ ਅਜਿਹੀ ਵਿਧਾ ਹੈ ਜਿਸ ਨੂੰ ਪੜ੍ਹ ਕੇ ਹਰ ਕਿਸੇ ਨੂੰ ਲਗਦਾ ਹੈ ਕਿ "ਅਜਿਹਾ ਤਾਂ ਮੇਰੇ ਨਾਲ ਵੀ ਵਾਪਰਿਆ ਸੀ; ਇਹ ਤਾਂ ਮੈਂ ਵੀ ਲਿਖ ਸਕਦਾ ਹਾਂ।" ਇਸ ਵਿਧਾ ਨੇ ਪੰਜਾਬੀ 'ਚ ਕਈ ਪਾਠਕਾਂ ਨੂੰ ਲਿਖਣ ਦੀ ਚੇਟਕ ਲਾਈ ਹੈ। ਅਸਲ 'ਚ ਪੰਜਾਬ ਦੇ ਵੱਖ-ਵੱਖ ਸਭਿਆਚਾਰਕ ਖਿੱਤਿਆਂ ਦੇ ਪਾਠਕਾਂ ਵੱਲੋਂ ਲਿਖੇ ਜਾਂਦੇ ਲੇਖ ਉਸ ਖਿੱਤੇ ਦੀ ਬੋਲੀ ਅਤੇ ਖਿੱਤਾ ਵਿਸ਼ੇਸ਼ ਸ਼ਬਦਾਂ ਦੀ ਵਰਤੋਂ ਕਰ ਕੇ ਸਾਡੇ ਸ਼ਬਦ ਭੰਡਾਰ 'ਚ ਵਾਧਾ ਕਰਦੇ ਹਨ। ਇਸ ਵੰਨਗੀ ਵਿਚ ਪਾਠਕ ਨੂੰ ਬਹੁਤੀ ਵਾਰ ਉਹ ਸ਼ਬਦ ਪੜ੍ਹਨ ਨੂੰ ਮਿਲ ਜਾਂਦੇ ਹਨ ਜੋ ਬੁੱਧੀਜੀਵੀ, ਪੱਤਰਕਾਰ ਤੇ ਲੇਖਕ ਆਪਣੀਆਂ ਰਚਨਾਵਾਂ ਵਿਚ ਕਦੇ ਨਹੀਂ ਵਰਤਦੇ।

ਪਿਛਲੇ ਸਮੇਂ ਦੌਰਾਨ ਪੰਜਾਬੀ ਮੀਡੀਆ ਨੇ ਪੰਜਾਬੀ ਭਾਸ਼ਾ ਹੀ ਨਹੀਂ ਸਗੋਂ ਇਸ ਦਾ ਤਕਨੀਕੀ ਮੁਹਾਂਦਰਾ ਸੰਵਾਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਦੇ ਪ੍ਰਿੰਟ ਮੀਡੀਆ ਦੀ ਇਹ ਲੋੜ ਵੀ ਸੀ ਅਤੇ ਉਸ ਕੋਲ ਸਰੋਤ ਵੀ ਸਨ ਜਿਨ੍ਹਾਂ ਨਾਲ ਉਹ ਨਵੀਆਂ ਤਕਨਾਲੋਜੀਆਂ ਖਰੀਦ ਤੇ ਵਰਤ ਸਕਦਾ ਸੀ। ਛਪਾਈ ਦੇ ਖੇਤਰ ਵਿਚ ਮੀਡੀਆ ਅਦਾਰੇ ਇਸ ਯੋਗ ਸਨ ਕਿ ਕੌਮਾਂਤਰੀ ਪੱਧਰ 'ਤੇ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ, ਸਬੰਧਿਤ ਤਕਨਾਲੋਜੀ ਅਤੇ ਸਾਫਟਵੇਅਰਜ਼ ਖਰੀਦ ਸਕਦੇ ਸਨ। ਇਉਂ ਹੀ ਛਪਾਈ, ਸਜਾਵਟ, ਦਿੱਖ ਆਦਿ ਸਬੰਧੀ ਕੌਮੀ-ਕੌਮਾਂਤਰੀ ਮਾਹਿਰਾਂ ਦੀ ਮਦਦ ਲੈਣ ਦੇ ਯੋਗ ਮੀਡੀਆ ਅਦਾਰੇ ਹੀ ਸਨ ਅਤੇ ਕੁਝ ਇੱਕ ਨੇ ਅਜਿਹਾ ਕੀਤਾ ਵੀ।

ਪੰਜਾਬੀ ਪੱਤਰਕਾਰੀ ਦੀ ਅੰਗਰੇਜ਼ੀ ਅਤੇ ਹਿੰਦੀ ਪੱਤਰਕਾਰੀ ਉਤੇ ਨਿਰਭਰਤਾ ਇਸ ਦੀ ਵੱਡੀ ਵਿਹਾਰਕ ਸੀਮਾ ਅਤੇ ਸਮੱਸਿਆ ਹੈ। ਕਦੇ-ਕਦੇ ਸੂਬਾਈ ਪੱਧਰ ਦੀਆਂ ਕੁਝ ਖ਼ਬਰਾਂ ਵੀ ਅੰਗਰੇਜ਼ੀ ਜਾਂ ਹਿੰਦੀ ਦੀ ਏਜੰਸੀ ਤੋਂ ਅਨੁਵਾਦ ਕਰਨੀਆਂ ਪੈਂਦੀਆਂ ਹਨ ਜਦੋਂਕਿ ਦੇਸ਼-ਦੇਸਾਂਤਰ ਦੀਆਂ ਖ਼ਬਰਾਂ ਲਈ ਇਨ੍ਹਾਂ ਏਜੰਸੀਆਂ 'ਤੇ ਨਿਰਭਰਤਾ ਬਹੁਤ ਜ਼ਰੂਰੀ ਹੋ ਜਾਂਦੀ ਹੈ। ਇੱਕ ਅਨੁਮਾਨ ਅਨੁਸਾਰ, ਪੰਜਾਬੀ ਅਖ਼ਬਾਰਾਂ ਵਿਚ ਲਗਭਗ 50 ਫ਼ੀਸਦੀ ਖ਼ਬਰਾਂ ਅਨੁਵਾਦ ਹੋ ਕੇ ਛਪਦੀਆਂ ਹਨ ਅਤੇ ਕਈ ਸੂਰਤਾਂ ਵਿਚ ਮਿਆਰੀ ਸਮੱਗਰੀ ਲਈ ਲੇਖ ਵੀ ਅਨੁਵਾਦ ਕੀਤੇ ਜਾਂਦੇ ਹਨ। ਇਸ ਲਈ ਜਿਹੜੀ ਸਿਰਜਣਾਤਮਕ ਸ਼ਕਤੀ ਤੇ ਜ਼ੋਰ ਅਖ਼ਬਾਰ 'ਚ ਕੰਮ ਕਰਦੇ ਸਬ-ਐਡੀਟਰ ਨੇ ਵਧੀਆ ਸੁਰਖ਼ੀ ਤੇ ਸਿਰਲੇਖ ਕੱਢਣ ਅਤੇ ਖ਼ਬਰ ਦੀ ਬਣਤਰ ਨੂੰ ਬਿਹਤਰ ਬਣਾਉਣ 'ਤੇ ਲਾਉਣਾ ਹੁੰਦਾ ਹੈ, ਉਹ ਸਾਰੀ ਊਰਜਾ ਅਨੁਵਾਦ 'ਤੇ ਹੀ ਖਰਚ ਹੋ ਜਾਂਦੀ ਹੈ। ਉਂਝ ਇਸ ਪ੍ਰਕਿਰਿਆ ਦੌਰਾਨ ਕਈ ਨਵੇਂ ਸ਼ਬਦ ਹੋਂਦ ਵਿਚ ਆਉਂਦੇ ਹਨ। ਘੜੀ ਦੀਆਂ ਸੂਈਆਂ ਨਾਲ ਬੱਝੀ ਹੋਈ ਪੱਤਰਕਾਰੀ ਕਰਦਿਆਂ ਕਈ ਵਾਰ ਲਗਾਤਾਰ ਚੱਲ ਰਹੀਆਂ ਸੂਈਆਂ ਦੇ ਦਬਾਅ ਹੇਠ ਕੰਮ ਕਰ ਰਿਹਾ ਪੱਤਰਕਾਰ ਸਹਿਜਤਾ ਨਾਲ ਹੀ ਕੋਈ ਨਵਾਂ ਸ਼ਬਦ ਘੜ ਅਤੇ ਵਰਤ ਲੈਂਦਾ ਹੈ। ਪੱਤਰਕਾਰ ਨੇ ਇੱਕ ਪਾਸੇ ਆਪਣੀ ਲੇਖਣੀ ਨੂੰ ਸੰਵਾਰਨਾ, ਦੂਜੇ ਪਾਸੇ ਇਸ ਨੂੰ ਸੀਮਤ ਸਮੇਂ 'ਚ ਮੁਕੰਮਲ ਕਰਨਾ ਹੁੰਦਾ ਹੈ।

ਇਉਂ ਪੰਜਾਬੀ ਅਖ਼ਬਾਰਾਂ ਦੇ ਡੈਸਕ ਸਟਾਫ ਨੇ ਇਸ ਸੀਮਾ ਨੂੰ ਸਮਰੱਥਾ ਵਿਚ ਵੀ ਬਦਲਿਆ ਹੈ। ਪੱਤਰਕਾਰੀ ਨੂੰ ਬਹੁਤੀ ਵਾਰੀ ਕਾਹਲੀ ਜਾਂ ਦਬਾਅ ਹੇਠ ਲਿਖਿਆ ਹੋਇਆ ਸਾਹਿਤ ਕਿਹਾ ਜਾਂਦਾ ਹੈ ਜੋ ਹਮੇਸ਼ਾ ਹੀ ਸੱਚ ਰਿਹਾ ਹੈ ਤੇ ਅੱਜ ਵੀ ਹੈ। ਫੀਲਡ ਅਤੇ ਡੈਸਕ, ਦੋਹੀਂ ਥਾਈਂ ਕੰਮ ਕਰਦੇ ਪੱਤਰਕਾਰਾਂ ਦਾ ਸਭ ਤੋਂ ਵੱਡਾ ਦੁਸ਼ਮਣ ਸਾਹਮਣੇ ਕੰਧ 'ਤੇ ਲੱਗੀ ਜਾਂ ਗੁੱਟ 'ਤੇ ਬੰਨ੍ਹੀ ਘੜੀ ਹੁੰਦੀ ਹੈ। ਇੱਕ ਪਾਸੇ ਉਸ ਨੇ ਆਪਣੀ ਲਿਖਤ ਸੰਵਾਰਨੀ ਹੁੰਦੀ ਹੈ, ਦੂਜੇ ਪਾਸੇ ਆਪਣਾ ਕੰਮ ਸੀਮਤ ਸਮੇਂ ਵਿਚ ਮੁਕੰਮਲ ਕਰਨਾ ਹੁੰਦਾ ਹੈ। ਉਸ ਕੋਲ ਕਿਸੇ ਲੇਖਕ ਵਾਂਗ ਆਪਣੀ ਲਿਖਤ ਵਾਰ-ਵਾਰ ਸੋਧਣ ਅਤੇ ਸੰਵਾਰਨ ਲਈ ਸਮੇਂ ਦੀ ਖੁੱਲ੍ਹ ਨਹੀਂ ਹੁੰਦੀ। ਬਹੁਤੀ ਵਾਰ ਉਸ ਦੀ ਲਿਖਤ ਦਾ ਪਹਿਲਾ ਰੂਪ (ਡਰਾਫਟ) ਹੀ ਆਖ਼ਰੀ ਹੁੰਦਾ ਹੈ ਪਰ ਜਦੋਂ ਕਦੇ ਉਸ ਨੂੰ ਅੰਗਰੇਜ਼ੀ ਜਾਂ ਹਿੰਦੀ ਦੇ ਸ਼ਬਦਾਂ ਦੇ ਸਮਾਨਅਰਥੀ ਸ਼ਬਦ ਲੱਭਣ ਦੀ ਕੋਸ਼ਿਸ਼ ਕਰਦਿਆਂ ਢੁਕਵੇਂ ਸ਼ਬਦ ਨਾ ਮਿਲਣ ਤਾਂ ਕਈ ਸੂਰਤਾਂ ਵਿਚ ਉਹ ਨਵੇਂ ਸ਼ਬਦ ਘੜਨ 'ਤੇ ਵੀ ਆਪਣੀ ਊਰਜਾ ਲਗਾ ਦਿੰਦਾ ਹੈ। 'ਅਪਰੇਸ਼ਨ ਬਲੂ ਸਟਾਰ' ਦਾ ਅਨੁਵਾਦ ਸਾਕਾ ਨੀਲਾ ਤਾਰਾ ਕਿਸ ਨੇ ਕੀਤਾ? 'ਬਲੂ ਸਟਾਰ' ਦਾ 'ਨੀਲਾ ਤਾਰਾ' ਮਕਾਨਕੀ ਅਨੁਵਾਦ ਹੈ ਪਰ 'ਸਾਕਾ' ਸ਼ਬਦ ਕਿਵੇਂ ਆਇਆ? 'ਅਪਰੇਸ਼ਨ' ਨੂੰ ਤਾਂ ਅਪਰੇਸ਼ਨ ਹੀ ਹੀ ਲਿਖ ਦਿੱਤਾ ਜਾਂਦਾ ਹੈ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ ਸੁਰਿੰਦਰ ਸਿੰਘ ਤੇਜ ਨੇ ਆਪਣੀਆਂ ਲਿਖਤਾਂ ਵਿਚ ਅਜਿਹੇ ਸ਼ਬਦਾਂ ਦਾ ਜ਼ਿਕਰ ਕੀਤਾ ਹੈ ਜੋ ਸੰਪਾਦਨ ਪ੍ਰਕਿਰਿਆ ਦੌਰਾਨ ਘੜੇ ਅਤੇ ਵਰਤੇ ਗਏ। ਇਸੇ ਅਖ਼ਬਾਰ 'ਚ ਸਹਾਇਕ ਸੰਪਾਦਕ ਰਹੇ ਮੇਘਾ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਪੱਤਰਕਾਰੀ ਦੇ ਸਾਹਿਤਕ ਸਰੋਕਾਰ ਅਤੇ ਸੀਮਾਵਾਂ' ਵਿਚ ਅਜਿਹੇ ਉਨ੍ਹਾਂ ਦਰਜਨਾਂ ਸ਼ਬਦਾਂ ਦਾ ਵਰਨਣ ਕੀਤਾ ਹੈ ਜੋ ਪੰਜਾਬੀ ਭਾਸ਼ਾ ਨੂੰ ਪੱਤਰਕਾਰੀ ਨੇ ਦਿੱਤੇ ਹਨ। ਡਾ. ਮੇਘਾ ਸਿੰਘ ਨੇ ਵਿਸ਼ੇਸ਼ ਕਰ ਕੇ ਉਨ੍ਹਾਂ ਸ਼ਬਦਾਂ ਦਾ ਜ਼ਿਕਰ ਕੀਤਾ ਹੈ ਜੋ ਵਿਗਿਆਨ, ਤਕਨਾਲੋਜੀ, ਵਪਾਰ, ਸਨਅਤ ਆਦਿ ਅਨੇਕ ਖੇਤਰਾਂ ਦੇ ਕਈ ਨਵੇਂ ਵਰਤਾਰਿਆਂ ਅਤੇ ਕਈ ਹੋਰ ਨਵੇਂ ਖੇਤਰਾਂ ਦੇ ਵਿਕਾਸ ਦੇ ਨਾਲ ਹੋਂਦ ਵਿਚ ਆਉਂਦੇ ਹਨ। ਇਉਂ ਹੀ ਬਹੁਤ ਸਾਰੇ

***(ਬਾਕੀ ਅਗਲੇ ਸਫੇ 'ਤੇ)***

# ਪੰਜਾਬ ਦੀਆਂ ਉਪ ਬੋਲੀਆਂ

***ਪੁਰਾਣੇ ਸਮਿਆਂ ਵਿਚ ਜਦੋਂ ਮਨੁੱਖ ਕੋਲ ਰੇਲ, ਮੋਟਰ, ਹਵਾਈ ਜਹਾਜ਼, ਰੇਡੀਓ, ਟੈਲੀਵਿਜ਼ਨ, ਇੰਟਰਨੈੱਟ ਆਦਿ ਮੇਲ-ਜੋਲ ਅਤੇ ਸੰਚਾਰ ਦੇ ਸਾਧਨ ਨਹੀਂ ਸਨ ਤਾਂ ਆਮ ਲੋਕਾਂ ਦੀ ਆਵਾਜਾਈ ਸੀਮਤ ਹੁੰਦੀ ਸੀ। ਵਪਾਰੀਆਂ ਜਾਂ ਫ਼ੌਜੀਆਂ ਨੂੰ ਛੱਡ ਕੇ ਕੋਈ ਦੂਰ-ਦੁਰਾਡੇ ਨਹੀਂ ਸੀ ਜਾਂਦਾ। ਦੋ ਦਰਿਆਵਾਂ ਵਿਚਕਾਰ ਵਸਦੇ ਲੋਕਾਂ ਦੀ ਆਵਾਜਾਈ ਆਪਣੇ ਦੁਆਬੇ ਤੱਕ ਹੀ ਸੀਮਤ ਰਹਿੰਦੀ ਸੀ। ਮੇਲਜੋਲ ਨਾ ਹੋਣ ਜਾਂ ਬਹੁਤ ਘੱਟ ਹੋਣ ਕਾਰਨ ਵੱਖ-ਵੱਖ ਹਿੱਸਿਆਂ ਦੀਆਂ ਬੋਲੀਆਂ ਅੰਦਰ ਵਖਰੇਵਾਂ ਆਉਣਾ ਲਾਜ਼ਮੀ ਸੀ।***

ਕਿਸੇ ਭਾਸ਼ਾ ਜਾਂ ਬੋਲੀ ਦੇ ਬੋਲਚਾਲ ਦੇ ਇਲਾਕਾਈ ਰੂਪ ਨੂੰ ਉਪ ਬੋਲੀ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਦੀਆਂ ਕਈ ਉਪ ਬੋਲੀਆਂ ਹਨ ਜਿਵੇਂ ਮਾਝੀ (ਮਝੈਲੀ), ਦੁਆਬੀ, ਮਲਵਈ, ਪੁਆਧੀ, ਪੋਠੋਹਾਰੀ, ਮੁਲਤਾਨੀ, ਡੋਗਰੀ, ਕਾਂਗੜੀ, ਚੰਬਿਆਲੀ, ਜਾਂਗਲੀ ਆਦਿ। ਪੰਜਾਬੀ ਬੋਲੀ ਦਰਿਆ ਸਿੰਧ ਤੋਂ ਲੈ ਕੇ ਲੋਪ ਹੋ ਚੁੱਕੇ ਸਰਸਵਤੀ ਦਰਿਆ ਦੇ ਵਿਚਕਾਰਲੇ ਖਿੱਤੇ ਤੇ ਇਸ ਦੇ ਨੇੜਲੇ ਮੈਦਾਨੀ ਤੇ ਪਹਾੜੀ ਖਿੱਤਿਆਂ ਵਿੱਚ ਬੋਲੀ ਜਾਣ ਵਾਲੀ ਬੋਲੀ ਹੈ। 1947 ਦੀ ਵੰਡ ਵੇਲੇ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਤਾਂ ਪੰਜਾਬੀ ਬੋਲਣ ਵਾਲੇ ਲੋਕ ਵੀ ਦੋ ਖਿੱਤਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਵੰਡੇ ਗਏ। 1966 ਵਿੱਚ ਚੜ੍ਹਦੇ ਪੰਜਾਬ ਦੀ ਦੁਬਾਰਾ ਵੰਡ ਹੋਣ ਕਰ ਕੇ ਪੰਜਾਬੀ ਬੋਲੀ ਬੋਲਣ ਵਾਲੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਵੰਡੇ ਗਏ। ਇਸ ਤੋਂ ਇਲਾਵਾ ਜੰਮੂ ਕਸ਼ਮੀਰ ਵਿੱਚ ਕਠੂਆ, ਸਾਂਬਾ, ਜੰਮੂ ਆਦਿ ਖਿੱਤਿਆਂ ਵਿੱਚ ਪੰਜਾਬੀ ਦੀ ਉਪ ਬੋਲੀ ਡੋਗਰੀ ਬੋਲੀ ਜਾਂਦੀ ਹੈ।

ਪੁਰਾਣੇ ਸਮਿਆਂ ਵਿੱਚ ਜਦੋਂ ਮਨੁੱਖ ਕੋਲ ਰੇਲ, ਮੋਟਰ, ਹਵਾਈ ਜਹਾਜ਼, ਰੇਡੀਓ, ਟੈਲੀਵਿਜ਼ਨ, ਇੰਟਰਨੈੱਟ ਆਦਿ ਮੇਲ-ਜੋਲ ਅਤੇ ਸੰਚਾਰ ਦੇ ਸਾਧਨ ਨਹੀਂ ਸਨ ਤਾਂ ਆਮ ਲੋਕਾਂ ਦੀ ਆਵਾਜਾਈ ਸੀਮਤ ਹੁੰਦੀ ਸੀ। ਵਪਾਰੀਆਂ ਜਾਂ ਫ਼ੌਜੀਆਂ ਨੂੰ ਛੱਡ ਕੇ



**ਆਜ਼ਾਦ ਦੀਪ ਸਿੰਘ**
**ਫੋਨ: +91-98148-98179**

ਕੋਈ ਦੂਰ-ਦੁਰਾਡੇ ਨਹੀਂ ਸੀ ਜਾਂਦਾ। ਦੋ ਦਰਿਆਵਾਂ ਵਿਚਕਾਰ ਵਸਦੇ ਲੋਕਾਂ ਦੀ ਆਵਾਜਾਈ ਆਪਣੇ ਦੁਆਬੇ ਤੱਕ ਹੀ ਸੀਮਤ ਰਹਿੰਦੀ ਸੀ। ਇਸੇ ਤਰ੍ਹਾਂ ਪਹਾੜੀ ਗੁੱਠਾਂ ਵਿੱਚ ਵਸਦੇ ਲੋਕ ਪਰਬਤੀ ਹੱਦਾਂ ਵਿੱਚ ਬੰਦ ਰਹਿੰਦੇ ਸਨ। ਮੇਲਜੋਲ ਨਾ ਹੋਣ ਜਾਂ ਬਹੁਤ ਘੱਟ ਹੋਣ ਕਾਰਨ ਵੱਖ-ਵੱਖ ਹਿੱਸਿਆਂ ਦੀਆਂ ਬੋਲੀਆਂ ਅੰਦਰ ਵਖਰੇਵਾਂ ਆਉਣਾ ਲਾਜ਼ਮੀ ਸੀ।

ਜਿਸ ਥਾਂ ਰਾਜਸੀ ਤਾਕਤ ਦਾ ਕੇਂਦਰ ਜਾਂ ਗੜ੍ਹ ਹੋਵੇ, ਉਸ ਥਾਂ ਦੀ ਬੋਲੀ ਬਲਵਾਨ ਹੋ ਕੇ ਦੇਸ਼ ਉਤੇ ਛਾ ਜਾਂਦੀ ਹੈ ਤੇ ਸੋਹਣਾ ਮਾਂਜਿਆ ਸੋਧਿਆ ਰੂਪ ਧਾਰ ਕੇ ਸਰਬ ਪ੍ਰਵਾਨ ਹੋ ਜਾਂਦੀ ਹੈ। ਇਹ ਸਰਬ ਪ੍ਰਵਾਨ ਟਕਸਾਲੀ ਬੋਲੀ ਸ਼ਿਰੋਮਣੀ ਤੇ ਮੁਖੀਆ ਕਹੀ ਜਾਂਦੀ ਹੈ ਤੇ ਬਾਕੀ ਉਸ ਇਲਾਕੇ ਦੀਆਂ ਅਧੀਨ ਬੋਲੀਆਂ, ਉਪ ਬੋਲੀਆਂ। ਜਿੰਨਾ ਕੋਈ ਦੇਸ਼ ਦਰਿਆਵਾਂ, ਨਾਲਿਆਂ, ਪਹਾੜੀਆਂ ਦੇ ਘੇਰਿਆਂ ਵਿੱਚ ਵੰਡਿਆ ਹੋਵੇ ਓਨੀਆਂ ਹੀ ਉਪ ਬੋਲੀਆਂ ਬਣ ਜਾਂਦੀਆਂ ਹਨ। ਪੰਜਾਬੀ ਦਾ ਪ੍ਰਚੱਲਿਤ ਮੁਹਾਵਰਾ ਹੈ ਕਿ ਬੋਲੀ ਬਾਰਾਂ ਕੋਹ 'ਤੇ ਬਦਲ ਜਾਂਦੀ ਹੈ। ਦਰਅਸਲ, ਪੁਰਾਣੇ ਸਮਿਆਂ ਵਿੱਚ ਮਨੁੱਖ ਦੀ ਆਵਾਜਾਈ ਦਾ ਘੇਰਾ ਏਨਾ ਕੁ ਹੀ ਹੁੰਦਾ ਸੀ। ਬਾਰਾਂ ਕੋਹ ਪੂਰਬ ਵੱਲ, ਬਾਰਾਂ ਕੋਹ ਪੱਛਮ ਵੱਲ ਅਤੇ ਬਾਰਾਂ-ਬਾਰਾਂ ਕੋਹ ਉਤਰ ਦੱਖਣ ਵੱਲ, ਕਿਸੇ ਦਾ ਵੱਧ ਕਿਸੇ ਦਾ ਘੱਟ। ਆਵਾਜਾਈ ਤੇ ਮੇਲ-ਜੋਲ ਉਪ ਬੋਲੀ ਵਿੱਚ ਏਕਤਾ ਪੈਦਾ ਕਰਦਾ ਹੈ ਅਤੇ ਇੱਕ ਨਾਲੋਂ ਦੂਜੀ ਨੂੰ ਨਿਖੇੜਦਾ ਹੈ। ਉਚਾਰਨ ਦਾ ਲਹਿਜਾ, ਅੱਡ-ਅੱਡ ਜਾਤਾਂ, ਪੇਸ਼ਿਆਂ, ਮਜ਼ਹਬਾਂ ਵਾਲਿਆਂ ਦੀ ਵਸੋਂ, ਗਰਮ ਸਰਦ ਮੌਸਮ ਅਤੇ ਵਿਦੇਸ਼ੀ ਅਸਰ ਉਪ ਬੋਲੀਆਂ ਨੂੰ ਪੱਕਾ ਰੂਪ ਦੇਣ ਵਿੱਚ ਸਹਾਈ ਹੁੰਦਾ ਹੈ।


ਪੰਜਾਬੀ ਦਾ ਇੱਕੋ ਭਰਾ ਸ਼ਬਦ ਭਾਈਆ, ਭਾ, ਭਾਈ, ਬਰਾ, ਭਰਾਤਾ, ਬਾਈ, ਭਾਊ ਆਦਿ ਅੱਡ-ਅੱਡ ਉਪ ਬੋਲੀਆਂ ਵਿੱਚ ਅੱਡ-ਅੱਡ ਰੂਪ ਵਿੱਚ ਬੋਲਿਆ ਜਾਂਦਾ ਹੈ।

ਕਿਸੇ ਬੋਲੀ ਵਿੱਚ ਉਪ ਭਾਸ਼ਾਵਾਂ ਵਾਂਗ ਵੱਖੋ-ਵੱਖ ਜਾਤਾਂ, ਪੇਸ਼ਿਆਂ ਜਾਂ ਜਥੇਬੰਦੀਆਂ ਦੀਆਂ ਵੀ ਖ਼ਾਸ ਬੋਲੀਆਂ ਹੁੰਦੀਆਂ ਹਨ। ਉਨ੍ਹਾਂ ਦਾ ਘੇਰਾ ਭੂਗੋਲਿਕ ਸੀਮਾ ਵਿੱਚ ਬੰਦ ਹੋਣ ਦੀ ਥਾਂ ਖ਼ਾਸ ਟੋਲੇ ਨਾਲ ਸਬੰਧਿਤ ਹੁੰਦਾ ਹੈ। ਜਿਵੇਂ ਰਾਏ ਸਿੱਖ ਬਰਾਦਰੀ ਜੋ ਆਮ ਤੌਰ 'ਤੇ ਦਰਿਆਵਾਂ ਦੇ ਕੰਢਿਆਂ 'ਤੇ ਵੱਸੀ ਹੋਈ ਹੈ, ਦੀ ਆਪਣੀ ਵੱਖਰੀ ਹੀ ਬੋਲੀ ਹੈ। ਇਹ ਭਾਵੇਂ ਕਿਸੇ ਵੀ ਖਿੱਤੇ ਵਿੱਚ ਵੱਸੇ ਹੋਣ, ਇਨ੍ਹਾਂ ਦੀ ਬੋਲੀ ਦੀ ਇਕਸਾਰਤਾ ਹੈ ਜੋ ਉਸ ਖਿੱਤੇ ਦੇ ਦੂਜੇ ਵਸਨੀਕਾਂ ਤੋਂ ਵੱਖਰੀ ਹੁੰਦੀ ਹੈ।

ਸ਼ਾਇਦ ਸਭ ਤੋਂ ਪਹਿਲਾਂ ਡਾ. ਗ੍ਰੀਅਰਸਨ ਨੇ ਹੀ ਪੰਜਾਬੀ ਦੀਆਂ ਉਪ ਬੋਲੀਆਂ ਦੀ ਵਿਸਥਾਰਕ ਛਾਣਬੀਣ ਕੀਤੀ। ਉਸ ਨੇ ਡੋਗਰੀ, ਮਾਝੀ, ਦੁਆਬੀ, ਮਲਵਈ, ਪੁਆਧੀ, ਰਾਠੀ ਤੇ ਭਟਿਆਣੀ ਸੱਤ ਉਪ ਬੋਲੀਆਂ ਮੰਨੀਆਂ ਹਨ। ਪੰਜਾਬੀ ਦੀ ਕੇਂਦਰੀ ਬੋਲੀ ਮਾਝੀ (ਮਝੈਲੀ) ਨੂੰ ਮੰਨਿਆ ਜਾਂਦਾ ਹੈ। ਲਗਭਗ ਹਜ਼ਾਰ ਵਰ੍ਹੇ ਤੋਂ ਪੰਜਾਬ ਦਾ ਕੇਂਦਰ ਲਾਹੌਰ ਰਿਹਾ ਹੈ। ਰਾਜਸੀ ਤੇ ਸਾਹਿਤਕ ਪ੍ਰਭਾਵ ਨੇ ਇਸ ਥਾਂ ਦੀ ਬੋਲੀ ਨੂੰ ਕੇਂਦਰੀ ਬੋਲੀ ਦਾ ਰੂਪ ਦਿੱਤਾ। ਯੂਰਪ ਵਿੱਚ 1924 ਵਿੱਚ ਕੌਮਾਂਤਰੀ ਬੋਲੀ ਸਭਾ ਬਣੀ ਸੀ। ਉਸ ਨੇ ਟਕਸਾਲੀ ਬੋਲੀ ਲਈ ਇਹ ਤਿੰਨ ਨੇਮ ਨਿਯਤ ਕੀਤੇ ਸਨ:

ਸੌਖੀ ਬੋਲੀ ਤੇ ਸੌਖੀ ਸੁਣੀ ਜਾਵੇ।
ਸੌਖੀ ਪੜ੍ਹੀ ਤੇ ਸੌਖੀ ਲਿਖੀ ਜਾਵੇ।
ਕੁਦਰਤੀ ਤੇ ਬਨਾਵਟੀ ਰਲੀ ਮਿਲੀ ਹੋਵੇ।

ਜੋ ਅਸਥਾਨ ਹਕੂਮਤ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਜਾਵੇ, ਉਥੋਂ ਦੀ ਉਪ ਬੋਲੀ ਹੀ ਨਿਖਰ ਕੇ ਟਕਸਾਲੀ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਉਥੋਂ ਦੀ ਟਕਸਾਲ ਦਾ ਸਿੱਕਾ ਚਲਦਾ ਹੈ ਉਵੇਂ ਉਸ ਥਾਂ ਦੀ ਪ੍ਰਮਾਣਿਕ ਬੋਲੀ ਦਾ ਸਿੱਕਾ ਚਲਦਾ ਹੈ। ਕਿਸੇ ਵੇਲੇ ਮੁਲਤਾਨ ਪੰਜਾਬ ਦਾ ਰਾਜਨੀਤਕ ਗੜ੍ਹ ਸੀ। ਇਸ ਲਈ ਪਹਿਲਾਂ ਪਹਿਲਾਂ ਮੁਲਤਾਨੀ ਜਾਂ ਲਹਿੰਦੀ ਨੂੰ ਬਾਕੀ ਉਪ ਬੋਲੀਆਂ ਨਾਲੋਂ ਵਧੇਰੇ ਮਾਣ ਮਿਲਿਆ। ਫਿਰ ਰਾਜਨੀਤਕ



ਸਰਗਰਮੀਆਂ ਦਾ ਕੇਂਦਰ ਮੱਧ ਪੰਜਾਬ ਵਿੱਚ ਲਾਹੌਰ ਹੋ ਗਿਆ। ਇਸ ਲਈ ਮਾਝੀ ਉਪ ਬੋਲੀ ਨੂੰ ਪ੍ਰਧਾਨਤਾ ਮਿਲਣ ਲੱਗੀ। ਲਾਹੌਰ 11ਵੀਂ ਸਦੀ ਤੋਂ ਪੰਜਾਬ ਦਾ ਕੇਂਦਰ ਜਾਂ ਦੂਜੇ ਸ਼ਬਦਾਂ ਵਿੱਚ ਰਾਜਧਾਨੀ ਚਲਿਆ ਆ ਰਿਹਾ ਹੈ। ਇਸੇ ਰਾਜਨੀਤਕ ਮਹੱਤਤਾ ਨੇ ਇਸ ਦੇ ਆਲੇ-ਦੁਆਲੇ ਦੀ ਬੋਲੀ ਨੂੰ ਮਾਂਜ ਸੁਆਰ ਕੇ ਟਕਸਾਲੀ ਹੋਣ ਦਾ ਮਾਣ ਦਿੱਤਾ। ਲਾਹੌਰ ਹੀ ਕੇਂਦਰ ਰਹਿਣ ਕਰ ਕੇ ਮਾਝੀ ਦੀ ਮਹੱਤਤਾ ਬਣੀ ਰਹੀ। ਗ੍ਰੀਅਰਸਨ ਇਸੇ ਲਈ ਮਾਝੀ ਨੂੰ ਟਕਸਾਲੀ ਮੰਨਦਾ ਹੈ।

ਮਾਝੀ ਦਾ ਸ਼ੁੱਧ ਸਰੂਪ ਹੀ ਟਕਸਾਲੀ ਪੰਜਾਬੀ ਹੈ ਜੋ ਕਿ ਸਾਊ ਪੰਜਾਬੀਆਂ ਦੀ ਆਮ ਬੋਲਚਾਲ ਵਿੱਚ ਵੀ ਝਲਕਾਰੇ ਦਿੰਦਾ ਹੈ। ਲਹਿੰਦੇ ਦੇ ਕਵੀਆਂ ਬਾਬਾ ਫਰੀਦ, ਅਲੀ ਹੈਦਰ, ਬਰਦੇ ਪੋਠੋਹਾਰੀ ਆਦਿ ਨੇ ਇਸੇ ਸਾਂਝੀ ਬੋਲੀ ਨੂੰ ਕਵਿਤਾ ਲਈ ਚੁਣਿਆ, ਭਾਵੇਂ ਉਨ੍ਹਾਂ ਵਿੱਚ ਸਥਾਨਕ ਰੰਗਤ ਮੌਜੂਦ ਹੈ। ਭਾਈ ਗੁਰਦਾਸ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਵਾਰਸ ਤੇ ਹਾਸ਼ਮ ਤਾਂ ਲਾਹੌਰ ਅੰਮ੍ਰਿਤਸਰ ਦੇ ਲਾਗੇ-ਚਾਗੇ ਦੇ ਹੀ ਸਨ। ਇਸ ਲੇਖ ਵਿੱਚ ਸਿਰਫ਼ ਚੜ੍ਹਦੇ ਪੰਜਾਬ ਦੀਆਂ ਉਪ ਬੋਲੀਆਂ ਮਾਝੀ, ਦੁਆਬੀ, ਮਲਵਈ ਤੇ ਪੁਆਧੀ ਦਾ ਹੀ ਜ਼ਿਕਰ ਕੀਤਾ ਜਾ ਰਿਹਾ ਹੈ।

ਮਾਝੀ (ਮਝੈਲੀ) ਉਪ ਬੋਲੀ ਦਰਿਆ ਰਾਵੀ ਤੇ ਬਿਆਸ ਸਤਲੁਜ ਦੇ ਵਿਚਕਾਰਲੇ ਖਿੱਤੇ ਤੇ ਰਾਵੀ ਤੋਂ ਪਾਰ ਸਿਆਲਕੋਟ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਮੌਜੂਦਾ ਸਮੇਂ ਇਹ ਉਪ ਬੋਲੀ ਚੜ੍ਹਦੇ ਪੰਜਾਬ ਦੇ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਅਤੇ ਲਹਿੰਦੇ ਪੰਜਾਬ ਦੇ ਲਾਹੌਰ, ਕਸੂਰ ਤੇ ਸਿਆਲਕੋਟ ਜ਼ਿਲ੍ਹਿਆਂ, ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਦੇ ਡਲਹੌਜ਼ੀ ਖੇਤਰ ਵਿੱਚ ਬੋਲੀ ਜਾਂਦੀ ਹੈ। ਪੰਜਾਬ ਦੀ ਵੰਡ ਦਾ ਸਭ ਤੋਂ ਜ਼ਿਆਦਾ ਅਸਰ ਇਸ ਉਪ ਬੋਲੀ ਉਪਰ ਪਿਆ ਹੈ। ਦੇਸ਼ ਵੰਡ ਸਮੇਂ ਮਾਝੀ ਉਪ ਬੋਲੀ ਦੇ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲ੍ਹਾ ਤੇ ਲਾਹੌਰ ਜ਼ਿਲ੍ਹੇ ਦੀ ਕਸੂਰ ਤਹਿਸੀਲ ਦੇ ਪੱਟੀ, ਵਲਟੋਹਾ, ਭਿੱਖੀਵਿੰਡ ਤੇ ਖਾਲੜਾ ਠਾਣੇ ਚੜ੍ਹਦੇ ਪੰਜਾਬ ਦੇ ਹਿੱਸੇ ਆਏ। ਲਾਹੌਰ, ਸਿਆਲਕੋਟ ਤੇ ਗੁਰਦਾਸਪੁਰ ਜ਼ਿਲ੍ਹੇ ਦੀ ਸਕਰਗੜ੍ਹ ਤਹਿਸੀਲ ਲਹਿੰਦੇ ਪੰਜਾਬ ਦੇ ਹਿੱਸੇ ਆਏ। 1966 ਵਿੱਚ ਚੜ੍ਹਦੇ ਪੰਜਾਬ ਦੀ ਦੁਬਾਰਾ ਹੋਈ ਵੰਡ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੀ ਪਠਾਨਕੋਟ ਤਹਿਸੀਲ ਦਾ ਪਹਾੜੀ ਖਿੱਤਾ ਡਲਹੌਜ਼ੀ ਹਿਮਾਚਲ ਪ੍ਰਦੇਸ਼ ਵਿੱਚ ਚਲਾ ਗਿਆ। 1947 ਤੇ 1966 ਦੀ ਪੰਜਾਬ ਵੰਡ ਦਾ ਸਭ ਤੋਂ ਜ਼ਿਆਦਾ ਨੁਕਸਾਨ ਜ਼ਿਲ੍ਹਾ ਗੁਰਦਾਸਪੁਰ ਨੂੰ ਹੋਇਆ। ਦੋਵੇਂ ਵਾਰ ਇਸ ਜ਼ਿਲ੍ਹੇ ਦੀ ਵੰਡ ਹੋਈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮਾਝਾ ਖੇਤਰ ਦੇ ਵਸਨੀਕਾਂ ਨੂੰ ਮਝੈਲ ਸੱਦਿਆ ਜਾਂਦਾ ਹੈ।

ਦੁਆਬੀ ਉਪ ਬੋਲੀ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖਿੱਤੇ ਵਿੱਚ ਬੋਲੀ ਜਾਂਦੀ ਹੈ। ਇਹ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਵਿੱਚ ਬੋਲੀ ਜਾਣ ਵਾਲੀ ਉਪ ਬੋਲੀ ਹੈ। ਆਮ ਭਾਸ਼ਾ ਵਿੱਚ ਇਸ ਖਿੱਤੇ ਦੇ ਵਸਨੀਕਾਂ ਨੂੰ ਦੁਆਬੀਏ ਕਿਹਾ ਜਾਂਦਾ ਹੈ।

ਮਲਵਈ ਉਪ ਬੋਲੀ ਦਰਿਆ ਸਤਲੁਜ ਤੋਂ ਚੜ੍ਹਦੇ ਪਾਸੇ ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਫਿਰੋਜ਼ਪੁਰ ਤੇ ਪਟਿਆਲਾ ਦੇ ਜ਼ਿਆਦਾਤਰ ਭਾਗ ਵਿੱਚ ਬੋਲੀ ਜਾਂਦੀ ਹੈ। ਇਸ ਖਿੱਤੇ ਦੇ ਲੋਕਾਂ ਨੂੰ ਮਲਵਈ ਕਿਹਾ ਜਾਂਦਾ ਹੈ।

ਸਰਹਿੰਦ ਵਾਲੀ ਨਹਿਰ ਟੱਪ ਕੇ ਪੰਜਾਬ ਦਾ ਪੂਰਬ ਵੱਲ ਦਾ ਭਾਗ ਪੁਆਧ ਕਹਾਉਂਦਾ ਹੈ ਜੋ ਕਿ ਪੂਰਬਾਰਧ ਦਾ ਬਦਲਿਆ ਰੂਪ ਹੈ। ਇਸ ਵਿੱਚ ਘੱਗਰ ਦੇ ਨਾਲ ਲੱਗਦਾ ਜ਼ਿਲ੍ਹਾ ਅੰਬਾਲਾ ਦਾ ਕਾਫ਼ੀ ਭਾਗ, ਪਟਿਆਲਾ ਯੂਨੀਅਨ ਦਾ ਕੁਝ ਹਿੱਸਾ ਤੇ ਜ਼ਿਲ੍ਹਾ ਹਿਸਾਰ ਦਾ ਕੁਝ ਇਲਾਕਾ ਸ਼ਾਮਲ ਹੈ। ਇਸ ਥਾਂ ਦੀ ਬੋਲੀ ਹੈ ਪੁਆਧੀ। ਪੁਆਧੀ ਵਿੱਚ ਸਾਨੂੰ ਤੁਹਾਨੂੰ ਦੀ ਥਾਂ ਮਾਨੂੰ ਥਾਨੂੰ ਜਾਂ ਤੰਨੇ ਮੰਨੇ, ਦਾ ਦੀ ਥਾਂ ਕਾ, ਸੀ ਦੀ ਥਾਂ ਤੀ ਜਾਂ ਥੀ, ਵਿਚ ਦੀ ਥਾਂ ਬਿਚ ਮਾ, ਹੁਣ ਦੀ ਮਾ ਇਬ, ਇਉਂ ਦੀ ਥਾਂ ਨਿਊਂ, ਨਾਲ ਦੀ ਥਾਂ ਗੈਲ, ਐਥੇ ਦੀ ਥਾਂ ਉਰੇ ਬੋਲਿਆ ਜਾਂਦਾ ਹੈ। ਇਸ ਖਿੱਤੇ ਦੇ ਲੋਕ ਪੁਆਧੀਏ ਹਨ।

ਆਮ ਤੌਰ 'ਤੇ ਪੁਆਧ ਨੂੰ ਮਾਲਵਾ ਦਾ ਹੀ ਹਿੱਸਾ ਗਿਣ ਲਿਆ ਜਾਂਦਾ ਹੈ; ਅਸਲ ਵਿੱਚ ਬੋਲੀ ਪੱਖੋਂ ਪੁਆਧ ਵੱਖਰਾ ਖਿੱਤਾ ਹੈ। ਭਗਤ ਆਸਾ ਰਾਮ ਕਿੱਸਾਕਾਰ ਨੇ ਪੁਆਧੀ ਉਪ ਬੋਲੀ ਵਿੱਚ ਕਈ ਕਿੱਸੇ ਲਿਖੇ। ਮੌਜੂਦਾ ਸਮੇਂ ਪੁਆਧੀ ਉਪ ਬੋਲੀ ਜ਼ਿਲ੍ਹਾ ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਕੁਝ ਹਿੱਸੇ, ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਤਹਿਸੀਲ ਤੇ ਸਨੌਰ ਵੱਲ ਦਾ ਇਲਾਕਾ, ਸੰਗਰੂਰ ਜ਼ਿਲ੍ਹੇ ਦਾ ਲਹਿਰਾਗਾਗਾ ਵੱਲ ਦਾ ਇਲਾਕਾ, ਹਿਮਾਚਲ ਪ੍ਰਦੇਸ਼ ਦਾ ਨਾਲਾਗੜ੍ਹ ਤੇ ਅੰਬਾਲਾ ਜ਼ਿਲ੍ਹੇ ਦੇ ਕੁਝ ਹਿੱਸੇ ਵਿੱਚ ਬੋਲੀ ਜਾਂਦੀ ਹੈ। ਅਜੋਕੇ ਸਮੇਂ ਵਿੱਚ ਪੰਜਾਬ ਦੀਆਂ ਤਿੰਨ ਉਪ ਬੋਲੀਆਂ ਮਾਝੀ, ਦੁਆਬੀ ਤੇ ਮਲਵਈ ਹੀ ਗਿਣੀਆਂ ਜਾਂਦੀਆਂ ਹਨ; ਪੰਜਾਬੀ ਬੋਲੀ ਦੇ ਸਾਰੇ ਖੋਜਕਾਰਾਂ ਨੇ ਪੁਆਧੀ ਨੂੰ ਵੀ ਪੰਜਾਬੀ ਦੀ ਉਪ ਬੋਲੀ ਦੱਸਿਆ ਹੈ। ਪਿਛਲੇ ਕੁਝ ਸਮੇਂ ਤੋਂ ਪੁਆਧ ਦੇ ਚੇਤੰਨ ਵਸਨੀਕਾਂ ਵੱਲੋਂ ਪੁਆਧ ਤੇ ਪੁਆਧੀ ਨਾਮ ਹੇਠ ਸੰਸਥਾਵਾਂ ਬਣਾ ਕੇ ਪੁਆਧ/ਪੁਆਧੀ ਲਈ ਕੰਮ ਕੀਤਾ ਜਾ ਰਿਹਾ ਹੈ। ਪੁਆਧ ਦੇ ਵਸਨੀਕ ਪੁਆਧੀ ਨੂੰ ਮਲਵਈ ਬੋਲੀ ਨਾਲੋਂ ਵੱਖਰਾ ਦੱਸਦੇ ਹਨ। ਉਹ ਆਪਣੇ ਵੱਖਰੇ ਪੁਆਧ ਖਿੱਤੇ ਦੀ ਮੰਗ ਕਰ ਰਹੇ ਹਨ। ਪੁਆਧੀ ਬੋਲਣ ਵਾਲੇ ਪੁਆਧੀਆਂ ਦੀ ਮੰਗ ਹੈ ਕਿ ਚੰਡੀਗੜ੍ਹ ਸ਼ਹਿਰ ਪੁਆਧ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ, ਇੱਥੇ ਸਥਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਥਾਪਿਤ ਪੰਜਾਬੀ ਯੂਨੀਵਰਸਿਟੀ ਵਿੱਚ ਪੁਆਧੀ ਉਪ ਬੋਲੀ ਦੇ ਵਿਕਾਸ ਤੇ ਖੋਜ ਦਾ ਕੰਮ ਕੀਤਾ ਜਾਵੇ। ਉਨ੍ਹਾਂ ਵੱਲੋਂ ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਪੰਜਾਬੀ ਅਖ਼ਬਾਰਾਂ ਵਿੱਚ ਮਾਝਾ, ਦੁਆਬਾ, ਮਾਲਵਾ ਅੰਕਾਂ ਦੇ ਨਾਲ ਵੱਖਰਾ ਪੁਆਧ ਅੰਕ ਵੀ ਛਾਪਿਆ ਜਾਵੇ। ਇਸੇ ਤਰ੍ਹਾਂ ਟੀ.ਵੀ. ਚੈਨਲਾਂ ਉਪਰ ਮਾਝਾ, ਦੁਆਬਾ, ਮਾਲਵਾ ਖਿੱਤਿਆਂ ਦੇ ਨਾਲ ਪੁਆਧ ਨੂੰ ਵੱਖਰਾ ਖਿੱਤਾ ਦਿਖਾਇਆ ਜਾਵੇ।

ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਅਪੀਲ ਹੈ ਕਿ ਉਹ ਮਜ਼ਹਬਾਂ, ਜਾਤਾਂ ਅਤੇ ਇਲਾਕਿਆਂ ਤੋਂ ਉਪਰ ਉਠ ਕੇ, ਇਕੱਠੇ ਹੋ ਕੇ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ।

# ਪ੍ਰਿੰਟ ਮੀਡੀਆ ਅਤੇ ਪੰਜਾਬੀ ਭਾਸ਼ਾ

***(ਪਿਛਲੇ ਸਫੇ ਦੀ ਬਾਕੀ)***

ਮੁਹਾਵਰਿਆਂ ਅਤੇ ਅਖਾਉਤਾਂ ਦੀ ਵਰਤੋਂ ਕਰ ਕੇ ਅਖ਼ਬਾਰਾਂ ਨੇ ਇਨ੍ਹਾਂ ਨੂੰ ਜ਼ਿੰਦਾ ਰੱਖਿਆ ਹੈ ਹਾਲਾਂਕਿ ਇਨ੍ਹਾਂ ਦੀ ਵਰਤੋਂ ਲਗਾਤਾਰ ਘਟ ਰਹੀ ਹੈ।

ਅਮਰੀਕਾ ਦੀ ਯੂਨੀਵਰਸਿਟੀ ਆਫ ਮਿਸੂਰੀ ਦੇ 'ਦਿ ਮਿਸੂਰੀ ਗਰੁੱਪ' ਵਜੋਂ ਜਾਣੇ ਜਾਂਦੇ ਪੰਜ ਪ੍ਰੋਫੈਸਰਾਂ ਨੇ ਬਹੁਤ ਵਧੀਆ ਕਿਤਾਬ 'ਨਿਊਜ਼ ਰਿਪੋਰਟਿੰਗ ਐਂਡ ਰਾਈਟਿੰਗ' ਲਿਖਣ ਤੋਂ ਪਹਿਲਾਂ ਸੈਂਕੜੇ ਖ਼ਬਰਾਂ ਤੇ ਲੇਖਾਂ ਦੀ ਚੀਰ-ਫਾੜ ਕੀਤੀ ਅਤੇ ਫਿਰ ਅਲੱਗ-ਅਲੱਗ ਦਰਜਨਾਂ ਪੁਜ਼ੀਸ਼ਨਾਂ 'ਤੇ ਕੰਮ ਕਰਦੇ ਸੀਨੀਅਰ ਪੱਤਰਕਾਰਾਂ ਨੂੰ ਜਦੋਂ ਪੁੱਛਿਆ ਕਿ ਉਹ ਯੂਨੀਵਰਸਿਟੀਆਂ ਦੇ ਮੀਡੀਆ ਵਿਭਾਗਾਂ ਤੋਂ ਕਿਹੋ ਜਿਹੇ ਪੱਤਰਕਾਰ ਪੈਦਾ ਕੀਤੇ ਜਾਣ ਦੀ ਇੱਛਾ ਰੱਖਦੇ ਹਨ ਤਾਂ ਉਨ੍ਹਾਂ ਕਿਹਾ, "ਸਾਨੂੰ ਉਹ ਪੱਤਰਕਾਰ ਦਿਓ ਜੋ ਮੁਕੰਮਲ ਰਿਪੋਰਟ ਦੇ ਸਕਣ ਅਤੇ ਉਨ੍ਹਾਂ ਦੀ ਲਿਖਤ 'ਚ ਸਪਸ਼ਟਤਾ ਹੋਵੇ। ਜੇ ਲੋੜ ਪਈ ਤਾਂ ਤਕਨਾਲੋਜੀ ਦੀ ਵਰਤੋਂ ਅਸੀਂ ਉਨ੍ਹਾਂ ਨੂੰ ਆਪੇ ਸਿਖਾ ਲਵਾਂਗੇ" ਪਰ ਮੀਡੀਆ ਅਦਾਰਿਆਂ ਅਤੇ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗਾਂ 'ਚ ਜਿਉਂ ਹੀ ਕੰਪਿਊਟਰ ਅਤੇ ਡੀ.ਟੀ.ਪੀ. ਸ਼ੁਰੂ ਹੋ ਗਿਆ ਤਾਂ ਸਾਰਾ ਧਿਆਨ ਤਕਨਾਲੋਜੀ ਵਾਲੇ ਪਾਸੇ ਹੋ ਗਿਆ ਤੇ ਭਾਸ਼ਾ ਦੀ ਸਹੀ ਵਰਤੋਂ ਕਰਨ ਵੱਲੋਂ ਹਟ ਗਿਆ। ਪੱਤਰਕਾਰੀ ਦੇ ਬਹੁਤ ਸਾਰੇ ਵਿਦਿਆਰਥੀਆਂ ਦਾ ਝੁਕਾਅ ਵੀ ਢੁਕਵੀਂ, ਦਰੁਸਤ, ਠੁੱਕਦਾਰ, ਰਵਾਨੀ ਭਰਪੂਰ ਅਤੇ ਅਸਰਦਾਇਕ ਭਾਸ਼ਾ ਦੀ ਵਰਤੋਂ ਤੋਂ ਹਟ ਕੇ ਕੰਪਿਊਟਰ ਅਤੇ ਟੈਲੀਵਿਜ਼ਨ ਦੀ ਚਮਕ-ਦਮਕ ਤੇ ਤੇਜ਼ੀ ਵੱਲ ਹੋ ਗਿਆ। ਮੀਡੀਆ ਅਤੇ ਨਿੱਜੀ ਜੀਵਨ 'ਚ ਆਈਆਂ ਨਵੀਆਂ ਤਕਨਾਲੋਜੀਆਂ ਨੇ ਮਨੁੱਖੀ ਯਾਦਦਾਸ਼ਤ ਅਤੇ ਸਿਰਜਣਾਤਮਕਤਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਇਹ ਗੰਭੀਰ ਖੋਜ ਦਾ ਵਿਸ਼ਾ ਹੈ। ਗੂਗਲ ਅਨੁਵਾਦ ਨੇ ਵੱਖ-ਵੱਖ ਭਾਸ਼ਾਵਾਂ ਨੂੰ ਕਿਸ ਹੱਦ ਤੱਕ ਸੰਵਾਰਿਆ ਅਤੇ ਵਿਗਾੜਿਆ ਹੈ, ਇਹ ਵਿਸ਼ਾ ਵੀ ਖੋਜ ਦੀ ਮੰਗ ਕਰਦਾ ਹੈ।

ਪੰਜਾਬੀ ਪੱਤਰਕਾਰੀ ਨੇ ਬੇਸ਼ੱਕ, ਪੰਜਾਬੀ ਭਾਸ਼ਾ ਦੇ ਵਿਕਾਸ 'ਚ ਲਗਾਤਾਰ ਯੋਗਦਾਨ ਪਾਇਆ ਹੈ ਪਰ ਅਜੇ ਵੀ ਇਹ ਕਈ ਤਰ੍ਹਾਂ ਦੀਆਂ ਸੀਮਾਵਾਂ ਅਤੇ ਸਮੱਸਿਆਵਾਂ ਨਾਲ ਜੂਝ ਰਹੀ ਹੈ। ਬਹੁਤੀਆਂ ਸਮੱਸਿਆਵਾਂ ਤਾਂ ਸੰਸਾਰੀਕਰਨ ਅਤੇ ਹਰ ਖੇਤਰ ਵਿਚ ਹੋ ਰਹੀ ਕਨਵਰਜੈਂਸ (ਰਲੇਵੇਂ) ਕਰ ਕੇ ਪੈਦਾ ਹੋ ਰਹੀਆਂ ਹਨ। ਇਸ ਦੌਰ 'ਚ ਕਿਸੇ ਵੀ ਵਰਤਾਰੇ ਨੂੰ ਅਲੱਗ ਅਤੇ ਅਭਿੱਜ ਨਹੀਂ ਰੱਖਿਆ ਜਾ ਸਕਦਾ। ਅੰਗਰੇਜ਼ੀ ਭਾਸ਼ਾ ਉਤੇ ਨਿਰਭਰਤਾ ਲਗਾਤਾਰ ਜਾਰੀ ਹੈ। ਪੱਤਰਕਾਰੀ 'ਚ ਵਰਤੀ ਜਾਣ ਵਾਲੀ ਭਾਸ਼ਾ ਦੇ ਮਿਆਰੀਕਰਨ ਨਾਲ ਸਬੰਧਿਤ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਪਿਛਲੇ ਵੀਹ ਕੁ ਸਾਲਾਂ ਦੌਰਾਨ ਪੰਜਾਬ 'ਚੋਂ ਨਿਕਲਣ ਵਾਲੀਆਂ ਵੱਡੀਆਂ ਹਿੰਦੀ ਅਖ਼ਬਾਰਾਂ ਨੇ ਜਿਸ ਤਰ੍ਹਾਂ ਅੰਗਰੇਜ਼ੀ ਸ਼ਬਦਾਂ ਦੀ ਇੰਨ-ਬਿੰਨ ਵਰਤੋਂ ਕੀਤੀ, ਉਸ ਤੋਂ ਪੰਜਾਬੀ ਪੱਤਰਕਾਰੀ ਵੀ ਅਭਿੱਜ ਨਹੀਂ ਰਹਿ ਸਕੀ।

ਪੱਤਰਕਾਰੀ ਵਿਚ ਬਹੁਤਾ ਜ਼ੋਰ ਭਾਸ਼ਾ ਦੀ ਸਰਲਤਾ ਅਤੇ ਰਵਾਨੀ ਉਪਰ ਹੀ ਦਿੱਤਾ ਜਾਂਦਾ ਹੈ, ਇਸ ਦੀ ਸੂਖ਼ਮਤਾ ਅਤੇ ਸੁਹਜ ਉਪਰ ਨਹੀਂ। ਲਗਾਤਾਰ ਲਿਖਣ, ਅਨੁਵਾਦ ਅਤੇ ਸੰਪਾਦਨ ਕਰਨ



ਕਰ ਕੇ ਪੱਤਰਕਾਰ ਕੋਲ ਸ਼ਬਦ ਭੰਡਾਰ ਤਾਂ ਭਾਵੇਂ ਹੁੰਦਾ ਹੈ ਪਰ ਕਿਸੇ ਸ਼ਬਦ ਦੇ ਸਹੀ ਸ਼ੇਡ ਫੜਨ ਵੱਲ ਉਸ ਦਾ ਬਹੁਤਾ ਧਿਆਨ ਨਹੀਂ ਰਹਿੰਦਾ। ਮਿਸਾਲ ਵਜੋਂ ਕਿਸੇ ਕਿਸਾਨ ਵੱਲੋਂ ਖ਼ੁਦਕੁਸ਼ੀ ਨਾਲ ਸਬੰਧਿਤ ਖ਼ਬਰ ਦੀ ਸੁਰਖ਼ੀ ਅਕਸਰ ਅਜਿਹੀ ਹੁੰਦੀ ਹੈ- 'ਕਰਜ਼ੇ ਦੇ ਸਤਾਏ ਕਿਸਾਨ ਨੇ ਮੌਤ ਨੂੰ ਗਲ ਲਾਇਆ'। ਇੱਥੇ ਮੁਹਾਵਰੇ ਦੇ ਸਹੀ ਸ਼ੇਡ ਨੂੰ ਸ਼ਾਇਦ ਨਹੀਂ ਸਮਝਿਆ ਗਿਆ ਕਿਉਂਕਿ ਸਾਡੇ ਸੱਭਿਆਚਾਰ 'ਚ 'ਗਲ ਲਾਉਣਾ' ਬਹੁਤਾ ਕਰ ਕੇ ਹਾਂ-ਪੱਖੀ ਵਰਤਾਰਾ ਹੈ।

ਪੱਤਰਕਾਰੀ ਬਾਰੇ ਅਕਸਰ ਆਖਿਆ ਜਾਂਦਾ ਹੈ ਕਿ ਇਸ ਵਿਚ ਵਾਰ-ਵਾਰ ਗਿਣਤੀ ਦੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੱਤਰਕਾਰ ਦਾ ਸ਼ਬਦ ਭੰਡਾਰ ਹੋਣਾ ਹੀ ਸੀਮਤ ਚਾਹੀਦਾ ਹੈ ਤਾਂ ਕਿ ਉਹ ਕੋਈ ਔਖਾ ਸ਼ਬਦ ਵਰਤ ਹੀ ਨਾ ਸਕੇ। ਅੰਗਰੇਜ਼ੀ ਪੱਤਰਕਾਰੀ 'ਚ ਅਜਿਹਾ ਦੌਰ ਵੀ ਰਿਹਾ ਹੈ ਜਦੋਂ ਪਾਠਕ ਅਖ਼ਬਾਰਾਂ ਤੋਂ ਸੂਚਨਾ ਅਤੇ ਵਿਚਾਰ ਲੈਣ ਦੇ ਨਾਲ ਹੀ ਇਨ੍ਹਾਂ ਤੋਂ ਅੰਗਰੇਜ਼ੀ ਭਾਸ਼ਾ ਸਿੱਖਦਾ ਹੀ ਨਹੀਂ ਸੀ ਸਗੋਂ ਸੁਧਾਰਦਾ ਵੀ ਸੀ। ਇਉਂ ਹੀ ਆਲ ਇੰਡੀਆ ਰੇਡੀਓ ਨੇ ਵੀ ਉਹ ਸਮਾਂ ਦੇਖਿਆ ਜਦੋਂ ਲੋਕ ਸੂਚਨਾ ਅਤੇ ਮਨੋਰੰਜਨ ਦੇ ਨਾਲ ਇਸ ਤੋਂ ਭਾਸ਼ਾ ਦਾ ਸਹੀ ਉਚਾਰਨ ਸਿੱਖਦੇ ਸਨ।

ਅੰਗਰੇਜ਼ੀ ਦਾ ਅਖ਼ਬਾਰ 'ਦਿ ਹਿੰਦੂ' ਸੰਪਾਦਕ ਦੇ ਨਾਲ-ਨਾਲ 'ਰੀਡਰਜ਼ ਐਡੀਟਰ' ਦੀ ਵੀ ਨਿਯੁਕਤੀ ਕਰਦਾ ਰਿਹਾ ਹੈ ਜੋ ਖ਼ੁਦ ਹੀ ਆਪਣੀ ਅਖ਼ਬਾਰ ਦੀਆਂ ਗ਼ਲਤੀਆਂ ਕੱਢਦਾ ਸੀ ਅਤੇ ਪਾਠਕਾਂ ਨੂੰ ਗ਼ਲਤੀਆਂ ਕੱਢਣ ਲਈ ਉਤਸ਼ਾਹਿਤ ਕਰਦਾ ਸੀ ਤੇ ਫਿਰ ਉਨ੍ਹਾਂ ਦਾ ਜਵਾਬ ਵੀ ਦਿੰਦਾ ਸੀ। ਕੀ ਪੰਜਾਬੀ ਦਾ ਕੋਈ ਅਖ਼ਬਾਰ ਅਜਿਹੀ ਪਹਿਲ ਕਰ ਸਕਦਾ ਹੈ? ਅਜੇ ਤਾਂ ਇਸ ਦਾ ਜਵਾਬ 'ਨਹੀਂ' ਹੀ ਲਗਦਾ ਹੈ ਪਰ ਉਮੀਦ ਨਹੀਂ ਛੱਡਣੀ ਚਾਹੀਦੀ।

ਰੋਜ਼ਾਨਾ ਅਖ਼ਬਾਰਾਂ 'ਚ ਗ਼ਲਤੀਆਂ ਦੀ ਗੁੰਜਾਇਸ਼ ਤਾਂ ਰਹਿੰਦੀ ਹੀ ਰਹਿੰਦੀ ਹੈ ਪਰ ਕੁਝ ਅਖ਼ਬਾਰਾਂ 'ਚ ਇਨ੍ਹਾਂ ਦੀ ਭਰਮਾਰ ਚੁਭਦੀ ਹੈ। ਬਹੁਤ ਸਾਰੀਆਂ ਗ਼ਲਤੀਆਂ ਤੋਂ ਬਚਿਆ ਜਾ ਸਕਦਾ ਹੈ ਬਸ਼ਰਤੇ ਭਾਸ਼ਾ ਦੀ ਵਰਤੋਂ ਬਾਰੇ ਸੁਚੇਤ ਰਿਹਾ ਜਾਵੇ। ਭਾਸ਼ਾ ਤੇ ਅਖ਼ਬਾਰਾਂ ਦੇ ਸਮੁੱਚੇ ਮਿਆਰੀਕਰਨ ਵਾਲੇ ਪਾਸੇ ਉਚੇਚਾ ਧਿਆਨ ਦਿੱਤਾ ਜਾਵੇ। ਆਪਣੇ ਪੱਤਰਕਾਰੀ ਦੇ ਅਧਿਆਪਨ ਦੇ ਤਜਰਬੇ ਦੇ ਆਧਾਰ 'ਤੇ ਮੈਂ ਇਹ ਕਹਿ ਸਕਦਾ ਹੈ ਕਿ ਸਾਡੀ ਸਕੂਲੀ ਸਿੱਖਿਆ 'ਚ ਬਹੁਤ ਕਮੀਆਂ ਹਨ। ਕਮਜ਼ੋਰ ਨੀਂਹ ਉਤੇ ਮਜ਼ਬੂਤ ਢਾਂਚਾ ਨਹੀਂ ਉਸਾਰਿਆ ਜਾ ਸਕਦਾ। ਪੰਜਾਬੀ ਪੱਤਰਕਾਰੀ 'ਚ ਬਹੁਤੇ ਪੇਂਡੂ ਪਿਛੋਕੜ ਵਾਲੇ ਬੱਚੇ ਆਉਂਦੇ ਹਨ। ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਬਾਰੇ ਉਨ੍ਹਾਂ ਵਿਚ ਚੇਤੰਨਤਾ ਤਾਂ ਹੁੰਦੀ ਹੈ ਪਰ ਉਨ੍ਹਾਂ ਦੀ ਪੰਜਾਬੀ ਭਾਸ਼ਾ 'ਤੇ ਪਕੜ ਓਨੀ ਮਜ਼ਬੂਤ ਨਹੀਂ ਹੁੰਦੀ।

ਪੱਤਰਕਾਰ ਲਈ ਭਾਸ਼ਾ ਦੀ ਜਾਣਕਾਰੀ ਹੀ ਜ਼ਰੂਰੀ ਨਹੀਂ ਸਗੋਂ ਉਸ ਨੂੰ ਭਾਸ਼ਾ ਦੀ ਬਹੁਤ ਮਹੀਨ ਸਮਝ ਹੋਣੀ ਚਾਹੀਦੀ ਹੈ। ਉਸ ਨੂੰ ਸ਼ਬਦ ਦੀ ਸਥੂਲ ਹੀ ਨਹੀਂ ਸਗੋਂ ਸੂਖ਼ਮ ਵਰਤੋਂ ਕਰਨੀ ਆਉਣੀ ਚਾਹੀਦੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਇਲਾਵਾ ਪੰਜਾਬੀ ਅਕਾਦਮੀ ਜਿਹੀਆਂ ਸੰਸਥਾਵਾਂ ਇਸ ਕਾਰਜ ਵਿਚ ਕੀ ਰੋਲ ਅਦਾ ਕਰ ਸਕਦੀਆਂ ਹਨ, ਇਸ ਉਤੇ ਗੰਭੀਰ ਚਰਚਾ ਦੀ ਲੋੜ ਹੈ।

## ਪੁਸਤਕ ਪੜਚੋਲ

# ਅਲਵਿਦਾ ! ... ਕਦੇ ਵੀ ਨਹੀਂ

***ਦਰਜਨ ਤੋਂ ਜ਼ਿਆਦਾ ਕਿਤਾਬਾਂ ਦੀ ਰਚੇਤਾ, ਨਾਰਥ ਅਮਰੀਕਾ ਦੇ ਬੇ-ਏਰੀਏ ਵਿਚ ਵੱਸਦੀ ਅਤੇ ਵਿਸ਼ਵ ਪੰਜਾਬੀ ਸਾਹਿਤਕ ਅਕੈਡਮੀ (ਵਿਪਸਾਅ) ਦੀ ਮੈਂਬਰ ਅਤੇ ਸਹਿਯੋਗੀ, 'ਲਾਜ ਨੀਲਮ ਸੈਣੀ' ਪੰਜਾਬੀ ਸਾਹਿਤ ਵਿਚ ਨਿਰਸੰਦੇਹ ਵੱਡਾ ਨਾਮ ਹੈ, ਜਿਸ ਦੀ ਜਾਣ-ਪਛਾਣ ਕਰਾਉਣ ਦੀ ਬਹੁਤੀ ਜ਼ਰੂਰਤ ਨਹੀਂ। ਇਨ੍ਹਾਂ ਨਾਲ ਮੇਰੀ ਕੋਈ ਨਿੱਜੀ ਜਾਣ-ਪਛਾਣ ਨਹੀਂ ਹੈ, ਪਰ ਇਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਨ ਦਾ ਮੌਕਾ ਅਕਸਰ ਮਿਲਦਾ ਰਹਿੰਦਾ ਹੈ।***

**ਕੁਲਵਿੰਦਰ ਬਾਠ**
**ਕੈਲੀਫੋਰਨੀਆ, ਯੂ ਐਸ ਏ**
**ਫੋਨ: 209-600-2897**

ਮਿੱਤਰ ਪਿਆਰਿਓ, ਕਿਸੇ ਵੀ ਰੂਪ ਵਿਚ ਰਚਿਤ ਸਾਹਿਤਕ ਰਚਨਾ - ਕਵਿਤਾ, ਗਾਣਾ, ਵਾਰਤਕ, ਕਹਾਣੀ, ਸਫ਼ਰਨਾਮਾ ਜਾਂ ਸਵੈ-ਜੀਵਨੀ ਜੇਕਰ ਚੰਗਾ ਸੁਨੇਹਾ ਦਿੰਦੀ ਹੈ, ਪੜ੍ਹਨ ਵਾਲੇ ਨਾਲ ਸੰਵਾਦ ਰਚਾਉਂਦੀ ਹੈ, ਗੱਲ-ਬਾਤ ਕਰਦੀ ਹੈ, ਉਂਗਲ ਲਾ ਕੇ ਆਪਣੇ ਨਾਲ਼ ਤੋਰਦੀ ਹੈ, ਜਾਂ ਫਿਰ ਉਹਦੀ 'ਰੂਹ ਨੂੰ ਧੂਹ' ਪਾਉਂਦੀ ਹੈ ਤਾਂ ਉਹ ਇੱਕ ਮਿਆਰੀ ਅਤੇ ਸ਼ਾਹਕਾਰ ਸਾਹਿਤਕ ਰਚਨਾ ਹੁੰਦੀ ਹੈ। ਪਾਠਕ ਹੋਣ ਦੇ ਨਾਤੇ ਇਹ ਮੇਰਾ ਖੁਦ ਦਾ ਮੰਨਣਾ ਹੈ। ਅੱਜ-ਕੱਲ੍ਹ ਦੇ ਸੋਸ਼ਲ ਮੀਡੀਆ ਦੇ ਜ਼ਮਾਨੇ ਵਿਚ ਪੰਜਾਬੀ ਸਾਹਿਤ ਥੋਕ ਵਿਚ ਲਿਖਿਆ ਜਾ ਰਿਹਾ ਹੈ। ਹਰ ਰੋਜ਼ ਨਵੇਂ ਲੇਖਕ (ਜਾਂ ਲੇਖਿਕਾਵਾਂ) ਉੱਭਰ ਰਹੇ ਹਨ। ਪਰ ਪੰਜਾਬੀ ਸਾਹਿਤ ਪੜ੍ਹਨ ਵਾਲਿਆਂ ਦੀ ਗਿਣਤੀ ਜੇ ਘੱਟ ਨਹੀਂ ਤਾਂ ਵੱਧ ਵੀ ਨਹੀਂ ਰਹੀ...। ਮੇਰੀ ਸਮਝ ਵਿਚ ਇੱਕ ਚੰਗਾ ਸਾਹਿਤਕਾਰ ਆਪਣੀ ਰਚਨਾ ਪਾਠਕਾਂ ਨੂੰ ਮਨ ਵਿਚ ਰੱਖ ਕੇ ਰਚਦਾ ਹੈ, ਨਾ ਕਿ ਕਿਸੇ ਸਾਹਿਤ ਅਕਾਦਮੀ ਦਾ ਅਵਾਰਡ ਪਾਉਣ ਲਈ। ਮਨ ਵਿਚ ਪਾਠਕਾਂ ਦੇ ਹੁੰਗਾਰੇ ਦੀ ਆਸ ਅਤੇ ਉਮੀਦ ਵੀ ਜ਼ਰੂਰ ਰੱਖਦਾ ਹੋਵੇਗਾ। ਇਸ ਕਰਕੇ ਪਾਠਕ ਦਾ ਵੀ ਇਹ ਫ਼ਰਜ਼ ਬਣ ਜਾਂਦਾ ਹੈ ਕਿ ਲੇਖਕ ਨੂੰ ਹੁੰਗਾਰਾ ਦੇਵੇ। ਮੈਂ ਵੀ ਇਸ ਕਿਤਾਬ ਨੂੰ ਪੜ੍ਹ ਕੇ ਮਨ ਵਿਚ ਆਏ ਦੋ-ਚਾਰ ਸਧਾਰਨ ਜਿਹੇ ਸ਼ਬਦ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਆਲੋਚਨਾ ਜਾਂ ਰੀਵਿਊ ਸਾਡੇ ਸਨਮਾਨਯੋਗ ਸਾਹਿਤਕਾਰ ਅਤੇ ਵਿਦਵਾਨ ਆਪ ਹੀ ਕਰ ਦੇਣਗੇ, ਪਰ ਪਾਠਕ ਦੇ ਤੌਰ 'ਤੇ ਮੈਨੂੰ ਇਹ ਕਿਤਾਬ ਬਹੁਤ ਵਧੀਆ ਲੱਗੀ।

ਅਲਵਿਦਾ!... ਕਦੇ ਵੀ ਨਹੀਂ

'ਅਲਵਿਦਾ!... ਕਦੇ ਵੀ ਨਹੀਂ' ਨੀਲਮ ਸੈਣੀ ਜੀ ਦੀ ਜਿੰਦ-ਜਾਨ ਅਤੇ ਰੂਹ ਵਿਚ ਵੱਸਦੇ ਮਹਿਬੂਬ ਲਾਜ ਸੈਣੀ ਦੀ ਬੇਪਨਾਹ ਅਤੇ ਰੂਹਾਨੀ ਮੁਹੱਬਤ ਨੂੰ ਸਮਰਪਤ ਕੀਤੀ ਸ਼ਾਹਕਾਰ ਸਵੈ-ਜੀਵਨੀ ਹੈ। ਦੋ ਮੁਹੱਬਤੀ ਰੂਹਾਂ ਦੇ ਮਿਲਣ, ਹੱਸਣ-ਖੇਡਣ, ਅਚਾਨਕ ਵਿਛੜਨ, ਅਲਵਿਦਾ... ਤੇ ਫਿਰ ਕਦੇ ਅਲਵਿਦਾ ਨਾ ਕਰਨ...ਦੀ ਮੁਹੱਬਤੀ ਦਾਸਤਾਨ ਹੈ। ਪ੍ਰਿਥਮ ਪ੍ਰਕਾਸ਼ਨ ਪਟਿਆਲਾ ਦੁਆਰਾ 2024 ਵਿਚ ਪ੍ਰਕਾਸ਼ਿਤ ਕੀਤੀ ਇਹ ਸਵੈ-ਜੀਵਨੀ ਲਾਜ ਨੀਲਮ ਸੈਣੀ ਦੀ ਵਿਲੱਖਣ, ਸੰਵੇਦਨਸ਼ੀਲ, ਅਤੇ ਦਰਵੇਸ਼ ਰੂਹ ਦੀ ਸੁੰਦਰ ਅਤੇ ਸਕਾਰਤਮਕ ਉਪਜ ਹੈ। 224 ਸਫ਼ਿਆਂ ਅਤੇ 30 ਹਿੱਸਿਆਂ ਦੀ ਤਰਤੀਬ ਵਿਚ ਪਰੋਈ ਇਸ ਕਿਤਾਬ ਦਾ ਹਰੇਕ ਹਿੱਸਾ ਨੀਲਮ ਅਤੇ ਉਸਦੇ ਪਤੀ ਲਾਜ ਦੀ ਗੱਲ-ਬਾਤ ਨਾਲ਼ ਸ਼ੁਰੂ ਹੁੰਦਾ ਹੈ। ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਦੋਵੇਂ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ-ਜਵਾਬ ਜਾਂ ਵਾਰਤਾਲਾਪ ਕਰ ਰਹੇ ਹੋਣ...। ਜਾਦੂਗਰੀ ਸ਼ਬਦਾਂ ਵਿਚ ਵਰਤਮਾਨ ਅਤੇ ਫਲੈਸ਼ਬੈਕ ਦੇ ਸੰਗਮ ਦਾ ਕਮਾਲ ਹੈ ਜੋ ਪੜ੍ਹਨ ਵਾਲੇ ਨੂੰ ਪਰ੍ਹੇ ਜਾਣ ਹੀ ਨਹੀਂ ਦਿੰਦਾ! ਬੜੇ ਖ਼ੂਬਸੂਰਤ ਖਿਆਲ ਤਹਿਤ ਕਿਤਾਬ ਦੇ ਐਨ ਅਖੀਰ ਵਿਚ 3 ਸਫ਼ੇ ਪਾਠਕਾਂ ਲਈ ਵੀ ਇਸ ਸਵੈ-ਜੀਵਨੀ ਦਾ ਹਿੱਸਾ ਬਣਨ ਲਈ ਰਾਖਵੇਂ ਰੱਖੇ ਹਨ।

ਇਨਸਾਨ ਦਾ ਜੀਵਨ, ਜੀਵਨ ਦੇ ਬਦਲਦੇ ਹੋਏ ਰੰਗਾਂ ਦਾ ਸੁਮੇਲ ਹੈ- ਅੱਜ ਹੋਰ ਤੇ ਕੱਲ੍ਹ ਨੂੰ ਹੋਰ। ਜੀਵਨ ਨੂੰ ਬਹੁਤੇ ਲੋਕਾਂ ਨੇ ਬਹੁਤ ਸਾਰੇ ਨਾਮ ਦਿੱਤੇ ਹੋਏ ਹਨ। ਨੀਲਮ ਸੈਣੀ ਦੀ ਦੇਸ ਅਤੇ ਪਰਦੇਸ ਦੀ ਜ਼ਿੰਦਗੀ ਦਾ ਇਹ ਸਫ਼ਰ ਪਾਠਕ ਨੂੰ ਉਂਗਲੀ ਲਾ ਕੇ ਆਪਣੇ ਨਾਲ਼ ਤੋਰ ਲੈਂਦਾ ਹੈ...। ਪਾਠਕ ਉਸਦੇ ਪਿਆਰ-ਮੁਹੱਬਤ, ਖੁਸ਼ੀਆਂ-ਗ਼ਮੀਆਂ ਅਤੇ ਹੋਰ ਅਨੇਕਾਂ ਹੀ ਉਤਰਾਅ-ਚੜ੍ਹਾਅ ਦੇ ਰੰਗਾਂ ਅਤੇ ਪਲ-ਪਲ ਦੇ ਪਲਾਂ ਦੇ ਅੰਗ-ਸੰਗ ਮਹਿਸੂਸ ਕਰਦਾ ਹੈ। ਪਾਠਕ ਨੂੰ ਮਹਿਸੂਸ ਹੀ ਨਹੀਂ ਹੁੰਦਾ ਕਿ ਉਹ ਕੋਈ ਨਾਵਲ ਪੜ੍ਹ ਰਿਹਾ ਹੈ, ਬਲਕਿ ਉਹ ਤਾਂ ਉਨ੍ਹਾਂ ਪਲਾਂ ਨੂੰ ਇੰਨ-ਬਿੰਨ ਮਹਿਸੂਸ ਕਰਦਾ ਹੈ। ਕਿਤਾਬ ਦੀ ਇਹ ਵਿਸ਼ੇਸ਼ਤਾ ਪਾਠਕ ਦੀ ਰੌਚਕਤਾ ਨੂੰ ਹੋਰ ਵੀ ਉਭਾਰਦੀ ਹੈ!!




*ਲਾਜ ਨੀਲਮ ਸੈਣੀ ਦੀ ਕਿਤਾਬ ਅਲਵਿਦਾ!... ਕਦੇ ਵੀ ਨਹੀਂ ਦਾ ਸਰਵਰਕ।*

ਸਵੈ-ਜੀਵਨੀ ਦਾ ਸਫ਼ਰ ਨੀਲਮ ਸੈਣੀ ਦੀ ਚੜ੍ਹਦੀ ਜਵਾਨੀ ਵਿਚ ਆਪਣੇ ਹਮਸਫ਼ਰ ਦੀ ਪਹਿਲੀ ਮੁਲਾਕਾਤ ਦੀ ਤਿਆਰੀ ਤੋਂ ਚਲਦਾ ਹੈ ਜਿਸ ਨੂੰ ਪੰਨਾ 14 ਦੀਆਂ ਲਾਈਨਾਂ ਖ਼ੂਬਸੂਰਤੀ ਨਾਲ਼ ਇੰਜ ਬਿਆਨ ਕਰਦੀਆਂ ਹਨ...

"ਵਿਹੜੇ ਵਿਚ ਸੱਜੇ ਪਾਸੇ ਕੰਧ ਨਾਲ਼ ਖੜ੍ਹਾ ਸਾਇਕਲ ਲੈ ਕੇ ਤੁਰ ਪਈ। ਪਿੰਡ ਦੀਆਂ ਭੀੜੀਆਂ ਗ਼ਲੀਆਂ ਮੈਨੂੰ ਹੋਰ ਵੀ ਭੀੜੀਆਂ ਹੁੰਦੀਆਂ ਜਾਪੀਆਂ। ਸਾਇਕਲ ਮਿੱਠੀਆਂ ਅੜੀਆਂ ਕਰਦਾ ਮੇਰੇ ਹੱਥੋਂ ਤਿਲਕਦਾ ਕੰਧਾਂ ਨਾਲ਼ ਖਹਿਣ ਲੱਗਾ। ਅਚਾਨਕ ਪੈਰਾਂ ਹੇਠ ਭੁਚਾਲ਼ ਆ ਗਿਆ...ਤੇ ਸੋਲਵਾਂ ਸਾਲ ਯਾਦ ਆ ਗਿਆ।"

ਸਾਡੇ ਸੱਭਿਆਚਾਰ ਵਿਚਲੇ ਰਿਸ਼ਤਿਆਂ ਦੇ ਤਾਣੇ-ਬਾਣੇ ਦੇ ਅਨੇਕਾਂ ਰਿਸ਼ਤਿਆਂ ਵਿਚੋਂ ਪਤੀ-ਪਤਨੀ ਦਾ ਰਿਸ਼ਤਾ ਬੜਾ ਅਹਿਮ ਹੁੰਦਾ ਹੈ। ਢੋਲ ਮਾਹੀ ਦੇ ਇਸ ਰਿਸ਼ਤੇ ਵਿਚ ਬਹੁਤ ਆਸ ਹੈ, ਵਿਸ਼ਵਾਸ ਹੈ, ਮਿਠਾਸ ਹੈ, ਅਪਣੱਤ ਹੈ, ਪਿਆਰ ਹੈ, ਮੁਹੱਬਤ ਹੈ, ਅਤੇ ਕੁਰਬਾਨੀ ਵੀ ਹੈ।

ਇਸ ਦਾ ਜ਼ਿਕਰ ਉਸ ਨੇ ਪੰਨਾ 155 ਤੇ ਕੀਤਾ ਹੈ...

"ਰੰਗਾਂ ਵਿਚੋਂ ਰੰਗ, ਮੇਰੇ ਮਾਹੀ ਵਾਲਾ ਰੰਗ... ਮੇਰੀ ਰੂਹ ਕਿਰਮਚੀ ਹੋਈ ਪਈ ਹੈ। ਦੁਨੀਆ ਦੀ ਭੀੜ ਵਿਚ ਤੁਹਾਡੇ ਨਾਮ ਦੀ ਮਾਲਾ ਜਪਦੀ, ਮਸਤ ਹਾਥੀ ਵਾਂਗ ਝੂਲਦੀ ਉਸ ਦਿਸ਼ਾ ਵੱਸ ਨੱਕ ਦੀ ਸੇਧ ਤੁਰੀ ਜਾਂਦੀ ਹਾਂ ਜਿੱਥੇ ਜਾ ਕੇ ਤੇਰ-ਮੇਰ ਦਾ ਚੱਕਰ ਖਤਮ ਹੋ ਜਾਂਦਾ ਹੈ। ਅਸੀਂ ਅਸੰਖ ਹੋ ਜਾਂਦੇ ਹਾਂ...ਅਭੇਦ ਹੋ ਜਾਂਦੇ ਹਾਂ...।"

ਇਸ ਸਵੈ-ਜੀਵਨੀ ਵਿਚ ਲੇਖਿਕਾ ਦੇ ਵਰਤਮਾਨ ਅਤੇ ਅਤੀਤ ਦੀ ਕੜੀ ਪਾਠਕ ਨੂੰ ਆਪਣੇ ਨਾਲ ਬੰਨ੍ਹੀ ਰੱਖਦੀ ਹੈ। ਵਰਤਮਾਨ ਦੀਆਂ ਸਧਾਰਨ ਗੱਲਾਂ-ਬਾਤਾਂ, ਘਟਨਾਵਾਂ, ਅਤੇ ਦ੍ਰਿਸ਼ ਉਸ ਨੂੰ ਅਤੀਤ ਦੀਆਂ ਯਾਦਾਂ ਵੱਲ ਨੂੰ ਲੈ ਤੁਰਦੀਆਂ ਹਨ। ਨੀਲਮ ਨੇ ਆਪਣੇ ਪਰਦੇਸੀ ਹਮਸਫ਼ਰ ਲਾਜ ਸੈਣੀ ਨਾਲ ਬਿਤਾਏ ਪਲਾਂ ਨੂੰ ਸੁੰਦਰਤਾ ਨਾਲ ਪੰਨਾ 56 ਉੱਪਰ ਪਰੋਇਆ ਹੈ। ਪਰਦੇਸੀ ਮਾਹੀ ਦੇ ਵਿਛੋੜੇ ਦੇ ਪਲਾਂ ਵਿਚ ਉਸ ਦਾ 'ਕਵੀ ਮਨ' ਸੂਰਜ ਨੂੰ ਸਵਾਲ ਪੁੱਛਦਾ ਹੈ...

ਸੱਜਣਾ ਦੇ ਦੇਸੋਂ ਘੁੰਮ ਆਇਆ ਏਂ ਵੇ ਸੂਰਜਾ
ਸਾਡੇ ਲਈ ਪੈਗ਼ਾਮ ਕੀ ਲਿਆਇਆਂ ਏਂ ਵੇ ਸੂਰਜਾ
ਸੱਚ ਦੱਸੀਂ ਕਿੰਨਾ ਸਾਨੂੰ ਕਰਦਾ ਸੀ ਯਾਦ ਵੇ
ਤੱਕਦੇ ਹਾਂ ਅਸੀਂ ਜੀਹਦੇ ਦਿਨੇ-ਰਾਤੀਂ ਖ਼ਾਬ ਵੇ
ਕਿਤੇ ਸਾਨੂੰ ਉਸ ਨੇ ਭੁਲਾਇਆ ਤਾਂ ਨਹੀਂ ਸੂਰਜਾ।

ਨੀਲਮ ਇਕ ਕੋਮਲ ਦਿਲ ਦੀ ਭਾਵੁਕ ਅਤੇ ਸੰਵੇਦਨਸ਼ੀਲ ਕਵਿੱਤਰੀ ਹੈ। ਆਪਣੇ ਪਤੀ ਨੂੰ ਚੇਤੇ ਕਰਦਿਆਂ ਅਕਸਰ ਫਲੈਸ਼ਬੈਕ ਵਿਚ ਸੰਵਾਦ ਰਚਾਉਂਦੀ ਹੈ। ਉਸ ਦੇ ਨਾਂ 'ਤੇ ਲਿਖੀ ਨਜ਼ਮ ਨੂੰ ਗੁਣਗੁਣਾਉਂਦੀ ਹੈ...

ਇਹ ਪਰਦੇਸੀ ਧਰਤੀ ਮੈਨੂੰ, ਚੰਗੀ-ਚੰਗੀ ਲੱਗਦੀ ਏ।
ਸੱਜਣਾਂ ਦੇ ਨਾ਼ਲ ਖਹਿ ਕੇ ਆਉਂਦੀ, ਹਵਾ ਚੁਫ਼ੇਰੇ ਵਗਦੀ ਏ।

ਪੰਨਾ 127 ਅਤੇ 134 ਆਪਣੇ ਪਿੰਡ ਵਿਚ ਆਈ ਕਾ਼ਲੀ-ਬੋ਼ਲੀ ਹਨੇਰੀ ਨਾਲ ਹਵੇਲੀ ਦੀ ਡੇਕ ਦੇ ਡਿਗ ਜਾਣ ਅਤੇ ਡਿੱਗੀ ਹੋਈ ਡੇਕ ਨੂੰ ਆਰਿਆਂ ਨਾਲ ਵੱਢਣ-ਕੱਟਣ ਦੇ ਅਸਹਿ ਦੁੱਖ ਨੂੰ ਉਹ ਸੱਤ ਸਮੁੰਦਰ ਪਾਰ ਬੈਠੀ ਵੀ ਮਹਿਸੂਸ ਕਰਦੀ ਹੈ। ਆਪਣੇ ਹਮਸਫ਼ਰ ਨੂੰ ਇੰਜ ਦੱਸਦੀ ਹੈ...

ਮੈਂ ਹਵੇਲੀ ਦਾ ਗੇਟ ਖੋਲ੍ਹਿਆ...

ਡੇਕ ਤੋਂ ਸੱਖਣੀ ਹਵੇਲੀ ਤੱਕ ਕੇ ਮੇਰੇ ਦਿਲ ਵਿਚ ਹੌਲ ਪੈ ਗਿਆ..।

ਲਾਜ ਜੀ! ਡੇਕ ਦੇ ਹੇਠ ਮੈਂ ਵੱਡੀ ਹੋਈ ਸੀ। ਉਹ ਡੇਕ ਮੈਨੂੰ ਭੈਣਾਂ ਵਾਂਗ ਪਿਆਰੀ ਸੀ।

ਉਹ ਡੇਕ ਨਾਲ ਰਿਸ਼ਤਿਆਂ ਦੀ ਸਾਂਝ ਨੂੰ ਖ਼ੂਬਸੂਰਤੀ ਨਾਲ ਅਗਾਂਹ ਬਹੁਤ ਬਾਖ਼ੂਬੀ ਬਿਆਨ ਕਰਦੀ ਹੈ...

ਹਰੀਏ ਹਰੀਏ ਡੇਕੇ, ਇੱਕ ਫੁੱਲ ਦੇ-ਦੇ!
ਮੈਂ ਵੀ ਜਾਣਾ ਪੇਕੇ, ਇੱਕ ਫੁੱਲ ਦੇ-ਦੇ!
ਜਦੋਂ ਮੇਰੇ ਪੇਕੇ ਜਾਣ ਦਾ ਵਕਤ ਆਇਆ ਤਾਂ ਡੇਕ ਟੁੱਟ ਗਈ।

ਦੁੱਖ-ਸੁੱਖ ਜੀਵਨ ਦੇ ਸਿੱਕੇ ਦੇ ਦੋ ਪਹਿਲੂ ਹੀ ਹਨ। ਬਹੁਤ ਘੱਟ ਇਨਸਾਨ ਹੋਣਗੇ ਜਿਨ੍ਹਾਂ ਦੀ ਜ਼ਿੰਦਗੀ ਵਿਚ ਹਾਦਸੇ ਨਹੀਂ ਵਾਪਰਦੇ। ਇਹ ਸਵੈ-ਜੀਵਨੀ ਇੱਕ ਅਕਹਿ-ਅਸਹਿ ਹਾਦਸੇ, ਦਰਦ-ਵਿਛੋੜੇ ਅਤੇ ਦੋ ਰੂਹਾਂ ਦੀ ਬੇਪਨਾਹ ਰੂਹਾਨੀ ਮੁਹੱਬਤ ਦੀ ਉਪਜ ਹੈ। ਸਰੀਰਕ ਰੂਪ ਵਿਚ ਵਿਛੜਿਆ ਜੀਵਨ ਸਾਥੀ...ਮਨੋ ਤਾਂ ਕਦੇ ਵਿੱਸਰਿਆ ਹੀ ਨਹੀਂ। ਰੂਹਾਨੀ ਮੁਹੱਬਤ ਨੂੰ ਕੌਣ ਮਾਰ ਸਕਿਆ, ਭਲਾ? ਪਲ-ਪਲ ਦੇ ਪਲਾਂ ਵਿਚ ਜੀਵਨ ਜਿਉਂਦਿਆਂ ਜੁਦਾ ਹੋਣ ਦੇ ਭਾਵ ਤੋਂ ਬਗੈਰ ਤਾਂ...ਅਲਵਿਦਾ ਮੁਮਕਿਨ ਹੀ ਨਹੀਂ!

ਪੰਜਾਬੀ ਦੇ ਪ੍ਰਸਿੱਧ ਸ਼ਾਇਰ ਜਸਵਿੰਦਰ ਦੀਆਂ ਕੁਝ ਖ਼ੂਬਸੂਰਤ ਲਾਈਨਾਂ ਯਾਦ ਆ ਗਈਆਂ...

ਅਸੀਂ ਦਿਲ ਛੱਡ ਗਏ ਹੋਈਏ ਅਜੇਹਾ ਵੀ ਨਹੀਂ ਲਗਦਾ,
ਪਤਾ ਨਈਂ ਫੇਰ ਕਿਉਂ ਸਾਡਾ ਕਿਤੇ ਵੀ ਜੀ ਨਹੀਂ ਲਗਦਾ।
ਜਦੋਂ ਤੱਕ ਹੋਸ਼ ਆਉਂਦੀ ਕੁਝ ਨਹੀਂ ਬਚਦਾ ਸੰਭਾਲਣ ਨੂੰ,
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀਂ ਨਹੀਂ ਲਗਦਾ।

ਮੈਨੂੰ ਯਕੀਨ ਹੈ ਕਿ ਲਾਜ ਨੀਲਮ ਸੈਣੀ ਦੀ ਇਹ ਸਵੈ-ਜੀਵਨੀ ਇੱਕ ਯਾਦਗਾਰੀ ਕਿਤਾਬ ਹੋਵੇਗੀ ਅਤੇ ਆਸ ਵੀ ਕਰਦਾ ਹਾਂ ਕਿ ਦੁਨੀਆ ਭਰ ਦੇ ਬਹੁਤ ਸਾਰੇ ਹੋਰ ਸਾਹਿਤ ਪ੍ਰੇਮੀ ਵੀ ਇਸ ਨੂੰ ਪੜ੍ਹਨ ਅਤੇ ਜਾਨਣ ਲਈ ਜ਼ਰੂਰ ਹੁੰਗਾਰਾ ਭਰਨਗੇ। ਨੀਲਮ ਅਤੇ ਲਾਜ ਦੀ ਜ਼ਿੰਦਗੀ ਦੀ ਟ੍ਰੇਨ ਦਾ ਹਿੱਸਾ ਬਣ ਕੇ ਇਸ ਰੂਹਾਨੀ ਮੁਹੱਬਤ ਨੂੰ ਰ਼ਲ ਕੇ ਕਹਿਣਗੇ...

"ਅਲਵਿਦਾ !...ਕਦੇ ਵੀ ਨਹੀਂ"

ਨੀਲਮ ਸੈਣੀ ਦੀ ਇਹ ਕੋਸ਼ਿਸ਼ ਉਸ ਦੇ ਪਤੀ ਲਾਜ ਸੈਣੀ ਨੂੰ ਵੀ ਜ਼ਰੂਰ ਖੁਸ਼ੀ ਦੇਵੇਗੀ। ਮੁਹੱਬਤੀ ਰਿਸ਼ਤਿਆਂ ਨੂੰ ਖ਼ੂਬਸੂਰਤ ਬਣਾਉਣ ਦੀ ਅਣਥੱਕ ਕੋਸ਼ਿਸ਼ ਅਤੇ ਸਾਹਿਤ ਦੇ ਅਗਲੇ ਅਤੇ ਅਗਲੇਰੇ ਸਫ਼ਰ ਲਈ ਮੇਰੇ ਵੱਲੋਂ ਲਾਜ ਨੀਲਮ ਸੈਣੀ ਨੂੰ ਸ਼ੁੱਭ ਕਾਮਨਾਵਾਂ!!!

---

# ਮਾਤਾ ਧਰਤਿ ਮਹਤ

**ਡਾ. ਆਸਮਾ ਕਾਦਰੀ**



ਪਾਣੀ ਦੀ ਸੱਚ ਹੋਂਦ ਅਸਾਂ ਵੇਖੀ, ਹੁਣ ਮਿੱਟੀ ਨੂੰ ਵੇਖ ਲਈਏ। ਮਿੱਟੀ ਕਿਵੇਂ ਆਦਿ ਜੁਗਾਦਿ ਦੇ ਸੱਚ ਨਾ਼ਲ ਜੁੜਦੀ ਹੈ। ਫ਼ਰੀਦ ਨੇ ਮਿੱਟੀ ਦੀ ਵਡਿਆਈ ਕੀਤੀ ਏ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ (ਪੰਨਾ 1378, ਬਾਬਾ ਫਰੀਦ ਜੀ)

ਫ਼ਰੀਦ ਦਾ ਦੋਹੜਾ ਮਿੱਟੀ ਦੀ ਵਡਿਆਈ ਕਰੇਂਦਾ ਹੈ। ਮਿੱਟੀ ਉਪਰ ਆਕੜ-ਆਕੜ ਕੇ ਟੁਰਨ ਵਾਲੇ ਭੁੱਲ ਵੇਂਹਦੇ ਨੇਂ ਜੋ ਮੋਇਆਂ ਏਸ ਮਿੱਟੀ ਹੇਠ ਈ ਜਾਣਾ ਹੈ ਅਸਾਂ। ਏਹਾ ਮਿੱਟੀ ਈ ਹੈ ਜਿਸ ਸਾਡੀ ਸਾਂਭ ਕਰਨੀ ਹੈ। ਮਿੱਟੀ ਨਾਲ ਮਿੱਟੀ ਹੋਏ ਜਿਉਂਦੇ ਜੀ ਹਨ ਯਾਂ ਪੈਰਾਂ ਹੇਠ ਦੀ ਮਿੱਟੀ, ਦੋਵੇਂ ਈ ਬੇ ਜ਼ਬਾਨ ਹੋਏ। ਦੋਹਾਂ ਦੀ ਕਰਨੀ ਬੋਲਦੀ ਹੈ, ਇਹ ਆਪ ਨਹੀਂ ਬੋਲਦੇ। ਮਿੱਟੀ ਏਸ ਕਾਇਨਾਤ ਦੀ ਸਭ ਤੋਂ ਹੇਠਲੀ ਹੋਂਦ ਹੈ। ਪੈਰਾਂ ਹੇਠ ਆਉਂਦੀ ਇਹ ਮਿੱਟੀ ਕਿਸ ਕਿਸ ਰੰਗ ਵਿਚ ਸੇਵਾ ਕਰੇਂਦੀ ਹੈ। ਮਿੱਟੀ ਨਿਮਾਣਤਾ ਦਾ ਨਿਸ਼ਾਨ ਹੈ, ਆਜਜ਼ੀ ਦਾ, ਚੁੱਪ ਦਾ। ਮਿੱਟੀ ਹਰ ਪਲ ਆਪਣੇ ਆਹਰੇ ਲੱਗੀ ਹੈ, ਪਰ ਕਦੀਂ ਏਸ ਦੀ 'ਵਾਜ ਨਹੀਂ ਸੁਣੀ ਕਿਸੇ। ਬੱਸ ਮਿੱਟੀ ਦੀ ਕਰਨੀ ਬੋਲਦੀ ਹੈ। ਮਿੱਟੀ ਪਾਣੀ ਦਾ ਸੰਗ ਹੋਇਆ ਆਦਿ ਜੁਗਾਦਿ ਦਾ। ਮਿੱਟੀ ਦੀ ਕੁੱਖ ਸਾਂਭਦੀ ਹੈ ਹਰ ਬੀ ਨੂੰ। ਰਾਖੀ ਕਰੇਂਦੀ ਹੈ ਤੇ ਰੁੱਤ ਆਵਣ 'ਤੇ ਬੂਟਾ ਬਣਾ ਕੇ ਆਪਣਾ ਢਿੱਡ ਪਾੜ ਕੇ ਉਸ ਨੂੰ ਜੰਮਦੀ ਹੈ। ਮਿੱਟੀ ਦਾ ਉਗਾਇਆ ਕੁੱਲ ਜਿਉਂਦੀ ਹੋਂਦ ਦਾ ਜੀਵਕਾ ਹੋਇਆ। ਮਿੱਟੀ ਵਿਚੋਂ ਉੱਗਿਆ ਨਿੱਕਾ ਜਿਤਨਾ ਬੂਟਾ ਹੌਲੀ-ਹੌਲੀ ਵੱਡਾ ਹੋ ਕੇ ਉੱਚਾ ਲੰਮਾ ਰੁੱਖ ਬਣ ਕੇ ਅੰਬਰ ਨਾਲ ਗੱਲਾਂ ਕਰੇਂਦਾ ਹੈ। ਮਿੱਟੀ ਅੰਦਰ ਕੋਈ ਈਰਖਾ ਜਾਂ ਹਸਦ ਨਹੀਂ ਪੈਦਾ ਹੁੰਦਾ ਜੋ ਮੇਰਾ ਜੰਮਿਆ ਅੱਜ ਕਿੱਥੇ ਉਚਿਆਈਆਂ ਵਿਚ ਹੈ। ਮਿੱਟੀ ਰੁੱਖ ਦੀਆਂ ਜੜ੍ਹਾਂ ਦੀ ਸਾਂਭ ਕਰੇਂਦੀ ਉਸ ਦੀ ਸਿਖਰ ਨੂੰ ਵੀ ਵੱਤਰਦੀ ਹੈ। ਮਿੱਟੀ ਜਿਉਂਦਿਆਂ ਨੂੰ ਪਾਲਦੀ ਤੇ ਮੋਇਆਂ ਨੂੰ ਸਾਂਭਦੀ ਹੈ। ਮਿੱਟੀ ਮੋਏ ਵਜੂਦ ਦੀ ਸਾਂਭ ਨਾ ਕਰੇ ਤਾਂ ਧਰਤ ਉਪਰ ਜੀਵਨ ਮੁੱਕ ਜਾਵੇ। ਮਿੱਟੀ ਦਾ ਆਪਣਾ ਫਿੱਕਾ ਜਿਹਾ ਭੂਰਾ ਰੰਗ ਹੈ, ਪਰ ਮਿੱਟੀ ਦੀ ਉਪਜ ਵੰਨੋ-ਵੰਨ ਰੰਗਾਂ ਵਿਚ ਖਿੜਦੀ ਹੱਸਦੀ ਹੈ। ਮਿੱਟੀ ਵਿਚੋਂ ਹੀ ਉੱਗਿਆ ਹੈ ਸਰ੍ਹੋਂ ਦਾ ਹਰਾ ਬੂਟਾ, ਪੀਲੇ ਫੁੱਲਾਂ ਵਿਚ ਹੱਸਦਾ ਵੱਸਦਾ ਵੇਖੋ ਮਿੱਟੀ ਦਾ ਸੁਨੇਹਾ ਪਿਆ ਦਿੰਦਾ ਹੈ:

ਸਰ੍ਹੋਂ ਦੀ ਪੀਲਕ ਦੇ ਵਿਚ ਸਾਵਾ
ਜਿਸ ਪੜ੍ਹਿਆ
ਤਿਸ ਨੈਣ ਕੀਤੇ ਸਿਰ ਸਾਵੇ
ਹੈ ਦੂਈ ਆਪ ਮਿਲਾਵਾ
ਤਨ ਮਨ ਵਿਛੜਿਆਂ ਦਾ। (4)

ਮਿੱਟੀ ਦੀ ਕਰਨੀ ਸੁਨੇਹਾ ਦਿੰਦੀ ਹੈ ਇਕਾਈ ਦਾ। ਜੋ ਵੇਖੋ ਇੱਕ ਨਿੱਕੇ ਜਿਤਨੇ ਬੀ ਵਿਚੋਂ ਕਿਤਨੇ ਰੰਗ ਨਿਕਲੇ ਨੇਂ ਤੇ ਮੁੜ ਆਪਣੇ ਬੀ ਵਿਚ ਸਮਾ ਗਏ ਨੇਂ। ਇੱਕ ਬੀ ਨੇ ਆਪਣੀ ਹੋਂਦ ਗਵਾਈ ਏ ਤੇ ਬੂਟਾ ਬਣਿਆ ਹੈ। ਇੱਕ ਹੋਂਦ ਮੁਕਾਵਨ ਪਾਰੋਂ ਹੀ ਅਨੇਕਾਂ ਬੀ ਜੰਮੇ ਨੇਂ।

ਮਿੱਟੀ ਹੀ ਤੱਤ ਹੈ ਮਨੁੱਖ ਦਾ। ਮਿੱਟੀ ਉਪਜਾਉਂਦੀ ਹੈ ਆਪਣੀ ਸੱਤ ਸੱਤਿਆ ਵਰਤ ਕੇ। ਜੇ ਮਿੱਟੀ ਉਪਜ ਨਾ ਕਰੇ, ਤਾਂ ਉਹ ਮਿੱਟੀ ਸੱਚ ਨਾ ਰਹਿਸੀ। ਵੇਖੋ, "ਆਦਿ" ਦੇ ਅਰਥਾਂ ਨਾਲ ਜੋੜ ਮਿੱਟੀ ਦੀ ਕਰਨੀ ਦਾ। ਮਿੱਟੀ ਹੀ ਪਉਂਦ ਹੈ, ਮੁੱਢ ਹੈ। ਮਿੱਟੀ ਆਦਿ ਵੀ ਹੈ ਖ਼ੁਰਾਕ, ਰਿਜ਼ਕ। ਮਿੱਟੀ ਬੀ ਲੈਂਦੀ ਹੈ ਤੇ ਬੂਟਾ ਬਣਾ ਪਰਤਾਉਂਦੀ ਹੈ। ਸਾਵਾਂ ਲੈਣ ਦੇਣ ਈ ਜੀਵਨ ਟੋਰਾ ਹੈ ਕੁਦਰਤ ਦਾ। ਇਨਸਾਨੀ ਹੋਂਦ ਵੀ ਮਿੱਟੀ ਨਾਲ ਬਣੀ ਹੈ, ਤਾਹੀਓਂ ਤਾਂ ਮਰ ਮੁੱਕ ਕੇ ਮਿੱਟੀ ਨਾਲ ਮਿੱਟੀ ਹੋ ਵੇਂਹਦੀ ਹੈ। ਹਰ ਸ਼ੈਅ ਆਪਣੇ ਅਸਲੇ ਨਾਲ ਈ ਇੱਕ-ਮਿੱਕ ਹੁੰਦੀ ਏ। ਬੱਸ ਵਿੱਥ ਇਤਨੀ ਹੈ ਜੋ ਪੈਰਾਂ ਹੇਠ ਦੀ ਮਿੱਟੀ ਜਵਾਲਦੀ, ਪਾਲਦੀ, ਸਾਂਭਦੀ ਹੈ ਜੋ ਮਿੱਟੀ ਤਨ ਉਪਰ ਲੱਗੀ ਹੈ ਉਹ ਬੱਝ ਕੇ ਮੈਂ ਬਣ ਜਾਂਦੀ ਹੈ। ਮੈਂ ਦਾ ਕੰਮ ਮਾਰਨਾ ਮੁਕਾਉਣਾ ਹੋਇਆ, ਉਹ ਉਪਜ ਕਰ ਈ ਨਹੀਂ ਸਕਦੀ। ਮਿੱਟੀ ਦਾ ਕੰਮ ਤਾਂ ਮਿਲਣ ਹੋਇਆ।

ਬੰਦੇ ਦੇ ਤਨ ਵਿਚ ਕੈਦ ਹੋਈ ਮਿੱਟੀ ਮਿਲਣ ਭੁੱਲੀ ਤਾਂ ਵਿਸ ਬਣੀ। ਏਹਾ ਗੱਲ ਚੇਤੇ ਕਰਵਾਈ ਆਹੀ ਫ਼ਰੀਦ ਨੇ, ਜੋ ਬਾਬੇ ਨਾਨਕ ਨੇ ਲਿਖ ਸਾਂਭੀ:

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥ (ਪੰਨਾ 1378 ਸਲੋਕ, ਸ਼ੇਖ ਫਰੀਦ ਜੀ)

ਮਿਲਣ ਸਕਤ, ਉਪਜ ਸਕਤ ਜਦੋਂ ਬੱਝ ਜਾਵੇ। ਆਪਣੀ ਸੱਤ ਸੱਤਿਆ ਸਾਂਝੀ ਨਾ ਕਰ ਸਕੇ ਕੁੱਲ ਕੁਦਰਤ ਨਾਲ ਤਾਂ ਉਹ ਵੱਸ ਬਣ ਵੇਂਹਦੀ ਏ। ਮਿੱਟੀ ਮਿਲਦੀ ਹੈ ਹਰ ਪਲ ਵਾਅ ਨਾਲ, ਪਾਣੀ ਨਾਲ, ਸਿੰਜ ਨਾਲ ਤਾਹੀਓਂ ਉਪਜਾਉਂਦੀ ਹੈ। ਮਿੱਟੀ ਦਾ ਵਰਤਾਰਾ ਕੁੱਲ ਹੋਂਦ ਨਾਲ ਸਾਵਾਂ ਹੈ। ਮਿੱਟੀ ਨੂੰ ਕੋਈ ਨਿੰਦੇ ਰੱਦੇ, ਉਹ ਪਰਤਾਵਾ ਪਿਆਰ ਦਾ ਹੀ ਦਿੰਦੀ ਹੈ। ਮਿੱਟੀ ਨੂੰ ਕੋਈ ਵਡਿਆਏ ਤਾਂ ਵੀ ਉਹ ਮਾਣ ਨਹੀਂ ਕਰੇਂਦੀ, ਸਗੋਂ ਹੋਰ ਨਿਉਂਦੀ ਹੈ। ਮਿੱਟੀ ਜੁੜਨਾ ਸਿਖਾਉਂਦੀ ਹੈ। ਹੁਣ ਵੇਖੋ ਆਦਿ ਦੀ ਜ਼ੇਰ ਜ਼ਬਰ ਤੋਂ ਵੱਖ ਕੁਦਰਤ ਦੀ ਕਰਨੀ। ਪੈਰਾਂ ਥੱਲੇ ਜ਼ੇਰ ਹੋਈ ਮਿੱਟੀ ਹੀ ਮੋਏ ਵਜੂਦ ਦੀ ਜ਼ਬਰ ਬਣ ਵੈਂਹਦੀ ਏ। ਉਲਮਾਈ ਦੀ ਜ਼ੇਰ ਜ਼ਬਰ ਵਿਚ ਫਾਤਾ ਜੀਅ ਕੁਦਰਤ ਦੀ ਦਾਨ ਹੋਈ ਸ਼ੱਕਰ ਨੂੰ ਅੰਦਰੋਂ ਅੰਦਰ ਜੋੜ ਕੇ ਵਿੱਸ ਬਣਾ ਕੇ ਪਿਆ ਵੰਡਦਾ ਹੈ ਤੇ ਵਿਰਾਨ ਥੇਂਦਾ ਹੈ। ਪਾਣੀ ਮਿੱਟੀ ਦਾ ਆਦਿ ਜੁਗਾਦਿ ਦਾ ਸੱਚ ਵੇਖਿਆ, ਅਸਾਂ ਹੁਣ ਅੱਗ ਦਾ ਵੇਖ ਲਈਏ। ਅੱਗ ਮੁੱਢਲਾ ਤੱਤ ਏ ਜੀਵਨ ਦਾ। ਅੱਗ ਸੇਕ ਏ, ਨਿੱਘ ਵੀ, ਤੇ ਚਾਨਣ ਵੀ। ਅੱਗ ਦੀਆਂ ਵੰਨੋ ਵੰਨ ਸ਼ਕਲਾਂ ਹਨ। ਕਿਤੇ ਦੂਰ ਅੰਬਰ ਉਪਰ ਲਿਸ਼ਕਦਾ ਸਿੱਝ ਏ ਤੇ ਕਿਤੇ ਧਰਤੀ ਦੇ ਹੇਠੋਂ ਹੇਠ ਪੱਕਦਾ ਲਾਵਾ।

ਪੰਜਾਬ ਦੇ ਮਸਲੇ

# ਪੰਜਾਬ ਦੇ ਮੁਲਾਜ਼ਮਾਂ 'ਚ ਬੇਚੈਨੀ ਕਿਉਂ?



ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਕੱਢੀ ਗਈ ਇਕ ਰੈਲੀ ਦੀ ਫਾਈਲ ਫੋਟੋ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪੰਜਾਬ ਸਰਕਾਰ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸਾਲਾਂ ਤੋਂ ਸੰਘਰਸ਼ ਦੇ ਰਾਹ ਹਨ। ਜਦੋਂ ਵੀ ਕੋਈ ਚੋਣ, ਭਾਵੇਂ ਉਹ ਲੋਕ ਸਭਾ ਦੀ ਹੋਵੇ, ਵਿਧਾਨ ਸਭਾ ਦੀ ਹੋਵੇ ਜਾਂ ਕੋਈ ਜ਼ਿਮਨੀ ਚੋਣ, ਮੁਲਾਜ਼ਮ ਉਸ ਵੇਲੇ ਮੌਕੇ ਦੀ ਸਰਕਾਰ 'ਤੇ ਦਬਾਅ ਬਣਾਉਂਦੇ ਹਨ, ਆਪਣੀਆਂ ਮੰਗਾਂ ਹਾਕਮਾਂ ਅੱਗੇ ਵੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਅੱਗੇ ਵੀ ਰੱਖਦੇ ਹਨ ਤਾਂ ਕਿ ਉਨ੍ਹਾਂ ਦੀ ਸੁਣਵਾਈ ਹੋ ਸਕੇ। ਪਰ ਬਹੁਤੀ ਵੇਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਪੰਜਾਬ ਦੇ ਹਜ਼ਾਰਾਂ ਮੁਲਾਜ਼ਮ ਅਸੰਤੁਸ਼ਟ ਹਨ। ਸਰਕਾਰ ਦੇ ਵਿਵਹਾਰ ਤੋਂ ਉਹ ਮਹਿਸੂਸ ਕਰਨ ਲੱਗ ਪਏ ਹਨ ਕਿ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਸੁਣਦੀ। ਉਨ੍ਹਾਂ ਦੀਆਂ ਮੰਗਾਂ ਸਿਰਫ਼ ਉਨ੍ਹਾਂ ਦੇ ਵੇਤਨ ਜਾਂ ਸਿਰਫ ਵੇਤਨ ਤਰੁੱਟੀਆਂ ਨਾਲ ਹੀ ਸਬੰਧਤ ਨਹੀਂ ਹਨ। ਉਨ੍ਹਾਂ ਦੀਆਂ ਮੰਗਾਂ, ਉਨ੍ਹਾਂ ਨੂੰ ਨੌਕਰੀ 'ਚ ਪੱਕੇ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਅਧਿਆਪਕਾਂ ਜਾਂ ਹੋਰ ਮੁਲਾਜ਼ਮਾਂ ਤੋਂ ਲਏ ਜਾ ਰਹੇ ਵਾਧੂ ਕੰਮਾਂ ਨਾਲ ਵੀ ਸਬੰਧਤ ਰਹਿੰਦੀਆਂ ਹਨ ਅਤੇ ਇਸ ਗੱਲ ਨਾਲ ਵੀ ਕਿ ਸਰਕਾਰਾਂ ਉਨ੍ਹਾਂ ਦਾ ਸ਼ੋਸ਼ਣ ਕਰਦੀਆਂ ਹਨ, ਸਿਰਫ਼ ਲਾਰੇ-ਲੱਪੇ ਲਾ ਕੇ ਸਮਾਂ ਟਪਾਉਂਦੀਆਂ ਹਨ ਅਤੇ ਉਨ੍ਹਾਂ ਦੀਆਂ ਸਹੀ ਮੰਗਾਂ, ਜਿਨ੍ਹਾਂ ਉਤੇ ਕਈ ਵੇਰ ਕੋਈ ਪੈਸਾ ਵੀ ਨਹੀਂ ਲੱਗਣਾ ਹੁੰਦਾ, ਵੀ ਨਹੀਂ ਮੰਨਦੀਆਂ।

ਸੂਬੇ ਪੰਜਾਬ 'ਚ ਅੰਤਾਂ ਦੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖੇ ਨੌਜਵਾਨ ਡਿਗਰੀਆਂ ਹੱਥ ਲਈ ਫਿਰਦੇ ਹਨ, ਸਰਕਾਰੀ ਦਫ਼ਤਰਾਂ, ਸਕੂਲਾਂ 'ਚ ਅਸਾਮੀਆਂ ਖਾਲੀ ਹਨ, ਪਰ ਉਨ੍ਹਾਂ ਨੂੰ ਨਿਯੁਕਤੀਆਂ ਨਹੀਂ ਮਿਲਦੀਆਂ। ਜੇਕਰ ਨਿਯੁਕਤੀਆਂ ਮਿਲਦੀਆਂ ਹਨ, ਉਹ ਸਿਰਫ ਸੈਂਕੜੇ ਨੌਜਵਾਨਾਂ ਨੂੰ। ਇਸ ਨਾਲ ਨੌਜਵਾਨਾਂ 'ਚ ਬੇਚੈਨੀ ਵਧਦੀ ਹੈ, ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਕੀ ਸਿਰਫ ਕੀਤੇ ਹੋਏ ਐਲਾਨ ਨੌਜਵਾਨਾਂ ਨੂੰ ਸੰਤੁਸ਼ਟ ਕਰਨ ਲਈ ਕਾਫੀ ਹਨ?

ਮੌਜੂਦਾ ਹਾਕਮਾਂ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਤੇ ਪਹਿਲਾਂ ਐਮ.ਪੀ. ਚੋਣਾਂ ਵੇਲੇ ਵੀ ਸਰਕਾਰੀ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਗਏ, ਪਰ ਸਰਕਾਰ ਦਾ ਅੱਧਾ ਸਮਾਂ ਟੱਪਣ ਉਪਰੰਤ ਵੀ ਇਹ ਵਾਅਦੇ ਲਾਰਿਆਂ ਦਾ ਰੂਪ ਧਾਰਨ ਕਰਦੇ ਜਾਪਦੇ ਹਨ। ਇਨ੍ਹਾਂ ਵਿਚੋਂ ਜਿਹੜੇ ਵਾਇਦੇ ਪੂਰੇ ਕਰਨ ਲਈ ਕੁਝ ਦਿਨ ਹੀ ਮੰਗੇ ਗਏ ਸਨ, ਉਹ ਲੰਮੀਆਂ ਦਫ਼ਤਰੀ ਪੇਚੀਦਗੀਆਂ ਦੀ ਭੇਟ ਚੜ੍ਹਾ ਦਿੱਤੇ ਗਏ ਹਨ। ਇਸ ਕਰਕੇ ਮੁਲਾਜ਼ਮਾਂ 'ਚ ਰੋਹ ਹੈ। ਉਹ ਗੁੱਸੇ ਨਾਲ ਭਰੇ-ਪੀਤੇ ਹਨ।

ਬਿਨਾਂ ਸ਼ੱਕ ਪੰਜਾਬ ਸਰਕਾਰ ਦੀ ਹਾਲਤ ਵਿੱਤ ਪੱਖੋਂ ਚੰਗੀ ਨਹੀਂ ਹੈ। ਇਸਦਾ ਖਾਮਿਆਜ਼ਾ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਭੁਗਤਣਾ ਪੈ ਰਿਹਾ ਹੈ। ਮਹਿੰਗਾਈ ਦਿਨੋਂ-ਦਿਨ ਵਧਦੀ ਹੈ, ਪਰ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਮਿਲ ਰਹੀਆਂ। ਇਹ ਮੁਲਾਜ਼ਮਾਂ ਦੇ ਪਰਿਵਾਰਾਂ ਲਈ ਆਰਥਿਕ ਤੰਗੀ ਦਾ ਕਾਰਨ ਬਣ ਰਿਹਾ ਹੈ। ਮੁਲਾਜ਼ਮ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਮੰਗ ਰਹੇ ਹਨ, ਇਸ ਵਿਚ ਗਲਤ ਕੀ ਹੈ? ਜਦੋਂ ਸਰਕਾਰ ਹੱਦ ਤੋਂ ਪਾਰ ਜਾ ਕੇ ਕਰਜ਼ੇ ਲੈ ਕੇ ਸਰਕਾਰ ਚਲਾ ਰਹੀ ਹੈ, ਫਜ਼ੂਲ ਖਰਚਿਆਂ ਸਮੇਤ ਵੱਡੇ ਇਸ਼ਤਿਹਾਰ ਛਪਵਾ ਕੇ ਉਸ ਵਲੋਂ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਜਾ ਰਹੀਆਂ ਹਨ ਤਾਂ ਸਰਕਾਰ ਚਲਾਉਣ ਵਾਲੀ ਮਹੱਤਵਪੂਰਨ ਮਸ਼ੀਨਰੀ (ਮੁਲਾਜ਼ਮਾਂ) ਨੂੰ ਮਹਿੰਗਾਈ ਭੱਤਾ ਕਿਉਂ ਨਹੀਂ ਦਿੱਤਾ ਜਾ ਰਿਹਾ?

ਮੁਲਾਜ਼ਮ ਧਰਨੇ ਦਿੰਦੇ ਹਨ। ਮੁਲਾਜ਼ਮ ਹੜਤਾਲ ਕਰਦੇ ਹਨ। ਬਿਜਲੀ ਮੁਲਾਜ਼ਮ ਕੰਮ ਕਰਨ ਤੋਂ ਆਤੁਰ ਹੋ ਕੇ ਘਰੀਂ ਬੈਠ ਜਾਂਦੇ ਹਨ। ਸਰਕਾਰੀ ਕੰਮਕਾਰ ਠੱਪ ਹੁੰਦਾ ਹੈ। ਲੋਕ ਪ੍ਰੇਸ਼ਾਨ ਹੁੰਦੇ ਹਨ। ਲੋਕਾਂ ਨੂੰ ਪ੍ਰੇਸ਼ਾਨੀ ਵਿਚੋਂ ਕੱਢਣਾ ਅਤੇ ਮੁਲਾਜ਼ਮਾਂ ਦੀ ਗੱਲ ਸੁਣਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਜ਼ਿੰਮੇਵਾਰੀ ਤੋਂ ਸਰਕਾਰ ਟਾਲਾ ਕਿਵੇਂ ਵੱਟ ਸਕਦੀ ਹੈ?

ਮੁਲਾਜ਼ਮ ਜਥੇਬੰਦੀਆਂ ਨਾਲ ਗੱਲਬਾਤ ਦਾ ਸਮਾਂ ਨੀਅਤ ਕੀਤਾ ਜਾਂਦਾ ਹੈ। ਮੰਗਾਂ ਮੰਨਣ ਦਾ ਬਚਨ ਦੇ ਦਿੱਤਾ ਜਾਂਦਾ ਹੈ, ਪਰ ਗੱਲ ਅੱਗੇ ਨਹੀਂ ਤੁਰਦੀ। ਕੀ ਇਹ ਕਿਸੇ ਵੀ ਲੋਕਤੰਤਰੀ ਪ੍ਰਣਾਲੀ ਵਿਚ ਜਾਇਜ਼ ਹੈ? ਸੈਂਕੜੇ ਕੇਸ, ਅਦਾਲਤਾਂ ਉੱਚ ਅਦਾਲਤਾਂ 'ਚ ਲੰਬਿਤ ਪਏ ਹਨ। ਅਦਾਲਤਾਂ 'ਚ ਸੁਣਵਾਈ ਹੁੰਦੀ ਹੈ। ਫ਼ੈਸਲੇ ਹੁੰਦੇ ਹਨ। ਪਰ ਉਹ ਫ਼ੈਸਲੇ ਲਾਗੂ ਕਰਨ ਲਈ ਵੀ ਦੇਰ ਕੀਤੀ ਜਾਂਦੀ ਹੈ। ਆਖ਼ਿਰ ਸਰਕਾਰ ਜਾਂ ਸਰਕਾਰੀ ਅਫ਼ਸਰਸ਼ਾਹੀ ਟਾਲਾ ਵੱਟ ਕੇ ਕੀ ਵਿਖਾਉਣਾ ਚਾਹੁੰਦੀ ਹੈ?

ਇਹ ਗੱਲ ਚਿੱਟੇ ਦਿਨ ਵਾਂਗਰ ਸੱਚ ਹੈ ਕਿ ਜਦੋਂ ਕੋਈ ਸਿਆਸੀ ਪਾਰਟੀ, ਵਿਰੋਧੀ ਧਿਰ 'ਚ ਬੈਠੀ ਹੁੰਦੀ ਹੈ, ਉਹ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਵੱਡੇ ਬਿਆਨ ਦਿੰਦੀ ਹੈ, ਉਨ੍ਹਾਂ ਦੀਆਂ ਮੰਗਾਂ ਦਾ ਪੁਰਜ਼ੋਰ ਸਮਰਥਨ ਕਰਦੀ ਹੈ, "ਸਰਕਾਰ ਬਣਨ" 'ਤੇ ਕੁਝ ਦਿਨਾਂ 'ਚ ਮੰਗਾਂ ਮੰਨਣ ਦਾ ਐਲਾਨ ਕਰਦੀ ਹੈ। ਪਰ "ਸਰਕਾਰ", "ਵੱਡੀ ਸਰਕਾਰ" ਬਣਨ 'ਤੇ ਸਭ ਕੁਝ ਭੁੱਲ ਜਾਂਦੀ ਹੈ। ਕੀ ਇਹ ਨੈਤਿਕਤਾ ਦੇ ਵਿਰੁੱਧ ਨਹੀਂ?

ਪੰਜਾਬ ਵਿਚ ਤਕਰੀਬਨ 2.85 ਲੱਖ ਸਰਕਾਰੀ ਕਰਮਚਾਰੀ, 70 ਹਜ਼ਾਰ ਠੇਕਾ ਕਰਮਚਾਰੀ ਅਤੇ 60 ਹਜ਼ਾਰ ਆਊਟਸੋਰਸ ਮੁਲਾਜ਼ਮ ਹਨ ਅਤੇ 3.07 ਲੱਖ ਪੈਨਸ਼ਨਰ ਹਨ। 'ਆਪ' ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਤੁਰੰਤ ਬਾਅਦ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ 'ਤੇ ਅਮਲ ਕੀਤਾ ਜਾਵੇਗਾ ਅਤੇ ਮੁਲਾਜ਼ਮਾਂ ਨਾਲ ਇਨਸਾਫ਼ ਕੀਤਾ ਜਾਵੇਗਾ। ਪਰ ਮੁਲਾਜ਼ਮ ਮਹਿਸੂਸ ਕਰਦੇ ਹਨ ਕਿ ਇਸ ਸਰਕਾਰ ਨੇ ਉਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ ਅਤੇ ਕੋਈ ਵੀ ਵਾਅਦਾ ਇਸ ਪਾਰਟੀ ਨੇ ਵਫ਼ਾ ਨਹੀਂ ਕੀਤਾ।

ਮੁਲਾਜ਼ਮ ਕਿਸੇ ਵੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਪਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਸਰਕਾਰ ਨੇ ਕਦੇ ਵੀ ਨਹੀਂ ਵਿਚਾਰਿਆ। ਮੁਲਾਜ਼ਮਾਂ ਦੀਆਂ ਮੁੱਖ ਜਾਇਜ਼ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, 6ਵੇਂ ਤਨਖ਼ਾਹ ਕਮਿਸ਼ਨ ਵਿਚ ਸਮੂਹ ਮੁਲਾਜ਼ਮਾਂ ਨੂੰ 125% ਡੀ.ਏ.ਅਤੇ ਘੱਟੋ-ਘੱਟ 20% ਵਾਧੇ ਦੀ ਦਰ ਨਾਲ ਤਨਖਾਹ ਫ਼ਿਕਸ ਕਰ ਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕਰਨਾ, ਡੀ.ਏ. ਅਤੇ ਤਨਖ਼ਾਹ ਕਮਿਸ਼ਨ ਦਾ ਬਕਾਇਆ ਏਰੀਅਰ ਤੁਰੰਤ ਜਾਰੀ ਕਰਨਾ, ਤਨਖਾਹ ਕਮਿਸ਼ਨ ਨੂੰ ਲੰਙੜੇ ਰੂਪ ਵਿਚ ਲਾਗੂ ਨਾ ਕਰਕੇ ਇੰਨ-ਬਿੰਨ ਲਾਗੂ ਕਰਨਾ, ਜੁਲਾਈ 2021 ਤੋਂ 3% ਡੀ.ਏ. ਦੀ ਕਿਸ਼ਤ ਜਾਰੀ ਕਰਨਾ, ਪੈਨਸ਼ਨਰਜ਼ ਦੀ ਪੈਨਸ਼ਨ ਵਿਚ 125% ਡੀ.ਏ. ਅਤੇ 2.59 ਦੇ ਗੁਣਾਂਕ ਅੰਕ ਨਾਲ ਪੈਨਸ਼ਨ ਫ਼ਿਕਸ ਕਰ ਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਬਕਾਇਆ ਜਾਰੀ ਕਰਨਾ, ਆਊਟਸੋਰਸ ਅਤੇ ਠੇਕਾ ਪ੍ਰਣਾਲੀ ਬੰਦ ਕਰ ਕੇ ਕੇਵਲ ਰੈਗੂਲਰ ਭਰਤੀਆਂ ਕਰਨਾ, ਠੇਕਾ ਆਧਾਰਿਤ ਆਊਟਸੋਰਸ, ਕੰਪਿਊਟਰ ਫੈਕਲਟੀ, ਮਨਰੇਗਾ, ਡੇਲੀਵੇਜ, ਮਿਡ-ਡੇ-ਮੀਲ,ਆਸ਼ਾ ਵਰਕਰ,ਆਂਗਣਵਾੜੀ ਵਰਕਰ ਆਦਿ ਨੂੰ ਉਨ੍ਹਾਂ ਦੇ ਵਿਭਾਗਾਂ ਵਿਚ ਰੈਗੂਲਰ ਕਰਨਾ, ਬੰਦ ਕੀਤੇ ਭੱਤੇ ਜਾਰੀ ਕਰਵਾਉਣਾ, 17-07-2020 ਤੋਂ ਪੰਜਾਬ ਪੇਅ ਕਮਿਸ਼ਨ ਦੀ ਥਾਂ 'ਤੇ ਕੇਂਦਰੀ ਤਨਖਾਹ ਕਮਿਸ਼ਨ ਲਾਗੂ ਨਾ ਕਰਨਾ ਅਤੇ ਲੋੜੀਂਦੀ ਸੰਖਿਆ ਵਿਚ ਮੁਲਾਜ਼ਮਾਂ ਦੀ ਭਰਤੀ ਨਾ ਕਰਨਾ ਸ਼ਾਮਲ ਹਨ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਲਾਜ਼ਮ ਵਰਗ ਨੂੰ "ਗਾਰੰਟੀਆਂ" ਦਿੱਤੀਆਂ ਗਈਆਂ ਸਨ ਕਿ ਸਾਰੇ ਕੱਚੇ ਮੁਲਾਜ਼ਮ ਪੱਕੇ ਹੋਣਗੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ, ਕੋਈ ਕੱਚਾ ਅਧਿਆਪਕ ਨਹੀਂ ਰਹਿਣ ਦਿੱਤਾ ਜਾਵੇਗਾ, ਖ਼ਾਲੀ ਅਸਾਮੀਆਂ ਭਰੀਆਂ ਜਾਣਗੀਆਂ, ਵਿਦੇਸ਼ਾਂ ਤੋਂ ਸਿਖਲਾਈ ਦੁਆਈ ਜਾਵੇਗੀ, ਸਮੇਂ ਸਿਰ ਪ੍ਰਮੋਸ਼ਨ ਮਿਲੇਗੀ, ਕੈਸ਼ਲੈੱਸ ਬੀਮਾ ਲਾਗੂ ਕੀਤੀ ਜਾਵੇਗੀ ਅਤੇ ਅਧਿਆਪਕਾਂ ਤੋਂ ਗ਼ੈਰ ਵਿੱਦਿਅਕ ਕੰਮ ਨਹੀਂ ਲਏ ਜਾਣਗੇ।

ਮੁਲਾਜ਼ਮ ਇਲਜ਼ਾਮ ਲਾਉਂਦੇ ਹਨ ਕਿ ਡਰਾਇੰਗ ਰੂਮਾਂ ਵਿਚ ਚੋਣ ਮੈਨੀਫੈਸਟੋ ਨਾ ਬਣਾ ਕੇ ਲੋਕਾਂ ਵਿਚ ਜਾ ਕੇ ਚੋਣ ਮੈਨੀਫੈਸਟੋ ਬਣਾਉਣ ਦਾ ਦਿਖਾਵਾ ਕਰਨ ਵਾਲ਼ੀ ਆਮ ਆਦਮੀ ਪਾਰਟੀ ਵਾਲੀ ਸਰਕਾਰ ਹੁਣ ਆਮ ਲੋਕਾਂ ਦੀ ਨਬਜ਼ ਪਛਾਣਨ ਵਿਚ ਅਸਮਰੱਥ ਨਜ਼ਰ ਆ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲ਼ਿਆ ਅਤੇ ਅਣਦੇਖਿਆਂ ਕਰ ਰਹੀ ਹੈ। ਸਾਰਾ ਮੁਲਾਜ਼ਮ ਵਰਗ ਸਰਕਾਰ ਤੋਂ ਨਾਖ਼ੁਸ਼ ਹੈ। ਪੰਜਾਬ ਵਿਚ ਨਿਰੰਤਰ ਕਿਸੇ ਨਾ ਕਿਸੇ ਮੁਲਾਜ਼ਮ ਜਥੇਬੰਦੀ ਵੱਲੋਂ ਲਗਾਏ ਜਾ ਧਰਨੇ, ਕੀਤੇ ਜਾ ਰਹੇ ਮੁਜ਼ਾਹਰੇ, ਰੋਸ ਮਾਰਚ, ਭੁੱਖ ਹੜਤਾਲਾਂ ਅਤੇ ਮਰਨ ਵਰਤ ਇਸ ਸਰਕਾਰ ਦੇ ਖੋਖਲੇ ਦਾਅਵਿਆਂ ਤੋਂ ਜਾਣੂੰ ਕਰਵਾਉਂਦੇ ਹਨ। ਮੁਲਾਜ਼ਮ ਵਰਗ ਕੋਲ਼ੋਂ ਲੋਕਤੰਤਰੀ ਅਤੇ ਸ਼ਾਂਤਮਈ ਤਰੀਕੇ ਨਾਲ਼ ਆਪਣਾ ਪੱਖ ਰੱਖਣ ਦਾ ਹੱਕ ਵੀ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੁੱਖ ਮੰਤਰੀ ਸਾਹਿਬ ਜਿਸ ਹਲਕੇ ਵਿਚ ਜਾਂਦੇ ਹਨ, ਉਸ ਹਲਕੇ ਦੇ 50-60 ਕਿਲੋਮੀਟਰ ਦੇ ਦਾਇਰੇ ਵਿਚ ਰਹਿਣ ਵਾਲ਼ੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਇੱਕ ਦਿਨ ਪਹਿਲਾਂ ਹੀ ਉਨ੍ਹਾਂ ਦੇ ਘਰਾਂ, ਸਕੂਲਾਂ ਅਤੇ ਥਾਣਿਆਂ ਵਿਚ ਨਜ਼ਰਬੰਦ ਕਰ ਕੇ ਲੋਕਤੰਤਰ ਦਾ ਘਾਣ ਕੀਤਾ ਜਾਂਦਾ ਹੈ। ਇਹ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ।

ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਮੁਲਾਜ਼ਮ ਆਪਣੀ ਸਿਆਸੀ ਪਛਾਣ ਅਤੇ ਆਪਣਾ ਸਿਆਸੀ ਵਿਹਾਰ ਧਰਮ ਨਿਰਪੱਖ ਅਤੇ ਪੱਖਪਾਤ ਰਹਿਤ ਰੱਖਦੇ ਹਨ। ਜਦੋਂ ਵੀ ਸਰਕਾਰਾਂ ਵਲੋਂ ਉਨ੍ਹਾਂ ਦੀ ਗੱਲ ਸੁਣੀ ਨਹੀਂ ਜਾਂਦੀ, ਉਹ ਲੋਕਤੰਤਰੀ ਢੰਗ-ਤਰੀਕਿਆਂ ਨਾਲ ਆਪਣੀ ਗੱਲ ਸਰਕਾਰ ਦੇ ਕੰਨੀ ਪਹੁੰਚਾਉਣ ਦਾ ਯਤਨ ਕਰਦੇ ਹਨ। ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਲਗਾਤਾਰ ਕਾਇਮ ਰਿਹਾ ਹੈ। ਮੁਲਾਜ਼ਮ ਵਰਗ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਵੱਡੀ ਪੱਧਰ 'ਤੇ ਸੰਘਰਸ਼ ਕੀਤੇ ਗਏ ਅਤੇ ਸਫਲਤਾ ਵੀ ਪ੍ਰਾਪਤ ਕੀਤੀ ਗਈ। ਇਹ ਵੀ ਸੱਚ ਹੈ ਕਿ ਇਹ ਮੁਲਾਜ਼ਮ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ।

ਢਾਈ ਸਾਲਾਂ ਦੇ ਮੌਜੂਦਾ ਸਰਕਾਰ ਦੇ ਸਫ਼ਰ ਦੌਰਾਨ, ਸਰਕਾਰ ਅਤੇ ਮੁਲਜ਼ਾਮਾਂ ਦੀਆਂ ਦੂਰੀਆਂ ਦਾ ਵਧਣਾ, ਔਝੜੇ ਰਾਹੀਂ ਪਏ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਆਰਥਿਕ ਤੌਰ 'ਤੇ ਪੰਜਾਬ ਲੜਖੜਾਇਆ ਹੋਇਆ ਹੈ। ਸਿਆਸੀ ਤੌਰ 'ਤੇ ਪੰਜਾਬ ਇੱਕ ਖਿਲਾਅ ਭੋਗ ਰਿਹਾ ਹੈ। ਕੇਂਦਰ ਨਾਲ ਪੰਜਾਬ ਦਾ ਇੱਟ-ਖੜਿੱਕਾ ਜਾਰੀ ਰਹਿੰਦਾ ਹੈ। ਕੇਂਦਰ ਵਲੋਂ ਗ੍ਰਾਂਟਾਂ ਆਨੇ-ਬਹਾਨੇ ਰੋਕੀਆਂ ਜਾ ਰਹੀਆਂ ਹਨ। ਇਸ ਤੋਂ ਵੀ ਉਪਰ ਪੰਜਾਬ ਦੀ ਵੱਡੀ ਅਫ਼ਸਰਸ਼ਾਹੀ ਉਤੇ ਇਲਜ਼ਾਮ ਲਗਦਾ ਹੈ ਕਿ ਉਹ ਸਰਕਾਰ ਨਾਲ ਇਕਸੁਰ ਨਹੀਂ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੇ ਮੁਲਾਜ਼ਮ ਪੰਜਾਬ ਦੇ ਵਿਕਾਸ, ਚੰਗੇਰੇ ਪੰਜਾਬ ਦੀ ਉਸਾਰੀ ਲਈ ਪੰਜਾਬ ਹਿਤੈਸ਼ੀ ਰੋਲ ਨਿਭਾਉਂਦੇ ਦਿਸਦੇ ਹਨ। ਤਾਂ ਫਿਰ ਉਨ੍ਹਾਂ ਨੂੰ ਬਿਨਾਂ ਵਜਾਹ ਪ੍ਰੇਸ਼ਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ।


ਇਹੋ ਜਿਹੇ ਹਾਲਾਤ ਵਿਚ ਮੁਲਾਜ਼ਮਾਂ ਜੋ ਸਰਕਾਰ ਦੀ ਰੀੜ ਦੀ ਹੱਡੀ ਹਨ, ਉਨ੍ਹਾਂ ਨਾਲ ਸਰਕਾਰ ਨੂੰ ਇਕਸੁਰ ਹੋ ਕੇ ਕੰਮ ਕਰਨ ਦੀ ਲੋੜ ਹੈ। ਅਤੇ ਸਰਕਾਰ ਨੂੰ ਮੁਲਾਜ਼ਮਾਂ ਦੇ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰ ਕੇ, ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਵੱਲ ਤੁਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦਾ ਸਰਕਾਰ ਅਤੇ ਮੁਲਾਜ਼ਮਾਂ ਵਿਚ ਟਕਰਾਅ ਲੋਕ ਹਿੱਤ ਵਿਚ ਨਹੀਂ ਹੈ।

# ਦੁਨੀਆਂ ਦਾ ਵਿਲੱਖਣ ਕਿਤਾਬਘਰ: ਐਕੂਆ ਐਲਟਾ

ਬਲਰਾਜ ਸਿੰਘ ਸਿੱਧੂ

ਵੈਨਿਸ ਵਿਚ ਸਭ ਤੋਂ ਵੱਧ ਖਿੱਚ ਦਾ ਕੇਂਦਰ ਇੱਕ ਕਿਤਾਬਾਂ ਦੀ ਦੁਕਾਨ ਹੈ ਜਿਸਨੂੰ ਐਕੂਆ ਐਲਟਾ ਲਾਇਬ੍ਰੇਰੀਆ ਕਿਹਾ ਜਾਂਦਾ ਹੈ। ਐਕੂਆ ਐਲਟਾ ਦਾ ਇਤਾਲਵੀ ਵਿਚ ਅਰਥ ਪਾਣੀ ਦਾ ਚੜ੍ਹਨਾ (ਹਗਿਹ ੱਅਟਣਰ) ਹੁੰਦਾ ਹੈ। ਵੈਨਿਸ ਸ਼ਹਿਰ ਪਾਣੀ ਵਿਚ ਬਣਿਆ ਹੋਣ ਕਰਕੇ ਅਕਸਰ ਹੀ ਇੱਥੇ ਹੜ੍ਹ ਆਉਂਦੇ ਰਹਿੰਦੇ ਹਨ। ਬਹੁਤ ਮਰਤਬਾਂ ਇਹ ਦੁਕਾਨ ਵੀ ਪਾਣੀ ਨਾਲ ਭਰ ਜਾਂਦੀ ਰਹੀ ਸੀ ਤੇ ਕਿਤਾਬਾਂ ਖਰਾਬ ਹੋ ਜਾਂਦੀਆਂ ਸਨ। ਫਿਰ ਇਸ ਦੇ ਮਾਲਕ ਨੇ ਪਾਣੀ ਨਾਲ ਨਜਿੱਠਣ ਦੀ ਇੱਕ ਤਰਕੀਬ ਸੋਚੀ। ਉਸ ਨੇ ਕਿਤਾਬਾਂ ਨੂੰ ਅਜਿਹੇ ਬਰਤਨਾਂ ਵਿਚ ਰੱਖਣਾ ਸ਼ੁਰੂ ਕਰ ਦਿੱਤਾ ਜੋ ਹੜ੍ਹ ਆਏ ਤੋਂ ਪਾਣੀ ਦੇ ਚੜ੍ਹਨ ਨਾਲ ਆਪ ਹੀ ਪਾਣੀ ਉੱਪਰ ਤਰਦੇ ਰਹਿੰਦੇ ਹਨ ਤੇ ਇੰਝ ਕਿਤਾਬਾਂ ਪਾਣੀ ਨਾਲ ਖਰਾਬ ਨਹੀਂ ਹੁੰਦੀਆਂ ਤੇ ਪਾਣੀ ਦੀ ਸਤ੍ਹਾ ਡਿੱਗਣ 'ਤੇ ਆਪਣੇ ਆਪ ਜ਼ਮੀਨ ਉੱਪਰ ਆ ਟਿਕਦੀਆਂ ਹਨ। ਇਸ ਲਈ ਐਕੂਆ ਐਲਟਾ ਨਾਮ ਦਾ ਅਰਥ "ਉੱਚੇ ਪਾਣੀ ਦਾ ਬੁੱਕ ਸਟੋਰ" ਹੈ। ਇਸ ਦੁਕਾਨ ਨੇ ਆਪਣੀਆਂ ਕਿਤਾਬਾਂ ਨੂੰ ਬਾਥਟੱਬਾਂ, ਵਾਟਰਪਰੂਫ ਬਿਨ ਅਤੇ ਪੁਰਾਣੀ ਕਿਸ਼ਤੀ ਜਾਂ ਗੰਡੋਲਾ ਕਿਸ਼ਤੀਆਂ ਵਿਚ ਰੱਖ ਕੇ ਹੜ੍ਹਾਂ ਨੂੰ ਸਦਾ ਲਈ ਅਸਤੀਫਾ ਦੇ ਦਿੱਤਾ ਹੈ।

ਕੈਲੇ ਲੋਂਗਾ ਸਾਂਤਾ ਮਾਰੀਆ ਫਾਰਮੋਸਾ ਵਿਖੇ ਸਥਿਤ ਇਹ ਦੁਕਾਨ ਬਾਹਰੋਂ ਆਸਾਨੀ ਨਾਲ ਪਹਿਚਾਣੀ ਜਾ ਸਕਦੀ ਹੈ, ਕਿਉਂਕਿ, ਦਰਵਾਜ਼ੇ 'ਤੇ ਤੁਸੀਂ "ਦੁਨੀਆਂ ਦੀ ਸਭ ਤੋਂ ਸੁੰਦਰ ਕਿਤਾਬਾਂ ਦੀ ਦੁਕਾਨ ਵਿਚ ਤੁਹਾਡਾ ਸੁਆਗਤ ਹੈ" ਸ਼ਿਲਾਲੇਖ ਦੇਖ ਸਕਦੇ ਹੋ। ਇਸ ਕਿਤਾਬਾਂ ਦੀ ਦੁਕਾਨ ਵਿਚ ਸੱਜਰੀਆਂ ਪ੍ਰਕਾਸ਼ਿਤ ਕਿਤਾਬਾਂ, ਵਰਤੀਆਂ ਗਈਆਂ ਕਿਤਾਬਾਂ, ਦੁਰਲੱਭ ਖੰਡਾਂ, ਪ੍ਰਾਚੀਨ ਅਤੇ ਆਧੁਨਿਕ ਸੰਸਕਰਣਾਂ ਦੇ ਨਾਲ-ਨਾਲ ਵੈਨਿਸ ਦੇ ਥੀਮ 'ਤੇ ਇੱਕ ਵਿਆਪਕ ਅਤੇ ਵਿਭਿੰਨ ਸੰਗ੍ਰਹਿ ਦੀ ਵਿਸ਼ਾਲ ਚੋਣ, ਇਤਾਲਵੀ ਸਾਹਿਤ ਦੀਆਂ ਕਲਾਸਿਕ ਰਚਨਾਵਾਂ, ਅੰਤਰਰਾਸ਼ਟਰੀ ਨਾਵਲ, ਸਦੀਵੀ ਕਵਿਤਾਵਾਂ ਅਤੇ ਹੋਰ ਬਹੁਤ ਕੁਝ ਹੈ। ਅੰਦਰ



ਵੜਦਿਆਂ ਹੀ ਤੁਸੀਂ ਕਿਤਾਬਾਂ, ਰਸਾਲਿਆਂ, ਨਕਸ਼ਿਆਂ ਅਤੇ ਹੋਰ ਸਾਮਾਨ ਦੇ ਨਾਲ ਪੁਰਾਣੇ ਗ੍ਰੰਥਾਂ ਦੇ ਕੰਧ ਤੋਂ ਉੱਚੇ ਢੇਰ ਦੇਖ ਸਕਦੇ ਹੋ। ਦੁਕਾਨ ਦੇ ਪਿਛਵਾੜੇ ਵਿਚ ਪਾਣੀ ਨਾਲ ਖਰਾਬ ਹੋਈਆਂ ਪੁਸਤਕਾਂ ਦੀਆਂ ਪੌੜੀਆਂ ਬਣੀਆਂ ਹੋਈ ਹਨ, ਜੋ ਸੈਲਾਨੀਆਂ ਦੀ ਖਿੱਚ ਦਾ ਵੱਡਾ ਕਾਰਨ ਹੈ। ਲੋਕ ਇਨ੍ਹਾਂ ਕਿਤਾਬੀ ਪੌੜੀਆਂ ਉੱਪਰ ਚੜ੍ਹ ਕੇ ਫੋਟੋਆਂ ਖਿਚਵਾਉਂਦੇ ਹਨ। ਇਸ ਦੁਕਾਨ ਦਾ ਇੱਕ ਦਰਵਾਜ਼ਾ ਸਿੱਧਾ ਨਹਿਰ ਵੱਲ ਜਾਂਦਾ ਹੈ, ਜਿੱਥੇ ਇੱਕ ਪੱਕਾ ਹੀ ਗੌਂਡੋਲਾ ਖੜ੍ਹਾ ਰਹਿੰਦਾ ਹੈ। ਜਿਹੜੇ ਵਿਅਕਤੀ ਗੌਂਡੋਲੇ ਦੀ ਸੈਰ ਕਰਨ ਦੀ ਸਮਰੱਥਾ ਨਹੀਂ ਰੱਖਦੇ। ਉਹ ਇਸ ਗੰਡੋਲੇ ਵਿਚ ਬੈਠ ਕੇ ਆਪਣਾ ਚਾਅ ਪੂਰਾ ਕਰ ਸਕਦੇ ਹਨ ਤੇ ਫੋਟੋਆਂ ਖਿੱਚ ਸਕਦੇ ਹਨ। ਇਸ ਦੁਕਾਨ ਦਾ ਮਾਲਕ ਮਿਸਟਰ ਲੁਈਗੀ ਇੱਕ ਵੱਡੀ ਮੁਸਕਰਾਹਟ ਨਾਲ ਸਾਰਿਆਂ ਦਾ ਸਵਾਗਤ ਕਰਦਾ ਹੈ ਤੇ ਉਹ ਬਹੁਤ ਸਾਰੀਆਂ ਭਾਸ਼ਾਵਾਂ ਬੋਲ ਸਕਦਾ ਹੈ। ਇਹ ਦੁਕਾਨ ਹਰ ਰੋਜ਼ ਨੌਂ ਵਜੇ ਸਵੇਰ ਤੋਂ ਅੱਠ ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।

# ਰਣਧੀਰ ਕਾਲਜ ਉਦਾਸ ਹੈ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅੱਜ ਕੱਲ੍ਹ ਰਣਧੀਰ ਕਾਲਜ ਬਹੁਤ ਉਦਾਸ ਹੈ। ਇਹ ਉਦਾਸੀ ਉਸ ਦੇ ਗੇਟ 'ਤੇ ਉੱਕਰੀ ਹੋਈ। ਇਸ ਦੀ ਪਰਤ ਤੁਸੀਂ ਇਸ ਦੀ ਹਰ ਬਿਲਡਿੰਗ, ਕਮਰਿਆਂ, ਕੈਂਪਸ ਅਤੇ ਖੇਡ ਮੈਦਾਨਾਂ ਵਿਚ ਪ੍ਰਤੱਖ ਦੇਖ ਸਕਦੇ ਹੋ। ਜਦ ਕਿਸੇ ਕਾਲਜ ਦਾ ਵਿਰਸਾ ਉਸ ਤੋਂ ਖੁੱਸ ਜਾਵੇ ਤਾਂ ਉਸ ਦਾ ਉਦਾਸ ਹੋਣਾ ਬਹੁਤ ਸੁਭਾਵਕ ਹੁੰਦਾ। ਇਹ ਉਦਾਸੀ ਫਿਰ ਬਾਹਰੋਂ ਜਦ ਅੰਦਰ ਨੂੰ ਤੁਰਦੀ ਤਾਂ ਬਹੁਤ ਕੁਝ ਅੰਦਰੋਂ ਜਰਜਰੀ ਹੋ ਜਾਂਦਾ। ਫਿਰ ਹੌਲੀ-ਹੌਲੀ ਇਕ ਖ਼ਾਲੀ ਵਜੂਦ ਬੀਤੇ ਦੀ ਯਾਦ ਬਣ ਕੇ ਰਹਿ ਜਾਂਦਾ। ਕੁਝ ਅਜੇਹਾ ਹੀ ਰਣਧੀਰ ਕਾਲਜ ਨਾਲ ਵਾਪਰ ਰਿਹਾ ਹੈ।

ਰਣਧੀਰ ਕਾਲਜ ਨੂੰ ਇਕ ਝਟਕਾ ਉਸ ਸਮੇਂ ਲੱਗਾ ਸੀ ਜਦ ਰਾਜਸੀ ਕਾਰਨਾਂ ਕਰਕੇ ਇਸ ਦਾ ਨਾਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਬਦਲਿਆ ਗਿਆ। ਪਰ ਲੋਕ ਚੇਤਿਆਂ ਵਿਚ ਵਸੇ ਹੋਏ ਨਾਮ ਨੂੰ ਕਦੇ ਲੋਕ ਮਨਾਂ ਵਿਚੋਂ ਨਹੀਂ ਕੱਢਿਆ ਜਾ ਸਕਦਾ। ਰਣਧੀਰ ਕਾਲਜ ਸਿਰਫ਼ ਇਕ ਨਾਮ ਹੀ ਨਹੀਂ ਇਸ ਨਾਲ ਜੁੜੀ ਹੋਈ ਹੈ ਇਕ ਮਹਾਨ ਵਿਰਾਸਤ। ਮਹਾਨ ਵਿਅਕਤੀਆਂ ਦਾ ਇਕ ਵੱਡਾ ਕਾਫ਼ਲਾ ਜਿਨ੍ਹਾਂ ਨੇ ਇਸ ਵਿਚੋਂ ਸਿੱਖਿਆ ਪ੍ਰਾਪਤ ਕਰ ਕੇ ਦੁਨੀਆ ਵਿਚ ਨਾਮ ਕਮਾਇਆ ਅਤੇ ਰਣਧੀਰ ਕਾਲਜ ਦਾ ਨਾਮ ਰੌਸ਼ਨ ਕੀਤਾ। ਕੀ ਨਾਮ ਬਦਲ ਕੇ ਕਿਸੇ ਸੰਸਥਾ ਦੇ ਇਤਿਹਾਸ ਨੂੰ ਮਿਟਾਇਆ ਜਾ ਸਕਦਾ ਹੈ? ਯਾਦ ਰਹੇ ਕਿ ਨਾਮ ਬਦਲਣ ਨਾਲ ਕਿਸੇ ਸੰਸਥਾ ਦਾ ਵਿਕਾਸ ਜਾਂ ਸੁਧਾਰ ਨਹੀਂ ਹੁੰਦਾ। ਇਸ ਦੀ ਗੁਣਵੰਤਾ ਅਤੇ ਸੁਵਿਧਾਵਾਂ ਨੂੰ ਵਧਾਉਣ ਲਈ ਇਸ ਵੱਲ ਤਵੱਜੋ ਦੇਣ ਅਤੇ ਇਸ ਦੀਆਂ ਲੋੜਾਂ ਪੂਰੀਆਂ ਕਰਨ ਦੀ ਤਮੰਨਾ ਅਤੇ ਤਤਪਰਤਾ ਚਾਹੀਦੀ ਹੈ ਜਿਹੜੀ ਅਜੋਕੇ ਸਿਆਸਤਦਾਨਾਂ ਅਤੇ ਸਰਕਾਰ ਦੀ ਨੀਤੀ ਵਿਚ ਹੀ ਨਹੀਂ।

ਕਾਲਜ ਦੇ ਅੰਦਰ ਵੜਦਿਆਂ ਖੱਬੇ ਹੱਥ ਅੰਤਰਰਾਸ਼ਟਰੀ ਪੱਧਰ ਦੀ ਬਾਸਕਟਬਾਲ ਗਰਾਊਂਡ ਉਡੀਕਦੀ-ਉਡੀਕਦੀ ਥੱਕ ਗਈ ਹੈ ਕਿ ਬਾਸਕਟਬਾਲ ਦੀ ਨਵੀਂ ਪਨੀਰੀ ਕਦੋਂ ਇਸ ਗਰਾਊਂਡ ਵਿਚ ਆਵੇਗੀ ਅਤੇ ਕਪੂਰਥਲੇ ਦਾ ਨਾਮ ਬਾਸਕਟ ਬਾਲ ਵਿਚ ਪਹਿਲਾਂ ਵਾਂਗ ਚਮਕਾਵੇਗੀ। ਪਰ ਇਸ ਗਰਾਊਂਡ ਦਾ ਹਉਕਾ ਸੁਣਨ ਦੀ ਤਾਂ ਕਿਸੇ ਕੋਲ ਵਿਹਲ ਹੀ ਨਹੀਂ। ਜਦ ਇਸ ਗਰਾਊਂਡ ਵਿਚ ਬਾਸਕਟਬਾਲ ਦੀ ਬਜਾਏ ਯੋਗਾ ਕਲਾਸਾਂ ਲੱਗਣ ਪੈਣ ਤਾਂ ਗਰਾਊਂਡ ਦੇ ਨੈਣਾਂ ਵਿਚ ਉੱਗੇ ਹੰਝੂਆਂ ਨੂੰ ਕੋਈ ਕਿੰਝ ਰੋਕ ਸਕਦਾ? ਕੀ ਲੱਖਾਂ ਰੁਪਏ ਸਿਰਫ਼ ਇਸ ਕਰਕੇ ਦਾਨੀ ਭੰਡਾਲ ਪਰਿਵਾਰ ਵੱਲੋਂ ਲਗਾਏ ਗਏ ਸਨ? ਬਾਸਕਟਬਾਲ ਖੇਡ ਨੂੰ ਪੂਜਣ ਵਾਲੇ ਅਤੇ ਇਸ ਵਿਚ ਮੱਲ੍ਹਾਂ ਮਾਰਨ ਵਾਲੇ ਪਰਿਵਾਰ ਨੂੰ ਜ਼ਰੂਰ ਆਪਣੇ ਇਸ ਪਰਉਪਕਾਰੀ ਉੱਦਮ 'ਤੇ ਹੁਣ ਅਫ਼ਸੋਸ ਹੁੰਦਾ ਹੋਵੇਗਾ। ਕਾਲਜ ਦੀਆਂ ਗਰਾਊਂਡਾਂ ਵਿਚ ਕਦੇ ਖਿਡਾਰੀਆਂ ਦੀਆਂ ਰੌਣਕਾਂ ਹੁੰਦੀਆਂ ਸਨ। ਇਸ ਕਾਲਜ ਨੇ ਬਾਸਕਟਬਾਲ ਸਮੇਤ ਕਬੱਡੀ ਵਿਚ ਅੰਤਰਰਾਸ਼ਟਰੀ ਪੱਧਰ ਦਾ ਨਾਮਣਾ ਖੱਟਿਆ ਸੀ। ਹੁਣ ਖੇਡ ਦੇ ਮੈਦਾਨ ਵੈਰਾਨ ਹਨ ਅਤੇ ਇਨ੍ਹਾਂ ਵਿਚ ਉੱਗਿਆ ਘਾਹ, ਦੇਖਣ ਵਾਲੇ ਦੀ ਅੱਖ ਵਿਚ ਚੀਸ ਧਰ ਜਾਂਦਾ। ਜਦ ਖੇਡ ਮੈਦਾਨ ਨੌਜਵਾਨ ਖਿਡਾਰੀਆਂ ਤੋਂ ਸੱਖਣੇ ਹੋ ਜਾਂਦੇ ਤਾਂ ਜਵਾਨੀ ਨੇ ਨਸ਼ਿਆਂ ਅਤੇ ਗੈਰ-ਸਮਾਜਿਕ ਗਤੀਵਿਧੀਆਂ ਵਿਚ ਖ਼ੁਦ ਨੂੰ ਗਵਾਉਣਾ ਹੀ ਹੁੰਦਾ। ਅਜੇਹਾ ਅਜੋਕੇ ਸਮੇਂ ਵਿਚ ਹੋ ਰਿਹਾ ਹੈ।

ਕਾਲਜ ਦੀ ਤਰਾਸਦੀ ਦੇਖੋ ਕਿ ਇਸ ਦੇ ਇਕ ਪਾਸੇ ਕਦੇ ਇਸੇ ਤੌਰ 'ਤੇ ਰਹਿੰਦੇ ਚਾਰ ਦਰਜਾ ਕਰਮਚਾਰੀਆਂ ਨੇ, ਸੇਵਾ ਮੁਕਤੀ ਤੋਂ ਬਾਅਦ ਰਾਜਸੀ ਸ਼ਹਿ 'ਤੇ ਆਪਣੇ ਪੱਕੇ ਘਰ ਬਣਾ ਲਏ ਹਨ। ਹੁਣ ਤਾਂ ਧਾਰਮਿਕਤਾ ਦੀ ਆੜ ਲੈਣ ਲਈ ਇਕ ਮੰਦਰ ਬਣਾ ਕੇ ਇਸ ਨੂੰ ਵੱਖਰਾ ਰਸਤਾ ਵੀ ਕਾਲਜ ਦੇ ਪਿਛਵਾੜਿਓਂ ਕੱਢ ਲਿਆ ਹੈ। ਸਰਕਾਰੀ ਜਾਇਦਾਦਾਂ 'ਤੇ ਕਬਜ਼ੇ, ਸਰਕਾਰੀ ਜਾਂ ਰਾਜਸੀ ਸ਼ਹਿ 'ਤੇ ਹੋਣਾ ਹੁਣ ਆਮ ਹੋ ਗਿਆ ਹੈ। ਕਾਲਜ ਦੇ ਇਕ ਦੋ ਪ੍ਰਿੰਸੀਪਲਾਂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਇਹ ਕਬਜ਼ੇ ਹਟਾਏ ਜਾਣ ਪਰ ਰਾਜਸੀ ਲੋਕਾਂ ਨੇ ਕੋਈ ਪੇਸ਼ ਨਹੀਂ ਜਾਣ ਦਿੱਤੀ।



ਜੁਬਲੀ ਹਾਲ ਦੀ ਛੱਤ ਵੰਨੀਂ ਅਤੇ ਇਸ ਦੇ ਉਡੇ ਹੋਏ ਰੰਗਾਂ, ਉਖੜੇ ਪਲੱਸਤਰ ਅਤੇ ਛੱਤ 'ਤੇ ਉੱਗੇ ਪਿੱਪਲਾਂ ਅਤੇ ਬੋਹੜਾਂ ਵੱਲ ਨਜ਼ਰ ਗਈ ਤਾਂ ਇਉਂ ਜਾਪਿਆ ਕਿ ਤੁਸੀਂ ਤਾਂ ਛਾਵੇਂ ਵੀ ਬੈਠ ਸਕਦੇ ਹੋ। ਪਰ ਕਿਸੇ ਦਾ ਧਿਆਨ ਨਹੀਂ ਕਿ ਛੱਤ ਅਤੇ ਕੰਧਾਂ ਵਿਚਲੇ ਪਿੱਪਲ ਅਤੇ ਬੋਹੜ ਜੁਬਲੀ ਹਾਲ ਨੂੰ ਖੋਖਲਾ ਕਰ ਕੇ, ਇਸ ਦਾ ਮਰਸੀਆ ਪੜ੍ਹਨ ਲਈ ਬਹੁਤ ਕਾਹਲੇ ਨੇ? ਕੀ ਕਾਲਜ ਵਾਲੇ ਇਸ ਦੇ ਢਹਿ-ਢੇਰੀ ਹੋਣ ਦੀ ਉਡੀਕ ਕਰ ਰਹੇ ਹਨ? ਇਹ ਜੁਬਲੀ ਹਾਲ ਜੋ ਇਮਤਿਹਾਨ ਦੇ ਦਿਨਾਂ ਵਿਚ ਮੁੱਖ ਕੇਂਦਰ ਹੁੰਦਾ ਸੀ। ਹਰ ਸਮਾਗਮ ਨਾਲ ਇਸ ਵਿਚ ਰੌਣਕਾਂ ਲੱਗਦੀਆਂ ਸਨ, ਉਹ ਬੇਰੌਣਕੀ ਦੀ ਜੂਨੇ ਪਿਆ, ਖੰਡਰ ਬਣਨ ਲਈ ਕਾਹਲਾ ਹੈ। ਜਸ਼ਨਾਂ ਵਿਚ ਜਸ਼ਨ ਬਣਨ ਵਾਲਾ ਜੁਬਲੀ ਹਾਲ ਮੌਜੂਦਾ ਵੀਰਾਨਗੀ ਵਿਚ ਵੈਰਾਗੀ ਹੰਝੂ ਕੇਰਨ ਜੋਗਾ ਹੀ ਰਹਿ ਗਿਆ ਜਾਪਦਾ।

ਕਾਲਜ ਦੇ ਵਿਹੜੇ ਵਿਚ ਵਿਦਿਆਰਥੀਆਂ ਦੇ ਖਿੜੇ ਤੇ ਹੱਸਦੇ ਚਿਹਰਿਆਂ ਦੀ ਭਰਮਾਰ ਹੁੰਦੀ ਸੀ ਪਰ ਹੁਣ ਤਾਂ ਰੁਆਂਸੇ ਚਿਹਰੇ ਇਸ ਦੀ ਬੇਰੌਣਕੀ ਨੂੰ ਧੁਆਂਖ ਰਹੇ ਹਨ। ਕਲਾਸਾਂ ਲਈ ਕਮਰਿਆਂ ਦੀ ਘਾਟ ਹੁੰਦੀ ਸੀ ਪਰ ਹੁਣ ਖ਼ਾਲੀ ਕਮਰੇ ਵਿਦਿਆਰਥੀਆਂ ਨੂੰ ਉਡੀਕਦੇ ਹਨ। ਕੋਈ ਸਮਾਂ ਸੀ ਕਿ ਰਣਧੀਰ ਕਾਲਜ ਵਿਚ ਦਾਖਲਾ ਲੈਣਾ ਹੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਸੀ। ਪਰ ਹੁਣ ਕਾਲਜ ਦੇ ਪ੍ਰਬੰਧਕ ਦਾਖ਼ਲੇ ਲਈ ਤਰਲੇ ਲੈ ਰਹੇ ਹਨ। ਇਸ ਦੇ ਕਈ ਕਾਰਨ ਹਨ। ਇਕ ਤਾਂ ਜ਼ਿਆਦਾਤਰ ਵਿਦਿਆਰਥੀਆਂ ਵੱਲੋਂ +2 ਕਰ ਕੇ ਵਿਦੇਸ਼ਾਂ ਵਿਚ ਜਾਣ ਦੇ ਰੁਝਾਨ ਨੇ ਬਹੁਤ ਸਾਰੇ ਕਾਲਜਾਂ ਨੂੰ ਜੰਦਰੇ ਲਗਵਾ ਦਿੱਤੇ ਹਨ। ਦੂਸਰਾ ਕਾਰਨ ਕਾਲਜ ਵਿਚ ਸਥਾਈ ਸਟਾਫ਼ ਦੀ ਘਾਟ ਨੇ ਇਸ ਦੀ ਅਕਾਦਮਿਕਤਾ ਨੂੰ ਖੋਰਾ ਲਾਇਆ ਹੈ। ਕਦੇ ਕਾਲਜ ਵਿਚ 80 ਦੇ ਕਰੀਬ ਸਥਾਈ ਅਧਿਆਪਕ ਸਨ ਅਤੇ ਨਾਨ-ਟੀਚਿੰਗ ਸਟਾਫ਼ ਸਮੇਤ 130 ਦੇ ਲਗਭਗ ਸਟਾਫ਼ ਹੁੰਦਾ ਸੀ। ਅੱਜ-ਕੱਲ੍ਹ ਸਿਰਫ਼ ਦੋ ਸਟਾਫ਼ ਮੈਂਬਰ ਹੀ ਸਥਾਈ ਹਨ। ਬਾਕੀ ਕੁਝ ਪਾਰਟ-ਟਾਈਮ, ਕੁਝ ਗੈਸਟ ਫੈਕਲਟੀ ਅਤੇ ਕੁਝ ਪੀਟੀਏ ਵਿਚ ਰੱਖੇ ਹੋਏ ਅਧਿਆਪਕ ਹਨ। ਕੀ ਅਜੇਹੇ ਅਧਿਆਪਕ ਆਪਣੇ ਅਧਿਆਪਨ ਨਾਲ ਇਨਸਾਫ਼ ਕਰ ਸਕਦੇ ਹਨ, ਜਿਨ੍ਹਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਅਤੇ ਰੋਜ਼ੀ ਰੋਟੀ ਦਾ ਫ਼ਿਕਰ ਹੀ ਹਰ ਵੇਲੇ ਖਾਂਦਾ ਹੋਵੇ। ਦੋ ਪੱਕੇ ਸਟਾਫ਼ ਮੈਂਬਰਾਂ ਵਿਚੋਂ ਇਕ ਕਾਰਜਕਾਰੀ ਪ੍ਰਿੰਸੀਪਲ ਵਜੋਂ ਪ੍ਰਬੰਧਕੀ ਕਾਰਜਾਂ ਵਿਚ ਇੰਨਾ ਰੁੱਝਿਆ ਹੈ ਕਿ ਉਹ ਇਕ ਵੀ ਕਲਾਸ ਨਹੀਂ ਲਾ ਸਕਿਆ। ਅਤੇ ਸਰਕਾਰ ਦੇ ਪ੍ਰਬੰਧ ਦਾ ਇਹ ਹਾਲ ਹੈ ਕਿ ਦੂਸਰਾ ਸਟਾਫ਼ ਮੈਂਬਰ ਤਿੰਨ ਦਿਨ ਇਸ ਕਾਲਜ ਵਿਚ ਪੜ੍ਹਾਉਂਦਾ ਅਤੇ ਤਿੰਨ ਦਿਨ ਕਿਸੇ ਹੋਰ ਕਾਲਜ ਵਿਚ। ਦੱਸੋ ਤਿੰਨ ਦਿਨ ਵਿਦਿਆਰਥੀ ਕੀ ਕਰਨਗੇ? ਕੀ ਇਸ ਤਰ੍ਹਾਂ ਕਾਲਜ ਦਾ ਮਾਹੌਲ ਅਕਾਦਮਿਕ ਰਹਿ ਸਕਦਾ? ਕੀ ਅਧਿਆਪਕ ਆਪਣੀ ਪ੍ਰਤੀਬੱਧਤਾ ਅਤੇ ਸਮਰਪਿਤਾ ਨਾਲ ਇਨਸਾਫ਼ ਕਰ ਸਕਦਾ? ਕੀ ਅਸੀਂ ਨਵੀਂ ਪੀੜ੍ਹੀ ਨਾਲ ਇੰਨਾ ਵੱਡਾ ਧੋਖਾ ਕਰ ਕੇ ਉਨ੍ਹਾਂ ਨੂੰ ਆਪਣੇ ਆਪ ਅਤੇ ਸਮਾਜ ਤੋਂ ਦੂਰ ਕਰ ਕੇ, ਉਨ੍ਹਾਂ ਵਿਚ ਮਾਨਸਿਕ ਵਿਗਾੜ ਤਾਂ ਪੈਦਾ ਨਹੀਂ ਕਰ ਰਹੇ?

ਮੈਂ ਇਸ ਕਾਲਜ ਦਾ ਵਿਦਿਆਰਥੀ ਵੀ ਰਿਹਾ ਅਤੇ 1986 ਤੋਂ 2010 (ਕੁਝ ਸਮਾਂ ਛੱਡ ਕੇ) ਤੱਕ ਇਸ ਕਾਲਜ ਵਿਚ ਪੜ੍ਹਾਉਂਦਾ ਵੀ ਰਿਹਾ। ਪਰ ਅਜੇਹੀ ਤਰਾਸਦੀ ਨੂੰ ਦੇਖ ਕੇ ਮਨ ਬਹੁਤ ਹੀ ਹਤਾਸ਼ ਅਤੇ ਨਿਰਾਸ਼ ਹੈ। ਕਦੇ ਸਾਇੰਸ ਦੀਆਂ ਲੈਬਾਰਟਰੀਆਂ ਵਿਚ ਸਾਰਾ ਦਿਨ ਹੀ ਵਿਦਿਆਰਥੀਆਂ ਦੀ ਗਹਿਮਾ-ਗਹਿਮੀ ਹੁੰਦੀ ਸੀ। ਵਿਦਿਆਰਥੀ ਵਿਗਿਆਨ ਦੇ ਸਿਧਾਂਤਾਂ ਅਤੇ ਵਿਗਿਆਨਕ ਗੁੰਝਲਾਂ ਨੂੰ ਸਮਝਦੇ ਅਤੇ ਆਪਣੇ ਮਨਾਂ ਵਿਚ ਵਿਗਿਆਨਕ ਚੇਤਨਾ ਪੈਦਾ ਕਰਦੇ ਸਨ। ਪ੍ਰੈਪ ਜਾਂ ਪ੍ਰੀ-ਮੈਡੀਕਲ/ਪ੍ਰੀ ਇੰਜੀਨੀਅਰਿੰਗ/ਬੀਐਸਸੀ ਦੀ ਹਰ ਕਲਾਸ ਵਿਚ ਸੌ ਤੋਂ ਜ਼ਿਆਦਾ ਵਿਦਿਆਰਥੀ ਹੁੰਦੇ ਹਨ। ਬੀਐਸਸੀ ਮੈਡੀਕਲ ਅਤੇ ਨਾਨ ਮੈਡੀਕਲ ਵਿਚ ਦਾਖਲ ਹੋਣ ਆਏ ਕਈ ਵਿਦਿਆਰਥੀਆਂ ਨੂੰ ਦਾਖਲਾ ਵੀ ਨਹੀਂ ਸੀ ਮਿਲਦਾ। ਪਰ ਹੁਣ ਸਾਇੰਸ ਵਿਚ ਕੁਲ ਵਿਦਿਆਰਥੀਆਂ ਦੀ ਗਿਣਤੀ ਦਾ ਸੌ ਤੋਂ ਵੀ ਘੱਟ ਹੋਣ ਕਾਰਨ ਸਮਝ ਸਕਦੇ ਹਾਂ ਕਿ ਕਾਲਜ ਵਿਚਲੇ ਸਟਾਫ਼ ਦੀ ਘਾਟ ਨੇ ਕਿਸ ਕਦਰ ਇਸ ਕਾਲਜ ਦੀ ਸ਼ਾਨ ਨੂੰ ਧੁੰਦਲਾ ਕਰ ਦਿੱਤਾ ਹੈ। ਸਾਇੰਸ ਪਾਰਕ ਦੇ ਆਲੇ-ਦੁਆਲੇ ਸਾਡੇ ਸਮਿਆਂ ਦੇ ਲਾਏ ਹੋਏ ਬੂਟੇ ਛਾਵਾਂ ਤਾਂ ਵੰਡ ਰਹੇ ਹਨ ਪਰ ਇਸ ਵਿਚ ਉੱਗੇ ਗੋਡੇ-ਗੋਡੇ ਘਾਹ ਕਾਰਨ ਇਸ ਦੀ ਦਿੱਖ ਪਾਰਕ ਨਹੀਂ ਸਗੋਂ ਘਾਹ ਦਾ ਮੈਦਾਨ ਲੱਗਦੀ ਹੈ। ਇਹੀ ਹਾਲ ਕਾਲਜ ਵਿਚ ਦਾਖਲ ਹੁੰਦਿਆਂ ਪੁਰਾਣੇ ਵਿਦਿਆਰਥੀਆਂ ਵੱਲੋਂ ਬਣਾਏ ਹੋਏ ਪਾਰਕ ਦਾ ਹੈ ਜੋ ਕਦੇ ਖ਼ੂਬਸੂਰਤ ਦਿੱਖ ਨਾਲ ਕਾਲਜ ਵੜਦਿਆਂ ਹਰੇਕ ਦਾ ਸਵਾਗਤ ਕਰਦਾ ਸੀ। ਪਰ ਇਸ ਦੀ ਰੱਖ-ਰਖਾਅ ਵੱਲ ਕਿਸੇ ਦਾ ਧਿਆਨ ਹੀ ਨਹੀਂ ਜਾਂ ਸਟਾਫ਼ ਦੀ ਘਾਟ ਹੀ ਅਜੇਹੀ ਬਦਹਾਲੀ ਲਈ ਜ਼ਿੰਮੇਵਾਰ ਹੈ।

ਕਾਲਜ ਦੇ ਯੂ-ਬਲਾਕ ਵਿਚ ਆਰਟਸ ਦੀਆਂ ਅੰਦਾਜ਼ਨ ਸਾਰੀਆਂ ਹੀ ਕਲਾਸਾਂ ਲੱਗਦੀਆਂ ਸਨ। ਇਨ੍ਹਾਂ ਵਿਚ ਵਿਦਿਆਰਥੀਆਂ ਦੀ ਰੌਣਕ ਅਤੇ ਉਨ੍ਹਾਂ ਦੀ ਚਾਲ-ਢਾਲ ਵਿਚ ਜਵਾਨੀ ਦਾ ਜੋਸ਼ ਅਤੇ ਜਨੂੰਨ ਕਮਾਲ ਦਾ ਹੁੰਦਾ ਸੀ। ਜ਼ਿੰਦਗੀ ਵਿਚ ਕੁਝ ਬਣਨ ਦਾ ਚਾਅ ਹੁੰਦਾ ਸੀ। ਮਾਣਮੱਤੇ ਕਵੀ, ਖਿਡਾਰੀ, ਰਾਜਸੀ ਨੇਤਾ, ਆਈਏਐਸ, ਆਈਪੀਐਸ, ਅਫ਼ਸਰ, ਪ੍ਰੋਫੈਸਰ, ਡਾਕਟਰ, ਇੰਜੀਨੀਅਰ, ਵਿਗਿਆਨੀ ਆਦਿ ਪੈਦਾ ਕਰਨ ਵਾਲੀ ਇਹ ਸਰਜ਼ਮੀਨ ਖ਼ੁਦ ਹੀ ਸ਼ਰਮਸਾਰ ਹੈ ਕਿ ਇਹ ਵੀ ਵਕਤ ਆਉਣਾ ਸੀ ਕਿ ਮੈਂ ਆਪਣੀ ਹੋਂਦ ਬਚਾਉਣ ਲਈ ਵੀ ਤਰਲੇ ਲੈਣੇ ਸਨ। ਯੂ ਬਲਾਕ ਦੇ ਕਮਰਿਆਂ ਦੀਆਂ ਪੌੜੀਆਂ 'ਤੇ ਪੱਤਿਆਂ ਦੇ ਲੱਗੇ ਹੋਏ ਢੇਰ ਇਹ ਦਰਸਾਉਣ ਲਈ ਕਾਫ਼ੀ ਸਨ ਕਿ ਇਨ੍ਹਾਂ ਕਮਰਿਆਂ ਵਿਚ ਕਲਾਸਾਂ ਲੱਗਣ ਦੀ ਕਦੇ ਨੌਬਤ ਹੀ ਨਹੀਂ ਆਈ।

ਪੰਜਾਬ ਦੇ ਸਰਕਾਰੀ ਕਾਲਜਾਂ ਦੀ ਇਹ ਹਾਲਤ ਅਚਨਚੇਤ ਨਹੀਂ ਹੋਈ ਸਗੋਂ ਇਹ ਬੀਤੇ ਸਮੇਂ ਦੀਆਂ ਸਰਕਾਰਾਂ ਦੀ ਜਾਣ ਬੁੱਝ ਕੇ ਕੀਤੀ ਅਣਦੇਖੀ ਅਤੇ ਲਾਪਰਵਾਹੀ ਹੈ। ਵਿੱਦਿਆ ਦੇਣ ਵਾਲੇ ਪਰ-ਉਪਕਾਰੀ ਕਾਰਜ ਨੂੰ ਕਾਰਪੋਰੇਟਾਂ ਜਾਂ ਆਪਣੇ ਚਹੇਤੇ ਅਦਾਰਿਆਂ ਦੇ ਹਵਾਲੇ ਕੀਤਾ। ਹੁਣ ਤਾਂ ਵਿੱਦਿਆ ਦਾ ਮਿਆਰ ਸਿਰਫ਼ ਇਕ ਦਿਖਾਵਾ ਹੀ ਰਹਿ ਗਿਆ। ਕੋਈ ਸਮਾਂ ਸੀ ਕਿ ਪੰਜਾਬ, ਪੰਜਾਬੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਅੰਤਰਰਾਸ਼ਟਰੀ ਪੱਧਰ 'ਤੇ ਇਕ ਮਾਣਮੱਤਾ ਨਾਮ ਅਤੇ ਮਿਆਰ ਹੁੰਦਾ ਸੀ। ਹੁਣ ਅਸੀਂ ਥਾਂ-ਥਾਂ 'ਤੇ ਪ੍ਰਾਈਵੇਟ ਯੂਨੀਵਰਸਿਟੀਆਂ/ਕਾਲਜ ਸਥਾਪਤ ਕਰ ਕੇ ਇਸ ਦੇ ਅੰਤਰਰਾਸ਼ਟਰੀ ਮਿਆਰ ਨੂੰ ਨੀਵੇਂ ਪੱਧਰ 'ਤੇ ਲੈ ਆਂਦਾ ਹੈ। ਜਦ ਅਸੀਂ ਕੁਆਲਿਟੀ ਦੀ ਬਜਾਏ ਗਿਣਤੀ ਵਧਾ ਕੇ ਨਿੱਜੀ ਲਾਭ ਵਧਾਉਣ ਦੀ ਰੁਚੀ ਦੇ ਸ਼ਿਕਾਰ ਹੋ ਜਾਵਾਂਗੇ ਤਾਂ ਇਸ ਦੇ ਮਿਆਰ ਨੂੰ ਉੱਚਾ ਚੁੱਕਿਆ ਹੀ ਨਹੀਂ ਜਾ ਸਕਦਾ।


ਇਹ ਵੀ ਰਣਧੀਰ ਕਾਲਜ ਵਰਗੇ ਹੋਰ ਕਾਲਜਾਂ ਦੀ ਹੋਣੀ ਹੀ ਹੈ ਕਿ ਹੁਣ ਉਨ੍ਹਾਂ ਦਾ ਮਰਸੀਆ ਹੀ ਪੜ੍ਹਨ ਵਾਲਾ ਰਹਿ ਗਿਆ। ਪੰਜਾਬ ਦੇ ਅੱਠ ਵੱਡੇ ਕਾਲਜਾਂ ਨੂੰ ਖ਼ੁਦਮੁਖ਼ਤਿਆਰੀ ਦੇ ਨਾਮ ਹੇਠ, ਪੰਜਾਬ ਦੇ ਵਿੱਦਿਅਕ ਨਿਘਾਰ ਲਈ ਤਾਣਾ-ਬਾਣਾ ਬੁਣਿਆ ਜਾ ਰਿਹਾ ਹੈ। ਖ਼ੁਦ ਮੁਖ਼ਤਿਆਰ ਕਾਲਜਾਂ ਦਾ ਮਿਆਰ ਕੌਣ ਨਿਰਧਾਰਤ ਕਰੇਗਾ? ਵਿੱਦਿਅਕ ਗੁਣਵੰਤਾ ਨੂੰ ਕਿਹੜੇ ਪੈਮਾਨੇ ਰਾਹੀਂ ਮਾਪਿਆ ਜਾਵੇਗਾ? ਇਨ੍ਹਾਂ ਵਿਚ ਦਾਖ਼ਲੇ ਅਤੇ ਅਧਿਆਪਕਾਂ ਦੀ ਭਰਤੀ ਕਿਸ ਆਧਾਰ 'ਤੇ ਕੀਤੀ ਜਾਵੇਗੀ? ਬਹੁਤ ਸਾਰੇ ਪ੍ਰਸ਼ਨ ਮਨ ਵਿਚ ਪੈਦਾ ਕਰ ਰਿਹਾ ਹੈ ਸਿੱਖਿਆ ਨੀਤੀ ਦਾ ਇਹ ਰੰਗ।

ਕਦੇ ਆਈਏਐਸ, ਆਈਪੀਐਸ ਵਿਚ ਚੁਣੇ ਗਏ ਅਫ਼ਸਰਾਂ ਦੀ ਲਿਸਟ ਜਾਂ ਆਈਆਈਟੀ, ਆਈਆਈਐਮ ਜਾਂ ਏਮਜ਼ ਵਰਗੇ ਅਦਾਰਿਆਂ ਵਿਚ ਦਾਖ਼ਲੇ ਦੀ ਲਿਸਟ ਵੱਲ ਝਾਤੀ ਮਾਰਨਾ। ਦੁੱਖ ਹੁੰਦਾ ਕਿ ਪੰਜਾਬੀਆਂ ਦੇ ਨਾਮ ਹੁਣ ਗ਼ਾਇਬ ਹੋਣੇ ਸ਼ੁਰੂ ਹੋ ਗਏ। ਕੁਝ ਤਾਂ ਪ੍ਰਵਾਸ ਦੇ ਰੁਝਾਨ ਅਤੇ ਕੁਝ ਵਿੱਦਿਅਕ ਅਦਾਰਿਆਂ ਦੀ ਨਾਕਸ ਪ੍ਰਬੰਧਕੀ ਅਤੇ ਅਕਾਦਮਿਕ ਕਾਰਨਾਂ ਨੇ ਪੰਜਾਬੀਆਂ ਦੇ ਮਨਾਂ ਵਿਚੋਂ ਉਚੇਰੀ ਪੜ੍ਹਾਈ ਦੇ ਰੁਝਾਨ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ। ਫਿਰ ਸਾਡੇ ਬੱਚੇ ਆਈਏਐਸ ਜਾਂ ਆਈਪੀਐਸ ਕਿਵੇਂ ਬਣਨਗੇ? ਹੁਣ ਤਾਂ 'ਕੋਈ ਹਰਿਆ ਬੂਟਾ ਰਹਿਓ ਰੀ' ਵਰਗੀ ਹੀ ਹਾਲਤ ਹੋ ਗਈ ਹੈ। ਕੋਈ ਸਮਾਂ ਸੀ ਜਦ ਅਸੀਂ ਕਾਲਜ ਵਿਚ ਪੜ੍ਹਦੇ ਸਾਂ ਤਾਂ ਸਾਡੇ ਮਨਾਂ ਵਿਚ ਡਾਕਟਰ, ਇੰਜੀਨੀਅਰ, ਪ੍ਰੋਫੈਸਰ ਜਾਂ ਅਫ਼ਸਰ ਬਣਨ ਦਾ ਸੁਪਨਾ ਹੁੰਦਾ ਸੀ ਅਤੇ ਇਸ ਦੀ ਪੂਰਤੀ ਲਈ ਖ਼ੁਦ ਨੂੰ ਅਰਪਿਤ ਕਰਦੇ ਸਾਂ। ਪਰ ਜਦ ਨੌਜਵਾਨ ਪੀੜ੍ਹੀ ਦਾ ਸੁਪਨਾ ਹੀ ਆਈਏਐਸ ਤੋਂ ਆਈਲੈਟਸ ਤੱਕ ਸੁੰਗੜ ਜਾਵੇ ਤਾਂ ਨਵੀਂ ਨਸਲ ਕੋਲੋਂ ਕਿਹੜੀਆਂ ਪ੍ਰਾਪਤੀਆਂ ਦੀ ਆਸ ਰੱਖ ਸਕਦੇ ਹੋ? ਦਰਅਸਲ ਸਾਡੇ ਸਮਿਆਂ ਵਿਚ ਕਾਲਜ ਦੇ ਅਧਿਆਪਕ ਸਾਡੇ ਰੋਲ ਮਾਡਲ ਹੁੰਦੇ ਸਨ। ਉਹ ਸਾਡੇ ਮਨਾਂ ਵਿਚ ਵੱਡੇ ਸੁਪਨੇ ਧਰਦੇ ਸਨ ਜਿਨ੍ਹਾਂ ਦੀ ਪ੍ਰਾਪਤੀ ਲਈ ਸਾਨੂੰ ਉਤਸ਼ਾਹਿਤ ਕਰਦੇ ਸਨ। ਹੁਣ ਜਦ ਆਰਜ਼ੀ ਤੌਰ 'ਤੇ ਪੜ੍ਹਾ ਰਹੇ ਅਧਿਆਪਕਾਂ ਦੇ ਸੁਪਨਿਆਂ ਦੀ ਤਿੜਕਣ ਉਨ੍ਹਾਂ ਦੇ ਦੀਦਿਆਂ ਵਿਚ ਚੀਸ ਧਰਦੀ ਹੋਵੇ ਤਾਂ ਉਹ ਆਪਣੇ ਵਿਦਿਆਰਥੀਆਂ ਨੂੰ ਕਿਹੜੇ ਸੁਪਨੇ ਦੇਣਗੇ? ਉਮੀਦ ਤਾਂ ਨਹੀਂ ਪਰ ਆਸ ਰੱਖਣ ਵਿਚ ਹਰਜ਼ ਹੀ ਕੀ ਏ। ਸ਼ਾਇਦ ਕੋਈ ਸੰਜੀਦਾ ਅਤੇ ਸਿਆਣਾ ਸਿਆਸਤਦਾਨ ਪੰਜਾਬ ਦੀ ਇਸ ਤਰਾਸਦੀ ਵੰਨੀਂ ਦੇਖੇ, ਸਮਝੇ, ਅੰਦਰੋਂ ਪਸੀਜੇ ਅਤੇ ਇਸ ਦੀ ਸਿਹਤਮੰਦੀ ਤੇ ਮੁੜ ਤੋਂ ਪੈਰਾਂ ਸਿਰ ਕਰਨ ਲਈ ਵਿੱਦਿਆ ਪ੍ਰਾਪਤੀ ਨੂੰ ਉਹ ਮਾਣ ਅਤੇ ਰੁਤਬਾ ਪ੍ਰਦਾਨ ਕਰੇ। ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਉਚੇਰੀ ਪੜ੍ਹਾਈ ਕਰ ਕੇ, ਪੰਜਾਬ ਅਤੇ ਮੇਰੇ ਰਣਧੀਰ ਕਾਲਜ ਨੂੰ ਪਹਿਲਾਂ ਵਰਗੀ ਮਾਣਮੱਤੀ ਆਭਾ ਦਾ ਸਿਰਨਾਵਾਂ ਬਣਾਵੇ।

ਹਾਲੇ ਤਾਂ ਮੇਰਾ ਰਣਧੀਰ ਕਾਲਜ ਉਦਾਸ ਹੈ ਅਤੇ ਇਸ ਦੀ ਉਦਾਸੀ ਵਿਚ ਮੇਰਾ ਅੰਤਰੀਵ ਵੀ ਧੁਖਦਾ ਹੈ।

---

# ਪਾਣੀ, ਹਾਏ ਪਾਣੀ !



ਅਮਰਬੀਰ ਸਿੰਘ ਚੀਮਾ
ਫੋਨ: 98889-40211

ਭਾਰਤ ਦਾ ਰਾਜਸਥਾਨ ਸੂਬਾ ਮਾਰੂਥਲ ਨਾਲ ਭਰਿਆ ਹੋਇਆ ਹੈ, ਜਿੱਥੇ ਦੂਰ-ਦੂਰ ਤੱਕ ਲੋਕਾਂ ਨੂੰ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਦੇ ਜ਼ਿਲ੍ਹਾ ਜਲੌਰ ਦਾ ਪਿੰਡ ਬੀਠਣ ਹੈ, ਜਿੱਥੋਂ ਦੇ ਲੋਕ ਪੀੜ੍ਹੀ-ਦਰ-ਪੀੜ੍ਹੀ ਭਾਵ ਸਦੀਆਂ ਤੋਂ ਇਸ ਸਮੱਸਿਆ ਨਾਲ ਜੂਝ ਰਹੇ ਹਨ। ਇੱਥੋਂ ਨੇੜੇ ਤੋਂ ਨੇੜੇ ਪੀਣਯੋਗ ਪਾਣੀ ਲਈ 15 ਕਿਲੋਮੀਟਰ ਦੂਰ ਜਾਣਾ ਪੈਂਦਾ ਹੈ। ਇਸ ਪਿੰਡ ਦੀਆਂ ਔਰਤਾਂ ਹਰ ਰੋਜ਼ ਸਵੇਰੇ ਪੰਜ-ਛੇ ਵਜੇ ਪੈਦਲ ਹੀ ਆਪਣੇ ਲੱਕ ਦੁਆਲੇ ਜਾਂ ਸਿਰਾਂ 'ਤੇ ਪਾਣੀ ਦੇ ਖ਼ਾਲੀ ਬੱਠਲ ਰੱਖ ਪਾਣੀ ਲੈਣ ਨਿਕਲ ਜਾਂਦੀਆਂ ਹਨ, ਕਿਉਂਕਿ ਇੱਥੇ ਪਾਣੀ ਲਿਆਉਣਾ ਸਿਰਫ਼ ਔਰਤ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਇਸ ਕੰਮ ਲਈ ਉਨ੍ਹਾਂ ਨੂੰ ਰੋਜ਼ਾਨਾ ਕਰੀਬ 7-8 ਘੰਟੇ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਘਰ ਦੇ ਹੋਰ ਕੰਮ ਵੱਖਰੇ ਤੌਰ 'ਤੇ ਕਰਨੇ ਪੈਂਦੇ ਹਨ। ਇੱਥੇ ਪਾਣੀ ਦੀ ਡੂੰਘਾਈ ਕਰੀਬ 80-90 ਫੁੱਟ ਹੈ। ਇਸ ਬੀਆਬਾਨ ਖੇਤਰ ਵਿਚ ਕੋਈ ਅਣਸੁਖਾਵੀਂ ਘਟਨਾ ਹੋ ਜਾਣ 'ਤੇ ਨੇੜਲੇ ਪੁਲਿਸ ਥਾਣੇ ਜਾਣ ਲਈ ਵੀ 4-5 ਘੰਟੇ ਲੱਗਦੇ ਹਨ। ਰਿਵਾਇਤ ਅਨੁਸਾਰ ਇੱਥੇ ਜ਼ਿਆਦਾਤਰ ਪੁਰਸ਼ਾਂ ਦੇ 2 ਜਾਂ 3 ਤਿੰਨ ਵਿਆਹ ਹਨ, ਇਸਦਾ ਵੀ ਕਾਰਨ ਹੈ। ਜਦੋਂ ਪਹਿਲੀ ਪਤਨੀ ਉਮਰਦਰਾਜ਼ ਹੋ ਜਾਣ ਕਾਰਨ ਪਾਣੀ ਲਿਆਉਣ ਤੋਂ ਅਸਮਰੱਥ ਹੋ ਜਾਂਦੀ ਹੈ, ਤਾਂ ਪੁਰਸ਼ ਹੋਰ ਵਿਆਹ ਕਰਵਾ ਲੈਂਦਾ ਹੈ। ਇੱਥੋਂ ਦੇ ਮਰਦ ਨਾਚ-ਮੰਡਲੀ ਜਾਂ ਹੋਰ ਮਜ਼ਦੂਰੀ ਦਾ ਕੰਮ ਕਰਦੇ ਹਨ। ਆਪਣੀ ਸਰੀਰਕ ਸਮਰੱਥਾ ਦੇ ਹਿਸਾਬ ਨਾਲ ਕੋਈ 'ਕੱਲੀ ਜਵਾਨ ਔਰਤ ਜ਼ਿਆਦਾ ਪਾਣੀ ਲਿਆਉਣ ਦੇ ਸਮਰੱਥ ਹੈ ਤਾਂ ਉਸ ਬਦਲੇ ਉਸਨੂੰ ਰੋਟੀ, ਅਨਾਜ ਜਾਂ ਚੌਲ ਵਗੈਰਾ ਮਿਲ ਜਾਂਦੇ ਹਨ।



ਚਲੋ ਹੁਣ ਅੱਗੇ ਚੱਲਦੇ ਹਾਂ, ਜਿੱਥੋਂ ਦੀ ਕਹਾਣੀ ਤੇ ਹਾਲਾਤ ਇਸ ਤੋਂ ਵੀ ਬਦਤਰ ਹਨ। ਰਾਜਸਥਾਨ ਦਾ ਜ਼ਿਲ੍ਹਾ ਬਾਰਮੇਰ, ਭਾਰਤ ਦਾ ਪੰਜਵਾਂ ਸਭ ਤੋਂ ਵੱਡਾ ਜ਼ਿਲ੍ਹਾ ਹੈ। ਥਾਰ ਰੇਗਿਸਤਾਨ ਇਸ ਖਿੱਤੇ ਦੀ ਪਛਾਣ ਹੈ ਜੋ ਕਿ 85 ਫੀਸਦ ਭਾਰਤ ਤੇ 15 ਫੀਸਦ ਪਾਕਿਸਤਾਨ ਤੱਕ ਫੈਲਿਆ ਹੋਇਆ ਹੈ। ਇੱਥੇ 25 ਕਿਲੋਮੀਟਰ ਤੋਂ ਪਾਣੀ ਲੈ ਕੇ ਆਉਣਾ ਪੈਂਦਾ ਹੈ। ਜੈਸਲਮੇਰ ਵਾਂਗ ਇੱਥੇ ਵੀ ਸਭ ਤੋਂ ਵਧੇਰੇ ਗਰਮੀ ਪੈਂਦੀ ਹੈ ਤੇ ਪਾਣੀ ਦੀ ਸਮੱਸਿਆ ਸਦੀਆਂ ਪੁਰਾਣੀ ਹੈ। ਔਰਤਾਂ ਦੀ ਸਾਰੀ ਜਵਾਨੀ ਪਾਣੀ ਢੋਂਦਿਆਂ ਹੀ ਲੰਘ ਜਾਂਦੀ ਹੈ। ਪਾਣੀ ਦੀ ਕਿੱਲਤ ਇੰਨੀ ਹੈ ਕਿ ਇੱਥੋਂ ਦੇ ਲੋਕ ਸਵੇਰੇ

*(ਬਾਕੀ ਅਗਲੇ ਸਫੇ 'ਤੇ)*

# ਫੁੱਟਬਾਲ ਦਾ ਨੋਬਲ ਲੌਰੀਏਟ ਲਿਓਨਲ ਮੈੱਸੀ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਲਿਓਨਲ ਮੈੱਸੀ ਨੇ ਫੁੱਟਬਾਲ ਖੇਡਦਿਆਂ ਕਰੋੜਾਂ ਡਾਲਰ ਕਮਾਏ ਤੇ ਕਰੋੜਾਂ ਹੀ ਖਰਚੇ ਹਨ। ਉਹ ਬਿਲੀਅਨੇਅਰ ਅਥਵਾ ਅਰਬਪਤੀ ਹੈ। ਮਾਂ ਦੇ ਪੁੱਤ ਨੇ ਕਮਾਲਾਂ ਕਰ ਦਿੱਤੀਆਂ ਨੇ ਨਾਵਾਂ ਕਮਾਉਣ ਤੇ ਪੁੰਨ ਦਾਨ ਕਰਨ ਦੀਆਂ। ਹਾਲੇ ਕਿਹੜਾ ਬਸ ਹੈ? ਉਹ ਸੈਂਤੀ ਸਾਲਾਂ ਦੀ ਉਮਰੇ ਵੀ ਉਵੇਂ ਹੀ ਖੇਡ ਰਿਹੈ ਜਿਵੇਂ ਸਤਾਈ ਸਾਲਾਂ ਦੀ ਉਮਰੇ ਖੇਡ ਰਿਹਾ ਸੀ। ਦਰਸ਼ਕ ਐਵੇਂ ਨਹੀਂ ਉਸ ਨੂੰ ਫੁੱਟਬਾਲ ਦਾ ਜਾਦੂਗਰ ਕਹਿੰਦੇ। ਫੁੱਟਬਾਲ ਦੀ ਖੇਡ ਦਾ ਨੋਬੇਲ ਪ੍ਰਾਈਜ਼ ਜਿਹਾ ਵੱਡਾ ਅਵਾਰਡ ਬੈਲਨ ਡੀ ਆਰ ਹੈ ਜੋ ਕਿਸੇ ਫੁੱਟਬਾਲਰ ਨੂੰ ਮਸੀਂ ਨਸੀਬ ਹੁੰਦਾ। ਉਹ ਅਵਾਰਡ ਇਕ ਦੋ ਵਾਰ ਨਹੀਂ, ਲਿਓਨਲ ਆਂਦਰੇ ਮੈੱਸੀ ਨੂੰ 8 ਵਾਰ ਮਿਲ ਚੁੱਕੈ!

ਲੋਕ ਉਹਦਾ ਨਿੱਕਾ ਨਾਂ 'ਲਿਓ' ਜਾਂ 'ਮੈੱਸੀ' ਲੈਂਦੇ ਹਨ। ਉਹਦਾ ਕੱਦ ਉਸ ਤੋਂ 27 ਸਾਲ ਪਹਿਲਾਂ ਜੰਮੇ ਉਹਦੇ ਮੁਲਕ ਦੇ ਹੀ ਡਿਆਗੋ ਮਾਰਾਡੋਨਾ ਤੋਂ ਭਾਵੇਂ 2 ਇੰਚ ਲੰਮੇਰਾ ਹੈ ਪਰ ਉਸ ਤੋਂ 2 ਸਾਲ ਪਹਿਲਾਂ ਜਨਮੇ ਫੁੱਟਬਾਲ ਦੇ ਸਮਕਾਲੀ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਤੋਂ 7 ਇੰਚ ਛੁਟੇਰਾ ਹੈ। ਮੈੱਸੀ ਦਾ ਕੱਦ ਕੇਵਲ 5 ਫੁੱਟ 7 ਇੰਚ ਹੈ। ਪਰ ਉਹਦੇ ਜੁੱਸੇ 'ਚ ਪਤਾ ਨਹੀਂ ਕਿਹੋ ਜਿਹੀਆਂ ਬਿਜਲੀਆਂ ਭਰੀਆਂ ਹੋਈਆਂ ਹਨ ਕਿ ਬਾਲ ਨਾਲ ਏਨਾ ਤੇਜ਼ ਦੌੜਦੈ ਜਿੰਨਾ ਕੋਈ ਹੋਰ ਨਹੀਂ ਦੌੜ ਸਕਦਾ। ਹੋਰ ਤਾਂ ਕੀ, ਬਾਲ ਤੋਂ ਬਿਨਾਂ ਉਹ ਆਪ ਵੀ ਓਨਾ ਤੇਜ਼ ਨਹੀਂ ਦੌੜ ਸਕਦਾ। ਇੰਜ ਲੱਗਦੈ ਜਿਵੇਂ ਬਾਲ ਉਸ ਨੂੰ ਖਿੱਚੀ ਲਈ ਜਾਂਦੀ ਹੋਵੇ!

ਫੋਰਬਸ ਮੈਗਜ਼ੀਨ ਅਨੁਸਾਰ 2009 ਤੋਂ 2014 ਦਰਮਿਆਨ ਮੈੱਸੀ ਵਿਸ਼ਵ ਦਾ ਸਭ ਤੋਂ ਮਹਿੰਗਾ ਫੁੱਟਬਾਲਰ ਰਿਹਾ। 2019 ਤੋਂ 2022 ਤਕ ਉਸ ਨੇ ਸਭ ਤੋਂ ਵੱਧ ਪੈਸੇ ਕਮਾਏ। 2011, 2012 ਤੇ 2023 'ਚ ਉਹ ਦੁਨੀਆ ਦੀਆਂ ਸੌ ਸਿਖਰਲੀਆਂ ਸ਼ਖ਼ਸੀਅਤਾਂ ਵਿਚ ਗਿਣਿਆ ਜਾਂਦਾ ਰਿਹਾ। 2020 ਤੇ 2023 ਦਾ ਉਹ ਲੌਰੀਅਸ ਵਰਲਡ ਸਪੋਰਟਸਮੈਨ ਆਫ਼ ਦਾ ਯੀਅਰ ਐਲਾਨਿਆ ਗਿਆ। ਉਹ ਦੂਜਾ ਫੁੱਟਬਾਲਰ ਹੈ ਜਿਸ ਦੀ ਖੇਡ ਆਮਦਨ ਇਕ ਅਰਬ ਡਾਲਰਾਂ ਤੋਂ ਕਿਤੇ ਵੱਧ ਹੋਈ ਹੈ।

**ਗੋਲ ਕਰਨ ਦੀ ਮਸ਼ੀਨ ਕਹੇ ਜਾਂਦੇ ਮੈੱਸੀ ਨੇ 39 ਵਾਰ ਮਸ਼ਹੂਰ ਲਾ ਲੀਗਾ ਖੇਡਦਿਆਂ 474 ਗੋਲ ਕੀਤੇ, 36 ਹੈਟ ਟ੍ਰਿਕ ਮਾਰੇ ਤੇ 18 ਗੋਲ ਕਰਨ 'ਚ ਸਹਾਇਕ ਬਣਿਆ। 109 ਗੋਲ ਇੰਟਰਨੈਸ਼ਨਲ ਮੈਚਾਂ ਵਿਚ ਕੀਤੇ। ਉੱਚ ਪੱਧਰ ਦੇ 800 ਤੋਂ ਵੱਧ ਗੋਲ ਕਰਨ ਦਾ ਰਿਕਾਰਡ ਅਜੇ ਵੀ ਉਹਦੇ ਨਾਂ ਹੈ। ਉਹ ਜ਼ਿਆਦਾਤਰ ਖੱਬੇ ਪੈਰ ਦਾ ਡ੍ਰਿਬਲਰ ਹੈ। ਡੀਗੋ ਮਾਰਾਡੋਨਾ ਉਸ ਨੂੰ ਆਪਣਾ ਵਾਰਸ ਕਿਹਾ ਕਰਦਾ ਸੀ। ਉਸ ਦੀ ਕਪਤਾਨੀ 'ਚ ਅਰਜਨਟੀਨਾ ਨੇ 2022 ਦਾ ਫੀਫਾ ਵਰਲਡ ਕੱਪ ਜਿੱਤਿਆ ਜਿਸ ਵਿਚ ਉਸ ਦੇ 7 ਗੋਲ ਸਨ। ਉਸ ਨੇ ਵਰਲਡ ਕੱਪਾਂ ਦੇ ਸਭ ਤੋਂ ਵੱਧ 26 ਮੈਚ ਖੇਡੇ ਜੋ ਅਜੇ ਤਕ ਰਿਕਾਰਡ ਹੈ। 2023 ਵਿਚ ਉਸ ਨੂੰ ਅੱਠਵਾਂ ਬੈਲਨ ਡੀ ਓਰ ਅਵਾਰਡ ਮਿਲਿਆ।**

ਮੈੱਸੀ ਨੂੰ ਫੁੱਟਬਾਲ ਦੀ 'ਡ੍ਰਿਬਲਿੰਗ' ਦਾ ਜਾਦੂਗਰ ਜਿਹਾ ਜਾਂਦਾ ਹੈ ਜਿਵੇਂ ਧਿਆਨ ਚੰਦ ਨੂੰ ਹਾਕੀ ਦਾ ਜਾਦੂਗਰ ਕਿਹਾ ਜਾਂਦਾ ਸੀ। ਧਿਆਨ ਚੰਦ ਵਾਂਗ ਮੈੱਸੀ ਵੀ ਸਮੱਧਰ ਹੈ। ਛੋਟੇ ਕੱਦ ਦੀ 'ਸੈਂਟਰ ਆਫ਼ ਗ੍ਰੈਵਟੀ' ਜ਼ਮੀਨ ਦੇ ਨੇੜੇ ਹੋਣ ਕਰਕੇ ਲੰਮੇਰੇ ਕੱਦ ਦੇ ਮੁਕਾਬਲੇ 'ਕੁਆਰਡੀਨੇਸ਼ਨ' ਸੌਖੀ ਹੁੰਦੀ ਹੈ। ਮੈੱਸੀ ਪੰਜ ਛੇ ਖਿਡਾਰੀਆਂ ਨੂੰ ਡ੍ਰਿਬਲਿੰਗ ਦੀ ਚੁਸਤੀ ਨਾਲ ਹੀ ਮਾਤ ਪਾ ਜਾਂਦਾ ਹੈ ਤੇ ਗੋਲ ਦਾਗ ਦਿੰਦਾ ਹੈ। ਉਹ ਵਧੇਰੇ ਗੋਲ ਖੱਬੇ ਪੈਰ ਨਾਲ ਕਰਦਾ ਹੈ। ਕਾਰਨਰ ਦੀਆਂ ਕਿੱਕਾਂ, ਸਿੱਧੀਆਂ ਕਿੱਕਾਂ ਤੇ ਪੈਨਲਟੀ ਕਿੱਕਾਂ ਨਾਲ ਉਸ ਦੇ ਗੋਲ ਸਭ ਤੋਂ ਵੱਧ ਹੋਏ ਹਨ। ਪਾਸ ਦੇ ਕੇ ਵੀ ਉਹ ਹੋਰਨਾਂ ਤੋਂ ਵਧੇਰੇ ਗੋਲ ਕਰਵਾਉਣ 'ਚ ਕਾਮਯਾਬ ਰਹਿੰਦਾ ਹੈ।

ਉਸ ਦਾ ਜਨਮ 24 ਜੂਨ 1987 ਨੂੰ ਅਰਜਨਟੀਨਾ ਵਿਖੇ ਰੋਸਾਰੀਓ ਦੇ ਫੁੱਟਬਾਲ ਪ੍ਰੇਮੀ ਜੌਰਜ ਮੈੱਸੀ ਦੇ ਘਰ ਸੇਲੀਆ ਮਾਰੀਆ ਕੁਕਟੀਨੀ ਦੀ ਕੁੱਖੋਂ ਹੋਇਆ। ਜੌਰਜ ਮੈੱਸੀ ਉਦੋਂ ਸਟੀਲ ਫੈਕਟਰੀ ਦਾ ਮੈਨੇਜਰ ਸੀ ਤੇ ਉਹਦੀ ਪਤਨੀ ਸੀਲੀਆ ਮਾਰੀਆ ਮੈਗਨਟ ਬਣਾਉਣ ਵਾਲੀ ਫੈਕਟਰੀ 'ਚ ਕੰਮ ਕਰਦੀ ਸੀ। ਉਨ੍ਹਾਂ ਦੇ ਚਾਰ ਬੱਚਿਆਂ ਵਿਚਕਾਰ ਲਿਓ ਤੀਜਾ ਬੱਚਾ ਸੀ। ਉਹ ਤਿੰਨ ਭਰਾ ਹਨ ਤੇ ਇਕ ਭੈਣ। ਜੌਰਜ ਮੈੱਸੀ ਦਾ ਪਿਛੋਕੜ ਸਪੇਨੀ ਮੂਲ ਦੇ ਇਤਾਲਵੀ ਖਿੱਤੇ ਦਾ ਹੈ ਜਿਨ੍ਹਾਂ ਦੀ ਮਾਂ ਬੋਲੀ ਸਪੈਨਿਸ਼ ਹੈ। ਉਹ ਇਟਲੀ ਤੋਂ ਅਰਜਨਟੀਨਾ ਦਾ ਪਰਵਾਸੀ ਬਣਿਆ ਸੀ। ਉਸ ਦੀ ਮਾਂ ਇਟਲੀ ਮੂਲ ਦੀ ਸੀ।



ਅਰਜਨਟੀਨਾ ਵਸਦਿਆਂ ਉਹ ਫੁੱਟਬਾਲ ਦੀ ਖੇਡ ਦੇ ਸ਼ੌਕੀ ਬਣ ਗਏ ਜਿਸ ਕਰਕੇ ਉਨ੍ਹਾਂ ਦੇ ਬੱਚਿਆਂ ਨੂੰ ਜਨਮ ਤੋਂ ਹੀ ਫੁੱਟਬਾਲ ਖੇਡਣ ਦਾ ਮਾਹੌਲ ਮਿਲ ਗਿਆ। ਮੈੱਸੀ ਪੈਰਾਂ 'ਤੇ ਖੜ੍ਹਾ ਹੋਣ ਸਾਰ ਆਪਣੇ ਵੱਡੇ ਭਰਾਵਾਂ ਵਾਂਗ ਫੁੱਟਬਾਲ ਵੱਲ ਖਿੱਚਿਆ ਗਿਆ। ਉਹ ਨਿੱਕੇ ਪੈਰਾਂ ਨਾਲ ਚੀਜ਼ਾਂ ਵਸਤਾਂ ਰੇੜ੍ਹਨ ਲੱਗਾ ਤੇ ਸਿਰਫ਼ ਚਾਰ ਸਾਲ ਦੀ ਉਮਰ 'ਚ ਲੋਕਲ ਕਲੱਬ ਗਰੈਨਡੋਲੀ ਦਾ ਮੈਂਬਰ ਬਣ ਗਿਆ। ਉਹਦੀ ਨਾਨੀ ਉਸ ਨੂੰ ਕਲੱਬ ਲੈ ਜਾਂਦੀ ਅਤੇ ਲਾਗੇ ਬੰਨੇ ਦੇ ਫੁੱਟਬਾਲ ਮੈਚਾਂ 'ਚ ਖਿਡਾ ਲਿਆਉਂਦੀ। ਉਸ ਦਾ ਬਾਪ ਜੌਰਜ ਗਾਹੇ ਬਗਾਹੇ ਕੋਚਿੰਗ ਦਿੰਦਾ ਰਹਿੰਦਾ। ਨਾਨੀ ਗੁਜ਼ਰ ਜਾਣ ਪਿੱਛੋਂ ਮੈੱਸੀ ਜਦੋਂ ਗੋਲ ਕਰਦਾ ਹੈ ਤਾਂ ਅਸਮਾਨ ਵੱਲ ਉਂਗਲ ਉਠਾ ਕੇ ਗੋਲ ਆਪਣੀ ਨਾਨੀ ਨੂੰ ਭੇਟ ਕਰਦਾ ਹੈ।

ਕੋਚ ਐਡਰੀਆਂ ਕੋਰੀਆ ਉਹਦੇ ਬਚਪਨ ਬਾਰੇ ਦੱਸਦਾ ਹੈ ਕਿ ਮੈੱਸੀ ਛੇ ਸਾਲ ਦਾ ਸੀ ਜਦੋਂ ਰੋਸਾਰੀਓ ਕਲੱਬ ਦਾ ਮੈਂਬਰ ਬਣਿਆ। 6 ਤੋਂ 12 ਸਾਲ ਦੀ ਉਮਰ ਵਿਚਕਾਰ ਉਸ ਨੇ ਕਲੱਬ ਵੱਲੋਂ 500 ਗੋਲ ਕੀਤੇ ਤੇ ਅਸੀਂ ਉਹਦਾ ਨਾਂ ਉਸ ਦੇ ਜਨਮ ਦਿਵਸ 'ਤੇ '87 ਦੀ ਮਸ਼ੀਨ' ਰੱਖ ਲਿਆ। ਉਹ ਨਿੱਕਾ ਹੁੰਦਾ ਹੀ 'ਬਾਲ ਟ੍ਰਿਕ' ਵਿਖਾ ਕੇ ਦਰਸ਼ਕਾਂ ਨੂੰ ਦੰਗ ਕਰਦਾ ਰਹਿੰਦਾ ਸੀ। ਪਰ ਕੁਦਰਤ ਵੱਲੋਂ ਉਸ ਨੂੰ ਅਜਿਹੀ ਮਾਰ ਪਈ ਕਿ ਉਹਦਾ ਫੁੱਟਬਾਲ ਕੈਰੀਅਰ ਖ਼ਤਰੇ 'ਚ ਪੈ ਗਿਆ। 10 ਸਾਲ ਦੀ ਉਮਰੇ ਉਹ 'ਗ੍ਰੋਥ ਹਾਰਮੋਨ ਡੈਫੀਸ਼ੈਂਸੀ' ਦਾ ਰੋਗੀ ਪਾਇਆ ਗਿਆ। ਇਲਾਜ ਲਈ ਮਹੀਨੇ ਦੀ ਥੈਰੇਪੀ ਦਾ ਖਰਚਾ 1000 ਡਾਲਰ ਸੀ ਜੋ ਉਸ ਦੇ ਪਿਤਾ ਦੀ ਆਮਦਨੀ 'ਚੋਂ ਮੁਸ਼ਕਲ ਸੀ। ਉਸ ਵੇਲੇ ਨਿਊਵੈੱਲ ਕਲੱਬ ਨੇ ਮਦਦ ਕੀਤੀ ਪਰ ਕਲੱਬ ਲੰਮੇ ਸਮੇਂ ਲਈ ਮਦਦਗਾਰ ਨਾ ਹੋ ਸਕਿਆ।

ਮੈੱਸੀ ਦਾ ਆਦਰਸ਼ ਖਿਡਾਰੀ ਬਿਊਨਿਸ ਏਅਰਜ਼ ਦੇ 'ਰਿਵਰ ਪਲੇਟ' ਕਲੱਬ ਦਾ ਪਾਬਲੋ ਐਮਾਰ ਸੀ ਪਰ ਉਹ ਬਿਮਾਰੀ ਕਾਰਨ ਰਿਵਰ ਪਲੇਟ ਦਾ ਮੈਂਬਰ ਨਾ ਬਣ ਸਕਿਆ। ਪਾਬਲੋ ਐਮਾਰ ਤੋਂ ਪਿੱਛੋਂ ਉਹ ਬ੍ਰਾਜ਼ੀਲ ਦੇ ਰੋਨਾਲਡੋ ਦਾ ਫੈਨ ਬਣ ਗਿਆ। 13 ਸਾਲ ਦੀ ਉਮਰ ਵਿਚ ਉਹ ਬਾਰਸੀਲੋਨਾ ਦੀ ਯੂਥ ਅਕਾਡਮੀ 'ਲਾ ਮਾਸੀਆ' ਵਿਚ ਦਾਖਲ ਹੋ ਗਿਆ ਜਿਸ ਨਾਲ ਉਹਦੀ ਖੇਡ ਵਿਚ ਹੋਰ ਨਿਖਾਰ ਆਉਣ ਲੱਗਾ। ਨਾਲ ਦੀ ਨਾਲ ਉਹ ਗ੍ਰੋਥ ਹਾਰਮੋਨ ਡੈਫੀਸ਼ੈਂਸੀ ਤੋਂ ਵੀ ਮੁਕਤ ਹੋ ਗਿਆ। ਇਕ ਸਾਲ 'ਲਾ ਮਾਸੀਆ' ਅਕੈਡਮੀ 'ਚ ਟ੍ਰੇਨਿੰਗ ਲੈ ਕੇ ਫਰਵਰੀ 2002 'ਚ ਉਹ ਰਾਇਲ ਸਪੈਨਿਸ਼ ਫੁੱਟਬਾਲ ਫੈਡਰੇਸ਼ਨ ਦਾ ਮੈਂਬਰ ਬਣ ਕੇ ਫੈਡਰੇਸ਼ਨ ਦੀ ਬੀ ਟੀਮ 'ਚ ਸ਼ਾਮਲ ਹੋ ਗਿਆ। ਉਥੇ ਉਸ ਨੂੰ ਹੋਰ ਵੀ ਤਕੜੇ ਖਿਡਾਰੀਆਂ ਦੀ ਸੰਗਤ ਮਿਲੀ। 14 ਸਾਲ ਦੀ ਉਮਰ ਵਿਚ ਉਹ 'ਬੇਬੀ ਡਰੀਮ ਟੀਮ' ਦਾ ਅੰਗ ਬਣ ਗਿਆ ਜੋ ਬਾਰਸੀਲੋਨਾ ਦੇ ਨਵਯੁਵਕਾਂ ਦੀ ਸਭ ਤੋਂ ਤਕੜੀ ਟੀਮ ਸੀ। 2002-3 ਦੇ ਸੀਜ਼ਨ ਵਿਚ ਉਸ ਨੇ 30 ਮੈਚਾਂ ਵਿਚ 36 ਗੋਲ ਕੀਤੇ ਜੋ ਸਭ ਤੋਂ ਵੱਧ ਸਨ। ਇਕ ਮੈਚ ਵਿਚ ਉਸ ਦੇ ਜਬ੍ਹਾੜੇ ਦੀ ਹੱਡੀ ਕਰੈਕ ਹੋ ਗਈ ਪਰ ਉਹ ਫਿਰ ਵੀ ਖੇਡਦਾ ਰਿਹਾ ਤੇ 10 ਮਿੰਟਾਂ 'ਚ ਦੋ ਗੋਲ ਹੋਰ ਕੀਤੇ। ਉਸ ਦੀ ਹੋਣਹਾਰੀ ਨੂੰ ਵੇਖਦਿਆਂ ਵਿਦੇਸ਼ੀ ਕਲੱਬਾਂ ਨੇ ਉਸ ਉਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਪਰ ਉਸ ਨੇ ਬਾਰਸੀਲੋਨਾ ਕਲੱਬ ਨੂੰ ਹੀ ਰੰਗਭਾਗ ਲਾਏ। ਉਸ ਦੀਆਂ ਜਿੱਤਾਂ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਹੈਰਤ ਹੁੰਦੀ ਹੈ ਕਿ 5 ਫੁੱਟ 7 ਇੰਚ ਦਾ ਮਨੁੱਖੀ ਜੁੱਸਾ ਕੀ ਦਾ ਕੀ ਕਰ ਸਕਦਾ ਹੈ!

ਮੈੱਸੀ 17 ਸਾਲਾਂ ਦਾ ਸੀ ਜਦੋਂ ਫੁੱਟਬਾਲ ਕਲੱਬ ਬਾਰਸੀਲੋਨਾ ਵੱਲੋਂ ਖੇਡਣ ਲੱਗਾ। ਉਸ ਕਲੱਬ ਵੱਲੋਂ ਉਸ ਨੇ 2004 ਤੋਂ 2021 ਤਕ 778 ਮੈਚ ਖੇਡੇ ਜਿਨ੍ਹਾਂ 'ਚ 672 ਗੋਲ ਕੀਤੇ। 268 ਗੋਲ ਕਰਨ 'ਚ ਉਹ ਸਹਾਇਕ ਬਣਿਆ। ਮਾਣ ਸਨਮਾਨ ਵਜੋਂ ਉਸ ਨੂੰ 35 ਖ਼ਿਤਾਬ ਮਿਲੇ। 10 ਵਾਰ ਉਨ੍ਹਾਂ ਦੀ ਟੀਮ ਨੇ ਲਾ ਲੀਗਾ ਟਾਈਟਲ ਜਿੱਤੇ, 7 ਵਾਰ ਕੋਪਾ ਦੈੱਲ ਰੇ, 4 ਵਾਰ ਯੂਈਐੱਫਏ ਚੈਂਪੀਅਨਜ਼ ਲੀਗ, 8 ਸਪੈਨਿਸ਼ ਸੁਪਰ ਕੱਪ, 3 ਯੂਈਐੱਫਏ ਸੁਪਰ ਕੱਪ ਤੇ 3 ਫੀਫਾ ਵਰਲਡ ਕੱਪ ਜਿੱਤੇ। 2021 ਤੋਂ 2023 ਤਕ ਮੈੱਸੀ ਪੈਰਿਸ ਸੇਂਟ-ਜਰਮਨ ਵੱਲੋਂ ਖੇਡਿਆ। ਇਸ ਦੌਰਾਨ ਮੈੱਸੀ ਨੇ 75 ਮੈਚ ਖੇਡੇ, 32 ਗੋਲ ਕੀਤੇ ਤੇ 35 ਗੋਲ ਕਰਨ 'ਚ ਸਹਾਇਕ ਬਣਿਆ। ਇਸ ਦੌਰਾਨ ਲੀਗ ਅੱਵਲ ਦੇ 2 ਟਾਈਟਲ ਜਿੱਤੇ। 1 ਟਰਾਫੀ ਦੇਸ਼ਾਂ ਦੇ ਚੈਂਪੀਅਨਜ਼ ਦੀ ਜਿੱਤੀ। 2023 ਤੋਂ ਉਹ ਇੰਟਰ ਮਿਆਮੀ ਵੱਲੋਂ ਖੇਡ ਰਿਹੈ ਜਿਸ ਵੱਲੋਂ ਉਹਦੀਆਂ ਜਿੱਤਾਂ ਦਾ ਦੌਰ ਜਾਰੀ ਹੈ।

ਕਲੱਬਾਂ ਦੇ ਨਾਲ ਨਾਲ ਉਹ ਆਪਣੇ ਮੁਲਕ ਅਰਜਨਟੀਨਾ ਵੱਲੋਂ ਵੀ 2006 ਤੋਂ ਖੇਡਦਾ ਆ ਰਿਹੈ। ਹੁਣ ਤਕ 178 ਤੋਂ ਵੱਧ ਅੰਤਰਾਸ਼ਟਰੀ ਮੈਚ ਖੇਡਦਿਆਂ 106 ਗੋਲਾਂ ਤੋਂ ਵੱਧ ਗੋਲ ਕਰ ਚੁੱਕੈ ਤੇ 53 ਤੋਂ ਵੱਧ ਗੋਲ ਕਰਨ ਵਿਚ ਮਦਦਗਾਰ ਬਣ ਚੁੱਕੈ। ਉਹ ਫੁੱਟਬਾਲ ਦਾ ਸਭ ਤੋਂ ਸਿਖਰਲਾ ਟੂਰਨਾਮੈਂਟ ਫੀਫਾ ਵਰਲਡ ਕੱਪ 2006, 2010, 2014, 2018 ਤੇ 2022 ਪੰਜ ਵਾਰ ਖੇਡ ਚੁੱਕੈ। ਚਾਰ ਸਾਲਾਂ ਬਾਅਦ ਹੁੰਦੇ ਫੀਫਾ ਵਰਲਡ ਕੱਪ 5 ਵਾਰ ਖੇਡਣਾ ਤੇ ਛੇਵੀਂ ਵਾਰ ਖੇਡਣ ਦੀ ਸੰਭਾਵਨਾ ਬਣਾਈ ਰੱਖਣੀ ਸਿਰੇ ਦਾ ਰਿਕਾਰਡ ਹੈ। ਉਹ ਨਾ ਸਿਰਫ਼ 5 ਵਾਰ ਫੀਫਾ ਵਰਲਡ ਕੱਪ ਖੇਡਿਆ ਬਲਕਿ 2022 ਦਾ ਵਰਲਡ ਕੱਪ ਜਿੱਤਿਆ ਵੀ ਹੈ। 2014 ਦੇ ਵਰਲਡ ਕੱਪ 'ਚ ਉਨ੍ਹਾਂ ਦੀ ਟੀਮ ਉਪ ਜੇਤੂ ਸੀ। 2021 ਦਾ ਕੋਪਾ ਅਮਰੀਕਾ ਕੱਪ ਵੀ ਜਿੱਤਿਆ ਅਤੇ 2007, 2015 ਤੇ 2016 ਦੇ ਅਮਰੀਕਾ ਕੱਪਾਂ ਦਾ ਉਪ ਜੇਤੂ ਰਿਹਾ। 2008 ਦੀਆਂ ਓਲੰਪਿਕ ਖੇਡਾਂ 'ਚੋਂ ਫੁੱਟਬਾਲ ਦਾ ਗੋਲਡ ਮੈਡਲ ਵੀ ਮੈੱਸੀ ਹੋਰਾਂ ਦੀ ਟੀਮ ਅਰਜਨਟੀਨਾ ਨੇ ਜਿੱਤਿਆ ਸੀ।

ਮੈੱਸੀ ਨੂੰ ਮਿਲੇ ਮਾਣ-ਸਨਮਾਨ ਤੇ ਖ਼ਿਤਾਬਾਂ ਦਾ ਕੋਈ ਅੰਤ ਨਹੀਂ। ਫੁੱਟਬਾਲ ਦਾ ਸਭ ਤੋਂ ਵੱਡਾ ਅਵਾਰਡ ਬੈਲਨ ਡੀ ਓਰ ਉਸ ਨੂੰ 22 ਸਾਲ ਦੀ ਚੜ੍ਹਦੀ ਉਮਰੇ 2009 'ਚ ਮਿਲ ਗਿਆ ਸੀ ਜੋ 2010, 2011, 2012, 2015, 2019 ਤੇ 2023 ਵਿਚ ਵੀ ਮਿਲਿਆ। 2009 ਵਿਚ ਉਹ ਫੀਫਾ ਵਰਲਡ ਪਲੇਅਰ ਆਫ਼ ਦਾ ਈਅਰ ਅਵਾਰਡ ਨਾਲ ਸਨਮਾਨਿਆ ਗਿਆ ਸੀ। ਇਕ ਵਾਰ ਫੀਫਾ ਵਰਡਲ ਪਲੇਅਰ ਆਫ਼ ਦਾ ਈਅਰ, ਇਕ ਵਾਰ ਗੋਲਡਨ ਫੁੱਟਬਾਲ ਅਵਾਰਡ, 6 ਵਾਰ ਯੂਰੋਪੀਅਨ ਗੋਲਡਨ ਸੂ ਅਵਾਰਡ, 3 ਵਾਰ ਯੂਈਐੱਫਏ ਬੈੱਸਟ ਪਲੇਅਰ ਇਨ ਯੂਰਪ ਅਵਾਰਡ ਅਤੇ 2014 ਤੇ 2022 ਵਿਚ ਫੀਫਾ ਵਰਲਡ ਕੱਪ ਗੋਲਡਨ ਬਾਲ ਦੇ ਅਵਾਰਡ ਮਿਲੇ। 8 ਵਾਰ ਲਾਲੀਗਾ ਟਾਪ ਸਕੋਰਰ ਦੀ ਟਰਾਫੀ ਜਿੱਤੀ ਜੋ ਹੁਣ ਤਕ ਦਾ ਰਿਕਾਰਡ ਹੈ। 6 ਵਾਰ ਉਹ ਯੂਈਐੱਫਏ ਚੈਂਪੀਅਨਜ਼ ਲੀਗ ਦਾ ਟਾਪ ਸਕੋਰਰ ਬਣਿਆ। 2021 'ਚ ਕੋਪਾ ਅਮਰੀਕਾ ਦਾ ਬੈੱਸਟ ਪਲੇਅਰ ਐਲਾਨਿਆ ਗਿਆ। ਇਕੋ ਕਲੱਬ ਵੱਲੋਂ 672 ਗੋਲ ਕਰਨ ਦਾ ਰਿਕਾਰਡ ਵੀ ਉਹਦੇ ਨਾਂ ਹੈ ਜੋ ਉਸ ਨੇ ਬਾਰਸੀਲੋਨਾ ਕਲੱਬ ਲਈ ਕੀਤੇ।

ਮੈੱਸੀ ਦਾ ਸੁਪਨਾ ਸੀ ਕਿ ਕਦੇ ਅਰਜਨਟੀਨਾ ਨੂੰ ਫੀਫਾ ਵਰਲਡ ਕੱਪ ਦਾ ਜੇਤੂ ਬਣਾ ਕੇ ਆਪਣੇ ਦੇਸ਼ ਦਾ ਮਾਣ ਰੱਖਿਆ ਜਾਵੇ। ਪਰ ਉਸ ਦਾ ਇਹ ਸੁਫ਼ਨਾ ਸਾਕਾਰ ਨਹੀਂ ਸੀ ਹੋ ਰਿਹਾ। ਆਖ਼ਰ 2022 ਵਿਚ ਕਤਰ 'ਚ ਹੋਏ ਫੀਫਾ ਵਰਲਡ ਕੱਪ 'ਚ ਉਸ ਨੇ ਆਪਣੇ ਮਨ ਦੀ ਚਿਰੋਕਣੀ ਰੀਝ ਪੂਰੀ ਕੀਤੀ। ਆਪਣੇ ਦੇਸ਼ ਅਰਜਨਟੀਨਾ ਨੂੰ ਵੱਖ-ਵੱਖ ਮੈਚਾਂ 'ਚ ਜਿਤਾਉਂਦਿਆਂ ਉਸ ਨੇ 7 ਗੋਲ ਕੀਤੇ ਤੇ 3 ਗੋਲ ਕਰਨ 'ਚ ਬਾਲ ਬਣਾ ਕੇ ਦਿੱਤੀ। ਆਖ਼ਰ ਅਰਜਨਟੀਨਾ ਫੁੱਟਬਾਲ ਦਾ ਵਰਲਡ ਕੱਪ ਜਿੱਤ ਗਿਆ। ਲਿਓਨਲ ਮੈੱਸੀ ਨੂੰ ਕਤਰ ਕੱਪ ਦਾ ਸਭ ਤੋਂ ਵਧੀਆ ਖਿਡਾਰੀ ਐਲਾਨਿਆ ਗਿਆ ਤੇ ਉਸ ਨੂੰ ਗੋਲਡਨ ਬਾਲ ਨਾਲ ਨਿਵਾਜਿਆ ਗਿਆ।

2021 ਵਿਚ ਕੋਪਾ ਅਮਰੀਕਾ ਕੱਪ ਜਿੱਤ ਕੇ ਉਸ ਨੇ ਇਕ ਹੋਰ ਵੱਡੀ ਕੌਮਾਂਤਰੀ ਪ੍ਰਾਪਤ ਹਾਸਲ ਕੀਤੀ। ਉਹ ਟੂਰਨਾਮੈਂਟ ਦਾ ਟਾਪ ਸਕੋਰਰ ਤੇ ਸਰਬੋਤਮ ਖਿਡਾਰੀ ਸਿੱਧ ਹੋਇਆ। ਅੱਜ-ਕੱਲ੍ਹ ਉਹ ਇੰਟਰ ਮਿਆਮੀ ਵੱਲੋਂ ਖੇਡ ਰਿਹੈ। ਕਲੱਬ 'ਚ ਸ਼ਾਮਲ ਹੁੰਦਿਆਂ ਪਹਿਲੀ ਵਾਰ ਲੀਗਜ਼ ਕੱਪ ਜਿਤਾਇਆ। ਉਹ ਪਕੇਰੀ ਉਮਰੇ ਇਕੋ ਟੂਰਨਾਮੈਂਟ 'ਚ 10 ਗੋਲ ਕਰ ਕੇ ਐੱਮਵੀਪੀ ਯਾਨੀ ਸਭ ਤੋਂ ਕੀਮਤੀ ਖਿਡਾਰੀ ਬਣਿਆ। ਉਸ ਦੇ ਰੱਖੇ ਰਿਕਾਰਡਾਂ 'ਤੇ ਝਾਤ ਮਾਰੀਏ ਤਾਂ 8 ਵਾਰ ਬੈਲਨ ਡੀ ਓਰ ਅਵਾਰਡ, ਇਕੋ ਸਾਲ 2012 ਵਿਚ 91 ਗੋਲ, ਲਾਲੀਗਾ ਵਿਚ 474 ਗੋਲ। ਯੂਰਪ ਦੇ ਇਕੋ ਸੀਜ਼ਨ 2011-12 'ਚ ਸਭ ਤੋਂ ਵੱਧ 91 ਗੋਲ ਦੇ ਰਿਕਾਰਡ ਅਜੇ ਵੀ ਉਹਦੇ ਨਾਂ ਹਨ।

ਮੈਰੀਡੋਨਾ ਨੇ ਫਰਵਰੀ 2006 ਵਿਚ 18 ਸਾਲ ਦੇ ਮੈੱਸੀ ਨੂੰ ਆਪਣਾ ਵਾਰਸ ਐਲਾਨਿਆ ਸੀ। ਫੀਫਾ ਵਿਸ਼ਵ ਕੱਪ 2018 ਸਮੇਂ ਰੂਸ ਵਿਚ ਮਾਰਾਡੋਨਾ ਤੇ ਮੈੱਸੀ ਦੀਆਂ ਤਸਵੀਰਾਂ ਦੇ ਝੰਡੇ ਲਹਿਰਾਏ ਗਏ ਸਨ। ਉਂਜ 2019 ਤਕ ਅਰਜਨਟੀਨਾ ਵਿਚ ਮਸ਼ਹੂਰੀ ਵਜੋਂ ਮੈੱਸੀ, ਮਾਰਾਡੋਨਾ ਤੋਂ ਪਿੱਛੇ ਸੀ। ਜਿਵੇਂ ਮੁਹੰਮਦ ਅਲੀ ਬਨਾਮ ਜੋਅ ਫਰੇਜ਼ੀਅਰ, ਫੈਡਰਰ ਤੇ ਨਡਾਲ ਅਤੇ ਬੋਰਗ ਤੇ ਮਕੈਨਰੋ ਦੇ ਮੁਕਾਬਲੇ ਚਲਦੇ ਸਨ, ਉਵੇਂ ਰੋਨਾਲਡੋ ਬਨਾਮ ਮੈੱਸੀ ਦੀ ਮਸ਼ਹੂਰੀ ਦੇ ਮੁਕਾਬਲੇ ਚੱਲ ਰਹੇ ਹਨ।

ਮੈੱਸੀ ਦੀ ਸਾਲਾਨਾ ਆਮਦਨ 2024 'ਚ 135 ਮਿਲੀਅਨ ਡਾਲਰ ਅੰਕੀ ਗਈ ਹੈ। ਰੁਪਏ ਆਪੇ ਬਣਾ ਲਓ ਕਿੰਨੇ ਬਣਦੇ ਹਨ? ਨਾਵਾਂ ਤੇ ਨਾਮਣਾ ਕਮਾਉਣ 'ਚ ਮੈੱਸੀ ਤੋਂ ਵੱਧ ਬੱਲੇ-ਬੱਲੇ ਪੁਰਤਗਾਲ ਦੇ ਕ੍ਰਿਸਟਿਆਨੋ ਰੋਨਾਲਡੋ ਨੇ ਕਰਵਾਈ ਹੈ। ਉਸ ਦੀ ਸਾਲਾਨਾ ਆਮਦਨ 260 ਮਿਲੀਅਨ ਡਾਲਰ ਹੈ। ਉਹ ਹੈ ਵੀ ਬਣਦਾ ਤਣਦਾ ਤੇ ਕੱਦ ਕਾਠ ਵੀ ਛੇ ਫੁੱਟ ਤੋਂ ਦੋ ਇੰਚ ਉੱਚਾ ਹੈ। ਉਸ ਨੂੰ ਮਸ਼ਹੂਰੀਆਂ ਵੀ ਵਧੇਰੇ ਮਿਲਦੀਆਂ ਹਨ। ਮੈੱਸੀ ਪੁੰਨ ਦਾਨ ਕਰਨ 'ਚ ਦਰਿਆ ਦਿਲ ਹੈ। ਉਸ ਨੇ ਮਾਰਚ 2010 ਤੋਂ ਯੂਨੀਸੈੱਫ ਗੁਡਵਿੱਲ ਅੰਬੈਸਡਰ ਬਣ ਕੇ ਯੂਨੀਸੈੱਫ ਨੂੰ ਮਿਲੀਅਨਜ਼ ਡਾਲਰਾਂ ਦੇ ਫੰਡ, ਆਪਣੀ ਲਿਓ ਮੈੱਸੀ ਫਾਊਂਡੇਸ਼ਨ ਨੂੰ ਫੰਡ ਅਤੇ ਸਿਹਤ ਸੰਭਾਲ, ਸਿੱਖਿਆ ਤੇ ਬੱਚਿਆਂ ਲਈ ਖੇਡਾਂ ਵਾਸਤੇ ਫੰਡ ਦੇਣੇ ਜਾਰੀ ਰੱਖੇ ਹੋਏ ਹਨ। ਰੋਨਾਲਡੋ ਵੀ ਬਥੇਰਾ ਪੁੰਨ ਦਾਨ ਕਰ ਰਿਹੈ। ਉਹ ਮੈੱਸੀ ਨਾਲੋਂ ਦੋ ਸਾਲ ਵੱਡਾ ਹੈ। ਦੋਵੇਂ ਹੀ ਸਰਗਰਮ ਖਿਡਾਰੀ ਹਨ। ਵੇਖਦੇ ਹਾਂ ਉਹ ਕਦੋਂ ਤਕ ਖੇਡਦੇ ਤੇ ਕਦੋਂ ਖੇਡਣ ਤੋਂ ਰਿਟਾਇਰ ਹੁੰਦੇ ਹਨ?

---

*(ਪਿਛਲੇ ਸਫੇ ਦੀ ਬਾਕੀ)*

ਬਿਨਾਂ ਪਾਣੀ ਤੋਂ ਹੀ ਜੰਗਲ ਪਾਣੀ ਜਾਂਦੇ ਹਨ, ਖਾਲੀ ਹੱਥ। ਆਪਣੀ ਕਿਰਿਆ ਸੋਧਣ ਲਈ ਉਹ ਮਿੱਟੀ ਜਾਂ ਰੇਤੇ ਨਾਲ ਕੰਮ ਸਾਰਦੇ ਹਨ। ਬਰਤਨ ਵੀ ਰੇਤੇ ਨਾਲ ਹੀ ਸਾਫ਼ ਕਰਦੇ ਹਨ।

'ਅਰਬੀ ਕੀ ਗਫ਼ਨ' ਨਾਮਕ ਪਿੰਡ ਵਿਚ ਵੀ ਖਾਰਾ ਪਾਣੀ ਹੈ ਤੇ ਉਹ ਵੀ 600 ਫੁੱਟ ਦੇ ਕਰੀਬ ਡੂੰਘਾ। ਉਥੇ ਲੋਕ ਘਰੇ ਲਿਆਂਦੇ ਪਾਣੀ ਨੂੰ ਜਿੰਦਾ ਲਗਾ ਕੇ ਰੱਖਦੇ ਹਨ। ਇੱਥੇ ਕਥਨ ਪ੍ਰਚਲਿਤ ਹੈ ਕਿ ਆਂਢ-ਗੁਆਂਢ ਤੋਂ ਮੰਗਣ ਆਏ ਵਿਅਕਤੀ ਨੂੰ ਦੁੱਧ ਜਾਂ ਘਿਓ ਤਾਂ ਦੇ ਦਿੰਦੇ ਹਨ ਪਰ ਪਾਣੀ ਨਹੀਂ। 10-12 ਸਾਲਾਂ ਦੀਆਂ ਬੱਚੀਆਂ ਤੋਂ ਲੈ ਕੇ 80-85 ਸਾਲ ਦੀਆਂ ਬਜ਼ੁਰਗ ਔਰਤਾਂ ਲਈ ਪਾਣੀ ਲਿਆਉਣਾ ਹੀ ਮੁੱਖ ਕੰਮ ਹੈ। ਪਾਣੀ ਲਿਆਉਣ ਕਾਰਨ ਕਈ ਬੱਚੀਆਂ ਦੀ ਪੜ੍ਹਾਈ ਵੀ ਛੁੱਟ ਗਈ ਹੈ। ਇੱਥੇ ਸਾਲ 'ਚ 3-4 ਵਾਰੀ ਹੀ ਬਾਰਿਸ਼ ਹੁੰਦੀ ਹੈ। ਜਲ ਸਰੋਤ ਲਗਾਤਾਰ ਸੁੱਕ ਰਹੇ ਹਨ।

ਡੇਢ-ਦੋ ਸੌ ਫੁੱਟ ਤੋਂ ਤਿੰਨ ਜਾਂ ਚਾਰ ਔਰਤਾਂ ਮਿਲ ਕੇ ਪਾਣੀ ਭਰੀ ਮਸ਼ਕ ਨੂੰ ਰੱਸੀ ਨਾਲ ਖਿੱਚਦੀਆਂ ਹਨ ਤੇ ਇੱਕ ਔਰਤ ਉਸ ਮਸ਼ਕ 'ਚੋਂ ਪਾਣੀ ਬੱਠਲ ਵਿਚ ਭਰ ਲੈਂਦੀ ਹੈ। ਕੁਝ ਕੁ ਮਸ਼ਕਾਂ ਭਰਨ ਤੋਂ ਬਾਅਦ ਖੂਹੀ ਵਿਚਲਾ ਪਾਣੀ ਵੀ ਸੁੱਕ ਜਾਂਦਾ ਹੈ। ਬਾਕੀ ਔਰਤਾਂ ਖੂਹੀ 'ਚ ਪਾਣੀ ਦੁਬਾਰਾ ਭਰ ਆਉਣ ਦਾ ਇੰਤਜ਼ਾਰ ਕਰਦੀਆਂ ਹਨ। ਇਨ੍ਹਾਂ ਕੱਚੀਆਂ ਖੂਹੀਆਂ ਨੂੰ ਸਥਾਨਕ ਲੋਕ ਬੇਰੀਆਂ ਕਹਿੰਦੇ ਹਨ। ਇੱਥੇ ਇੱਕ ਵੱਡੇ ਤਲਾਬ 'ਚ ਪੰਦਰਾਂ-ਵੀਹ ਬੇਰੀਆਂ ਪੁੱਟ ਦਿੱਤੀਆਂ ਜਾਂਦੀਆਂ ਹਨ। ਜਦੋਂ ਬਾਰਿਸ਼ ਆਉਂਦੀ ਹੈ ਤਾਂ ਪਹਿਲਾਂ ਸਭ ਤੋਂ ਨੀਵੀਂ ਬੇਰੀ ਭਰ ਜਾਂਦੀ ਹੈ। ਉਸ ਤੋਂ ਪਾਣੀ ਓਵਰਫਲੋ ਹੋਣ ਤੋਂ ਬਾਅਦ ਬਾਕੀ ਬੇਰੀਆਂ ਭਰਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਬੇਰੀਆਂ 'ਚ ਇਕੱਠੇ ਕੀਤੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਵੀ ਇਨ੍ਹਾਂ ਪਿੰਡਾਂ ਵਿਚ ਪੀਣ ਵਾਲੇ ਪਾਣੀ ਦਾ ਮੁੱਖ ਸਰੋਤ ਇਹ ਬੇਰੀਆਂ ਹੀ ਹਨ। ਪਥਰੀਲੀ ਜਗ੍ਹਾ 'ਤੇ ਖੂਹ ਹਨ ਜਿਨ੍ਹਾਂ ਦਾ ਪਾਣੀ ਖਾਰਾ ਹੁੰਦਾ ਹੈ। ਇਸ ਪਾਣੀ ਨਾਲ ਕੱਪੜੇ ਧੋਏ ਜਾਂਦੇ ਹਨ ਤੇ ਪਸ਼ੂ ਵੀ ਪੀ ਲੈਂਦੇ ਹਨ ਪਰ ਇਹ ਪਾਣੀ ਇਨਸਾਨਾਂ ਦੇ ਪੀਣਯੋਗ ਨਹੀਂ ਹੈ।

ਧਰਤੀ ਦੀ ਸਤਹਾ ਦੇ ਬਰਾਬਰ ਹੋਣ ਕਾਰਨ ਇਨ੍ਹਾਂ ਬੇਰੀਆਂ ਵਿਚ ਮਿੱਟੀ-ਪੱਥਰ ਡਿੱਗਦੇ ਰਹਿੰਦੇ ਹਨ ਤੇ ਇਨ੍ਹਾਂ ਦੀ ਡੂੰਘਾਈ ਘਟ ਜਾਂਦੀ ਹੈ ਜਿਸ ਕਾਰਨ ਪਾਣੀ ਵੀ ਸੁੱਕਣ ਲੱਗਦਾ ਹੈ। ਇਸ ਲਈ ਇਨ੍ਹਾਂ ਦੀ ਲਗਾਤਾਰ ਸਫ਼ਾਈ ਹੁੰਦੀ ਰਹਿਣੀ ਵੀ ਜ਼ਰੂਰੀ ਹੈ। ਇਨ੍ਹਾਂ ਬੇਰੀਆਂ ਦੇ ਸਮੂਹਾਂ ਨੂੰ ਸੋਨੀਆ ਚੈਨਲ ਦਾ ਨਾਂ ਦਿੱਤਾ ਗਿਆ ਹੈ। ਇਹ ਪਹਿਲਾਂ ਜ਼ਿਆਦਾਤਰ ਕੱਚੀਆਂ ਹੁੰਦੀਆਂ ਸਨ, ਜ਼ਮੀਨ ਦੇ ਬਰਾਬਰ। ਹੁਣ ਸਰਕਾਰ ਨੇ ਪੱਕੀਆਂ ਤੇ ਉੱਚੀਆਂ ਬੇਰੀਆਂ ਬਣਾਈਆਂ ਹਨ। ਸਮੇਂ ਦੇ ਫੇਰ ਨਾਲ ਹੁਣ ਟੈਂਕਾਂ ਰਾਹੀਂ ਵੀ ਪਾਣੀ ਆਉਂਦਾ ਹੈ। ਸਥਾਨਕ ਲੋਕ ਇਹ ਕਾਰੋਬਾਰ ਵੀ ਕਰਦੇ ਹਨ, ਜਿਨ੍ਹਾਂ ਕੋਲ ਟਰੈਕਟਰ ਹਨ। ਤਿੰਨ-ਚਾਰ ਬੇਰੀਆਂ 'ਚੋਂ ਪਾਈਪਾਂ ਨਾਲ ਪਾਣੀ ਕੱਢ ਕੇ ਇੱਕ ਟੈਂਕਰ ਭਰ ਜਾਂਦਾ ਹੈ ਜੋ ਕਿ ਘਰਾਂ 'ਚ ਸਪਲਾਈ ਹੁੰਦਾ ਹੈ। ਇਸ ਤੋਂ ਇਲਾਵਾ ਕਦੇ-ਕਦੇ ਸਰਕਾਰੀ ਟੈਂਕਰ ਵੀ ਆਉਂਦਾ ਹੈ। ਆਰਥਿਕ ਪੱਖੋਂ ਖੁਸ਼ਹਾਲ ਲੋਕ ਵਾਟਰ ਹਾਰਵੈਸਟਿੰਗ ਵੀ ਕਰਦੇ ਹਨ। ਉਨ੍ਹਾਂ ਨੇ 10ਯ10 ਦੇ ਅੰਡਰ ਗਰਾਊਂਡ ਟੈਂਕ ਬਣਾਏ ਹੋਏ ਹਨ ਜਿਨ੍ਹਾਂ 'ਚ ਮੀਂਹ ਦਾ ਪਾਣੀ ਇਕੱਠਾ ਕਰ ਲੈਂਦੇ ਹਨ। ਇਸ ਨੂੰ ਇੱਥੇ ਟਾਂਕਾ ਕਹਿੰਦੇ ਹਨ।

20-25 ਕਿਲੋਮੀਟਰ ਦੀ ਦੂਰੀ ਤੋਂ ਲਗਾਤਾਰ ਪਾਣੀ ਭਰ ਕੇ ਲਿਆਉਣ ਕਾਰਨ ਔਰਤਾਂ ਦੇ ਸਰੀਰ ਵਿਚ, ਲੱਤਾਂ ਬਾਹਾਂ 'ਚ, ਸਿਰ ਤੇ ਨਸਾਂ 'ਚ ਦਰਦ ਸ਼ੁਰੂ ਹੋ ਜਾਂਦੇ ਹਨ। ਗਰਭ ਧਾਰਨ ਅਤੇ ਬੱਚੇਦਾਨੀ ਉੱਤੇ ਵੀ ਮਾੜਾ ਅਸਰ ਪੈਂਦਾ ਹੈ। ਜ਼ਿਆਦਾਤਰ ਔਰਤਾਂ ਦੇ ਪੀਰੀਅਡ 7-8 ਦਿਨਾਂ ਦੇ ਹੁੰਦੇ ਹਨ। ਗਰਭਵਤੀ ਔਰਤਾਂ ਅੱਠਵੇਂ ਮਹੀਨੇ ਤੱਕ ਤੇ ਬੱਚਾ ਪੈਦਾ ਹੋਣ ਤੋਂ ਮਹੀਨੇ ਕੁ ਬਾਅਦ ਫਿਰ ਤੋਂ ਪਾਣੀ ਲਿਆਉਣਾ ਸ਼ੁਰੂ ਕਰ ਦਿੰਦੀਆਂ ਹਨ। ਇੱਕ ਪਿੰਡ ਦੀ ਇੱਕ ਔਰਤ ਇੱਕ ਸਾਲ ਵਿਚ ਔਸਤ 10 ਹਜ਼ਾਰ ਕਿਲੋਮੀਟਰ ਪੈਦਲ ਤੁਰਦੀ ਹੈ, ਸਿਰਫ਼ ਪਾਣੀ ਲਿਆਉਣ ਲਈ। ਇਹ ਹੀ ਇਨ੍ਹਾਂ ਦਾ ਰਸਤਾ ਹੈ ਤੇ ਇਹੀ ਮੰਜ਼ਿਲ। ਘੜਿਆਂ, ਮਟਕਿਆਂ, ਮਸ਼ਕਾਂ ਤੇ ਪਾਣੀ ਦੁਆਲੇ ਘੁੰਮਦੀ ਹੈ ਇਨ੍ਹਾਂ ਔਰਤਾਂ ਦੀ ਜ਼ਿੰਦਗੀ।

ਕਈ ਬਜ਼ੁਰਗ ਔਰਤਾਂ ਇਕੱਲੀਆਂ ਹੀ ਰਹਿੰਦੀਆਂ ਹਨ। ਉਨ੍ਹਾਂ ਨੂੰ 80-85 ਸਾਲ ਦੀ ਉਮਰ 'ਚ ਵੀ ਆਪ ਹੀ ਪਾਣੀ ਭਰ ਕੇ ਲਿਆਉਣਾ ਪੈਂਦਾ ਹੈ। ਝੁਕੀ ਹੋਈ ਕਮਰ, ਇੱਕ ਹੱਥ ਲਾਠੀ ਤੇ ਦੂਜੇ 'ਚ ਪਾਣੀ ਦਾ ਬੱਠਲ ਮੇਰਾ ਭਾਰਤ ਮਹਾਨ ਹੋਣ ਦੀ ਗਵਾਹੀ ਭਰਦਾ ਪ੍ਰਤੀਤ ਹੁੰਦਾ ਹੈ। ਚੰਦ ਤੇ ਮੰਗਲ ਗ੍ਰਹਿ ਤੱਕ ਪਹੁੰਚਣ ਦੇ ਦਮਗਜ਼ੇ ਮਾਰਨ ਵਾਲੀ ਭਾਰਤ ਸਰਕਾਰ ਨੂੰ ਇਸ ਪ੍ਰਤੀ ਬਹੁਤ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਹਰ ਘਰ ਜਲ, ਹਰ ਘਰ ਪਾਣੀ ਦੀ ਸਕੀਮ ਇੱਥੇ ਪਤਾ ਨਹੀਂ ਕਦੋਂ ਪਹੁੰਚੇਗੀ, ਕਦੇ ਪਹੁੰਚੇਗੀ ਵੀ ਜਾਂ ਨਹੀਂ!


# ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਪਰਨਾਏ ਪਿੰਡ, ਚੌਕ ਤੇ ਕਸਬੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲਾਹੌਰ ਦਾ ਸ਼ਾਦਮਾਨ ਚੌਕ ਇੱਕ ਵਾਰ ਫੇਰ ਮੀਡੀਆ ਦੀਆਂ ਸੁਰਖੀਆਂ ਬਣਿਆ ਹੋਇਆ ਹੈ। ਏਥੋਂ ਦੀ ਜੇਲ੍ਹ ਵਿਚ 1931 'ਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਫਾਹੇ ਲਾਏ ਗਏ ਸਨ। ਭਗਤ ਸਿੰਘ ਯਾਦਗਾਰ ਫਾਊਂਡੇਸ਼ਨ ਪਾਕਿਸਤਾਨ ਦੀ ਮੰਗ ਉੱਤੇ ਲਾਹੌਰ ਹਾਈ ਕੋਰਟ ਨੇ 2018 ਵਿਚ ਇਸ ਚੌਕ ਦਾ ਨਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ ਉੱਤੇ



ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਲਾਹੌਰ ਦੇ ਸ਼ਾਦਮਾਨ ਚੌਕ ਦੀ ਇਕ ਤਸਵੀਰ।

ਰੱਖਣ ਦੇ ਆਦੇਸ਼ ਦਿੱਤੇ ਸਨ। ਵਿਰੋਧੀ ਧਿਰ ਨੇ ਅੱਜ ਤੱਕ ਇਸ ਫੈਸਲੇ ਨੂੰ ਲਾਗੂ ਨਹੀਂ ਹੋਣ ਦਿੱਤਾ। ਉਨ੍ਹਾਂ ਦੇ ਦਖਲ ਕਾਰਨ ਉਥੋਂ ਦੀ ਪੰਜਾਬ ਸਰਕਾਰ ਛੇ ਸਾਲਾਂ ਤੋਂ ਇਸ ਅਮਲ ਨੂੰ ਲਟਕਾਉਂਦੀ ਆ ਰਹੀ ਹੈ। ਹੁਣ ਹਾਈ ਕੋਰਟ ਦੇ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਨੇ ਤਾੜਨਾ ਕੀਤੀ ਹੈ ਕਿ ਪੰਜਾਬ ਸਰਕਾਰ ਇਸ ਉੱਤੇ ਤੁਰੰਤ ਅਮਲ ਕਰੇ ਅਤੇ ਇਸ ਕੇਸ ਦੀ ਸੁਣਵਾਈ 8 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਏਸ ਲਈ ਕਿ ਇਸ ਤੋਂ ਪਹਿਲਾਂ ਇਸ ਮਸਲੇ ਉੱਤੇ ਪੂਰਾ ਅਮਲ ਹੋ ਸਕੇ। ਇਹ ਗੱਲ ਵੀ ਮਾਣ ਵਾਲੀ ਹੈ ਕਿ ਜਦੋਂ ਲਾਹੌਰ ਵਾਲੀ ਫਾਂਸੀ ਤੋਂ ਪਹਿਲਾਂ ਕਿਸੇ ਨੇ ਭਗਤ ਸਿੰਘ ਦਾ ਪ੍ਰਤੀਕਰਮ ਜਾਣਨਾ ਚਾਹਿਆ ਸੀ ਤਾਂ ਉਸ ਦਾ ਇੱਕ ਸਤਰਾਂ ਉੱਤਰ ਇਹ ਸੀ 'ਇਸ ਛੋਟੀ ਜਿਹੀ ਜ਼ਿੰਦਗੀ ਦਾ ਏਡਾ ਮੁੱਲ ਪਵੇਗਾ ਉਸਨੇ ਕਦੀ ਸੋਚਿਆ ਵੀ ਨਹੀਂ ਸੀ।' ਪਾਕਿਸਤਾਨੀ ਤੇ ਭਾਰਤੀ ਪੰਜਾਬ ਵਿਚ ਇਹ ਬੋਲ ਅੱਜ ਵੀ ਗੂੰਜ ਰਹੇ ਹਨ।

ਚੌਕ ਦੀ ਨਾਂ ਬਦਲੀ ਦੀਆਂ ਖਬਰਾਂ ਨੇ ਭਗਤ ਸਿੰਘ ਦੀ ਯਾਦ ਨੂੰ ਪਰਨਾਏ ਹੋਰ ਪਿੰਡ, ਸ਼ਹਿਰ ਤੇ ਕਸਬੇ ਵੀ ਚੇਤੇ ਕਰਵਾ ਦਿੱਤੇ ਹਨ। ਉਸਦਾ ਜਨਮ ਪਾਕਿਸਤਾਨ ਦੇ ਲਾਇਲਪੁਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਜੜ੍ਹਾਂਵਾਲਾ ਵਿਚ ਹੋਇਆ ਸੀ। ਏਥੇ ਉਸਦੇ ਦਾਦਾ ਅਰਜਨ ਸਿੰਘ ਨੂੰ ਬਰਤਾਨਵੀ ਹਾਕਮਾਂ ਨੇ 1898 ਵਿਚ 25 ਏਕੜ ਬੰਜਰ ਭੂਮੀ ਆਬਾਦ ਕਰਨ ਲਈ ਦਿੱਤੀ ਸੀ। ਉਨ੍ਹਾਂ ਨੇ ਆਬਾਦ ਕਰਨ ਵਾਲੀ ਭੂਮੀ ਨੂੰ ਖਿੱਤਿਆਂ ਵਿਚ ਵੰਡ ਕੇ ਹਰ ਖਿੱਤੇ ਦਾ ਨੰਬਰ ਰੱਖ ਦਿੱਤਾ ਸੀ। ਜੜ੍ਹਾਂਵਾਲਾ ਚੱਕ ਨੰਬਰ 105 ਹੋ ਗਿਆ। ਅਰਜਨ ਸਿੰਘ ਨੇ ਇਸ ਦਾ ਨਾਂ ਬੰਗਾ ਰੱਖ ਲਿਆ ਜਿਹੜਾ ਉਸਦੇ ਜੱਦੀ ਪੁਸ਼ਤੀ ਪਿੰਡ ਖਟਕੜ ਕਲਾਂ ਦੇ ਨੇੜਲਾ ਕਸਬਾ ਸੀ।

ਉਂਝ ਵੀ ਅਰਜਨ ਸਿੰਘ ਨੇ ਬੰਗਾ ਨੇੜਲੇ ਖੇਤਰ ਨਾਲ ਸਾਂਝ ਬਣਾਈ ਰੱਖਣ ਲਈ ਨੇੜਲੇ ਪਿੰਡ ਮੋਰਾਂਵਾਲੀ ਦੀ ਧੀ ਵਿਦਿਆਵਤੀ ਆਪਣੇ ਬੇਟੇ ਕਿਸ਼ਨ ਸਿੰਘ ਨਾਲ ਵਿਆਹ ਕੇ ਆਪਣੀ ਨੂੰਹ ਰਾਣੀ ਬਣਾ ਲਿਆਂਦੀ ਸੀ। ਸੰਨ ਸੰਤਾਲੀ ਦੀ ਦੇਸ਼ ਵੰਡ ਤੱਕ ਭਗਤ ਸਿੰਘ ਦੇ ਵਡੇਰੇ ਉਥੇ ਹੀ ਰਹੇ। ਓਧਰ ਦੇ ਬੰਗਾ ਵਿਚ।

ਸੰਨ 2017 ਦੇ ਜੂਨ ਮਹੀਨੇ ਮੈਂ ਆਪਣੀ ਪਾਕਿਸਤਾਨ ਫੇਰੀ ਸਮੇਂ ਜੜ੍ਹਾਂਵਾਲਾ ਗਿਆ ਤਾਂ ਇਹ ਵੇਖ ਕੇ ਬੜੀ ਖੁਸ਼ੀ ਹੋਈ ਕਿ ਪਾਕਿਸਤਾਨ ਸਰਕਾਰ ਨੇ ਉਸ ਦੇ ਜਨਮ ਵਾਲੇ ਕਮਰੇ ਨੂੰ ਉਸਦੇ ਜੀਵਨ ਦੀਆਂ ਤਸਵੀਰਾਂ ਨਾਲ ਸ਼ਿੰਗਾਰਿਆ ਹੋਇਆ ਹੈ ਤੇ ਘਰ ਦੇ ਵਿਹੜੇ ਵਾਲੀ ਉਸ ਬੇਰੀ ਦੀ ਵੀ ਦੇਖਭਾਲ ਕਰਦੀ ਹੈ, ਜਿਸਦੇ ਥੱਲੇ ਭਗਤ ਸਿੰਘ ਆਪਣੇ ਬਚਪਨ ਵਿਚ ਖੇਡਦਾ ਹੁੰਦਾ ਸੀ। ਉਨ੍ਹਾਂ ਨੇ ਸਥਾਨਕ ਸਕੂਲ ਦੇ ਗੇਟ ਉੱਤੇ ਵੀ ਭਗਤ ਸਿੰਘ ਦੀ ਤਸਵੀਰ ਲਾ ਰੱਖੀ ਹੈ।

ਹੁਣ ਜਦੋਂ ਭਗਤ ਸਿੰਘ ਪਰਿਵਾਰ ਦੇ ਸਾਰੇ ਮੈਂਬਰ ਓਧਰੋਂ ਉੱਜੜ ਕੇ ਉੱਤਰ-ਪ੍ਰਦੇਸ਼ ਜਾ ਵੱਸੇ ਹਨ ਤਾਂ ਏਧਰ ਦੀ ਸਰਕਾਰ ਨੇ ਖਟਕੜ ਕਲਾਂ ਵਿਚ ਸ਼ਹੀਦ ਦੇ ਨਾਂ ਦਾ ਅਜਾਇਬ ਘਰ ਬਣਾ ਲਿਆ ਹੈ ਤੇ ਇਸ ਦੀ ਤਹਿਸੀਲ ਨਵਾਂ ਸ਼ਹਿਰ ਨੂੰ ਜ਼ਿਲ੍ਹੇ ਦਾ ਦਰਜਾ ਦੇ ਕੇ ਸ਼ਹੀਦ ਭਗਤ ਸਿੰਘ ਨਗਰ ਦਾ ਨਾਂ ਦੇ ਦਿੱਤਾ ਹੈ।

ਸ਼ਹੀਦ ਭਗਤ ਸਿੰਘ ਦੀ ਯਾਦ ਨਾਲ ਜੁੜੇ ਸਥਾਨਾਂ ਦਾ ਘੇਰਾ ਸਮੇਂ ਨਾਲ ਹੋਰ ਵੱਡਾ ਹੋ ਰਿਹਾ ਹੈ। ਓਧਰ ਦੇ ਸ਼ਾਦਮਾਨ ਚੌਕ ਤੱਕ ਸੀਮਤ ਨਹੀਂ। ਇਸਦੀ ਭਾਵਨਾ ਅੰਮ੍ਰਿਤਸਰ ਦੀ ਪਵਿੱਤਰ ਭੂਮੀ ਵਿਚ ਮੁੜ ਉੱਭਰ ਆਈ ਹੈ। ਇੱਕ ਨਾਟਕੀ ਅੰਦਾਜ਼ ਵਿਚ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਭਾਵਨਾ ਨੇ ਬਰਤਾਨਵੀ ਹਾਕਮਾਂ ਦੀਆਂ ਮਹਿਲਾਵਾਂ ਨੂੰ ਵੀ ਏਨਾ ਉਤੇਜਿਤ ਕੀਤਾ ਸੀ ਕਿ ਉਹ ਅਦਾਲਤ ਦੀ ਕਾਰਵਾਈ ਬਾਰੇ ਪਲ-ਪਲ ਦੀ ਜਾਣਕਾਰੀ ਰੱਖਦੀਆਂ ਸਨ। 30 ਜਨਵਰੀ 1929 ਨੂੰ ਜਦੋਂ ਦੋ ਬਰਤਾਨਵੀ ਜੱਜਾਂ ਨੇ ਇਸ ਕੇਸ ਦੀ ਸੁਣਵਾਈ ਕਰਨੀ ਸੀ ਤਾਂ ਸਰੋਤਿਆਂ ਵਿਚ ਉਨ੍ਹਾਂ ਦੀਆਂ ਬੀਵੀਆਂ ਵੀ ਸਹੇਲੀਆਂ ਨੂੰ ਨਾਲ ਲੈ ਕੇ ਕਚਹਿਰੀ ਪਹੁੰਚੀਆਂ ਹੋਈਆਂ ਸਨ। ਸਹੇਲੀਆਂ ਦੇ ਪਤੀ ਵੀ ਜੱਜ ਸਨ ਭਾਵੇਂ ਉਨ੍ਹਾਂ ਦਾ ਇਸ ਮੁਕੱਦਮੇ ਨਾਲ ਕੋਈ ਸਬੰਧ ਨਹੀਂ ਸੀ। ਉਨ੍ਹਾਂ ਪੰਜਾਂ ਦੀ ਉਤਸੁਕਤਾ ਨੇ ਮੇਰੇ ਪ੍ਰਕਾਸ਼ਕ (ਮਾਲਕ ਲੋਕਗੀਤ ਪ੍ਰਕਾਸ਼ਨ ਤੇ ਯੂਨੀਸਟਾਰ ਬੁੱਕਸ) ਨੂੰ ਨਾਟਕਕਾਰ ਬਣਾ ਦਿੱਤਾ ਹੈ। ਉਸ ਨੇ ਉਨ੍ਹਾਂ ਦੀ ਉਤਸੁਕਤਾ ਨੂੰ ਆਧਾਰ ਬਣਾ ਕੇ 'ਗੁਨਾਹਗਾਰ' ਨਾਟਕ ਲਿਖਿਆ ਹੈ ਜਿਹੜਾ ਪ੍ਰਸਿੱਧ ਰੰਗਮੰਚ ਕਰਮੀ ਕੇਵਲ ਧਾਲੀਵਾਲ ਨੇ ਵਿਰਸਾ ਵਿਹਾਰ ਕੇਂਦਰ ਅੰਮ੍ਰਿਤਸਰ ਵਿਚ ਵੀ ਖੇਡਿਆ ਤੇ ਗੁਰਬਖਸ਼ ਸਿੰਘ ਦੇ ਵਸਾਏ ਪ੍ਰੀਤਨਗਰ ਆਡੀਟੋਰੀਅਮ ਵਿਚ ਵੀ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਜ਼ਿੰਦਾਬਾਦ!



### ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ

ਮੇਰੀ ਇੱਕ ਮਾਸੀ ਸੁੰਦਰਾਂ ਖੇੜੀ ਦੇ ਨੰਬਰਦਾਰ ਨਿਹਾਲ ਸਿੰਘ ਦੀ ਘਰ ਵਾਲੀ ਸੀ। ਮੈਂ 1951 ਦੀਆਂ ਛੁੱਟੀਆਂ ਸਮੇਂ ਮਹੀਨਾ ਭਰ ਉਸ ਪਿੰਡ ਰਿਹਾ ਸਾਂ। ਮਾਸੜ ਨਿਹਾਲ ਸਿੰਘ ਨੇੜਲੇ ਗੁਰਦੁਆਰਾ ਨਾਢਾ ਸਾਹਿਬ ਦਾ ਸ਼ਰਧਾਲੂ ਸੀ ਤੇ ਸਾਨੂੰ ਤੋਰ ਕੇ ਉਥੇ ਲੈ ਜਾਂਦਾ ਸੀ। ਅਸੀਂ ਘੱਗਰ ਨਦੀ ਪਾਰ ਕਰਨੀ ਹੁੰਦੀ ਸੀ। ਕਦੀ ਪਾਣੀ ਵਾਲੀ ਤੇ ਕਦੀ ਸੁੱਕੀ। ਏਸ ਦੇ ਕੰਢੇ ਵਾਲੇ ਸਥਾਨ ਨੂੰ ਦਸਮ ਪਾਤਸ਼ਾਹ ਦੀ ਚਰਨ ਛੋਹ ਪ੍ਰਾਪਤ ਹੈ। ਜੇ ਘੱਗਰ ਚੜ੍ਹਿਆ ਹੁੰਦਾ ਤਾਂ ਮੁਬਾਰਕਪੁਰ ਦੇ ਵਸਨੀਕ ਅੰਬਾਲਾ-ਕਾਲਕਾ ਰੇਲਵੇ ਲਾਈਨ ਦੀ ਪਟੜੀ ਪੈ ਕੇ ਘੱਗਰ ਪਾਰ ਕਰਦੇ ਸਨ। ਉਦੋਂ ਜ਼ੀਰਕਪੁਰ ਵਾਲਾ ਫਲਾਈਓਵਰ ਨਹੀਂ ਸੀ ਬਣਿਆ।

ਇਸ ਪਵਿੱਤਰ ਸਥਾਨ ਵਾਲੇ ਗੁਰਦੁਆਰਾ ਸਾਹਿਬ ਦੀ ਮਹੱਤਤਾ ਦਿਨੋਂ-ਦਿਨ ਵਧ ਰਹੀ ਹੈ। ਸਤੰਬਰ ਮਹੀਨੇ ਦੇ ਦੂਜੇ ਸਪਤਾਹ ਤੋਂ ਏਥੋਂ ਦੇ ਲੋੜਵੰਦ ਸ਼ਰਧਾਲੂਆਂ ਲਈ ਐਂਬੂਲੈਂਸ ਵੀ ਦਾਨ ਹੋ ਚੁੱਕੀ ਹੈ। ਦਾਨ ਕਰਨ ਵਾਲਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹੈ। ਦਾਨ ਕਰਨ ਦੀ ਰਸਮ ਸਮੇਂ ਟਰੱਸਟ ਦੇ ਬਾਨੀ ਐਸ.ਪੀ. ਸਿੰਘ ਓਬਰਾਏ ਨੇ ਇਹ ਵੀ ਐਲਾਨ ਕੀਤਾ ਕਿ ਛੇਤੀ ਏਸ ਸਥਾਨ ਉੱਤੇ ਲੈਬਾਰਟਰੀ, ਡਾਇਗਨੌਸਟਿਕ ਸੈਂਟਰ, ਡੈਂਟਲ ਕਲੀਨਿਕ ਤੇ ਫਿਜ਼ੀਓਥੈਰੇਪੀ ਸੈਂਟਰ ਖੋਲ੍ਹਿਆ ਜਾਵੇਗਾ। ਇਸ ਤੋਂ ਪਹਿਲਾਂ ਵੀ ਏਸ ਟਰਸਟ ਵਲੋਂ 51 ਐਂਬੂਲੈਂਸਾਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨੂੰ ਭੇਟ ਕੀਤੀਆਂ ਜਾ ਚੁੱਕੀਆਂ ਹਨ। ਐਸ.ਪੀ. ਸਿੰਘ ਵਚਨਾਂ ਦਾ ਪੂਰਾ ਹੈ। ਉਹ ਲੋੜਵੰਦਾਂ ਦੀ ਵਿੱਤੀ ਸਹਾਇਤਾ, ਸਕਿੱਲ ਡਿਵੈਲਪਮੈਂਟ ਸੈਂਟਰ, ਲੈਬਾਰਟਰੀਆਂ ਸਥਾਪਤ ਕਰਨ ਅਤੇ ਡਾਇਲਿਸਿਸ ਕਿੱਟਾਂ ਦੇਣ ਤੇ ਹੜ੍ਹ ਪੀੜਤਾਂ ਲਈ ਘਰ ਬਣਾ ਕੇ ਦੇਣ ਲਈ ਵੀ ਪ੍ਰਸਿੱਧ ਹੈ। ਉਸ ਦੇ ਐਲਾਨ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਭਾਈ ਬਲਜੀਤ ਸਿੰਘ ਦਾਦੂਵਾਲ ਤੇ ਹੋਰਨਾਂ ਨੂੰ ਏਨੀ ਖੁਸ਼ੀ ਦਿੱਤੀ ਕਿ ਉਨ੍ਹਾਂ ਨੇ ਬਾਨੀ ਓਬਰਾਏ ਦਾ ਵਿਸ਼ੇਸ਼ ਸਨਮਾਨ ਦੁਆਰਾ ਧੰਨਵਾਦ ਕੀਤਾ। ਦਾਨੀ ਹੋਣ ਤਾਂ ਐਸ.ਪੀ. ਸਿੰਘ ਵਰਗੇ!

### ਅੰਤਿਕਾ

—ਗੁਰਜੀਤ ਸ਼ੇਖੂਪੁਰੀ—

ਦਾਦਾ ਦੱਸਦਾ ਏ, ਇੱਕ ਮੇਰਾ ਯਾਰ ਗਫ਼ੂਰਾ ਹੁੰਦਾ ਸੀ
ਤੇ ਇਕ ਤੇਲੀ ਕੋਹਲੂ ਵਾਲਾ, ਫ਼ੀਨ੍ਹਾ ਨੂਰਾ ਹੁੰਦਾ ਸੀ
ਚਾਚੀ ਜੈਨਬ ਸਾਰੇ ਪਿੰਡ ਦੇ ਹੀ ਬਾਲਾਂ ਦੀ ਚਾਚੀ ਸੀ
ਕਿਨਾ ਓਸ ਸੁਆਣੀ ਅੰਦਰ, ਸਬਰ-ਸਬੂਰਾ ਹੁੰਦਾ ਸੀ
ਅੰਬਰਸਰ ਦੀ ਜੂਹ ਤੋਂ ਤੁਰ ਕੇ, ਫੇਰ ਅਟਾਰੀ ਟੇਸ਼ਣ ਥੀਂ
ਈਚੋਗਿੱਲ, ਲਹੌਰਾਂ ਤੀਕਰ ਗੇੜਾ ਪੂਰਾ ਹੁੰਦਾ ਸੀ
ਜਿੱਦਣ ਪਾਕਿਸਤਾਨ ਸੀ ਬਣਿਆ,
ਉਹ ਦਿਨ ਭੁੱਲਿਆਂ ਭੁੱਲਦਾ ਨਈਂ
ਟੁੱਟ ਗਿਆ ਹਰ ਸਾਕ-ਸਕੀਰਾ,
ਕਿੰਨਾ ਗੂਹੜਾ ਹੁੰਦਾ ਸੀ।

# ਘੁਰਨਿਆਂ 'ਚ ਘੁਸੇ ਹੋਏ ਲੋਕ

ਸਾਡੇ ਵੇਲੇ ਖੁੱਲ੍ਹੇ ਘਰ ਅਤੇ ਖੁੱਲ੍ਹੇ ਦਿਲ ਹੁੰਦੇ ਸਨ। ਅੱਜ-ਕੱਲ੍ਹ ਲੋਕ ਘੁਰਨਿਆਂ ਵਿਚ ਘੁਸੇ ਰਹਿੰਦੇ ਹਨ। ਨਿੱਕੇ ਨਿੱਕੇ ਕਮਰੇ ਤੇ ਨਿੱਕੇ ਨਿੱਕੇ ਦਿਲ! ਇਹ ਨਹੀਂ ਕਿ ਖੁੱਲ੍ਹਦਿਲੀ ਖਤਮ ਹੋ ਗਈ ਹੈ। ਕਦੀ ਵੀ ਕਿਸੇ ਚੀਜ਼ ਦਾ ਬੀਜ ਨਹੀਂ ਨਾਸ ਹੁੰਦਾ। ਸੋ, ਖੁੱਲ੍ਹਦਿਲੀ ਵੀ ਹੈ ਪਰ ਖੁਦਸਰੀ ਵਧੇਰੇ ਹੈ!

ਸਾਡਾ ਸਮਾਂ ਦਲਾਨਾਂ ਦਾ ਸਮਾਂ ਹੁੰਦਾ ਸੀ। ਦਲਾਨ ਦੀ ਪਰਿਭਾਸ਼ਾ 'ਘਰ ਦੇ ਮੁੱਖ ਦੁਆਰ ਦੇ ਅੰਦਰ ਛੱਤੀ ਥਾਂ; ਘਰ ਦਾ ਛੋਟਾ ਵਿਹੜਾ' ਹੈ (ਸਰੋਤ:ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼, ਲੇਖਕ ਕਿਰਪਾਲ ਕਜ਼ਾਕ (ਪ੍ਰੋ.)।

ਪਰ ਸਾਡੇ ਇਲਾਕੇ ਵਿਚ ਦਲਾਨ ਇੱਕ ਹਾਲਨੁਮਾ ਬਹੁ-ਖਣੇ ਲੰਮੇ ਕਮਰੇ ਨੂੰ ਕਿਹਾ ਜਾਂਦਾ ਸੀ, ਜਿਸ ਅੰਦਰ ਘਰ ਦੇ ਸਾਰੇ ਜੀਆਂ ਦੇ ਮੰਜੇ ਠੰਡਦੇ ਸਨ ਅਤੇ ਸਭ ਅੱਗੜ-ਪਿੱਛੜ ਉਸ ਥਾਂ ਰਾਤ ਨੂੰ ਸੌਂਦੇ ਸਨ। ਸਾਡੇ ਆਪਣੇ ਦਲਾਨ ਵਿਚ ਅੱਠ ਮੰਜੇ ਠੰਡਦੇ ਸਨ, ਦੋ ਬਰੋ-ਬਰਾਬਰ ਤੇ ਬਾਕੀ ਇੱਕ ਲੰਮੀ ਕਤਾਰ ਵਿਚ।



ਬਜ਼ੁਰਗ ਬੜੇ ਮਾਣ ਨਾਲ ਕਹਿੰਦੇ ਹੁੰਦੇ ਸਨ ਕਿ 'ਸਾਡਾ ਦਲਾਨ 16 ਜਾਂ 18 ਖਣਾਂ' ਦਾ ਹੈ!

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91-98766-55055

ਗਰਮੀਆਂ ਵਿਚ ਛੱਤ ਉਪਰ ਸੌਂਈਦਾ ਸੀ। ਸਭ ਮੰਜੇ ਇੱਕ ਇੱਕ ਕਰ ਕੇ ਛੱਤ ਉਪਰ ਚੜ੍ਹਾਏ ਜਾਂਦੇ ਸਨ। ਸੌਣ ਤੋਂ ਪਹਿਲਾਂ ਸਾਰਾ ਪਰਿਵਾਰ ਆਪਸ ਵਿਚ ਵੀ ਅਤੇ ਦੂਸਰੀ ਛੱਤ ਉੱਪਰ ਮੰਜਿਆਂ ਉੱਪਰ ਪਏ/ਬੈਠੇ ਗੁਆਂਢੀਆਂ ਨਾਲ ਵੀ ਗੱਲਬਾਤ ਕਰਦੇ ਰਹਿੰਦੇ ਸਨ।

ਇਸ ਸਭ ਕੁਝ ਦਾ ਫਾਇਦਾ ਸੰਵਾਦ ਰਾਹੀਂ ਸਦਭਾਵ ਅਤੇ ਆਪਸੀ ਸਾਂਝ ਬਣੀ ਰਹਿੰਦੀ ਸੀ। ਗਲਬਾਤ ਬੰਦੇ ਨੂੰ ਹਲਕਾ ਕਰ ਦਿੰਦੀ ਹੈ। ਘੁੱਟਿਆ-ਵੱਟਿਆ ਬੰਦਾ ਅਲੱਗ ਥਲੱਗ ਅਤੇ ਤਣਾਵ-ਗ੍ਰਸਤ ਰਹਿੰਦਾ ਹੈ। ਸੁਰਜੀਤ ਪਾਤਰ ਨੇ ਠੀਕ ਹੀ ਕਿਹੈ-"ਖੋਲ ਦਿੰਦਾ ਦਿਲ ਜੇ ਤੂੰ ਲਫ਼ਜ਼ਾਂ ਦੇ ਵਿਚ ਯਾਰਾਂ ਦੇ ਨਾਲ,/ ਖੋਲਣਾ ਪੈਂਦਾ ਨਾਂ ਏਦਾਂ ਅੱਜ ਔਜ਼ਾਰਾਂ ਦੇ ਨਾਲ"!

ਪਰ ਅੱਜ-ਕੱਲ੍ਹ ਦਲਾਨ ਡੱਬੀਆਂ ਵਰਗੇ ਕਮਰਿਆਂ, ਬਲਕਿ 'ਕਮਰੀਆਂ', ਵਿਚ ਤਬਦੀਲ ਹੋ ਗਏ ਹਨ। 'ਮੀ ਟਾਈਮ' (ਮੇਰਾ ਵਕਤ) ਅਤੇ 'ਮੀ-ਸਪੇਸ' (ਮੇਰੀ ਥਾਂ) ਦੀ ਧਾਰਨਾ ਨੇ ਘਰ ਦੇ ਜੀਆਂ ਨੂੰ ਅਲੱਗ-ਥਲੱਗ ਕਰ ਦਿਤਾ ਹੈ। ਲੋਕ ਘੁਰਨਿਆਂ ਵਿਚ ਧਸੇ ਹੋਏ ਹਨ।

ਘੁਸ, ਘੁਸਣਾ, ਘੁਸਰਨਾ, ਘੁਸੜਨਾ ਧਸਣਾ ਜਾਂ ਪ੍ਰਵੇਸ਼ ਕਰਨਾ ਹੈ। ਘੁਰ ਜਾਂ ਘੁਰਨਾ ਜੰਗਲੀ ਪਸ਼ੂਆਂ ਦਾ ਘਰ ਜਾਂ ਗ੍ਰਿਹਵਨ, ਵਨਗ੍ਰਹਿ ਨੂੰ ਕਹਿੰਦੇ ਹਨ-'ਹੋਇ ਸਤਾਣਾ ਘੁਰੈ ਨ ਮਾਵੈ' (ਸ.ਗ.ਗ.ਸ.ਅੰਗ 1286)

ਘੁਸਣਾ ਦਾ ਦੂਸਰਾ ਅਰਥ ਭੁੱਲਣਾ.ਚੁਕਨਾ ਵੀ ਹੈ-'ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ'॥ (ਅੰਗ 314) ਅਤੇ 'ਬਹਿ ਜਾਇ ਘੁਸਰਿ ਬਗੁਲਾਰੇ'॥ (ਅੰਗ 312)

ਘੁਰਨਾ ਦਾ ਦੂਜਾ ਅਰਥ ਗਰਜਣਾ ਹੈ-'ਘੁਰਨਿ ਘਟਾ ਅਤਿ ਕਾਲੀਆ' (ਅੰਗ 1102) ਅਤੇ 'ਘੁਰੇ ਨਗਾਰੇ' (ਚੰਡੀ3)-ਸਰੋਤ: ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ।

ਘੁਸਣ ਅਤੇ ਹੁੜਨ/ਤਾੜਨ ਵਿਚ ਫਰਕ ਹੈ। ਘੁਸਣਾ ਮਰਜ਼ੀ ਹੈ; ਹੁੜਨਾ ਮਜਬੂਰੀ। ਪਹਿਲੇ ਵਿਚ ਸਵੈ-ਇੱਛਾ ਹੈ; ਦੂਸਰੇ ਵਿਚ ਪਰ-ਇੱਛਾ।

'ਪਰਾਈਵੇਸੀ' (ਨਿੱਜਤਾ) ਅਤੇ ਆਜ਼ਾਦੀ ਦੇ ਨਾਮ 'ਤੇ ਅਸੀਂ ਆਪੋ-ਆਪਣੇ ਘੁਰਨਿਆਂ ਵਿਚ ਘੁਸੇ ਰਹਿੰਦੇ ਹਾਂ। ਕੋਈ ਕਿਸੇ ਨਾਲ ਗੱਲ ਕਰ ਕੇ ਰਾਜ਼ੀ ਨਹੀਂ। ਹੋਰ ਤਾਂ ਹੋਰ, ਰਲ ਬੈਠ ਕੇ ਖਾਣਾ ਖਾਣ ਦਾ ਵਰਤਾਰਾ ਲਗਭਗ ਅਲੋਪ ਹੋ ਗਿਆ ਹੈ। ਕਮਰਿਆਂ ਵਿਚ ਹੀ ਫਾਸਟ ਫੂਡ ਆਨ-ਲਾਈਨ ਮੰਗਵਾ ਲਿਆ ਜਾਂਦੈ। ਕਰਮਾਂ ਵਾਲੇ ਘਰ ਹੋਣਗੇ ਜਿਥੇ ਅਜੇ ਵੀ ਘਰ ਦੇ ਜੀਅ ਖਾਣੇ ਵੇਲੇ ਇਕੱਠੇ ਬੈਠ ਕੇ ਪ੍ਰਸ਼ਾਦਾ-ਪਾਣੀ ਛਕਦੇ ਹਨ!

ਇਸ ਵਰਤਾਰੇ ਨਾਲ ਸਾਨੂੰ, ਖਾਸ ਕਰਕੇ ਸਾਡੇ ਬੱਚਿਆਂ ਨੂੰ, ਇਕੱਲੇ ਰਹਿਣ ਦੀ ਆਦਤ ਪੈ ਰਹੀ ਹੈ ਜਾਂ ਪੈ ਗਈ ਹੈ। ਉਹ ਹੋਰ ਕਿਸੇ ਨੂੰ ਬਰਦਾਸ਼ਤ ਨਹੀਂ ਕਰਦੇ। ਹੌਲੀ-ਹੌਲੀ ਇਕਾਂਤ, ਇਕੱਲਤਾ ਵਿਚ ਬਦਲ ਜਾਂਦੀ ਹੈ। ਕੁਦਰਤ ਅਤੇ ਸਮਾਜ ਦਾ ਨਿਯਮ ਹੈ ਕਿ ਮੇਲ-ਗੇਲ ਸਾਂਝ ਵਧਾਉਂਦਾ ਹੈ, ਇਕੱਲਤਾ ਅਲਹਿਦਗੀ ਪੈਦਾ ਕਰਦੀ ਹੈ। ਅੰਗਰੇਜ਼ੀ ਵਾਲੇ ਕਹਿੰਦੇ ਹਨ ਕਿ 'ਐਸੋਸੀਏਸ਼ਨ ਰਿਲੀਵਜ਼; ਆਈਸੋਲੇਸ਼ਨ, ਡਿਪਰੈਸਜ਼' (ਸੰਗ ਰਾਹਤ ਅਤੇ ਵਿਕਰੇਕਤਾ/ਇਕੱਲਤਾ ਖਿੰਨਤਾ/ਉਦਾਸੀ ਦਿੰਦੀ ਹੈ)।

ਇਕੱਲਤਾ ਕਾਰਨ ਛੋਟੀ ਉਮਰੇ ਹੀ 'ਸਟਰੈਸ' ਅਤੇ ਦਿਲ ਦੇ ਰੋਗ ਹੋ ਜਾਂਦੇ ਹਨ। ਨੌਜਵਾਨ ਖ਼ੁਦਕੁਸ਼ੀਆਂ ਕਰਦੇ ਹਨ। ਹਾਂ, ਹੋਰ ਵੀ ਕਾਰਨ ਹਨ ਇਨ੍ਹਾਂ ਗੱਲਾਂ ਦੇ ਪਰ ਆਪਣੇ ਦਿਲ ਦੀ ਗੱਲ ਦੂਸਰੇ ਨਾਲ ਸ਼ੇਅਰ ਨਾ ਕਰਨਾ ਜਾਂ ਘਰ ਦਿਆਂ ਨੂੰ ਵੀ ਨਾ ਦੱਸਣਾ ਇਸ ਦੇ ਵੱਡੇ ਕਾਰਨ ਹਨ।

ਕਿਉਂਕਿ ਕਲੇਜਾ ਤਾਂ ਫਟਣਾ ਹੀ ਸੀ ਉਸ ਦਾ ਇਕ ਦਿਨ/ਜੁ ਹਉਕਾ ਵੀ ਭਰਦਾ ਸੀ ਸਾਹਵਾਂ ਤੋਂ ਚੋਰੀ' (ਪਾਤਰ)।

ਮੇਰੀਆਂ ਆਪਣੀਆਂ ਸਤਰਾਂ ਹਨ-'ਘਰ ਦੇ ਵਿਚ ਇੱਕ ਜੀਅ ਨਾ ਬੋਲੇ/ਫੇਸਬੁੱਕ 'ਤੇ 'ਫ੍ਰੈਂਡ' ਘਨੇਰੇ'!

ਪਰਿਵਾਰਕ ਅਤੇ ਸੰਸਾਰਕ ਮਸਲਿਆਂ ਤੇ ਝਮੇਲਿਆਂ ਦਾ ਹੱਲ ਸੰਵਾਦ ਹੈ। ਐਵੇਂ ਨਹੀਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ-'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'॥ (ਸ.ਗ.ਗ.ਸ.ਅੰਗ 661)। ਘਰਾਂ ਅਤੇ ਘਰੋਂ ਬਾਹਰ ਦੁਨੀਆਂ ਦੇ ਬਹੁਤੇ ਕਲੇਸ਼ ਸੰਵਾਦਹੀਣਤਾ ਜਾਂ ਹਉਮੈ ਕਾਰਨ ਹਨ। ਇੱਕ ਦੱਖਣੀ ਭਾਰਤੀ ਫਿਲਮ ਵਿਚ ਪਤੀ-ਪਤਨੀ ਇੱਕ ਦੂਜੇ ਨਾਲ ਅਣਬੋਲਣੀ ਕਾਰਨ ਪਰਚੀਆਂ ਉੱਪਰ ਲਿਖ ਕੇ ਗੱਲ ਕਰਦੇ ਹਨ। ਸੰਦੇਸ਼ ਵਾਲੀ ਪਰਚੀ ਕੰਧ ਉੱਪਰ ਲਗੇ ਇੱਕ ਬੋਰਡ 'ਤੇ ਚਿਪਕਾ ਦਿੰਦੇ ਹਨ। ਬੋਰਡ ਪਰਚੀਆਂ ਨਾਲ ਤੂਸਿਆ ਗਿਐ।

ਇੱਕ ਪੰਜਾਬੀ ਫਿਲਮ ਵਿਚ ਲੜਕੀ (ਨਾਇਕਾ) ਆਪਣੀ ਮਾਂ ਨਾਲ ਇਸ ਲਈ ਕੁਪੱਤ ਕਰਦੀ ਹੈ ਕਿ ਉਸ ਦੀ ਮਾਂ ਉਸ ਦੇ ਕਮਰੇ ਵਿਚ ਚਲੇ ਗਈ ਸੀ। ਉਹ ਕੱਪੜਿਆਂ ਤੋਂ ਬਾਹਰ ਹੀ ਹੋ ਜਾਂਦੀ ਹੈ ਅਤੇ ਮਾਂ ਨੂੰ ਬੁਰਾ-ਭਲਾ ਕਹਿੰਦੀ ਹੋਈ ਹੁਕਮ ਦਾਗਦੀ ਹੈ ਕਿ ਜਦ ਉਹ ਮਰ ਗਈ ਤਾਂ ਮਾਂ ਉਸ ਦੇ ਕਮਰੇ 'ਚ ਆ ਜਾਵੇ। ਅਸਲ ਜ਼ਿੰਦਗੀ ਵਿਚ ਵੀ ਕੱਲ-ਮ-ਕੱਲੇ ਰਹਿਣ ਦੇ ਆਦੀ ਕਈ ਬੱਚੇ ਨਿੱਜ-ਕਮਰੇ ਦੀ ਗੁਪਤਤਾ ਭੰਗ ਹੋਣ ਉਪਰੰਤ ਅਜਿਹਾ ਵਤੀਰਾ ਹੀ ਅਪਨਾਉਂਦੇ ਹਨ।

ਸੱਥਾਂ, ਮਹਿਫਲਾਂ, ਮਿਲਣੀਆਂ, ਮਿੱਤਰ ਮੰਡਲੀਆਂ, ਸਾਂਝਾਂ ਲੁਪਤ ਹੁੰਦੀਆਂ ਜਾ ਰਹੀਆਂ ਹਨ। ਮਾਨਵ ਦੀ ਹੋਣੀ ਮੋਬਾਈਲਾਂ/ਮਸ਼ੀਨਾਂ/ਟੈਕਨੌਲੋਜੀ/ਡਿਜਿਟਲੀ ਵਰਤਾਰੇ ਦੀ ਬਾਂਦੀ ਬਣਦੀ ਜਾ ਰਹੀ ਹੈ। ਕਦੀ ਬੰਦਾ ਬੰਦੇ ਦਾ ਦਾਰੂ ਸੀ, ਹੁਣ ਮਸ਼ੀਨਾਂ ਆ ਗਈਆਂ ਹਨ। ਪਰ ਮਸ਼ੀਨ ਬੰਦੇ ਲਈ ਹੈ ਨਾ ਕਿ ਬੰਦਾ ਮਸ਼ੀਨ ਲਈ! ਮਸ਼ੀਨ ਮਨੁਖ ਦੇ ਦਰਦ ਦਾ ਦਾਰੂ ਨਹੀਂ ਬਣ ਸਕਦੀ।


ਪਹਿਲੇ ਵੇਲਿਆਂ ਵਿਚ ਪਿੰਡਾਂ ਦੀਆਂ ਔਰਤਾਂ ਤ੍ਰਿੰਜਣ ਵਿਚ ਚਰਖਾ ਕੱਤਦੀਆਂ ਕੱਤਦੀਆਂ ਜਾਂ ਸ਼ਾਮ ਵੇਲੇ ਬਾਹਰ ਅੰਦਰ ਜਾਂਦੀਆਂ ਆਪਣੇ ਦੁੱਖ ਦਰਦ ਸਾਂਝੇ ਕਰ ਲੈਂਦੀਆਂ ਸਨ। ਢਿੱਡ ਦੀ ਗੈਸ ਨਿਕਲ ਜਾਂਦੀ ਸੀ, ਮਨ ਹਲਕਾ ਹੋ ਜਾਂਦਾ ਸੀ, ਦਿਲ ਤੋਂ ਭਾਰ/ਗੁਬਾਰ ਲਹਿ ਜਾਂਦਾ ਸੀ।

ਘੁਰਨੇ ਵਿਚ ਘੁਸਣਾ ਘੋਰ ਅੰਧਕਾਰ ਵਿਚ ਧਸਣਾ ਹੈ। ਜੇ ਬਾਹਰ ਨਿਕਲਾਂਗੇ, ਦੁਨੀਆਂ ਦੇਖਾਂਗੇ, ਕਿਸੇ ਨਾਲ 'ਹਾਏ-ਹੈਲੋ' ਕਰਾਂਗੇ ਤਾਂ ਇਕੱਲਤਾ ਜੇ ਹਟੇਗੀ ਨਹੀਂ ਤਾਂ ਘਟੇਗੀ ਜ਼ਰੂਰ।

ਨਿਦਾ ਫਾਜ਼ਲੀ ਨੇ ਆਪਣੀ ਇੱਕ ਗਜ਼ਲ ਵਿਚ ਬਹੁਤ ਹੀ ਨੇਕ ਸਲਾਹ ਦਿਤੀ ਹੈ-

"ਉਠ ਕੇ ਕਪੜੇ ਬਦਲ ਘਰ ਸੇ ਬਾਹਰ ਨਿਕਲ,
ਜੋ ਹੁਆ ਸੋ ਹੁਆ।
ਰਾਤ ਕੇ ਬਾਦ ਦਿਨ ਆਜ ਕੇ ਬਾਦ ਕਲ,
ਜੋ ਹੁਆ ਸੋ ਹੁਆ।
ਜਬ ਤਲਕ ਸਾਂਸ ਹੈ
ਭੂਖ ਹੈ ਪਿਆਸ ਹੈ ਯੇ ਹੀ ਇਤਿਹਾਸ ਹੈ,
ਰਖ ਕੇ ਕਾਂਧੇ ਪੇ ਹਲ ਖੇਤ ਕੀ ਔਰ ਚਲ,
ਜੋ ਹੁਆ ਸੋ ਹੁਆ।

# ਅਲਾਇਆ ਦਾ ਖੇੜਾ



ਇਸੇ ਸਾਲ ਆਈ ਫਿਲਮ 'ਸ੍ਰੀਕਾਂਤ' ਜਿਸ ਕਿਸੇ ਨੇ ਵੀ ਦੇਖੀ ਹੋਵੇਗੀ, ਉਹ ਇਸ ਫਿਲਮ ਵਿਚ ਰੁਮਾਂਟਿਕ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਅਲਾਇਆ ਐੱਫ. ਦਾ ਪ੍ਰਸ਼ੰਸਕ ਲਾਜ਼ਮੀ ਬਣਿਆ ਹੋਵੇਗਾ। ਉਸ ਦਾ ਹਾਸਾ ਦਰਸ਼ਕਾਂ ਨੂੰ ਕੀਲ ਲੈਣ ਵਾਲਾ ਹੈ। 28 ਨਵੰਬਰ 1997 ਨੂੰ ਜਨਮੀ ਅਲਾਇਆ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 2020 ਵਿਚ ਕਾਮੇਡੀ ਫਿਲਮ 'ਜਵਾਨੀ ਦੀਵਾਨੀ' ਨਾਲ ਕੀਤਾ ਸੀ ਜਿਸ ਲਈ ਉਸ ਨੂੰ ਫਿਲਮਫੇਅਰ ਇਨਾਮ ਵੀ ਮਿਲਿਆ। ਇਸ ਤੋਂ ਬਾਅਦ 2022 ਵਿਚ ਉਸ ਦੀਆਂ ਫਿਲਮਾਂ 'ਫਰੈਡੀ', 'ਆਲਮੋਸਟ ਪਿਆਰ ਵਿੱਦ ਡੀ.ਜੇ. ਮੁਹੱਬਤ' ਤੇ 'ਯੂ-ਟਰਨ' ਰਿਲੀਜ਼ ਹੋਈਆਂ ਅਤੇ ਫਿਰ 2024 ਵਿਚ 'ਬੜੇ ਮੀਆਂ ਛੋਟੇ ਮੀਆਂ' ਤੇ 'ਸ੍ਰੀਕਾਂਤ'। ਅਲਾਇਆ ਨੂੰ ਅਦਾਕਾਰੀ ਵਿਰਾਸਤ ਵਿਚ ਮਿਲੀ ਹੈ। ਉਸ ਦੀ ਮਾਂ ਪੂਜਾ ਬੇਦੀ ਅਦਾਕਾਰਾ ਸੀ ਅਤੇ ਮਸ਼ਹੂਰ ਅਦਾਕਾਰ ਕਬੀਰ ਬੇਦੀ ਉਸ ਦਾ ਨਾਨਾ ਹੈ। ਉਸ ਦੀ ਨਾਨੀ ਪ੍ਰੋਤਿਮਾ ਬੇਦੀ ਪ੍ਰਸਿੱਧ ਕਲਾਸੀਕਲ ਡਾਂਸਰ ਸੀ।

*-ਗੁਰਜੰਟ ਸਿੰਘ*

# ਕਰੀਨਾ ਕਪੂਰ ਦਾ ਜਲਵਾ

ਭਾਰਤੀ ਸਿਨੇਮਾ ਵਿਚ ਕਰੀਨਾ ਕਪੂਰ ਖ਼ਾਨ ਦੇ ਯੋਗਦਾਨ 'ਤੇ ਫਿਲਮ ਫੈਸਟੀਵਲ ਕਰਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਮਲਟੀ-ਸਿਟੀ ਫਿਲਮ ਫੈਸਟੀਵਲ ਅਦਾਕਾਰਾ ਦੇ ਸ਼ਾਨਦਾਰ ਕਰੀਅਰ ਨੂੰ ਦਰਸਾਏਗਾ ਅਤੇ ਉਸ ਦੀਆਂ ਕੁਝ ਵਧੀਆ ਫਿਲਮਾਂ ਨੂੰ ਵੱਡੇ ਪਰਦੇ 'ਤੇ ਪ੍ਰਦਰਸ਼ਿਤ ਕਰੇਗਾ। ਕਰੀਨਾ ਨੇ ਇੰਸਟਾਗ੍ਰਾਮ 'ਤੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਨੇ ਕਿਹਾ, "ਮੇਰੀਆਂ ਰਗਾਂ ਵਿਚ ਜੋ ਖ਼ੂਨ ਹੈ, ਉਸੇ ਦਾ ਜਾਦੂ ਸਕਰੀਨ 'ਤੇ ਹੈ।

**ਆਮਨਾ ਕੌਰ**

ਮੈਂ ਕੰਮ ਨੂੰ ਪਿਆਰ ਕਰਦੀ ਹਾਂ।" ਇਸ ਦੇ ਨਾਲ ਹੀ ਉਸ ਨੇ ਦਿਲ ਦੀ ਇਮੋਜੀ ਵੀ ਸਾਂਝੀ ਕੀਤੀ ਹੈ। ਉਸ ਨੇ ਇਸ ਫੈਸਟੀਵਲ ਲਈ ਪੀ.ਵੀ.ਆਰ. ਸਿਨੇਮਾ ਅਤੇ ਆਈਨਾਕਸ ਮੂਵੀਜ਼ ਦਾ ਧੰਨਵਾਦ ਕੀਤਾ ਹੈ।

ਕਰੀਨਾ ਕਪੂਰ ਖ਼ਾਨ ਨੇ ਭਾਰਤੀ ਸਿਨੇਮਾ ਵਿਚ ਢਾਈ ਦਹਾਕੇ ਪੂਰੇ ਕਰ ਲਏ ਹਨ। ਇਸ ਮੌਕੇ ਫਿਲਮ 'ਜਬ ਵੀ ਮੈਟ' ਦੀ ਅਦਾਕਾਰਾ ਨੇ ਫਿਲਮ ਫੈਸਟੀਵਲ ਦਾ ਟਰੇਲਰ ਵੀ ਸਾਂਝਾ ਕੀਤਾ। ਇਸ ਦੌਰਾਨ ਹੰਸਲ ਮਹਿਤਾ ਵੱਲੋਂ ਨਿਰਦੇਸ਼ਤ ਫਿਲਮ 'ਦਿ ਬਕਿੰਘਮ ਮਰਡਰਜ਼' ਵਿਚ ਉਸ ਦੀ ਭੂਮਿਕਾ ਲਈ ਉਸ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। 'ਦਿ ਬਕਿੰਘਮ ਮਰਡਰਜ਼' ਨੂੰ ਬੀ.ਐੱਫ.ਆਈ. ਲੰਡਨ ਫਿਲਮ ਮੇਲੇ (2023) ਵਿਚ ਵੀ ਦਿਖਾਇਆ ਗਿਆ ਸੀ ਤੇ ਇਸ ਨੂੰ ਜੀਓ ਐੱਮ.ਏ.ਐੱਮ.ਆਈ. ਫਿਲਮ ਮੇਲੇ 2023 ਵਿਚ ਵੀ ਭਰਵਾਂ ਹੁੰਗਾਰਾ ਮਿਲਿਆ ਸੀ। ਆਉਣ ਵਾਲੇ ਮਹੀਨਿਆਂ ਵਿਚ ਕਰੀਨਾ ਅਦਾਕਾਰਾ ਮੇਘਨਾ ਗੁਲਜ਼ਾਰ ਦੀ ਨਵੀਂ ਫਿਲਮ 'ਦਾਇਰਾ' ਵਿਚ ਨਜ਼ਰ ਆਵੇਗੀ।

ਕਰੀਨਾ ਕਪੂਰ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਸਾਲ 2000 ਵਿਚ ਫਿਲਮ 'ਰਿਫਊਜੀ' ਨਾਲ ਕੀਤਾ ਸੀ। ਇਸ ਫਿਲਮ ਦਾ ਉਸ ਨਾਲ ਹੀਰੋ ਅਭਿਸ਼ੇਕ ਬੱਚਨ ਸੀ। ਇਨ੍ਹਾਂ ਤੋਂ ਇਲਾਵਾ ਫਿਲਮ ਵਿਚ ਜੈਕੀ ਸ਼ਰਾਫ, ਸੁਨੀਲ ਸ਼ੈੱਟੀ, ਅਨੁਪਮ ਖੇਰ, ਕੁਲਭੂਸ਼ਣ ਖਰਬੰਦਾ, ਰੀਨਾ ਰੌਇ, ਮੁਕੇਸ਼ ਤਿਵਾੜੀ, ਅਸ਼ੀਸ਼ ਵਿਦਿਆਰਥੀ, ਅਵਤਾਰ ਗਿੱਲ ਤੇ ਪੁਨੀਤ ਈਸਰ ਵਰਗੇ ਕਲਾਕਾਰਾਂ ਨੇ ਵੀ ਕੰਮ ਕੀਤਾ ਸੀ। ਇਸ ਫਿਲਮ ਦਾ ਕੁੱਲ ਬਜਟ 15 ਕਰੋੜ ਸੀ ਅਤੇ ਇਸ ਨੇ 36 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਪਹਿਲੀ ਹੀ ਫਿਲਮ ਨਾਲ ਕਰੀਨਾ ਦਾ ਕਰੀਅਰ ਵਧੀਆ ਆਰੰਭ ਹੋ ਗਿਆ। ਉਂਝ, ਬਾਅਦ ਵਿਚ ਕਰੀਨਾ ਦੀਆਂ ਕਈ ਫਿਲਮਾਂ ਫਲਾਪ ਰਹੀਆਂ ਪਰ ਆਖਰਕਾਰ ਉਸ ਨੇ ਆਪਣੀ ਅਦਾਕਾਰੀ ਅਤੇ ਸੁਹੱਪਣ ਦੇ ਸਿਰ 'ਤੇ ਫਿਲਮੀ ਦੁਨੀਆ ਵਿਚ ਆਪਣੀ ਥਾਂ ਬਣਾ ਲਈ। ਹੁਣ ਤੱਕ ਉਸ ਨੂੰ ਬਹੁਤ ਸਾਰੇ ਇਨਾਮ ਮਿਲ ਚੁੱਕੇ ਹਨ।



# ਫਿਲਮ 'ਸ੍ਰੀਕਾਂਤ' ਦਾ ਸੁਨੇਹਾ ਅਤੇ ਫਿਲਮੀ ਸੰਸਾਰ

ਪਿਛਲੇ ਕੁਝ ਸਮੇਂ ਤੋਂ ਜੀਵਨ ਆਧਾਰਿਤ ਫਿਲਮਾਂ ਵਾਹਵਾ ਆ ਰਹੀਆਂ ਹਨ। ਅਜਿਹੀਆਂ ਫਿਲਮਾਂ ਬਣਾਉਣ ਵਾਲਿਆਂ ਦਾ ਮੁੱਖ ਮਕਸਦ ਭਾਵੇਂ ਪੈਸਾ ਕਮਾਉਣਾ ਹੀ ਹੁੰਦਾ ਹੈ ਪਰ ਕੁਝ ਲੋਕ ਅਜਿਹੇ ਵੀ ਹਨ ਜੋ ਆਪਣੇ ਮਨ ਦੀ ਤਸੱਲੀ ਲਈ ਅਜਿਹੇ ਪ੍ਰੋਜੈਕਟ ਉਲੀਕਦੇ ਹਨ ਜੋ ਅਕਸਰ ਲੀਕ ਤੋਂ ਹਟਵੇਂ ਅਤੇ ਚੰਗਾ ਤੇ ਉਸਾਰੂ ਸੁਨੇਹਾ ਦੇਣ ਵਾਲੇ ਹੁੰਦੇ ਹਨ। ਫਿਲਮ 'ਸ੍ਰੀਕਾਂਤ' ਅਜਿਹਾ ਹੀ ਇੱਕ ਪ੍ਰੋਜੈਕਟ ਹੈ। ਇਹ ਫਿਲਮ ਇਸੇ ਸਾਲ 10 ਮਈ ਨੂੰ ਰਿਲੀਜ਼ ਹੋਈ। ਇਸ ਫਿਲਮ ਉਤੇ ਕੁੱਲ 35 ਕਰੋੜ ਰੁਪਏ ਦੀ ਲਾਗਤ ਆਈ ਅਤੇ ਇਸ ਨੇ ਤਕਰੀਬਨ 65 ਕਰੋੜ

**ਕੁਦਰਤ ਕੌਰ**

ਰੁਪਏ ਦੀ ਕਮਾਈ ਕੀਤੀ। ਉਂਝ, ਇਸ ਫਿਲਮ ਦੀ ਅਸਲ ਕਮਾਈ ਤਾਂ ਉਹ ਸੁਨੇਹਾ ਹੈ ਜੋ ਇਹ ਫਿਲਮ ਦਰਸ਼ਕਾਂ ਨੂੰ ਦੇਣ ਵਿਚ ਸਫਲ ਰਹੀ ਹੈ।

'ਸ੍ਰੀਕਾਂਤ' ਪ੍ਰਸਿੱਧ ਨੇਤਰਹੀਣ ਉਦਯੋਗਪਤੀ ਸ੍ਰੀਕਾਂਤ ਭੋਲਾ ਦੇ ਜੀਵਨ 'ਤੇ ਆਧਾਰਿਤ ਹੈ। ਉਹ ਜਨਮ ਤੋਂ ਅੰਨ੍ਹਾ ਹੈ ਪਰ ਆਪਣੀ ਲਿਆਕਤ ਦੇ ਸਿਰ 'ਤੇ ਕਿਤੇ ਦਾ ਕਿਤੇ ਪੁੱਜ ਜਾਂਦਾ ਹੈ। ਫਿਲਮ ਵਿਚ ਉਸ ਦੀ ਸ਼ਖਸੀਅਤ ਦੇ ਹਾਂ-ਪੱਖ ਅਤੇ ਨਾਂਹ-ਪੱਖ, ਦੋਹਾਂ ਨੂੰ ਬਹੁਤ ਵਧੀਆ ਅਤੇ ਕਾਰਗਰ ਤਰੀਕੇ ਨਾਲ ਉਭਾਰਿਆ ਗਿਆ ਹੈ। ਇਸ ਫਿਲਮ ਦਾ ਨਿਰਦੇਸ਼ਨ ਤੁਸ਼ਾਰ ਹੀਰਾਚੰਦਾਨੀ ਨੇ ਕੀਤਾ ਹੈ। ਤੁਸ਼ਾਰ ਨੇ ਇਸ ਤੋਂ ਪਹਿਲਾਂ 'ਮਸਤੀ', 'ਅਤਿਥੀ ਤੁਮ ਕਬ ਜਾਓਗੇ?', 'ਹਾਊਸਫੁੱਲ-2', 'ਏ.ਬੀ.ਸੀ.ਡੀ.: ਐਨੀ ਬੋਡੀ ਕੈਨ ਡਾਂਸ', 'ਏਕ ਵਿਲੇਨ', 'ਡਿਸ਼ੂਮ', 'ਹਾਫ ਗਰਲਫ੍ਰੈਂਡ' ਵਰਗੀਆਂ ਫਿਲਮਾਂ ਲਿਖੀਆਂ। ਬਤੌਰ ਨਿਰਦੇਸ਼ਕ ਉਸ ਦੀ ਪਹਿਲੀ ਫਿਲਮ 'ਸਾਂਡ ਕੀ ਆਂਖ' ਸਾਲ 2019 ਵਿਚ ਆਈ ਸੀ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਤਾਪਸੀ ਪੰਨੂ, ਭੂਮੀ ਪੜਨੇਕਰ, ਪ੍ਰਕਾਸ਼ ਝਾਅ ਅਤੇ ਵਿਨੀਤ ਕੁਮਾਰ ਸਿੰਘ ਨੇ ਨਿਭਾਈਆਂ ਸਨ।

ਇਸ ਫਿਲਮ ਵਿਚ ਅਦਾਕਾਰੀ ਲਈ ਅਦਾਕਾਰ ਰਾਜਕੁਮਾਰ ਰਾਓ ਦੀ ਬਹੁਤ ਪ੍ਰਸ਼ੰਸਾ ਹੋਈ। ਉਹ ਉਂਝ ਵੀ ਨਿਰਾਲੀਆਂ ਫਿਲਮਾਂ ਲਈ ਜਾਣਿਆ ਜਾਂਦਾ ਹੈ। ਪਿੱਛੇ ਜਿਹੇ ਆਈ ਫਿਲਮ 'ਸਤ੍ਰੀ 2' ਨੇ ਰਾਜਕੁਮਾਰ ਰਾਓ ਦੀ ਬੱਲੇ-ਬੱਲੇ ਕਰਵਾ ਦਿੱਤੀ ਸੀ। ਕਲਾ ਦੇ ਨਾਲ-ਨਾਲ ਇਸ ਫਿਲਮ ਨੇ ਕਮਾਈ ਪੱਖੋਂ ਵੀ ਝੰਡੇ ਗੱਡੇ। ਫਿਲਮ 'ਮਿਸਟਰ ਐਂਡ ਮਿਸੇਜ਼ ਮਾਹੀ' ਵਿਚ ਵੀ ਉਸ ਦਾ ਕਿਰਦਾਰ ਵੱਖਰੀ ਕਿਸਮ ਦਾ ਸੀ। ਫਿਲਮ ਦੀ ਕਹਾਣੀ ਬੜੀ ਦਿਲਚਸਪ ਹੈ। ਫਿਲਮ ਦਾ ਨਾਇਕ ਕ੍ਰਿਕਟ ਵਿਚ ਫੇਲ੍ਹ ਸਾਬਤ ਹੁੰਦਾ ਹੈ। ਉਹ ਬੜਾ ਤੜਫਦਾ ਹੈ। ਵਿਆਹ ਤੋਂ ਬਾਅਦ ਉਹ ਦੇਖਦਾ ਹੈ ਕਿ ਉਸ ਦੀ ਪਤਨੀ ਨੂੰ ਕ੍ਰਿਕਟ ਦਾ ਕਿੰਨਾ ਜਨੂਨ ਹੈ। ਉਹ ਆਪਣੀ ਪਤਨੀ ਨੂੰ ਖਿਡਾਰੀ ਬਣਾਉਣ ਦੀ ਸੋਚਦਾ ਹੈ। ਇਹ ਫਿਲਮ ਅਗਾਂਹ ਇਸੇ ਜੱਦੋਜਹਿਦ ਦੀ ਕਹਾਣੀ ਹੈ। ਹੁਣ ਉਸ ਦੀ ਫਿਲਮ 'ਵਿੱਕੀ ਵਿੱਦਿਆ ਕਾ ਵੋਹ ਵਾਲਾ ਵੀਡੀਓ' 11 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਰਾਜ ਸਾਂਡਲਿਆ ਨੇ ਲਿਖੀ ਤੇ ਨਿਰਦੇਸ਼ਤ ਕੀਤੀ ਹੈ ਅਤੇ ਇਸ ਵਿਚ ਨਾਇਕਾ ਤ੍ਰਿਪਤੀ ਡਿਮਰੀ ਹੈ। ਰਾਓ ਦਾ ਦਾਅਵਾ ਹੈ ਕਿ ਇਸ ਫਿਲਮ ਦੀ ਕਹਾਣੀ ਬਹੁਤ ਵਿਲੱਖਣ ਹੈ ਅਤੇ ਦਰਸ਼ਕਾਂ ਨੂੰ ਪਸੰਦ ਆਵੇਗੀ। ਫਿਲਮ 'ਸ੍ਰੀਕਾਂਤ' ਵਿਚ ਚੰਗੀ ਅਦਾਕਾਰੀ ਲਈ ਅਲਾਇਆ ਐੱਫ., ਜਿਓਤਿਕਾ, ਸ਼ਰਦ ਕੇਲਕਰ, ਓਮ ਕਨੌਜੀਆ ਦੀਆਂ ਤਾਰੀਫਾਂ ਦੇ ਪੁਲ ਵੀ ਬੰਨ੍ਹੇ ਗਏ।









*ਫਿਲਮ 'ਸ੍ਰੀਕਾਂਤ' ਦੇ ਇੱਕ ਰੁਮਾਂਟਿਕ ਦ੍ਰਿਸ਼ ਵਿਚ ਅਦਾਕਾਰਾ ਅਲਾਇਆ ਐੱਫ. ਅਤੇ ਅਦਾਕਾਰ ਰਾਜਕੁਮਾਰ ਰਾਓ। (ਐਨ ਉਪਰ) ਫਿਲਮ ਦਾ ਨਿਰਦੇਸ਼ਕ ਤੁਸ਼ਾਰ ਹੀਰਾਨੰਦਾਨੀ ਅਤੇ (ਹੇਠਾਂ) ਫਿਲਮ ਦਾ ਪੋਸਟਰ।*

# ਸਮੂਹ ਸੰਗਤ ਨੂੰ ਪਰਮ ਤਪੱਸਵੀ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਲੱਖ ਲੱਖ ਵਧਾਈਆਂ



ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥



ਮਹਾਨ ਸੂਫੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਪੰਜਾਬੀ ਸਾਹਿਤ ਅਤੇ ਇਸਲਾਮਿਕ ਰੂਹਾਨੀ ਜਗਤ ਦੀ ਵਿਲੱਖਣ ਸ਼ਖਸੀਅਤ ਸਨ। ਰੱਬੀ ਬੰਦਗੀ ਦੇ ਨਾਲ-ਨਾਲ ਉਨ੍ਹਾਂ ਨਿਮਰਤਾ, ਮਿਠਾਸ ਅਤੇ ਨੈਤਿਕ ਗੁਣਾਂ ਨੂੰ ਧਾਰਨ ਕਰਦੇ ਹੋਏ ਜੀਵਨ ਦੇ ਅਸਲੀ ਮਕਸਦ ਨੂੰ ਪਛਾਨਣ ਦਾ ਪ੍ਰਚਾਰ ਕੀਤਾ। ਸੂਫ਼ੀ ਪਰੰਪਰਾ ਦੇ ਧਰੂ-ਤਾਰੇ ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਸਮੂਹ ਸੰਗਤਾਂ ਨੂੰ ਸ਼ੁੱਭਕਾਮਨਾਵਾਂ ਭੇਟ ਕਰਦੇ ਹੋਏ ਬਾਬਾ ਫ਼ਰੀਦ ਜੀ ਨੂੰ ਸਿਜਦਾ ਕਰਦੇ ਹਾਂ।

**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**